13ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -14 ISSUE - 5
May 7, 2025
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com


ਤਥਾਗਤ ਭਗਵਾਨ ਬੁੱਧ ਦੇ ਬੁੱਧ ਪੂਰਣਿਮਾ ਦਿਵਸ ਦੀਆਂ ਦੇਸ਼- ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।
*ਭਗਵਾਨ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਸਬੰਧਤ ਲੇਖ ਅੰਦਰ ਪੜ੍ਹੋ।*


ਛਤਰਪਤੀ ਸ਼ਾਹੂ ਜੀ ਮਹਾਰਾਜ ਦੇ ਪ੍ਰੀਨਿਰਵਾਣ ਦਿਵਸ 'ਤੇ ਅਦਾਰਾ 'ਦੇਸ਼ ਦੁਆਬਾ' ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ

## ਸਵਰਗੀ ਸ਼੍ਰੀ ਜੈ ਰਾਮ ਜੀ ਦੀ ਯਾਦ 'ਚ ਗਾਟ ਪਰਿਵਾਰ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ



ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 15-16 'ਤੇ)

## ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵੱਲੋਂ ਗੁਰੂ ਸਾਹਿਬਾਨਾਂ ਦਾ ਅਵਤਾਰ ਪੁਰਬ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ




ਜਰਨਲਿਸਟ ਸ੍ਰੀ ਬਲਵਿੰਦਰ ਭੌਰਾ ਦੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 18-19 'ਤੇ)

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਤੇ ਵਰਲਡਵਾਈਡ ਬਸਪਾ ਸਮਰਥਕਾਂ ਨੇ ਮਨਾਇਆ ਡਾ. ਅੰਬੇਦਕਰ ਬਰਥ-ਡੇਅ ਅਤੇ ਬਸਪਾ ਦਾ ਸਥਾਪਨਾ ਦਿਵਸ।

**ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਦੇਖੋ।**



# ਭਾਰਤ ਨੇ ਪਾਕਿਸਤਾਨ ਦੇ 9 ਅੱਤਵਾਦੀ ਠਿਕਾਣੇ ਉਡਾਏ

## ਕੌਮਾਂਤਰੀ ਆਗੂਆਂ ਵੱਲੋਂ ਦੋਵੇਂ ਮੁਲਕਾਂ ਨੂੰ ਸੰਜਮ ਵਰਤਣ ਲਈ ਆਖਿਆ

**ਨਵੀਂ ਦਿੱਲੀ (ਬਿਊਰੋ)-** ਪਹਿਲਗਾਮ ਦਹਿਸ਼ਤੀ ਹਮਲੇ ਦਾ ਬਦਲਾ ਲੈਂਦਿਆਂ ਭਾਰਤੀ ਫੌਜ ਨੇ ਬੁੱਧਵਾਰ ਤੜਕੇ 25 ਮਿੰਟਾਂ ਦੇ 'ਅਪਰੇਸ਼ਨ ਸਿੰਧੂਰ' ਤਹਿਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ 9 ਦਹਿਸ਼ਤੀ ਟਿਕਾਣਿਆਂ ਨੂੰ ਮਿਜ਼ਾਈਲਾਂ, ਬੰਬਾਂ, ਡਰੋਨਾਂ ਅਤੇ ਹੋਰ ਹਥਿਆਰਾਂ ਨਾਲ ਨਿਸ਼ਾਨਾ ਬਣਾਇਆ। ਇਨ੍ਹਾਂ ਵਿੱਚ ਦੀ ਚੋਣ ਅਤੇ ਹਮਲਿਆਂ ਨੂੰ ਅੰਜਾਮ ਦੇਣ ਵਿਚ ਕਾਫ਼ੀ ਸੰਜਮ ਨਾਲ ਕੰਮ ਲਿਆ ਹੈ।'' ਜਾਣਕਾਰੀ ਮੁਤਾਬਕ ਫੌਜ ਨੇ ਹਮਲਿਆਂ ਦੌਰਾਨ ਮਿਜ਼ਾਈਲਾਂ, ਬੰਬਾਂ, ਡਰੋਨਾਂ, ਸਟੀਕ ਗੋਲਾ-ਬਾਰੂਦ ਅਤੇ ਹੋਰ ਹਥਿਆਰਾਂ ਦੀ ਵਰਤੋਂ ਕੀਤੀ। ਮੁਰੀਦਕੇ ਅਤੇ ਬਹਾਵਲਪੁਰ ਤੋਂ ਇਲਾਵਾ ਮਕਬੂਜ਼ਾ ਕਸ਼ਮੀਰ 'ਚ ਕੋਟਲੀ ਤੇ ਮੁਜ਼ੱਫਰਾਬਾਦ ਨੂੰ ਵੀ ਨਿਸ਼ਾਨਾ ਦੋਵੇਂ ਮੁਲਕ ਲੰਬੇ ਸਮੇਂ ਤੋਂ ਲੜ ਰਹੇ ਹਨ। ਉਹ ਕਈ ਦਹਾਕਿਆਂ ਅਤੇ ਸਦੀਆਂ ਤੋਂ ਲੜ ਰਹੇ ਹਨ।'' ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਾਲੇ ਹਾਲਾਤ 'ਤੇ ਨੇੜਿਉਂ ਨਜ਼ਰ ਰੱਖ ਰਹੇ ਹਨ।

ਉਨ੍ਹਾਂ ਆਸ ਜਤਾਈ ਕਿ ਬਹੁਤ ਛੇਤੀ ਹੀ





ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਦਾ ਗੜ੍ਹ ਬਹਾਵਲਪੁਰ ਅਤੇ ਮੁਰੀਦਕੇ 'ਚ ਲਸ਼ਕਰ-ਏ-ਤਇਬਾ ਦਾ ਮੁੱਖ ਟਿਕਾਣਾ ਵੀ ਸ਼ਾਮਲ ਹਨ, ਜੋ ਲਹਿੰਦੇ ਪੰਜਾਬ 'ਚ ਪੈਂਦੇ ਹਨ। ਸਰਕਾਰੀ ਸੂਤਰਾਂ ਨੇ ਕਿਹਾ ਕਿ ਹਮਲਿਆਂ 'ਚ 70 ਤੋਂ ਵੱਧ ਦਹਿਸ਼ਤਗਰਦ ਮਾਰੇ ਗਏ ਹਨ ਜਦਕਿ 60 ਤੋਂ ਵੱਧ ਹੋਰ ਜ਼ਖ਼ਮੀ ਹੋਏ ਹਨ। ਮਾਰੇ ਗਏ ਦਹਿਸ਼ਤਗਰਦਾਂ 'ਚ ਲਸ਼ਕਰ-ਏ-ਤਇਬਾ ਅਤੇ ਜੈਸ਼-ਏ-ਮੁਹੰਮਦ ਦੇ ਸਿਖਰਲੇ ਕਮਾਂਡਰ ਵੀ ਸ਼ਾਮਲ ਹਨ। ਭਾਰਤ ਮੁਤਾਬਕ ਕਿਸੇ ਪਾਕਿਸਤਾਨੀ ਫੌਜੀ ਟਿਕਾਣੇ ਜਾਂ ਆਮ ਨਾਗਰਿਕਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਫੌਜ ਦੀ ਕਾਰਵਾਈ 'ਸਟੀਕ ਅਤੇ ਨਪੀ-ਤੁਲੀ' ਰਹੀ। ਰੱਖਿਆ ਮੰਤਰਾਲੇ ਨੇ ਵੱਡੇ ਤੜਕੇ 1।44 ਵਜੇ ਜਾਰੀ ਬਿਆਨ 'ਚ ਕਿਹਾ, ''ਥੋੜ੍ਹਾ ਸਮਾਂ ਪਹਿਲਾਂ, ਭਾਰਤੀ ਹਥਿਆਰਬੰਦ ਬਲਾਂ ਨੇ 'ਅਪਰੇਸ਼ਨ ਸਿੰਧੂਰ' ਤਹਿਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਦਹਿਸ਼ਤੀ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ ਜਿੱਥੋਂ ਭਾਰਤ ਵਿਰੁੱਧ ਦਹਿਸ਼ਤੀ ਹਮਲਿਆਂ ਦੀ ਯੋਜਨਾ ਘੜੀ ਜਾਂਦੀ ਸੀ ਅਤੇ ਨਿਰਦੇਸ਼ ਦਿੱਤੇ ਜਾਂਦੇ ਸਨ।'' ਭਾਰਤੀ ਫੌਜ ਨੇ ਕਿਹਾ, ''ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਭਾਰਤ ਨੇ ਨਿਸ਼ਾਨਿਆਂ ਬਣਾਇਆ ਗਿਆ ਜਿਥੇ ਲਸ਼ਕਰ ਅਤੇ ਜੈਸ਼ ਦੇ ਲੰਬੇ ਸਮੇਂ ਤੋਂ ਕੈਂਪ ਅਤੇ ਸਿਖਲਾਈ ਕੇਂਦਰ ਹਨ। ਇਸ ਤੋਂ ਇਲਾਵਾ ਸਿਆਲਕੋਟ 'ਚ ਮਹਿਮੂਨਾ ਜੋਇਆ 'ਚ ਹਿਜ਼ਬੁਲ ਮੁਜਾਹਦੀਨ ਦੇ ਟਿਕਾਣੇ, ਲਸ਼ਕਰ ਦੇ ਬਰਨਾਲਾ 'ਚ ਮਰਕਜ਼ ਅਹਿਲੇ ਹਾਥਿਦ ਅਤੇ ਮੁਜ਼ੱਫਰਾਬਾਦ ਦੇ ਸ਼ਵਾਈ ਨਾਲਾ 'ਚ ਉਸ ਦੇ ਕੈਂਪ ਸ਼ਾਮਲ ਹਨ।

ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਅਤੇ ਅਮਰੀਕੀ ਰਾਸ਼ਟਰਪਤੀ ਸਮੇਤ ਕੌਮਾਂਤਰੀ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਦਾ ਸੱਦਾ ਦਿੰਦਿਆਂ ਆਸ ਜਤਾਈ ਕਿ ਖ਼ਿੱਤੇ 'ਚ ਹਮਲਾਵਰ ਰਵੱਈਏ ਨੂੰ ਬਹੁਤ ਛੇਤੀ ਠੱਲ੍ਹ ਪਵੇਗੀ। ਗੁਟੇਰੇਜ਼ ਨੇ ਭਾਰਤ ਅਤੇ ਪਾਕਿਸਤਾਨ ਨੂੰ ਵੱਧ ਤੋਂ ਵੱਧ ਸੰਜਮ ਰੱਖਣ ਦਾ ਸੱਦਾ ਦਿੰਦਿਆਂ ਕਿਹਾ ਕਿ ਦੁਨੀਆ ਦੋਵੇਂ ਮੁਲਕਾਂ ਵਿਚਕਾਰ ਇਕ ਹੋਰ ਫੌਜੀ ਟਕਰਾਅ ਨੂੰ ਸਹਿਣ ਨਹੀਂ ਕਰ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ, ''ਇਹ ਸ਼ਰਮਨਾਕ ਹੈ। ਮੈਂ ਜਦੋਂ ਓਵਲ ਦਫ਼ਤਰ ਵੱਲ ਜਾ ਰਿਹਾ ਹਾਂ ਤਾਂ ਮੈਨੂੰ ਹਮਲੇ ਦਾ ਪਤਾ ਲੱਗਾ।

ਮੈਨੂੰ ਜਾਪਦਾ ਹੈ ਕਿ ਲੋਕ ਜਾਣਦੇ ਸਨ ਕਿ ਬੀਤੇ ਦੀਆਂ ਘਟਨਾਵਾਂ ਨੂੰ ਦੇਖਦਿਆਂ ਕੁਝ ਹੋਣ ਜਾ ਰਿਹਾ ਹੈ। ਤਣਾਅ ਖ਼ਤਮ ਹੋ ਜਾਵੇਗਾ। ਰੂਸ ਨੇ ਵੀ ਦੋਵੇਂ ਮੁਲਕਾਂ ਵਿਚਕਾਰ ਫੌਜੀ ਟਕਰਾਅ ਵਧਣ 'ਤੇ ਡੂੰਘੀ ਚਿੰਤਾ ਜਤਾਈ ਹੈ। ਰੂਸੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਰੀਆ ਜ਼ਖਾਰੋਵਾ ਨੇ ਕਿਹਾ ਕਿ ਪਹਿਲਗਾਮ 'ਚ ਦਹਿਸ਼ਤੀ ਹਮਲੇ ਮਗਰੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਫੌਜੀ ਟਕਰਾਅ ਨੂੰ ਲੈ ਕੇ ਮੁਲਕ ਚਿੰਤਾ 'ਚ ਹੈ। ਉਨ੍ਹਾਂ ਕਿਹਾ, ''ਅਸੀਂ ਆਸ ਕਰਦੇ ਹਾਂ ਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚਕਾਰ ਮਤਭੇਦ 1972 ਦੇ ਸ਼ਿਮਲਾ ਸਮਝੌਤੇ ਅਤੇ 1999 ਦੇ ਲਾਹੌਰ ਐਲਾਨਨਾਮੇ ਮੁਤਾਬਕ ਸ਼ਾਂਤੀਪੂਰਵਕ, ਸਿਆਸੀ ਅਤੇ ਕੂਟਨੀਤਕ ਢੰਗ ਨਾਲ ਸੁਲਝਾ ਲਏ ਜਾਣਗੇ।''

ਚੀਨ ਨੇ ਭਾਰਤ ਅਤੇ ਪਾਕਿਸਤਾਨ ਨੂੰ ਖ਼ਿੱਤੇ 'ਚ ਸ਼ਾਂਤੀ ਅਤੇ ਸਥਿਰਤਾ ਦੇ ਵਡੇਰੇ ਹਿੱਤਾਂ ਖ਼ਾਤਰ ਵੱਧ ਤੋਂ ਵੱਧ ਸੰਜਮ ਵਰਤਣ ਦਾ ਸੱਦਾ ਦਿੱਤਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ, ''ਅਸੀਂ ਮੌਜੂਦਾ ਹਾਲਾਤ ਬਾਰੇ ਫਿਕਰਮੰਦ ਹਾਂ। ਭਾਰਤ ਅਤੇ ਪਾਕਿਸਤਾਨ ਇਕ-ਦੂਜੇ ਦੇ ਗੁਆਂਢੀ ਹਨ। ਉਹ ਸਾਡੇ ਵੀ ਗੁਆਂਢੀ ਹਨ। ਅਸੀਂ ਦੋਵੇਂ ਮੁਲਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਹਾਲਾਤ ਨੂੰ ਹੋਰ ਗੁੰਝਲਦਾਰ ਬਣਾਉਣ ਲਈ ਕਾਰਵਾਈਆਂ ਤੋਂ ਗੁਰੇਜ਼ ਕਰਨ।''


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY

Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs




**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**June 27-28-29, 2025**

**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar Sewa will be hosted by Guru Ki Sangat. More details to follow.

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**"NANAK NAM CHARDI KALA
TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

**www.sriguruavidasstemple.com**



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

# ਅਮਰੀਕੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਨਾ ਦੇਣ ਦੇ ਮੁੱਦੇ 'ਤੇ ਲਿਆਂਦੀ ਸੋਧ ਨੂੰ ਰਿਪਬਲੀਕਨਾਂ ਨੇ ਕੀਤਾ ਰੱਦ

## ਹਾਊਸ ਜੁਡੀਸ਼ੀਅਰੀ ਕਮੇਟੀ ਵਿਚ ਡੈਮੋਕਰੈਟਸ ਤੇ ਰਿਪਬਲੀਕਨਾਂ ਵਿਚਾਲੇ ਗਰਮਾ ਗਰਮ ਬਹਿਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਹਾਊਸ ਜੁਡੀਸ਼ੀਅਰੀ ਕਮੇਟੀ ਵਿਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ 'ਤੇ ਹੋਈ ਗਰਮਾ ਗਰਮ ਬਹਿਸ ਤੋਂ ਬਾਅਦ ਡੈਮੋਕਰੈਟਸ ਵੱਲੋਂ ਲਿਆਂਦੀ ਇਕ ਅਹਿਮ ਸੋਧ ਨੂੰ ਰੱਦ ਕਰ ਦਿੱਤਾ ਗਿਆ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਨੂੰ ਅਮਰੀਕੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਜਾਂ ਉਨਾਂ ਨੂੰ ਦੇਸ਼ ਨਿਕਾਲਾ ਦੇਣ ਲਈ ਸੰਘੀ ਫੰਡਾਂ ਦੀ ਵਰਤੋਂ ਨਾ ਕਰਨ ਦਿੱਤੀ ਜਾਵੇ। ਇਹ ਸੋਧ ਡੈਮੋਕਰੈਟਿਕ ਸਾਂਸਦ ਪ੍ਰਾਮਿਲਾ ਜੈਯਾਪਾਲ ਵੱਲੋਂ ਲਿਆਂਦੀ ਗਈ ਸੀ ਤੇ ਜਿਸ ਦਾ ਡੈਮੋਕਰੈਟਿਕ ਸਾਂਸਦਾਂ ਨੇ ਇਕ ਆਵਾਜ਼ ਵਿਚ ਸਮਰਥਨ ਕੀਤਾ ਜਦ ਕਿ ਸਮੁੱਚੇ ਰਿਪਬਲੀਕਨ ਸਾਂਸਦਾਂ ਨੇ ਇਸ ਵਿਰੁੱਧ ਵੋਟ ਪਾਈ। ਇਹ ਸੋਧ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਉਰਿਟੀ ਐਂਡ ਇਨਫੋਰਸਮੈਂਟ ਬਾਰੇ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਾਮਿਲਾ ਜੈਯਾਪਾਲ (ਡੈਮੋਕਰੈਟਸ ਪ੍ਰਤੀਨਿੱਧ) ਵੱਲੋਂ ਪੇਸ਼ ਕੀਤੀ ਗਈ ਸੀ।

ਇਸ ਸੋਧ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਪ੍ਰਸ਼ਾਸਨ ਦੁਆਰਾ ਹਾਲ ਹੀ ਵਿਚ ਅਮਰੀਕੀ ਸ਼ਹਿਰੀਆਂ ਨੂੰ ਗਲਤ ਤਰੀਕੇ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਜੈਯਾਪਾਲ ਨੇ ਕਿਹਾ ਕਿ ਅਜਿਹਾ ਕਰਨਾ ਗੈਰ ਸੰਵਿਧਾਨਕ ਤੇ ਖਤਰਨਾਕ ਹੈ ਤੇ ਬੁਨਿਆਦੀ ਤੌਰ 'ਤੇ ਗਲਤ ਹੈ। ਇਹ ਸੋਧ ਰੱਦ ਹੋਣ ਤੋਂ ਬਾਅਦ ਡੈਮੋਕਰੈਟਿਕ ਮੈਂਬਰ ਨਿਰਾਸ਼ ਹਨ। ਕੈਲੀਫੋਰਨੀਆ ਤੋਂ ਡੈਮੋਕਰੈਟਿਕ ਸਾਂਸਦ ਟੈਡ ਲਿਊ ਨੇ ਕਿਹਾ ਹੈ ਕਿ ਡੈਮੋਕਰੈਟਸ ਤੇ ਮੇਰੇ ਸਾਥੀ ਮੈਂਬਰ ਪ੍ਰਾਮਿਲਾ ਜੈਯਾਪਾਲ ਚਹੁੰਦੇ ਹਨ ਕਿ ਘੱਟੋ ਘੱਟ ਅਮਰੀਕੀ ਸ਼ਹਿਰੀਆਂ ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਵੇ ਤੇ ਆਈ ਸੀ ਈ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਆਈ ਸੀ ਈ ਅਮਰੀਕੀ ਨਾਗਿਰਕਾਂ ਨੂੰ ਦੇਸ਼ ਨਿਕਾਲਾ ਨਹੀਂ ਦੇ ਸਕਦੀ।

ਇਹ ਸਾਡਾ ਕਾਨੂੰਨ ਹੈ, ਇਹ ਸਾਡਾ ਸੰਵਿਧਾਨ ਹੈ। ਕੈਲੀਫੋਰਨੀਆ ਤੋਂ ਹੀ ਡੈਮੋਕਰੈਟਿਕ ਪ੍ਰਤੀਨਿੱਧ ਐਰਿਕ ਸਵਾਲਵੈਲ ਨੇ ਕਿਹਾ ਕਿ ਸੋਧ ਵਿਰੁੱਧ ਵੋਟ ਇਕ ਬਹੁਤ ਹੀ ਮੰਦਭਾਗੀ ਤੇ ਹੈਰਾਨੀਜਨਕ ਘਟਨਾ ਹੈ ਤੇ ਡੈਮੋਕਰੈਟਸ ਹੈਰਾਨ ਹਨ ਕਿ ਅਮਰੀਕੀ ਨਾਗਰਿਕਾਂ ਦੀ ਗੈਰ ਕਾਨੂੰਨੀ ਢੰਗ ਨਾਲ ਗ੍ਰਿਫਤਾਰੀ ਦੇ ਮੁੱਦੇ 'ਤੇ ਵੀ ਰਾਜਨੀਤੀ ਹੋ ਰਹੀ ਹੈ ਜੋ ਸਰਾਸਰ ਗਲਤ ਹੈ। ਡੈਮੋਕਰੈਟਸ ਵੱਲੋਂ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਵਿਰੁੱਧ ਹੁਣ ਤੱਕ ਕੀਤੀਆਂ ਗਈਆਂ ਕੋਸ਼ਿਸ਼ਾਂ ਕਾਰਗਰ ਸਾਬਤ ਨਹੀਂ ਹੋਈਆਂ ਕਿਉਂਕਿ ਰਿਪਬਲੀਕਨ ਪੂਰੀ ਤਰਾਂ ਰਾਸ਼ਟਰਪਤੀ ਟਰੰਪ ਦੀ ਪਿੱਠ 'ਤੇ ਖੜੇ ਹਨ।

ਡੈਮੋਕਰੈਟਸ ਨੇ ਮੰਗ ਕੀਤੀ ਹੈ ਕਿ ਆਈ ਸੀ ਈ ਨੂੰ ਬਿਨਾਂ ਪ੍ਰਕ੍ਰਿਆ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕਿਆ ਜਾਵੇ ਪਰੰਤੂ ਰਿਪਬਲੀਕਨ ਇਸ ਮੰਗ ਨਾਲ ਵੀ ਸਹਿਮਤ ਨਹੀਂ ਹਨ। ਡੈਮੋਕਰੈਟਸ ਦੀ ਚਿੰਤਾ ਹੈ ਕਿ ਟਰੰਪ ਪ੍ਰਸ਼ਾਸਨ ਆਈ ਸੀ ਈ ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ ਤੇ ਬਿਨਾਂ ਦਸਤਾਵੇਜ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਦੇ ਨਾਲ ਨਾਲ ਵਿਦਿਆਰਥੀਆਂ ਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਵੀਜਾ ਰੁੱਤਬੇ ਨੂੰ ਖਤਮ ਕਰ ਦਿੱਤਾ ਗਿਆ ਹੈ।

ਬਹੁਤ ਸਾਰੇ ਵਿਦਿਆਰਥੀਆਂ ਨੂੰ ਸਮੈਸਟਰ ਤੋਂ ਬਾਅਦ ਅਮਰੀਕਾ ਆਉਣ ਤੋਂ ਮਨਾਂ ਕਰ ਦਿੱਤਾ ਗਿਆ ਹੈ ਕਿਉਂਕਿ ਵਿਦੇਸ਼ ਵਿਭਾਗ ਨੇ ਉਨਾਂ ਦੇ ਵੀਜੇ ਬਹਾਲ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜੈਯਾਪਾਲ ਤੇ ਕਾਂਗਰਸ ਦੇ 142 ਮੈਂਬਰਾਂ ਨੇ ਇਕ ਸਾਂਝੇ ਪੱਤਰ ਵਿਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਇਸ ਕਾਰਵਾਈ ਦਾ ਰਾਸ਼ਟਰੀ ਸੁਰੱਖਿਆ ਨਾਲ ਕੋਈ ਸਬੰਧ ਨਹੀਂ ਹੈ ਤੇ ਆਈ ਸੀ ਈ ਨੂੰ ਰਾਜਸੀ ਵਿਰੋਧੀਆਂ ਵਿਰੁੱਧ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ।

# ਵਾਸ਼ਿੰਗਟਨ ਸਮੇਤ ਸਮੁੱਚੇ ਅਮਰੀਕਾ ਵਿਚ ਟਰੰਪ ਦੀਆਂ ਨੀਤੀਆਂ ਵਿਰੁੱਧ ਜਬਰਦਸਤ ਪ੍ਰਦਰਸ਼ਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਵਾਸ਼ਿੰਗਟਨ, ਡੀ ਸੀ ਸਮੇਤ ਸਮੁੱਚੇ ਅਮਰੀਕਾ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਅਤੇ ਉਸ ਦਾ ਸਮਰਥਨ ਕਰ ਰਹੇ ਅਰਬਪਤੀਆਂ ਵਿਰੁੱਧ ਜਬਰਦਸਤ ਪ੍ਰਦਰਸ਼ਨ ਕੀਤੇ ਗਏ। ਬੁਲਾਰਿਆਂ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਕੰਮਕਾਜ਼ੀ ਲੋਕਾਂ ਵਿਰੁਧ ਜੰਗ ਕਰਾਰ ਦਿੱਤਾ। ਇਤਿਹਾਸਕ ਮਈ ਦਿਵਸ ਜਾਂ ਕਿਰਤੀਆਂ ਦੇ ਕੌਮਾਂਤਰੀ ਦਿਵਸ ਮੌਕੇ ਕੀਤੇ ਗਏ ਇਨਾਂ ਪ੍ਰਦਰਸ਼ਨਾਂ ਵਿਚ ਲੱਖਾਂ ਲੋਕਾਂ ਨੇ ਹਿੱਸਾ ਲਿਆ ਤੇ ਟਰੰਪ ਪ੍ਰਸ਼ਾਸਨ ਵਿਰੁੱਧ ਆਪਣੇ ਵਿਰੋਧ ਦਾ ਪ੍ਰਗਟਾਵਾ ਕੀਤਾ। ਹਰੇਕ ਰਾਜ ਵਿਚ 1000 ਤੋਂ ਵਧ ਪ੍ਰਦਰਸ਼ਨ ਤੇ ਰੈਲੀਆਂ ਹੋਈਆਂ ਜਿਨਾਂ ਵਿਚ ਕਿਰਤੀ ਯੂਨੀਅਨਾਂ, ਵਿਦਿਆਰਥੀ ਸੰਗਠਨਾਂ ਤੇ ਹੋਰ ਸਮਾਜਿਕ ਸੰਸਥਾਵਾਂ ਨਾਲ ਜੁੜੇ ਲੋਕਾਂ ਨੇ ਹਿੱਸਾ ਲਿਆ। ਵਾਸ਼ਿੰਗਟਨ, ਡੀ ਸੀ ਵਿਚ ਨੈਸ਼ਨਲ ਮਾਲ 'ਤੇ 'ਮੇ ਡੇਅ ਮੂਵਮੈਂਟ ਯੂ ਐਸ ਏ' ਦੇ ਨਾਂ ਹੇਠ ਇਕ ਵੱਡਾ ਇਕੱਠਾ ਹੋਇਆ। ਨਿਊਯਾਰਕ ਵਿਚ ਰੈਲੀ ਨੂੰ ਅਲੈਗਜੰਡਰੀਆ ਕੈਸੀ ਕੋਰਟਜ਼ ਨੇ ਸੰਬੋਧਨ ਕੀਤਾ ਜਦ ਕਿ ਫਿਲਾਡੈਲਫੀਆ ਵਿਚ ਸੈਨੇਟਰ ਬਰਨੀ ਸੈਂਡਰਜ ਕਾਮਿਆਂ ਦੇ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਿਲ ਹੋਏ। ਸੈਂਡਰਜ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਡੇ ਇਤਿਹਾਸ ਵਿਚ ਕਦੀ ਵੀ ਏਦਾਂ ਨਹੀਂ ਹੋਇਆ ਕਿ ਕੁਝ ਲੋਕਾਂ ਦੀ ਮੁੱਠੀ ਵਿਚ ਰਾਜਸੀ ਸੱਤਾ ਬੰਦ ਹੋਈ ਹੋਵੇ। ਆਮ ਅਮਰੀਕੀਆਂ ਲਈ ਜੀਣਾ ਮੁਸ਼ਕਿਲ ਹੋ ਗਿਆ ਹੈ ਤੇ ਉਹ ਬੇਰੁਜ਼ਗਾਰੀ ਦੇ ਆਲਮ ਵਿਚ ਇਧਰ ਉਧਰ ਫਿਰ ਰਹੇ ਹਨ। ਰੈਲੀਆਂ ਦੇ ਪ੍ਰਬੰਧਕਾਂ ਨੇ ਦੋਸ਼ ਲਾਇਆ ਕਿ ਟਰੰਪ ਪ੍ਰਸ਼ਾਸਨ, ਮਸਕ ਤੇ ਉਨਾਂ ਦੇ ਅਮੀਰ ਜੋਟੀਦਾਰਾਂ ਨੇ ਆਮ ਅਮਰੀਕੀਆਂ ਦਾ ਜੀਣਾ ਮੁਸ਼ਕਿਲ ਕਰ ਦਿੱਤਾ ਹੈ। ਉਹ ਕਿਰਤੀਆਂ ਦੇ ਹੱਕਾਂ ਨੂੰ ਖਤਮ ਕਰ ਰਹੇ ਹਨ, ਕਿਰਤੀਆਂ ਦੀਆਂ ਯੁਨੀਅਨਾਂ ਨੂੰ ਤੋੜਨ ਦੇ ਯਤਨ ਵਿਚ ਹਨ ਤੇ ਪ੍ਰਵਾਸੀਆਂ ਦੀ ਆਵਾਜ਼ ਬੰਦ ਕਰ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਟਰੰਪ ਪ੍ਰਸ਼ਾਸਨ ਵਿਰੁੱਧ ਬੈਨਰ ਫੜੇ ਹੋਏ ਸਨ ਜਿਨਾਂ ਉਪਰ ਨੌਕਰੀਆਂ ਵਿੱਚ ਕਟੌਤੀ ਤੇ ਪ੍ਰਵਾਸੀਆਂ ਦੇ ਗਲਤ ਢੰਗ ਨਾਲ ਦੇਸ਼ ਨਿਕਾਲੇ ਦੇ ਵਿਰੁੱਧ ਨਾਅਰੇ ਲਿਖੇ ਹੋਏ ਸਨ। ਕਈ ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡਾ ਉਲਟਾ ਲਹਿਰਾਇਆ ਹੋਇਆ ਸੀ ਜਿਸ ਦਾ ਅਰਥ ਹੈ ਕਿ ਦੇਸ਼ ਵਿਚ ਸੰਕਟ ਹੈ।




# ਕਮਲਾ ਹੈਰਿਸ ਵੱਲੋਂ ਰਾਸ਼ਟਰਪਤੀ ਟਰੰਪ ਵਿਰੁਧ ਇਕਜੁੱਟ ਹੋਣ ਦਾ ਸੱਦਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ 'ਭਗੌੜੇ ਨਾ ਬਣੋ' ਦਾ ਸੁਨੇਹਾ ਅਮਰੀਕੀਆਂ ਨੂੰ ਦਿੰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਹ ਸੈਨਫਰਾਂਸਿਸਕੋ ਬੇਅ ਖੇਤਰ ਵਿਚ ਅਮੈਰਜ ਅਮੈਰਿਕਾ ਸਮੂੰਹ ਦੁਆਰਾ ਅਯੋਜਿਤ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਾਂਗਰਸ ਤੇ ਅਦਾਲਤਾਂ ਆਪਣੀ ਭੂਮਿਕਾ ਨਿਭਾਉਣ ਵਿਚ ਅਸਫਲ ਰਹੀਆਂ ਤਾਂ ਸੰਵਿਧਾਨਕ ਸੰਕਟ ਪੈਦਾ ਹੋ ਜਾਵੇਗਾ। ਉਨਾਂ ਨੇ ਕਿਹਾ ਕਿ ਵੱਡੇ ਮਹਾਨ ਵਿਅਕਤੀ ਨੇ ਆਧੁਨਿਕ ਪ੍ਰੈਜੀਡੈਂਸ਼ੀਅਲ ਇਤਿਹਾਸ ਵਿਚ ਆਰਥਕ ਸੰਕਟ ਖੜਾ ਕਰ ਦਿੱਤਾ ਹੈ।

ਹੈਰਿਸ ਨੇ ਵਿਸ਼ੇਸ਼ ਤੌਰ 'ਤੇ ਟਰੰਪ ਦੀਆਂ ਟੈਰਿਫ਼ ਨੀਤੀਆਂ ਦੀ ਨਿੰਦਾ ਕੀਤੀ ਤੇ ਕਿਹਾ ਕਿ ਉਹ ਸਪੱਸ਼ਟ ਤੌਰ 'ਤੇ ਮੰਦੇ ਨੂੰ ਸੱਦਾ ਦੇ ਰਹੇ ਹਨ। ਉਨਾਂ ਦੋਸ਼ ਲਾਇਆ ਕਿ ਟਰੰਪ 'ਤੰਗ ਸਵੈ ਸੇਵਾ ਦ੍ਰਿਸ਼ਟੀਕੋਣ' ਨਾਲ ਕੰਮ ਕਰ ਹਨ ਤੇ ਉਹ ਅਮੀਰਾਂ ਦਾ ਸਮਰਥਨ ਕਰ ਰਹੇ ਹਨ। ਹੈਰਿਸ ਨੇ ਹੋਰ ਆਗੂਆਂ ਸਮੇਤ ਸੈਨੇਟਰ ਕੋਰੀ ਬਰੁਕਰ ਤੇ ਬਰਨੀ ਸੈਂਡਰਜ ਦੀ ਨੈਤਿਕ ਸਪੱਸ਼ਟਤਾ; ਤੇ ਵਿਖਾਏ ਹੌਸਲੇ ਦੀ ਪ੍ਰਸੰਸਾ ਕੀਤੀ ਤੇ ਹੋਰਨਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਟਰੰਪ ਵਿਰੁੱਧ ਜੋਰਦਾਰ ਆਵਾਜ਼ ਬੁਲੰਦ ਕਰਨ।



# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਬਾਸਕਟਬਾਲ ਟੂਰਨਾਮੈਂਟ ਕਰਵਾਇਆ ਗਿਆ

**ਫਰਿਜ਼ਨੋ, ਕੈਲੇਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ



ਕਰਮਨ ਵੱਲੋਂ ਹਰ ਸਾਲ ਦੀ ਤਰ੍ਹਾਂ ਆਪਣਾ ਸਲਾਨਾ ਬਾਸਕਟਬਾਲ ਟੂਰਨਾਮੈਂਟ ਕਰਮਨ ਹਾਈ ਸਕੂਲ ਦੇ ਵਿੱਚ ਕਰਵਾਇਆ ਗਿਆ। ਜਿੱਥੇ ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਬੱਚਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ। ਇਸ ਮੌਕੇ ਬੱਚਿਆਂ ਦੇ ਵੱਖ-ਵੱਖ ਉਮਰ ਦੇ ਹਿੱਸਿਆਂ ਵਿੱਚ ਗਰੁੱਪਾਂ ਵਿੱਚ ਖੇਡ ਦੇ ਸ਼ਾਨਦਾਰ ਮੁਕਾਬਲੇ ਕਰਵਾਏ ਗਏ। ਇੱਥੇ ਖੁਸ਼ੀ ਗੱਲ ਇਹ ਵੀ ਸੀ ਕਿ ਬੱਚਿਆਂ ਵਿੱਚ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਬਰਾਬਰ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਸਮੇਂ ਬੱਚਿਆਂ ਵੱਲੋਂ ਖੇਡ ਦਾ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਦੌਰਾਨ ਪ੍ਰਬੰਧਕਾਂ ਵੱਲੋਂ ਸਾਰਾ ਦਿਨ ਗੁਰੂ ਦੇ ਲੰਗਰ ਅਤੁੱਟ ਵਰਤੇ।

ਇਸ ਮੌਕੇ ਹਾਜ਼ਰ ਦਰਸ਼ਕਾਂ ਨੇ ਖੇਡਾਂ ਦਾ ਪੂਰਾ ਅਨੰਦ ਮਾਣਿਆ। ਅੰਤ ਆਪਣੀਆ ਅਮਿੱਟ ਯਾਦਾਂ ਛੱਡਦਾ ਹੋਇਆ ਇਹ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ। ਸਮੁੱਚੇ ਪ੍ਰਬੰਧਾਂ ਅਤੇ ਟੂਰਨਾਮੈਂਟ ਦੀ ਸਫਲਤਾ ਲਈ ਸਮੂੰਹ ਪ੍ਰਬੰਧਕ ਕਮੇਟੀ ਵਧਾਈ ਦੇ ਪਾਤਰ ਹਨ।

# ਪਾਕਿਸਤਾਨ ਨੇ ਬੰਦ ਕੀਤਾ ਆਪਣਾ ਹਵਾਈ ਖੇਤਰ

**ਨਵੀਂ ਦਿੱਲੀ-** ਭਾਰਤ ਦੇ 'ਆਪ੍ਰੇਸ਼ਨ ਸਿੰਧੂਰ' ਤੋਂ ਬਾਅਦ, ਪਾਕਿਸਤਾਨੀ ਸਰਕਾਰ ਅਤੇ ਫ਼ੌਜ ਦੀ ਨੀਂਦ ਉੱਡ ਗਈ ਹੈ। ਹੁਣ ਪਾਕਿਸਤਾਨ ਨੇ ਪੂਰੇ ਹਵਾਈ ਖੇਤਰ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਪਹਿਲਾਂ ਹਵਾਈ ਖੇਤਰ ਸਿਰਫ਼ ਭਾਰਤੀ ਜਹਾਜ਼ਾਂ ਲਈ ਬੰਦ ਸੀ, ਪਰ ਭਾਰਤੀ ਹਵਾਈ ਹਮਲੇ ਤੋਂ ਬਾਅਦ, ਪਾਕਿਸਤਾਨ ਦੀ ਹਾਈ ਕਮਾਂਡ ਨੇ ਸਾਰੇ ਦੇਸ਼ਾਂ ਲਈ ਹਵਾਈ ਖੇਤਰ ਬੰਦ ਕਰ ਦਿੱਤਾ। ਪਾਕਿਸਤਾਨ ਨੇ ਨਾਗਰਿਕ ਉਡਾਣਾਂ ਲਈ ਆਪਣਾ ਹਵਾਈ ਖੇਤਰ ਪੂਰੀ ਤਰ੍ਹਾਂ ਬੰਦ ਕਰ ਦਿੱਤਾ, ਸਿਰਫ਼ ਕੁਝ ਜ਼ਰੂਰੀ ਉਡਾਣਾਂ ਨੂੰ ਹੀ ਆਗਿਆ ਦਿੱਤੀ ਗਈ। ਪਾਕਿਸਤਾਨ ਵੱਲੋਂ ਲਗਭਗ 135 ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਰੀਅਲ-ਟਾਈਮ ਫਲਾਈਟ ਟਰੈਕਿੰਗ ਸੇਵਾ ਫਲਾਈਟ ਰਾਡਾਰ 24 ਦੇ ਅੰਕੜਿਆਂ ਅਨੁਸਾਰ, ਭਾਰਤੀ ਫੌਜ ਦੇ ਹਵਾਈ ਹਮਲਿਆਂ ਤੋਂ ਬਾਅਦ ਪਾਕਿਸਤਾਨ ਵਿੱਚ 16% ਅਤੇ ਭਾਰਤ ਵਿੱਚ 3% ਵਪਾਰਕ ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਪਾਕਿਸਤਾਨ ਦੀ ਸਿਵਲ ਏਵੀਏਸ਼ਨ ਅਥਾਰਟੀ ਨੇ ਹੁਕਮ ਦਿੱਤਾ ਹੈ ਕਿ ਪਾਕਿਸਤਾਨ ਦਾ ਹਵਾਈ ਖੇਤਰ ਅਗਲੇ 48 ਘੰਟਿਆਂ ਲਈ ਨੋ-ਫਲਾਈ ਜ਼ੋਨ ਰਹੇਗਾ। ਪਾਕਿਸਤਾਨ ਨੇ ਇਸ ਕਦਮ ਨੂੰ ਸਾਵਧਾਨੀ ਵਜੋਂ ਦੱਸਿਆ ਹੈ ਪਰ ਨਾਲ ਹੀ ਬਦਲਾ ਲੈਣ ਦੀ ਸਹੁੰ ਵੀ ਚੁੱਕੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਨਾਲ ਮੀਟਿੰਗ ਕੀਤੀ ਹੈ ਤਾਂ ਜੋ ਇਹ ਫੈਸਲਾ ਕੀਤਾ ਜਾ ਸਕੇ ਕਿ ਪਾਕਿਸਤਾਨ ਨੂੰ ਹੁਣ ਕੀ ਜਵਾਬ ਦੇਣਾ ਚਾਹੀਦਾ ਹੈ। ਭਾਰਤੀ ਹਵਾਈ ਹਮਲਿਆਂ ਤੋਂ ਤੁਰੰਤ ਬਾਅਦ, ਇਸਲਾਮਾਬਾਦ ਅਤੇ ਲਾਹੌਰ ਜਾਣ ਵਾਲੀਆਂ ਸਾਰੀਆਂ ਉਡਾਣਾਂ ਨੂੰ ਕਰਾਚੀ ਹਵਾਈ ਅੱਡੇ ਵੱਲ ਮੋੜ ਦਿੱਤਾ

# ਪਾਕਿਸਤਾਨ ਹਟਿਆ ਪਿੱਛੇ, ਕੀਤਾ ਜੰਗਬੰਦੀ ਦਾ ਐਲਾਨ

**ਜੰਮੂ-** ਭਾਰਤ ਨੇ ਉਹੀ ਕੀਤਾ ਜੋ ਇਸਨੇ ਕਿਹਾ। ਪਹਿਲਗਾਮ ਅੱਤਵਾਦੀ ਹਮਲੇ ਤੋਂ ਠੀਕ 15 ਦਿਨ ਬਾਅਦ, ਮੰਗਲਵਾਰ ਰਾਤ ਨੂੰ ਲਗਪਗ 1:44 ਵਜੇ, ਭਾਰਤ ਨੇ ਪਾਕਿਸਤਾਨ ਅਤੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਸਥਿਤ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ।

ਭਾਰਤ ਨੇ ਇਸਨੂੰ 'ਆਪ੍ਰੇਸ਼ਨ ਸਿੰਦੂਰ' ਦਾ ਨਾਮ ਦਿੱਤਾ। ਭਾਰਤ ਨੇ ਬਹਾਵਲਪੁਰ ਵਿੱਚ ਮਸੂਦ ਅਜ਼ਹਰ ਦੇ ਟਿਕਾਣੇ ਸਮੇਤ ਨੌਂ ਅੱਤਵਾਦੀ ਟਿਕਾਣਿਆਂ 'ਤੇ ਬੰਬਾਰੀ ਕੀਤੀ। ਇਸ ਦੌਰਾਨ, ਪਾਕਿਸਤਾਨੀ ਫੌਜ ਨੇ ਰਾਤ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੇ ਕੋਟਲੀ, ਬਹਾਵਲਪੁਰ ਅਤੇ ਮੁਜ਼ੱਫਰਾਬਾਦ 'ਤੇ ਮਿਜ਼ਾਈਲਾਂ ਨਾਲ ਹਮਲਾ ਕੀਤਾ ਹੈ, ਜਦੋਂ ਕਿ ਭਾਰਤੀ ਫੌਜ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਾਡੀ ਕਾਰਵਾਈ ਸਿਰਫ ਅੱਤਵਾਦੀ ਟਿਕਾਣਿਆਂ 'ਤੇ ਕੀਤੀ ਗਈ ਸੀ।



ਕਿਸੇ ਵੀ ਪਾਕਿਸਤਾਨੀ ਫੌਜੀ ਕੈਂਪ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਭਾਰਤੀ ਫੌਜ ਨੇ ਐਕਸ 'ਤੇ ਲਿਖਿਆ- ਇਨਸਾਫ਼ ਹੋ ਗਿਆ, ਜੈ ਹਿੰਦ। ਇਸ ਤੋਂ ਬਾਅਦ ਘਬਰਾਏ ਹੋਏ ਪਾਕਿਸਤਾਨ ਨੇ ਜੰਮੂ-ਕਸ਼ਮੀਰ ਦੇ ਪੁਣਛ-ਰਾਜੌਰੀ ਵਿੱਚ ਗੋਲੀਬਾਰੀ ਕਰ ਦਿੱਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਕੈਬਨਿਟ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਕੱਲ੍ਹ ਸਵੇਰੇ 11:00 ਵਜੇ ਸੰਸਦ ਭਵਨ ਵਿੱਚ ਇੱਕ ਸਰਬ-ਪਾਰਟੀ ਮੀਟਿੰਗ ਹੋਣੀ ਹੈ।

### ਪਾਕਿਸਤਾਨ ਦੇ ਰੱਖਿਆ ਮੰਤਰੀ ਦਾ ਬਿਆਨ

ਭਾਰਤ ਦੀ ਕਾਰਵਾਈ ਤੋਂ ਪਾਕਿਸਤਾਨ ਡਰਿਆ ਹੋਇਆ ਹੈ। ਗੁਆਂਢੀ ਦੇਸ਼ ਨੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਜੰਗਬੰਦੀ ਦਾ ਐਲਾਨ ਕਰ ਦਿੱਤਾ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ ਕਿ ਜੇਕਰ ਭਾਰਤ ਕੋਈ ਹੋਰ ਕਾਰਵਾਈ ਨਹੀਂ ਕਰਦਾ ਤਾਂ ਅਸੀਂ ਵੀ ਕੁਝ ਨਹੀਂ ਕਰਾਂਗੇ।

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਇਸ ਸਮੇਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਜ਼ਰੂਰੀ ਵਸਤਾਂ ਦੀ ਕੋਈ ਕਮੀ ਨਹੀਂ ਹੈ, ਹਸਪਤਾਲਾਂ ਦੇ ਬਲੱਡ ਬੈਂਕਾਂ ਵਿੱਚ ਸਪਲਾਈ ਦੀ ਕੋਈ ਕਮੀ ਨਹੀਂ ਹੈ... ਹਾਈਵੇਅ ਆਵਾਜਾਈ ਲਈ ਖੁੱਲ੍ਹਾ ਹੈ।

ਲੋਕ ਸਭਾ ਮੈਂਬਰ ਅਸਦੁਦੀਨ ਓਵੈਸੀ ਨੇ ਟਵਿੱਟਰ 'ਤੇ ਆਪ੍ਰੇਸ਼ਨ ਸਿੰਦੂਰ ਸੰਬੰਧੀ ਇੱਕ ਪੋਸਟ ਸਾਂਝੀ ਕੀਤੀ ਅਤੇ ਕਿਹਾ, "ਮੈਂ ਸਾਡੇ ਰੱਖਿਆ ਬਲਾਂ ਦੁਆਰਾ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਕੀਤੇ ਗਏ ਨਿਸ਼ਾਨਾਬੱਧ ਹਮਲਿਆਂ ਦਾ ਸਵਾਗਤ ਕਰਦਾ ਹਾਂ।" ਪਾਕਿਸਤਾਨੀ ਡੀਪ ਸਟੇਟ ਨੂੰ ਸਖ਼ਤ ਸਬਕ ਸਿਖਾਇਆ ਜਾਣਾ ਚਾਹੀਦਾ ਹੈ ਤਾਂ ਜੋ ਇੱਕ ਹੋਰ ਪਹਿਲਗਾਮ ਦੁਬਾਰਾ ਕਦੇ ਨਾ ਵਾਪਰੇ। ਪਾਕਿਸਤਾਨ ਦੇ ਅੱਤਵਾਦੀ ਢਾਂਚੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣਾ ਚਾਹੀਦਾ ਹੈ। ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਬੁੱਧਵਾਰ ਨੂੰ ਆਪ੍ਰੇਸ਼ਨ ਸਿੰਦੂਰ ਲਈ ਭਾਰਤੀ ਫੌਜ ਦੀ ਪ੍ਰਸ਼ੰਸਾ ਕੀਤੀ। ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ, ਮਾਇਆਵਤੀ ਨੇ ਕਿਹਾ, ਭਾਰਤੀ ਫੌਜ ਦੁਆਰਾ ਕੀਤਾ ਗਿਆ ਆਪ੍ਰੇਸ਼ਨ ਸਿੰਦੂਰ, ਜਿਸਨੇ ਪਾਕਿਸਤਾਨ ਵਿੱਚ ਨੌਂ ਅੱਤਵਾਦੀ ਕੈਂਪਾਂ ਨੂੰ ਤਬਾਹ ਕਰ ਦਿੱਤਾ, ਸ਼ਾਨਦਾਰ ਅਤੇ ਪ੍ਰਸ਼ੰਸਾਯੋਗ ਹੈ।


### ਜੰਮੂ-ਕਸ਼ਮੀਰ ਵਿੱਚ ਹੋਣ ਵਾਲਾ ਮੌਕ ਡ੍ਰਿਲ ਰੱਦ

ਜੰਮੂ ਅਤੇ ਕਸ਼ਮੀਰ ਵਿੱਚ ਅੱਜ ਹੋਣ ਵਾਲੀ ਮੌਕ ਡ੍ਰਿਲ ਰੱਦ ਕਰ ਦਿੱਤੀ ਗਈ ਹੈ। ਜੰਮੂ-ਕਸ਼ਮੀਰ ਵਿੱਚ ਅੱਜ ਕੋਈ ਮੌਕ ਡ੍ਰਿਲ ਨਹੀਂ ਹੋਵੇਗੀ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਰਧ ਸੈਨਿਕ ਬਲਾਂ ਦੇ ਮੁਖੀਆਂ ਨੂੰ ਛੁੱਟੀ 'ਤੇ ਗਏ ਆਪਣੇ ਕਰਮਚਾਰੀਆਂ ਨੂੰ ਵਾਪਸ ਬੁਲਾਉਣ ਦੇ ਹੁਕਮ ਦਿੱਤੇ ਹਨ:


SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK



209-239-1551
1003 MOFFAT BLVD., MANTECA, CA 95336

# ਫਲੋਰਿਡਾ ਵਿਚ ਵੱਡੇ ਆਪਰੇਸ਼ਨ ਦੌਰਾਨ 4 ਦਿਨਾਂ ਵਿੱਚ 800 ਪ੍ਰਵਾਸੀਆਂ ਨੂੰ ਕੀਤਾ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਲੋਰਿਡਾ ਵਿਚ ਸਟੇਟ ਲਾਅ ਇਨਫੋਰਸਮੈਂਟ ਅਫਸਰਾਂ ਦੇ ਸਹਿਯੋਗ ਨਾਲ ਇਕ ਵੱਡੀ ਕਾਰਵਾਈ ਦੌਰਾਨ 4 ਦਿਨਾਂ ਵਿੱਚ ਤਕਰੀਬਨ 800 ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਮਿਆਮੀ ਵਿਚਲੇ ਆਈ ਸੀ ਈ ਦਫਤਰ ਨੇ ਆਪਰੇਸ਼ਨ ਨੂੰ ਇਕ ਵੱਡੀ ਸਫਲਤਾ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਰਾਜ ਤੇ ਸੰਘ ਦੇ ਸਹਿਯੋਗ ਨਾਲ ਕੀਤੀ ਇਹ ਕਾਰਵਾਈ ਆਪਣੀ ਕਿਸਮ ਦੀ ਹੈ। ਫਲੋਰਿਡਾ ਦੇ ਗਵਰਨਰ ਰੌਨ ਡੀਸੈਨਟਿਸ ਨੇ ਕਾਰਵਾਈ ਦੀ ਪ੍ਰਸੰਸਾ ਕੀਤੀ ਹੈ।




ਉਨਾਂ ਨੇ ਐਕਸ ਉਪਰ ਪਾਏ ਇਕ ਬਿਆਨ ਵਿਚ ਕਿਹਾ ਹੈ ਕਿ ਫਲੋਰਿਡਾ ਤੇ ਡਿਪਾਰਟਮੈਂਟ ਆਫ ਹੋਮ ਲੈਂਡ ਸਕਿਉਰਿਟੀ ਵੱਲੋਂ ਸਾਂਝੇ ਤੌਰ 'ਤੇ ਕੀਤੀ ਕਾਰਵਾਈ ਸਫਲਤਾ ਦੀ ਇਕ ਵੱਡੀ ਉਦਾਹਰਣ ਹੈ। ਰਾਜ ਤੇ ਸੰਘ ਵਿਚਾਲੇ ਸਹਿਯੋਗ ਨਾਲ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੇ ਚੰਗੇ ਨਤੀਜੇ ਨਿਕਲਣਗੇ।

ਉਨਾਂ ਇਕ ਵੱਖਰੀ ਪੋਸਟ ਵਿਚ ਲਿਖਿਆ ਹੈ ਕਿ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਵਿੱਚ ਟਰੰਪ ਪ੍ਰਸ਼ਾਸਨ ਦੇ ਯਤਨ ਵਿੱਚ ਫਲੋਰਿਡਾ ਅਗਵਾਈ ਕਰ ਰਿਹਾ ਹੈ। ਫਲੋਰਿਡਾ ਦੇ ਰਿਪਬਲੀਕਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੋ ਅਫਸਰ ਸੰਘੀ ਸਰਕਾਰ ਦੀਆਂ ਇਮੀਗ੍ਰੇਸ਼ਨ ਕੋਸ਼ਿਸ਼ਾਂ ਵਿਚ ਸਹਿਯੋਗ ਕਰਨ ਤੋਂ ਨਾਂਹ ਕਰਨਗੇ ਉਨਾਂ ਵਿਰੁੱਧ ਕਾਰਵਾਈ ਹੋਵੇਗੀ ਤੇ ਰਾਜ ਦਾ ਕਾਨੂੰਨ ਅਜਿਹੇ ਅਫਸਰਾਂ ਨੂੰ ਅਹੁੱਦੇ ਤੋਂ ਹਟਾਉਣ ਦੀ ਇਜ਼ਾਜਤ ਦਿੰਦਾ ਹੈ।

ਗਵਰਨਰ ਅਨੁਸਾਰ ਫਲੋਰਿਡ ਹਾਈਵੇਅ ਪਟਰੋਲ, ਦ ਫਲੋਰਿਡਾ ਡਿਪਾਰਟਮੈਂਟ ਆਫ ਲਾਅ ਇਨਫੋਰਸਮੈਂਟ, ਦ ਫਲੋਰਿਡਾ ਸਟੇਟ ਗਾਰਡ, ਦ ਫਲੋਰਿਡਾ ਡਿਪਾਰਟਮੈਂਟ ਆਫ ਐਗਰੀਕਲਚਰਲ ਲਾਅ ਇਨਫੋਰਮੈਂਟ ਤੇ ਫਲੋਰਿਡਾ ਫਿਸ਼ ਐਂਡ ਵਾਈਲਡ ਲਾਈਫ ਕੰਜਰਵੇਸ਼ਨ ਕਮਿਸ਼ਨ ਸਮੇਤ ਰਾਜ ਦੀਆਂ ਸਮੁੱਚੀਆਂ ਏਜੰਸੀਆਂ ਨੇ ਆਈ ਸੀ ਈ ਨਾਲ ਸਹਿਯੋਗ ਕਰਨ ਲਈ ਇਕ ਸਮਝੌਤੇ ਉਪਰ ਦਸਤਖਤ ਕੀਤੇ ਹਨ।

# ਨਾਰਥ ਕੈਰੋਲੀਨਾ ਯੁਨੀਵਰਸਿਟੀ ਵਿਚ ਹੋਈ ਗੋਲੀਬਾਰੀ ਵਿੱਚ ਇਕ ਵਿਅਕਤੀ ਦੀ ਮੌਤ ਤੇ 6 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਨਾਰਥ ਕੈਰੋਲੀਨਾ ਵਿਚ ਐਲਿਜ਼ਾਬਥ ਸਿਟੀ ਸਟੇਟ ਯੁਨੀਵਰਸਿਟੀ ਵਿਚ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ 6 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਯੁਨੀਵਰਸਿਟੀ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਬੀਤੇ ਦਿਨ ਤੜਕਸਾਰ ਵਾਪਰੀ। ਬਿਆਨ ਵਿਚ ਕਿਹਾ ਗਿਆ ਹੈ ਕਿ 24 ਸਾਲਾ ਮ੍ਰਿਤਕ ਯੁਨੀਵਰਸਿਟੀ ਦਾ ਵਿਦਿਆਰਥੀ ਨਹੀਂ ਹੈ। ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ 6 ਲੋਕਾਂ ਵਿਚ 3 ਯੁਨੀਵਰਸਿਟੀ ਦੇ ਵਿਦਿਆਰਥੀ ਹਨ। ਯੁਨੀਵਰਸਿਟੀ ਨੇ ਕਿਹਾ ਹੈ ਕਿ ਜ਼ਖਮੀਆਂ ਵਿਚੋਂ ਕਿਸੇ ਦੇ ਵੀ ਜ਼ਖਮ ਜਾਨ ਲੇਵਾ ਨਹੀਂ ਹਨ ਤੇ ਉਨਾਂ ਨੂੰ ਇਲਾਜ ਲਈ ਸਥਾਨਕ ਹਸਪਤਾਲ ਵਿਚ ਲਿਜਾਇਆ ਗਿਆ ਹੈ। ਯੁਨੀਵਰਸਿਟੀ ਨੇ ਘਟਨਾ ਉਪਰ ਅਫਸੋਸ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕੈਲੀਫੋਰਨੀਆ ਵਿਚ ਇਕ ਛੋਟਾ ਜਹਾਜ਼ ਦੋ ਘਰਾਂ ਉਪਰ ਡਿੱਗਾ, 2 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਸਿਮੀ ਵੈਲੀ, ਕੈਲੀਫੋਰਨੀਆ ਵਿਚ ਇਕ ਛੋਟਾ ਜਹਾਜ਼ ਦੋ ਘਰਾਂ ਉਪਰ ਡਿੱਗ ਜਾਣ ਦੀ ਖਬਰ ਹੈ। ਇਸ ਘਟਨਾ ਵਿਚ ਹੈਲੀਕਾਪਟਰ ਵਿਚ ਸਵਾਰ ਦੋਨੋਂ ਵਿਅਕਤੀ ਮਾਰੇ ਗਏ। ਡਿੱਗਣ ਉਪਰੰਤ ਅੱਗ ਲੱਗ ਗਈ। ਵੈਂਟੂਰਾ ਕਾਊਂਟੀ ਫਾਇਰ ਵਿਭਾਗ ਨੇ ਕਿਹਾ ਹੈ ਕਿ ਜਹਾਜ਼ ਦੁਪਹਿਰ 2.10 ਵਜੇ ਦੇ ਕਰੀਬ ਦੋ ਮੰਜਿਲਾ ਇਮਾਰਤ ਉਪਰ ਡਿੱਗਾ। ਘਰਾਂ ਵਿਚ ਪਰਿਵਾਰਕ ਮੈਂਬਰ ਮੌਜੂਦ ਸਨ ਪਰੰਤੂ ਉਨਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸਿਮੀ ਵੈਲੀ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਹਾਜ਼ ਵਿਚ ਸਵਾਰ ਸਾਰੇ ਵਿਅਕਤੀ ਮਾਰੇ ਗਏ ਹਨ। ਘਟਨਾ ਵਿਚ ਇਕ ਕੁੱਤੇ ਦੀ ਵੀ ਮੌਤ ਹੋਈ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਕਿਹਾ ਹੈ ਕਿ 4 ਸੀਟਾਂ ਵਾਲੇ ਇਕ ਇੰਜਣ ਵਾਲੇ ਜਹਾਜ਼ ਨੇ ਲਾਂਕਾਸਟਰ ਵਿਚ ਵਿਲੀਅਮ ਜੈ ਫੌਕਸ ਹਵਾਈ ਪੱਟੜੀ ਤੋਂ ਕੈਮਾਰੀਲੋ ਹਵਾਈ ਅੱਡੇ ਲਈ ਉਡਾਣ ਭਰੀ ਸੀ ਪਰੰਤੂ ਜਹਾਜ਼ ਆਪਣੇ ਟਿਕਾਣੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਲਾਸ ਏਂਜਲਸ ਡਾਊਨਟਾਊਨ ਤੋਂ ਤਕਰੀਬਨ 40 ਮੀਲ ਦੂਰ ਤਬਾਹ ਹੋ ਗਿਆ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।



# 16.70 ਕਰੋੜ ਡਾਲਰ ਦਾ ਜੈਕਪਾਟ ਨਿਕਲਣ ਦੇ ਬਾਅਦ ਪੁਲਿਸ ਅਫਸਰ ਉਪਰ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਹੋਇਆ ਕੈਂਟੁਕੀ ਵਾਸੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਕੈਂਟੁਕੀ ਦੇ ਵਸਨੀਕ ਇਕ ਵਿਅਕਤੀ ਨੂੰ 16.70 ਕਰੋੜ ਡਾਲਰ ਦਾ ਪਾਵਰਬਾਲ ਜੈਕਪਾਟ ਨਿਕਲਣ ਤੋਂ ਬਾਅਦ ਇਕ ਬਾਰ ਵਿਚ ਹੋਈ ਲੜਾਈ ਵਿੱਚ ਕਥਿੱਤ ਤੌਰ 'ਤੇ ਪੁਲਿਸ ਅਫਸਰ ਉਪਰ ਹਮਲਾ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਨੁਸਾਰ ਜੇਮਜ ਫਾਰਥਿੰਗ ਤੇ ਉਸ ਦੀ ਦੋਸਤ ਕੁੜੀ ਨੂੰ ਸੇਂਟ ਪੀਟ ਬੀਚ,ਫਲੋਰਿਡਾ ਵਿਚ ਟਰੇਡ ਵਿੰਡਜ ਰਿਜ਼ਾਰਟ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰੀ ਵਾਰੰਟ ਅਨੁਸਾਰ 50 ਸਾਲ ਫਾਰਥਿੰਗ ਨੇ ਹੋਈ ਤਕਰਾਰ ਦੌਰਾਨ ਇਕ ਵਿਅਕਤੀ ਦੇ ਚੇਹਰੇ ਉਪਰ ਘਸੁੰਨ ਮਾਰਿਆ ਤੇ ਜਦੋਂ ਪਾਈਨਲਾਸ ਕਾਊਂਟੀ ਦੇ ਸ਼ੈਰਿਫ ਡਿਪਟੀ ਨੇ ਦਖਲ ਦੇ ਕੇ ਝਗੜਾ ਖਤਮ ਕਰਵਾਉਣ ਦਾ ਯਤਨ ਕੀਤਾ ਤਾਂ ਉਸ ਨੇ ਉਸ ਉਪਰ ਵੀ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਪੁਲਿਸ ਅਫਸਰ ਦਾ ਚੇਹਰਾ ਸੁੱਜ ਗਿਆ ਤੇ ਲਾਲ ਹੋ ਗਿਆ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਾਰਥਿੰਗ ਨੇ ਮੌਕੇ ਉਪਰੋਂ ਭੱਜਣ ਦਾ ਯਤਨ ਕੀਤਾ ਪਰੰਤੂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਦੋਸਤ ਕੁੜੀ ਨੂੰ ਵੀ ਝਗੜੇ ਦੇ ਮਾਮਲੇ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਦੋਸਤ ਕੁੜੀ ਨਸ਼ੇ ਵਿਚ ਧੁੱਤ ਸੀ ਤੇ ਉਹ ਗਾਲਾਂ ਕੱਢ ਰਹੀ ਸੀ। ਦੋਨਾਂ ਵਿਰੁੱਧ ਵੱਖ ਵੱਖ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।





CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਖੁਸ਼ਹਾਲੀ ਦਾ ਰਸਤਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**

ਕੌਮੀ ਉਡਾਰੀਆਂ (ਜਲੰਧਰ)

14 ਜਨਵਰੀ 1986 'ਚੋਂ ਧੰਨਵਾਦ ਸਹਿਤ

# ਮਮਤਾ, ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ



ਨੀਨਾ ਧੀਰ ਜੈਤੋ
neenamoga@gmail.com

ਅੱਜ 8 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ। ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਂਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਦੇ ਹਨ। ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ?' ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ। ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹਠੇ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ,ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆ ਤੋ ਪਿਆਰਾ ਤੇ ਬਹੁ-ਮੁਲਾ ਰਿਸਤਾ ਹੈ।




ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ ਪਿਉ ਦੀ ਸੇਵਾ ਨਾਂ ਕਰੇ ਨਿਕੰਮੀ ਨਿੱਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ?

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ। ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੌਰ 'ਚੋ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਂਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ। ਸਾਨੂੰ ਬਜੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਏ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ- ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾ ਦਾ ਵੀ ਅਸੀ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੋਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀ' ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋ ਹੀ ਕੀਤੀ ਜਾਣੀ ਚਾਹੀਦੀ ਹੈ।

# ਡਾ. ਭੀਮ ਰਾਓ ਦੀ ਯਾਦ ਅੰਦਰ ਜਨਾਬ ਆਜ਼ਾਦ ਜਲੰਧਰੀ ਦੀਆਂ ਕੁਝ ਰਚਨਾਵਾਂ



ਆਜ਼ਾਦ ਜਲੰਧਰੀ

ਚੌਦਾਂ ਅਪ੍ਰੈਲ ਸੰਨ 1891 ਨੂੰ
ਭੀਮ ਰਾਓ ਆਇਆ ਹੈਸੀ ਰਿਸ਼ਮਾਂ ਖਿਲਾਰਦਾ।

ਭੀਮਾ ਬਾਈ ਮਾਈ ਜੀ ਦੇ ਵਿਹੜੇ ਵਿਚ ਰੌਣਕਾਂ ਨੇ
ਉਚਾ ਕੀਤਾ ਨਾਮ ਪਿਤਾ ਰਾਮ ਜੀ ਮਹਾਰ ਦਾ।

ਸੋਹਣਾ ਜਿਹਾ ਮੁੱਖ ਦੁੱਖ ਦੂਰ ਹੁੰਦੇ ਵਿਹੰਦਿਆਂ ਹੀ
ਦਲਿਤਾਂ ਦੇ ਘਰ ਆਇਆ ਰੂਪ ਕਰਤਾਰ ਦਾ।

ਮਹੂ ਦੀਆਂ ਗਲੀਆਂ ਦੇ ਕੱਖ ਭੀ ਸੀ ਨੱਚ ਉਠੇ
ਚੌਹੀਂ ਪਾਸੀਂ ਹੜ੍ਹ ਆਇਆ ਪ੍ਰੇਮ ਤੇ ਪਿਆਰ ਦਾ।

ਕਿਸੇ ਨੂੰ ਕੀ ਪਤਾ ਸੀ ਕਿਹ ਲਾਲ ਭੀਮਾ ਬਾਈ ਮਾਂ ਦਾ
ਸਦੀਆਂ ਦੀ ਸੁੱਤੀ ਹੋਈ ਕੌਮ ਨੂੰ ਜਗਾਵੇਗਾ।

ਦੇਊਗਾ ਦਿਲਾਸੇ ਹਾਸੇ ਵੰਡੂਗਾ ਇਹ ਦਲਿਤਾਂ ਨੂੰ
ਦੇਸ਼ ਦਾ ਕਾਨੂੰਨ ਹੱਥੀਂ ਆਪਣੀ ਬਣਾਏਗਾ।

ਤ੍ਰੇਤੇ ਜੁੱਗ ਵਿਚ ਸੁਆਮੀ ਸਿਰੀ ਵਾਲਮੀਕ ਜੀ ਨੇ
ਹਿੰਮਾਂ ਨਾ ਰੁੱਖ ਇਤਿਹਾਸ ਦਾ ਸੀ ਮੋੜਿਆ।

ਗੁਰੂ ਰਵਿਦਾਸ ਨਾਮਦੇਵ ਤੇ ਕਬੀਰ ਜੀ ਨੇ
ਵਰਨਾਂ ਦੇ ਮਹਿਲ ਨੂੰ ਸੀ ਫੜ ਕੇ ਝੰਜੋੜਿਆ।

ਊਚ-ਨੀਚ, ਜਾਤ-ਪਾਤ ਵਾਲਾ ਮਜ਼ਬੂਤ ਪੰਜਾ
ਭੀਮ ਰਾਓ ਸਾਹਿਬ ਨੇ ਸੀ ਫੜਕੇ ਮਰੋੜਿਆ।

ਵੱਡਿਆਂ ਵਡੇਰਿਆਂ ਦੀ ਕੀਤੀ ਕੁਰਬਾਨੀਆਂਦੀ
ਲੜੀ ਤਾਈਂ ਭੀਮ ਰਾਓ ਸਾਹਿਬ ਨੇ ਜੀ ਜੋੜਿਆ।

ਲੱਖਾਂ ਤੇ ਕਰੋੜਾਂ ਬਾਵਾ ਸਾਹਿਬ ਦੇ ਮੁਰੀਦ ਹੋ ਗਏ
ਦਿੱਤੀ ਜਾ ਗਵਾਹੀਇਤਿਹਾਸ ਦਿਆਂ ਪੱਠਿਆਂ।

ਬੜੇ ਬੜੇ ਦੇਸ਼ ਦਿਆਂ ਲੀਡਰਾਂਸਲਾਮ ਕੀਤਾ
ਵਰਨਾਂ ਦੇ ਬਾਨੀਆਂ ਨੇ ਸਿੱਕਾ ਅਹੁਦਾ ਮੱਲਿਆ।

ਜਨਮ ਦਿਹਾੜਾ ਬਾਵਾ ਸਾਹਿਬ ਭੀਮ ਰਾਓ ਜੀਦਾ
ਖੁਸ਼ੀਆਂ ਮਨਾਈਏ ਆਓ ਸੰਗਤੇ ਪਿਆਰੀਏ

ਔਹਦੀ ਕੁਰਬਾਨੀ ਤੇਜ ਤਪ ਤੇ ਤਿਆਗ ਅਹੁਦਾ
ਪਰਉਪਕਾਰ ਅਹੁਦੇ ਬੈਠ ਕੇ ਬਿਚਾਰੀਏ।

ਯਾਦ ਨੇ ਕਿਹ ਭੁੱਲ ਗਏ ਨੇ ਔਹਦੇ ਕਾਰਨਾਮੇ ਸਾਨੂੰ
ਆਪਣੇ ਦਿਲਾਂ 'ਚ ਬਹਿ ਕੇ ਆਪਾਂ ਝਾਤੀ ਮਾਰੀਏ।

ਲੋੜ ਇਤਫਾਕ ਦੀ ਏ ਅੱਜ ਸਾਡੀ ਕੌਮ ਤਾਈਂ
ਝੱਖੜਾਂ ਦੇ ਵਿਚ ਫਸੀ ਬੇੜੀ ਨੂੰ ਉਬਾਰੀਏ।

ਪੜ੍ਹੋ, ਲਿਖੋ ਮਿਲਕੇ ਸੰਘਰਸ਼ ਕਰੋ ਨੌਜਵਾਨੋ
ਬਚਨ ਅਮੁੱਲੇ ਬਾਵਾ ਸਾਹਿਬ ਦੇ ਕਮਾਲ ਨੇ।

ਅਸੀਂ ਭੀ ਜੇ ਇਕ ਹੋ ਕੇ ਵਧਾਂਗੇ ਆਜ਼ਾਦ ਅੱਗੇ
ਪੈਰ-ਪੈਰ ਉਤੇ ਬਾਵਾ ਸਾਹਿਬ ਸਾਡੇ ਨਾਲ ਨੇ।

**ਜੈ ਭੀਮ! ਜੈ ਭਾਰਤ!!**

## ਗਜ਼ਲ

ਦਲਿਤਾਂ ਦੇ ਐ ਮਸੀਹਾ ਮੇਰਾ ਸਲਾਮ ਤੈਨੂੰ
ਕਰਦੇ ਨੇ ਯਾਦ ਲੋਕੀ ਸੁਬਹਾ ਤੇ ਸ਼ਾਮ ਤੈਨੂੰ।

ਤੇਰਾ ਜਨਮ ਦਿਨ ਹੈ ਬਾਵਾ ਮੌਸਮ ਦਾ ਹੈ ਤਕਾਜ਼ਾ
ਅੱਜ ਦੇਣ ਆਏ ਖਾਦਿਮ ਸ਼ਰਧਾ ਦੇ ਜਾਮ ਤੈਨੂੰ।

ਤਕਰੀਰ ਦੇ ਐ ਸ਼ਾਹਾ, ਤਹਿਰੀਰ ਦੇ ਐ ਧਨੀਆ
ਦੱਸ ਕੀ ਸੁਣਾਏ ਸ਼ਾਇਰ ਆਪਣਾ ਕਲਾਮ ਤੈਨੂੰ।

ਸ਼ਰਧਾਂਜਲੀ ਸਮਝ ਕੇ ਚੰਦ ਸ਼ੇਅਰ ਇਹਤਗਮਨ
ਅੱਜ ਭੇਂਟ ਕਰ ਰਿਹਾ ਏ ਤੇਰਾ ਗੁਲਾਮ ਤੈਨੂੰ।

ਸੰਸਾਰ ਵਿਚ ਕਿਸੇ ਨੂੰ ਸ਼ਾਇਦ ਨਸੀਬ ਹੋਵੇ
ਮਿਲਿਆ ਮੁਦੱਬਰਾਂ ਵਿਚ ਜਿਹੜਾ ਮੁਕਾਮ ਤੈਨੂੰ।

ਵਰਨਾਂ ਦੇ ਕੰਡਿਆਂ ਤੇ ਚਲਦਾ ਰਿਹਾ ਹਮੇਸ਼ਾ
ਮਿਲਿਆ ਨਾ ਜ਼ਿੰਦਗੀ ਭਰ ਕਿਧਰੇ ਆਰਾਮ ਤੈਨੂੰ।

'ਆਜ਼ਾਦ' ਕਹਿ ਰਹੇ ਨੇ ਆਸਾਰ ਅੱਜ ਸਮੇਂ ਦੇ
ਪੂਜਣਗੇ ਰੱਬ ਸਮਝਕੇ ਲੋਕੀ ਤਮਾਮ ਤੈਨੂੰ।।

## ਗਜ਼ਲ

ਤੈਂ ਖੂਹ ਐਸੇ ਬਾਵਾ ਜੀ ਹਿੰਮਤਾਂ ਦੇ ਗੇੜੇ
ਫਸਲ ਆਸ ਦੀ ਜੰਮ ਪਈ ਦਲਿਤਾਂ ਦੇ ਵਿਹੜੇ।

ਰਗਾਂ ਵਿਚ ਲਹੂ ਸਰਦ ਗਰਮਾ ਗਏ ਸਨ
ਤੈਂ ਮਰਦਾਨਗੀ ਦੇ ਜਦੋਂ ਸਾਜ਼ ਛੇੜੇ।

ਲਗਾਤਾਰ ਚਲਦਾ ਰਿਹਾ ਉਮਰ ਸਾਰੀ
ਮਨੂੰਵਾਦੀਆਂ ਤੈਂ ਬਖੀਏ ਉਧੇੜੇ।

ਤੇਰੇ ਕਦਮ ਬਿੜਕੇ ਨਾ ਰਾਹ ਵਿਚ ਕਿਤੇ ਭੀ
ਤੂੰ ਲੈ ਆਇਆ ਕਸਤੀ ਨੂੰ ਸਾਹਿਲ ਦੇ ਨੇੜੇ।

ਤੈਂ ਦਲਿਤਾਂ ਦੇ ਦੁੱਖ ਆਪਣੀ ਝੋਲੀ 'ਚ ਪਾ ਲਏ
ਗਰੀਬਾਂ 'ਚ ਵੰਡੇ ਤੈਂ ਖੁਸ਼ੀਆਂ ਤੇ ਖੇੜੇ।

ਆਓ ਰਲ ਕੇ ਆਪਾਂ ਸਿਰੇ ਕੰਮ ਚੜ੍ਹਾਈਏ
ਸ਼ੁਰੂ ਕੀਤੇ ਅੰਬੇਦਕਰ ਨੇ ਸੀ ਜਿਹੜੇ।

ਜੇ 'ਆਜ਼ਾਦ' ਆਪਸ 'ਚ ਮਿਲ ਕੇ ਨਾ ਚੱਲੇ
ਤਾਂ ਖਾਂਦੇ ਰਹਾਂਗੇ ਹਮੇਸ਼ਾ ਥਪੇੜੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਾਰਤੀ ਫ਼ੌਜ ਨੇ ਪਾਕਿਸਤਾਨ ਦੇ ਕਿਹੜੇ-ਕਿਹੜੇ ਅੱਤਵਾਦੀ ਟਿਕਾਣਿਆਂ ਨੂੰ ਕੀਤਾ ਤਬਾਹ

**ਨਵੀਂ ਦਿੱਲੀ-** ਆਖਿਰਕਾਰ ਪਹਿਲਗਾਮ 'ਚ ਹੋਏ ਆਤੰਕੀ ਹਮਲੇ ਦੇ 15 ਦਿਨਾਂ ਦੇ ਅੰਦਰ ਭਾਰਤੀ ਫੌਜ ਨੇ ਇਸ ਦਾ ਬਦਲਾ ਲੈ ਲਿਆ। ਭਾਰਤੀ ਫੌਜ ਨੇ ਪਾਕਿਸਤਾਨੀ ਸਰਹੱਦ ਦੇ ਅੰਦਰ ਦਾਖਲ ਹੋ ਕੇ 9 ਆਤੰਕੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਆਤੰਕੀ ਹਮਲੇ ਤੋਂ ਬਾਅਦ ਬੀਤੀ ਰਾਤ ਭਾਰਤੀ ਫੌਜ ਨੇ ਪਾਕਿਸਤਾਨ ਨੂੰ ਕੜਾ ਸਬਕ ਸਿਖਾਇਆ। ਭਾਰਤੀ ਫੌਜ ਨੇ ਮਕਬੂਜ਼ਾ ਕਸ਼ਮੀਰ 'ਚ ਜੈਸ਼ ਤੇ ਹਿਜ਼ਬੁਲ ਦੇ ਅੱਤਵਾਦੀ ਕੈਂਪਾਂ 'ਤੇ ਹਮਲਾ ਕੀਤਾ।

ਇਸ "ਆਪਰੇਸ਼ਨ ਸਿੰਦੂਰ" ਦੇ ਕੁਝ ਸਮੇਂ ਬਾਅਦ ਸਰਕਾਰ ਵੱਲੋਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਗਈਆਂ ਹਨ ਤੇ ਸਾਫ਼ ਕੀਤਾ ਗਿਆ ਹੈ ਕਿ ਹਮਲੇ 'ਚ ਕਿਸੇ ਵੀ ਨਾਗਰਿਕ ਜਾਂ ਫੌਜੀ ਸਥਾਨ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਭਾਰਤ ਵੱਲੋਂ ਕਿਹਾ ਗਿਆ ਹੈ ਕਿ ਭਾਰਤ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕੀਤੀ ਹੈ ਤੇ ਆਤੰਕੀਆਂ ਦਾ ਸਫ਼ਾਇਆ ਕੀਤਾ ਗਿਆ ਹੈ।

ਭਾਰਤ ਸਰਕਾਰ ਨੇ "ਆਪਰੇਸ਼ਨ ਸਿੰਦੂਰ" ਦੇ ਸੰਦਰਭ 'ਚ ਕਿਹਾ ਕਿ ਭਾਰਤ ਨੇ ਪਹਿਲਗਾਮ ਵਰਗੇ ਸਰਹੱਦ ਪਾਰ ਹਮਲਿਆਂ ਦਾ ਜਵਾਬ ਦੇਣ, ਉਨ੍ਹਾਂ ਨੂੰ ਰੋਕਣ ਤੇ ਰੋਕਣ ਦੇ ਆਪਣੇ ਅਧਿਕਾਰ ਦਾ ਇਸਤੇਮਾਲ ਕੀਤਾ ਹੈ। ਭਾਰਤ ਨੇ ਕਿਹਾ ਕਿ ਸਾਡਾ ਪੂਰਾ ਫੋਕਸ ਆਤੰਕੀ ਢਾਂਚੇ ਨੂੰ ਨਸ਼ਟ ਕਰਨ ਤੇ ਆਤੰਕਵਾਦੀਆਂ ਨੂੰ ਨਕਾਰਾ ਕਰਨ 'ਤੇ ਹੈ।



"ਆਪਰੇਸ਼ਨ ਸਿੰਦੂਰ" ਦੇ ਅੰਜਾਮ ਤੋਂ ਬਾਅਦ ਵਿਦੇਸ਼ ਸਕੱਤਰ ਵਿਕਰਮ ਮਿਸਰੀ, ਕਰਨਲ ਸੋਫੀਆ ਕੁਰੈਸ਼ੀ ਤੇ ਵਿੰਗ ਕਮਾਂਡਰ ਵਿ ਮਿਕਾ ਸਿੰਘ ਨੇ ਇਕ ਮੀਡੀਆ ਬ੍ਰੀਫਿੰਗ ਕੀਤੀ, ਜਿਸ ਵਿਚ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਿਰਫ਼ ਦੋਸ਼ ਲਗਾਉਣ ਤੇ ਪੱਲਾ ਝਾੜਨ ਕਰਨ 'ਚ ਹੀ ਰੁਝਿਆ ਰਿਹਾ ਹੈ। ਪਾਕਿਸਤਾਨ ਸਥਿਤ ਅੱਤਵਾਦੀ ਟਿਕਾਣਿਆਂ ਬਾਰੇ ਸਾਨੂੰ ਸੂਚਨਾ ਮਿਲੀ ਕਿ ਅੱਤਵਾਦੀ ਹੋ ਹਮਲੇ ਕਰ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਰੋਕਣਾ ਜ਼ਰੂਰੀ ਸੀ।

**ਇਨ੍ਹਾਂ ਅੱਤਵਾਦੀ ਟਿਕਾਣਿਆਂ ਨੂੰ ਬਣਾਇਆ ਗਿਆ ਨਿਸ਼ਾਨਾ**

"ਆਪਰੇਸ਼ਨ ਸਿੰਦੂਰ" ਦੌਰਾਨ ਭਾਰਤੀ ਜਵਾਨਾਂ ਨੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ 'ਚ ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ। ਇਨ੍ਹਾਂ ਵਿਚ ਜੈਸ਼-ਏ-ਮੁਹੰਮਦ ਦਾ ਗੜ੍ਹ ਬਹਾਵਲਪੁਰ ਤੇ ਮੁਰੀਦਕੇ 'ਚ ਲਸ਼ਕਰ-ਏ-ਤਇਬਾ ਦਾ ਟਿਕਾਣਾ ਸ਼ਾਮਲ ਹੈ।

ਪਹਿਲਗਾਮ ਆਤੰਕੀ ਹਮਲੇ ਦੇ 15 ਦਿਨ ਬਾਅਦ ਯਾਨੀ ਪਿਛਲੀ ਰਾਤ ਇਹ ਹਮਲਾ ਕੀਤਾ ਗਿਆ, ਜਿਸ ਵਿਚ ਲਗਪਗ 250 ਆਤੰਕੀ ਮਾਰੇ ਗਏ ਹਨ। ਜਾਣਕਾਰੀ ਅਨੁਸਾਰ, ਪਹਿਲਗਾਮ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਤਿੰਨੋਂ ਫੌਜਾਂ ਦੇ ਮੁਖੀਆਂ ਨਾਲ ਕਈ ਬੈਠਕਾਂ ਕੀਤੀਆਂ ਸਨ।

ਇਨ੍ਹਾਂ ਗੁਪਤ ਬੈਠਕਾਂ 'ਚ ਪ੍ਰਧਾਨ ਮੰਤਰੀ ਮੋਦੀ ਨੇ ਸਪੱਸ਼ਟ ਸੁਨੇਹਾ ਦਿੱਤਾ ਸੀ ਕਿ ਪਹਿਲਗਾਮ ਹਮਲੇ 'ਚ ਆਤੰਕੀਆਂ ਨੇ ਸਾਡੀਆਂ ਕਈ ਔਰਤਾਂ ਨੂੰ ਵਿਧਵਾ ਕੀਤਾ ਤੇ ਪੁਰਸ਼ਾਂ ਨੂੰ ਮਾਰ ਕੇ ਸਿੰਦੂਰ ਹਟਾਇਆ ਹੈ। ਅਸੀਂ ਇਸ ਦਾ ਜਵਾਬ ਦੇਣ ਲਈ ਵੱਡੀ ਕਾਰਵਾਈ ਕਰਨੀ ਹੈ। ਪ੍ਰਧਾਨ ਮੰਤਰੀ ਨੇ ਇਸੇ ਕਾਰਨ ਇਸ ਫ਼ੌਜੀ ਆਪਰੇਸ਼ਨ ਦਾ ਨਾਂ 'ਮਿਸ਼ਨ ਸਿੰਦੂਰ' ਰੱਖਿਆ ਸੀ।

# ਕੌਣ ਹੈ ਵਿੰਗ ਕਮਾਂਡਰ ਵਿਓਮਿਕਾ ਸਿੰਘ, ਜਿਸ ਨੇ ਪਾਕਿਸਤਾਨ 'ਤੇ ਹਮਲੇ ਦੀ ਜਾਣਕਾਰੀ ਦਿੱਤੀ

**ਨਵੀਂ ਦਿੱਲੀ-** ਆਪਰੇਸ਼ਨ ਸਿੰਦੂਰ ਪਹਿਲਗਾਮ 'ਚ ਬੇਕਸੂਰ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ 'ਚ ਪਾਕਿਸਤਾਨ ਖ਼ਿਲਾਫ਼ ਗੁੱਸਾ ਹੈ। ਹਰ ਕੋਈ ਇਸ ਦਾ ਬਦਲਾ ਲੈਣ ਦੀ ਗੱਲ ਕਰ ਰਿਹਾ ਸੀ। ਇਹੀ ਭਾਵਨਾ ਭਾਰਤੀ ਫੌਜ ਦੇ ਦਿਲ ਵਿਚ ਸੀ ਤੇ ਉਸਨੇ ਬੀਤੀ ਰਾਤ ਪਾਕਿਸਤਾਨ ਦੇ ਆਤੰਕੀ ਟਿਕਾਣਿਆਂ 'ਤੇ ਏਅਰਸਟ੍ਰਾਈਕ ਕਰ ਦਿੱਤੀ ਆਪਰੇਸ਼ਨ ਸਿ-ਦੂਰ ਚਲਾ ਕੇ ਮਕਬੂਜ਼ਾ ਕਸ਼ਮੀਰ 'ਚ ਫੌਜ ਨੇ ਜੈਸ਼ ਅਤੇ ਹਿਜ਼ਬੁਲ ਦੇ ਕਈ ਆਤੰਕੀ ਟਿਕਾਣਿਆਂ ਨੂੰ ਤਬਾਹ ਕੀਤਾ। ਇਸ ਸੰਦਰਭ 'ਚ ਫੌਜ ਨੇ ਪ੍ਰੈਸ ਬ੍ਰੀਫਿੰਗ ਵੀ ਦਿੱਤੀ।

ਭਾਰਤੀ ਹਵਾਈ ਫ਼ੌਜ 'ਚ ਹੈਲੀਕਾਪਟਰ ਪਾਇਲਟ ਵਜੋਂ ਤਾਇਨਾਤ ਵਿੰਗ ਕਮਾਂਡਰ ਵਿੰਮਿਕਾ ਸਿੰਘ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ 'ਚ ਭਾਰਤ ਵੱਲੋਂ ਕੀਤੇ ਗਏ ਮਿਥੇ ਹੋਏ ਹਮਲਿਆਂ ਦੇ ਬਾਅਦ ਆਪਰੇਸ਼ਨ ਸਿੰਦੂਰ 'ਤੇ ਮੀਡੀਆ ਬ੍ਰੀਫਿੰਗ ਦੀ ਸਾਂਝਾ ਰੂਪ 'ਚ ਅਗਵਾਈ ਕੀਤੀ।

ਭਾਰਤੀ ਫੌਜ ਨੇ ਇਹ ਆਪਰੇਸ਼ਨ ਪਹਿਲਗਾਮ ਹਮਲੇ 'ਚ 26 ਸੈਲਾਨੀਆਂ ਦੀ ਹੱਤਿਆ ਦੇ ਬਦਲੇ ਵਜੋਂ ਚਲਾਇਆ। ਆਪਰੇਸ਼ਨ ਸਿੰਦੂਰ 'ਤੇ ਮੀਡੀਆ ਬ੍ਰੀਫਿੰਗ 'ਚ ਵਿੰਗ ਕਮਾਂਡਰ ਵਿ ਮਿਕਾ ਸਿੰਘ ਦੇ ਨਾਲ ਕਰਨਲ ਸੋਫੀਆ ਕੁਰੈਸ਼ੀ ਵੀ ਸ਼ਾਮਲ ਸਨ।

ਵਿੰਗ ਕਮਾਂਡਰ ਵਿ ਮਿਕਾ ਸਿੰਘ ਨੇ ਇਸ ਪ੍ਰੈਸ ਬ੍ਰੀਫਿੰਗ 'ਚ ਆਪਰੇਸ਼ਨ ਸਿੰਦੂਰ ਬਾਰੇ ਹਰ ਜਾਣਕਾਰੀ ਦਿੱਤੀ। ਉਨ੍ਹਾਂ ਨੇ ਭਾਰਤ ਦੇ ਸਰਹੱਦ ਪਾਰ ਆ-ਪਰੇਸ਼ਨ ਬਾਰੇ ਦੱਸਿਆ ਕਿ ਕਿਵੇਂ ਫੌਜ ਨੇ ਆਤੰਕੀਆਂ ਦੇ ਕੈਂਪ ਤਬਾਹ ਕੀਤੇ। ਉਨ੍ਹਾਂ ਦੱਸਿਆ ਕਿ ਅਸੀਂ 9 ਅੱਤਵਾਦੀ ਕੈਂਪਾਂ 'ਤੇ ਸਫਲਤਾ-ਪੂਰਵਕ ਨਿਸ਼ਾਨਾ ਫੁੰਡਿਆ।



ਵਿੰਗ ਕਮਾਂਡਰ ਵਿ ਮਿਕਾ ਸਿੰਘ ਹਵਾਈ ਫ਼ੌਜ 'ਚ ਹੈਲੀਕਾਪਟਰ ਪਾਇਲਟ ਵਜੋਂ ਤਾਇਨਾਤ ਹੈ। ਉਸ ਦੀ ਹਵਾਈ ਫ਼ੌਜ 'ਚ ਸ਼ਾਮਲ ਹੋਣ ਦੀ ਯਾਤਰਾ ਇਕ ਸੁਪਨੇ ਤੋਂ ਸ਼ੁਰੂ ਹੋਈ ਜੋ ਉਸ ਨੇ ਬਚਪਨ ਵਿਚ ਦੇਖਿਆ ਸੀ।

ਸਕੂਲ ਸਮੇਂ ਤੋਂ ਹੀ ਉਹ ਹਵਾ 'ਚ ਜਹਾਜ਼ ਉਡਾਉਣ ਦਾ ਸੁਪਨਾ ਦੇਖਦੀ ਸੀ। ਉਸ ਨੇ ਇਕ ਵਾਰੀ ਦੱਸਿਆ ਸੀ ਕਿ ਛੇਵੀਂ ਜਮਾਤ 'ਚ ਹੀ ਇਸ ਦਾ ਸੁਪਨਾ ਦੇਖਣਾ ਸ਼ੁਰੂ ਕੀਤਾ ਸੀ। ਇਕ ਹੋਰ ਗੱਲ ਇਹ ਹੈ ਕਿ ਵਿ ਮਿਕਾ ਦਾ ਅਰਥ ਹੀ ਆਕਾਸ਼ ਜਾਂ ਆਕਾਸ਼ ਦੀ ਬੇਟੀ ਹੈ।

ਵਿ ਮਿਕਾ ਨੇ ਆਪਣੇ ਸੁਪਨੇ ਨੂੰ ਪੂਰਾ ਕਰਨ ਦੀ ਸ਼ੁਰੂਆਤ ਰਾਸ਼ਟਰੀ ਕੈਡੇਟ ਕੋਰ (ਛਛ) 'ਚ ਸ਼ਾਮਲ ਹੋ ਕੇ ਕੀਤੀ। ਇਸ ਤੋਂ ਬਾਅਦ ਉਸ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕੀਤੀ। ਉਹ ਆਪਣੇ ਪਰਿਵਾਰ 'ਚ ਹਥਿਆਰਬੰਦ ਬਲਾਂ 'ਚ ਸ਼ਾਮਲ ਹੋਣ ਵਾਲੀ ਪਹਿਲੀ ਔਰਤ ਹਨ।

ਉਸ ਨੂੰ ਭਾਰਤੀ ਹਵਾਈ ਫ਼ੌਜ 'ਚ ਇਕ ਹੈਲੀਕਾਪਟਰ ਪਾਇਲਟ ਵਜੋਂ ਨਿਯੁਕਤ ਕੀਤਾ ਗਿਆ ਸੀ ਤੇ 18 ਦਸੰਬਰ 2019 ਨੂੰ ਉਸ ਨੂੰ ਫਲਾਇੰਗ ਬ੍ਰਾਂਚ 'ਚ ਸਥਾਈ ਕਮਿਸ਼ਨ ਮਿਲਿਆ।

ਵਿੰਗ ਕਮਾਂਡਰ ਵਿ ਮਿਕਾ ਉੱਚ ਜੋਖ਼ਮ ਵਾਲੇ ਇਲਾਕਿਆਂ 'ਚ ਹੈਲੀਪਾਟਰ ਚਲਾਉਣ ਦਾ ਤਜਰਬਾ ਰੱਖਣ ਵਾਲੀ ਪਾਇਲਟ ਹਨ। ਉਸ ਨੇ ਜੰਮੂ-ਕਸ਼ਮੀਰ ਤੇ ਪੂਰਬੀ ਭਾਰਤ ਸਮੇਤ ਕੁਝ ਸਭ ਤੋਂ ਮੁਸ਼ਕਲ ਇਲਾਕਿਆਂ 'ਚ ਚੇਤਕ ਤੇ ਚੀਤਾ ਵਰਗੇ ਹੈਲੀਕਾਪਟਰਾਂ ਦਾ ਸੰਚਾਲਨ ਕੀਤਾ ਹੈ।

ਵਿ ਮਿਕਾ ਸਿੰਘ ਨੇ ਕਈ ਬਚਾਅ ਅਭਿਆਨਾਂ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਨਵੰਬਰ 2020 'ਚ ਅਰੁਣਾਚਲ ਪ੍ਰਦੇਸ਼ 'ਚ ਉਸ ਵੱਲੋਂ ਸੰਚਾਲਿਤ ਪ੍ਰਮੁੱਖ ਅਭਿਆਨਾਂ 'ਚੋਂ ਇਕ ਸੀ। ਇਹ ਮੁਹਿੰਮ ਉੱਚਾਈ, ਮੁਸ਼ਕਲ ਮੌਸਮ ਤੇ ਦੂਰ-ਦਰਾਜ ਦੇ ਸਥਾਨਾਂ 'ਤੇ ਕੀਤੀ ਗਈ ਸੀ, ਜਿੱਥੇ ਜੀਵਨ ਬਚਾਉਣ ਲਈ ਹਵਾਈ ਸਹਾਇਤਾ ਮਹੱਤਵਪੂਰਨ ਹੈ।

HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com

# ਇੰਜੀ. ਮੱਟੂ ਦਾ ਮੋਤੀਆਜ਼ ਪੰਜਾਬੀ ਫ਼ਿਲਮ ਅਤੇ ਮਿਊਜ਼ਿਕ ਐਵਾਰਡ ਨਾਲ ਸਨਮਾਨ 10 ਮਈ ਨੂੰ

**ਨਾਭਾ–** ਸਾਹਿਤ ਅਤੇ ਗੀਤਕਾਰੀ ਦੇ ਖੇਤਰ ਵਿੱਚ ਆਪਣੇ ਸਾਹਿਤਕ, ਸੱਭਿਆਚਾਰਕ , ਪਰਿਵਾਰਕ ਗੀਤਾਂ , ਕਵਿਤਾਵਾਂ ਅਤੇ ਲੇਖਾਂ ਰਾਹੀ ਆਪਣਾ ਵੱਖਰਾ ਮੁਕਾਮ ਪ੍ਰਾਪਤ ਕਰਨ ਵਾਲੇ ਇੰਜੀ ਸਤਨਾਮ ਸਿੰਘ ਮੱਟੂ ਨੂੰ



ਗੀਤਕਾਰੀ ਲਈ 10 ਮਈ ਨੂੰ ਵੋਆਇਸ ਇੰਟਰਟੇਨਮੈਂਟ ਵੱਲੋਂ ਨਾਭਾ ਵਿਖੇ ਕਰਵਾਏ ਜਾ ਰਹੇ ਮੋਤੀਆਜ਼ ਪੰਜਾਬੀ ਫ਼ਿਲਮ ਅਤੇ ਮਿਊਜ਼ਿਕ ਅਵਾਰਡ ਨਾਲ ਸਨਮਾਨਿਤ ਜਾ ਰਿਹਾ ਹੈ।ਉਸਦੀ ਇਸ ਅਹਿਮ ਪ੍ਰਾਪਤੀ ਨਾਲ ਉਸਦੇ ਪਿੰਡ ਅਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਹੈ।ਕਸਮੀਰ ਸਿੰਘ ਗਿੱਲ ਸੂਬੇਦਾਰ ਮੇਜਰ ਨੇ ਦੱਸਿਆ ਕਿ ਇੰਜੀ ਮੱਟੂ ਦੇ ਲਿਖੇ ਗੀਤ ਪੱਗ ,ਖੜਗੇ ਪੰਜਾਬੀ ਜਿੱਥੇ , ਰੂਹ ਆਦਿ ਨਾਲ ਆਪਣਾ ਮੁਕਾਮ ਸਿਰਜਿਆ ਹੈ। ਪੰਜਾਬੀ ਸਾਹਿਤ ਸਭਾ ਦੇ ਮੈਂਬਰ, ਲੋਕ ਗਾਇਕ ਜਨਾਬ ਹਾਕਮ ਬਖ਼ਤੜੀ ਵਾਲਾ ਦੇ ਸ਼ਾਗਿਰਦ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਉਪ ਮੰਡਲ ਇੰਜੀਨੀਅਰ ਸੇਵਾਵਾਂ ਨਿਭਾ ਰਹੇ ਇੰਜੀ ਮੱਟੂ ਦੇ ਗੀਤ ਜਨਾਬ ਹਾਕਮ ਬਖ਼ਤੜੀ ਵਾਲਾ, ਲੱਕੀ ਦੁਰਗਾਪੁਰੀਆ, ਬਹਾਦਰ ਬਿੱਟੂ,ਰਵੀ ਢਿੱਲੋਂ,ਗਾਇਕਾ ਕਰੀਨਾ ਸ਼ਰਮਾ,ਕਮਲ ਨਾਇਕ, ਜੱਸ ਜਸਵਿੰਦਰ ਆਦਿ ਗਾਇਕਾਂ ਨੇ ਗਾਏ ਹਨ ।ਉਹਨਾਂ ਦੇ ਲਿਖੇ ਲੇਖ, ਗੀਤ, ਕਵਿਤਾਵਾਂ ਅਕਸਰ ਹੀ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ।ਇੰਜੀ ਮੱਟੂ ਨੇ ਇਸ ਵੱਕਾਰੀ ਅਵਾਰਡ ਲਈ ਚੋਣ ਕਰਨ ਤੇ ਅਜੇ ਸਹੋਤਾ ਅਤੇ ਉਨ੍ਹਾਂ ਦੀ ਟੀਮ ਪੂਰੀ ਟੀਮ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਹਨਾਂ ਨੂੰ ਉਸਦੀ ਇਸ ਪ੍ਰਾਪਤੀ ਤੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਅਤੇ ਸ੍ਰੋਮਣੀ ਬਾਲ ਸਾਹਿਤਕਾਰ ਡਾ ਦਰਸ਼ਨ ਸਿੰਘ ਆਸ਼ਟ, ਪੰਜਾਬੀ ਸਾਹਿਤਕਾਰ ਦਰਸ਼ਨ ਬੁੱਟਰ, ਉੱਘੇ ਸਾਹਿਤਕਾਰ ਪ੍ਰੋ. ਨਵਸੰਗੀਤ ਸਿੰਘ, ਲੋਕ ਗਾਇਕ ਜਨਾਬ ਹਾਕਮ ਬਖ਼ਤੜੀ ਵਾਲਾ, ਉੱਘੇ ਗਾਇਕ ਅਤੇ ਸ਼ਾਇਰ ਅੰਗਰੇਜ਼ ਵਿਰਕ, ਸਾਹਿਤਕਾਰ ਦਵਿੰਦਰ ਪਟਿਆਲਵੀ, ਬਲਬੀਰ ਜਲਾਲਾਬਾਦੀ, ਸਰਪੰਚ ਗੁਰਪ੍ਰੀਤ ਸਿੰਘ ਬਿੰਬੜ, ਇੰਜੀ ਸਤਨਾਮ ਸਿੰਘ ਧਨੋਆ ਸਾਬਕਾ ਚੇਅਰਮੈਨ ਸਾਰਕ ਕੌਂਸਲ ਆਫ਼ ਡਿਪਲੋਮਾ ਇੰਜੀਨੀਅਰ, ਇੰਜੀ ਦਿਲਪ੍ਰੀਤ ਸਿੰਘ ਸੂਬਾ ਪ੍ਰਧਾਨ ਡਿਪਲੋਮਾ ਇੰਜੀਨੀਅਰਜ਼ ਐਸੋਸੀਏਸ਼ਨ ਪੰਜਾਬ ਅਤੇ ਮਹਿਕਮੇ ਦੇ ਸੀਨੀਅਰ ਅਧਿਕਾਰੀਆਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਮੁਬਾਰਕਬਾਦ ਦਿੱਤੀ ਹੈ।

# ਡਾ. ਬੀ.ਆਰ. ਅੰਬੇਡਕਰ ਮਿਸ਼ਨ ਸੁਸਾਇਟੀ ਪਿੰਡ ਕਾਂਸ਼ੀ ਨਗਰ ਨੇ ਅੰਬੇਡਕਰੀ ਫਲਸਫੇ ਦੇ ਪ੍ਰਚਾਰ ਹਿੱਤ ਕਰਵਾਇਆ ਚੇਤਨਾ ਸਮਾਗਮ

**ਫਗਵਾੜਾ (ਬੀ.ਕੇ. ਰੱਤੂ)** ਡਾ. ਬੀ.ਆਰ. ਅੰਬੇਡਕਰ ਮਿਸ਼ਨ ਸੁਸਾਇਟੀ ਪਿੰਡ ਕਾਂਸ਼ੀ ਨਗਰ ਫਗਵਾੜਾ ਵਲੋਂ ਸਮੂਹ ਐਨ। ਆਰ। ਆਈ। ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ। ਭੀਮ ਰਾ ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਬੁੱਧ ਵੰਦਨਾ ਨਾਲ ਕੀਤੀ ਗਈ। ਨਵੀਂ ਸੋਚ ਕੋਰੀਓਗਰਾਫੀ ਗਰੁੱਪ, ਪੱਦੀ ਖਾਲਸਾ ਵਲੋਂ ਬਾਬਾ ਸਾਹਿਬ ਦੇ ਮਿਸ਼ਨ ਸਬੰਧੀ ਕੋਰਿ ਗਰਾਫੀਆਂ ਪੇਸ਼ ਕੀਤੀਆਂ ਗਈਆਂ। ਪਿੰਡ ਕਾਂਸ਼ੀ ਨਗਰ ਦੇ ਬੱਚਿਆਂ ਵੱਲੋਂ ਵੀ ਕਵਿਤਾਵਾਂ, ਗੀਤ ਅਤੇ ਕੋਰਿ ਗਰਾਫੀਆਂ ਪੇਸ਼ ਕੀਤੀਆਂ ਗਈਆਂ ਜੋ ਸਰੋਤਿਆਂ ਵਲੋਂ ਬਹੁਤ ਪਸੰਦ ਕੀਤੇ ਗਏ। ਇਸ ਮੌਕੇ ਸੀਨੀਅਰ ਮਿਸ਼ਨਰੀ ਆਗੂ ਅਸ਼ੋਕ ਸੰਧੂ ਜੀ ਵਲੋਂ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਮਿਸ਼ਨ ਉੱਤੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ। ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਮਿਸ਼ਨਰੀ ਲੇਖਕ ਰਾਜੇਸ਼ ਭਬਿਆਣਾ ਜੀ ਨੇ ਆਪਣੀ ਨਵੀਂ ਪ੍ਰਕਾਸ਼ਿਤ ਪੁਸਤਕ "ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ ਸੰਘਰਸ਼ ਅਤੇ ਮਿਸ਼ਨ" ਡਾ. ਬੀ. ਆਰ. ਅੰਬੇਡਕਰ ਮਿਸ਼ਨ ਸੁਸਾਇਟੀ ਨੂੰ ਭੇਂਟ ਕੀਤੀ। ਪੜ੍ਹਾਈ ਵਿੱਚ ਵਧੀਆ




ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਨੂੰ ਸੁਸਾਇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਪ੍ਰਸਿੱਧ ਮਿਸ਼ਨਰੀ ਗਾਇਕ ਗੋਲਡਮੈਡਲਿਸਟ ਬਲਵਿੰਦਰ ਬਿੱਟੂ ਵਲੋਂ ਆਪਣੇ ਮਿਸ਼ਨਰੀ ਗੀਤਾਂ ਨਾਲ ਹਾਜ਼ਰੀ ਲਗਵਾਈ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਐਨ.ਆਰ.ਆਈ. ਵੀਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਸੁਸਾਇਟੀ ਵੱਲੋਂ ਐਨ.ਆਰ.ਆਈ. ਵੀਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਅੱਗੇ ਤੋਂ ਵੀ ਉਹਨਾਂ ਵਲੋਂ ਇਸੇ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਕੀਤੀ ਗਈ । ਸਟੇਜ ਸੰਚਾਲਨ ਮਿਸ਼ਨਰੀ ਲੇਖਕ ਬਲਵਿੰਦਰ ਪੁਆਰ ਅਤੇ ਮਨੀ ਅੰਬੇਡਕਰੀ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਪ੍ਰੋਗਰਾਮ ਵਿੱਚ ਪਹੁੰਚਣ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਅਸ਼ੋਕ ਸੰਧੂ, ਮਿਸ਼ਨਰੀ ਲੇਖਕ ਰਾਜੇਸ਼ ਭਬਿਆਣਾ, ਪਿਆਰਾ ਲਾਲ, ਮਨਜੀਤ ਮਾਨ, ਬੰਟੀ ਮੋਰਾਂ ਵਾਲੀਆਂ, ਦੇਸ ਰਾਜ ਸਾਬਕਾ ਸਰਪੰਚ, ਜਸਪਿੰਦਰ ਕੁਮਾਰ ਸਾਬਕਾ ਸਰਪੰਚ, ਬਲਬੀਰ ਕੁਮਾਰ ਸਾਬਕਾ ਸਰਪੰਚ, ਗੁਰ-ਦੇਵ ਚੰਦ ਲੰਬੜਦਾਰ, ਸੰਤੋਖ ਲਾਲ, ਮਾਸਟਰ ਮਨਜੀਤ ਲਾਲ, ਯਸ਼ਪਾਲ, ਰਾਕੇਸ਼ ਕੁਮਾਰ, ਵਿਵੇਕ ਕੈਂਥ, ਮਨਜੀਤ ਗਾਟ, ਧਰਮ ਪਾਲ ਭਿੰਦਾ, ਅਨਿਲ ਕੁਮਾਰ ਨੀਲਾ, ਦਲਜੀਤ ਕੁਮਾਰ, ਹੈਪੀ ਕਾਂਸ਼ੀ ਨਗਰ, ਬਲਬੀਰ ਕੁਮਾਰ ਬੀਰਾ, ਬੌਬੀ ਆਦਿ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ ਵਿੱਚ ਮਨਜੀਤ ਗਾਟ ਅਤੇ ਧਰਮ ਪਾਲ ਭਿੰਦਾ ਵਲੋਂ ਸਮਾਗਮ ਵਿੱਚ ਪਹੁੰਚਣ ਵਾਲੇ ਸਾਥੀਆਂ ਦਾ ਧੰਨਵਾਦ ਕੀਤਾ।

# ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮਸਲੇ 'ਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਪੰਜਾਬ ਚੇਤਨਾ ਮੰਚ ਨੇ ਕੀਤੀ ਨਿੰਦਾ

**ਫਗਵਾੜਾ–** ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮਸਲੇ ਉੱਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਪੰਜਾਬ ਚੇਤਨਾ ਮੰਚ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਕੇਂਦਰ ਦੇ ਪੰਜਾਬ ਪ੍ਰਤੀ ਵਤੀਰੇ ਦੀ ਸਖ਼ਤ ਨਿੰਦਿਆ ਕੀਤੀ ਹੈ।



ਮੰਚ ਦੇ ਪ੍ਰਧਾਨ ਡਾ। ਲਖਵਿੰਦਰ ਸਿੰਘ ਜੌਹਲ,ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਅਤੇ ਜਥੇਬੰਦਕ ਸਕੱਤਰ ਗੁਰਮੀਤ ਸਿੰਘ ਪਲਾਹੀ ਵੱਲੋਂ ਇੱਥੇ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੂਰੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੂੰ ਨਾ ਸਿਰਫ਼ ਪੰਜਾਬ ਦੇ ਹੱਕਾਂ ਲਈ ਸਖ਼ਤੀ ਨਾਲ ਖੜਨਾ ਚਾਹੀਦਾ ਹੈ, ਸਗੋਂ ਪੰਜਾਬ ਵਿਧਾਨ ਸਭਾ ਦੇ ਸੋਮਵਾਰ ਨੂੰ ਹੋਣ ਵਾਲੇ ਵਿਸ਼ੇਸ਼ ਸੈਸ਼ਨ ਵਿੱਚ ਇੱਕ ਮਤਾ ਪਾਸ ਕਰਕੇ ਕੇਂਦਰ ਵੱਲੋਂ ਬਣਾਏ ਗਏ "ਡੈਮ ਸੇਫ਼ਟੀ ਕਾਨੂੰਨ" ਨੂੰ ਵੀ ਰੱਦ ਕਰਨਾ ਚਾਹੀਦਾ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਜਿਵੇਂ ਪਾਣੀਆਂ ਦੇ ਮਸਲੇ ਉੱਤੇ ਸਰਬ ਪਾਰਟੀ ਮੀਟਿੰਗ ਵਿੱਚ ਸਹਿਮਤੀ ਪ੍ਰਗਟਾਈ ਗਈ ਹੈ ਇਵੇਂ ਹੀ ਇੱਕ ਸਰਬ ਪਾਰਟੀ ਮੀਟਿੰਗ ਬੁਲਾ ਕੇ ਅਤੇ ਵਿਧਾਨ ਸਭਾ ਦੇ ਸੈਸ਼ਨ ਵਿੱਚ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ ਦੀ ਮੰਗ ਵੀ ਪੂਰੇ ਜ਼ੋਰ ਸ਼ੋਰ ਨਾਲ ਤੇ ਸਰਬ ਸੰਮਤੀ ਨਾਲ ਉਠਾਉਣੀ ਚਾਹੀਦੀ ਹੈ।

ਉਹਨਾਂ ਕਿਹਾ ਕਿ ਪੰਜਾਬ ਚੇਤਨਾ ਮੰਚ ਪੰਜਾਬ ਲਈ ਖੜਨ ਵਾਲੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ ਦੀ ਪੂਰਨ ਹਮਾਇਤ ਕਰਦਾ ਹੈ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਵਿਪਸਾਅ ਵੱਲੋਂ ਲਾਜ ਨੀਲਮ ਸੈਣੀ ਦੇ ਨਾਵਲ 'ਅਲਵਿਦਾ! ...ਕਦੇ ਵੀ ਨਹੀਂ' ਉੱਪਰ ਸਾਹਿਤਕ ਸਮਾਗਮ ਕਿਤਾਬ ਨੂੰ ਸਾਹਿਤ ਪ੍ਰੇਮੀਆਂ ਵਲੋਂ ਭਰਵਾਂ ਹੁੰਗਾਰਾ ਮਿਲਿਆ

ਹੇਵਰਡ (ਕੈਲੀਫ਼ੋਰਨੀਆ) ਬੀਤੇ ਐਤਵਾਰ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ ਲੇਖਿਕਾ ਲਾਜ ਨੀਲਮ ਸੈਣੀ ਦੇ ਮੂਲਕ ਆਤਮ ਜੀਵਨੀ ਨਾਵਲ 'ਅਲਵਿਦਾ! ਕਦੇ ਵੀ ਨਹੀਂ' ਉੱਪਰ ਕਰਵਾਇਆ ਗਿਆ ਸਾਹਿਤਕ ਸਮਾਗਮ ਬਹੁਤ ਸਫ਼ਲ ਰਿਹਾ। ਕੁਲਵਿੰਦਰ ਨੇ ਸਮਾਗਮ ਦੇ ਆਰੰਭ ਵਿੱਚ ਸਭ ਨੂੰ ਜੀ ਆਇਆਂ ਕਿਹਾ ਅਤੇ ਇਸ ਸਾਲ ਹੋਣ ਵਾਲੇ ਹੋਰ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ। ਹਾਜ਼ਰ ਸਾਹਿਤਕਾਰਾਂ ਨੇ ਪਿਛਲੇ ਦਿਨੀ ਵਿਛੋੜਾ ਦੇ ਗਏ ਗ਼ਜ਼ਲਕਾਰ ਨਦੀਮ ਪਰਮਾਰ, ਪਸ਼ੌਰਾ ਸਿੰਘ ਢਿੱਲੋਂ ਅਤੇ ਡਾ ਹਰਜਿੰਦਰ ਸਿੰਘ ਅਟਵਾਲ ਅਤੇ ਪਹਿਲਗਾਮ ਵਿੱਚ ਮਾਰੇ ਗਏ ਨਿਰਦੋਸ਼ਾਂ ਨੂੰ ਕੁਝ ਪਲ ਮੋਨ ਰੱਖਕੇ ਸ਼ਰਧਾਂਜਲੀ ਭੇਟ ਕੀਤੀ। ਜਗਜੀਤ ਨੌਸ਼ਹਿਰਵੀ ਨੇ ਕਿਹਾ ਅਸੀਂ ਦੁਆ ਕਰਦੇ ਹਾਂ ਕਿ ਸਰਹੱਦ ਦੇ ਦੋਵੇਂ ਪਾਸੇ ਅਮਨ ਰਹੇ ਅਤੇ ਲੋਕ ਖੁਸ਼ਹਾਲ ਵੱਸਣ। ਸੁਖਦੇਵ ਸਾਹਿਲ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦਾ ਗਾਇਨ ਕਰਕੇ ਹੋਣ ਜਾ ਰਹੀ ਸਾਹਿਤਕ ਵਿਚਾਰ ਚਰਚਾ ਲਈ ਸੰਜੀਦਾ ਮਾਹੌਲ ਤਿਆਰ ਕੀਤਾ।

ਸਮਾਗਮ ਦੀ ਪ੍ਰਧਾਨਗੀ ਸਰਬਜੀਤ ਸਿੰਘ ਗਿੱਲ, ਡਾ. ਸੁਖਵਿੰਦਰ ਕੰਬੋਜ, ਵਿਪਸਾਅ ਪ੍ਰਧਾਨ ਕੁਲਵਿੰਦਰ, ਲਾਜ ਨੀਲਮ ਸੈਣੀ, ਹਰਜਿੰਦਰ ਸਿੰਘ ਪੰਧੇਰ ਅਤੇ ਤਾਰਾ ਸਿੰਘ ਸਾਗਰ ਨੇ ਕੀਤੀ। ਲਾਜ ਨੀਲਮ ਨੇ ਕਿਤਾਬ ਦੀ ਪਿੱਠਭੂਮੀ, ਲਿਖਣ ਪ੍ਰੇਰਣਾ, ਅਤੇ ਪ੍ਰਕਿਰਿਆ ਬਾਰੇ ਆਪਣਾ ਪੱਖ ਸਰੋਤਿਆਂ ਸਾਹਮਣੇ ਰੱਖਿਆ। ਉਸਨੇ ਕਿਹਾ ਕਿ ਇਹ ਨਾਵਲ ਲਿਖਦਿਆਂ ਮੇਰਾ ਦਰਦ ਅੱਥਰੂ ਬਣ ਕੇ ਵਗਦਾ ਹੋਇਆ ਸ਼ਬਦਾਂ ਦਾ ਰੂਪ ਧਾਰਨ ਕਰ ਲੈਂਦਾ, ਲਾਜ ਅੱਖਰ-ਅੱਖਰ ਹੁੰਦਾ ਮੇਰੇ ਨਾਲ਼ ਤੁਰ ਪੈਂਦਾ, ਸ਼ਬਦ ਅੱਗੇ ਦੌੜਨ ਲੱਗਦੇ, ਮੈਂ ਪਿੱਛੇ ਰਹਿ ਜਾਂਦੀ। ਇਸ ਲਿਖਣ ਤਜਰਬੇ ਵਿਚੋਂ ਮੈਨੂੰ ਨਵੀਂ ਜੀਵਨ ਸ਼ਕਤੀ ਮਿਲੀ ਹੈ। ਪ੍ਰੋ ਬਲਜਿੰਦਰ ਸਵੈਚ ਨੇ ਨਾਵਲ ਦਾ ਸਾਹਿਤਕ ਮੁਲਅੰਕਣ ਕਰਦਾ ਆਪਣਾ ਪਰਚਾ 'ਸਾਕਾਰਾਤਮਿਕ ਮਨੋ-ਸਥਿਤੀਆਂ ਦਾ ਬਿਰਤਾਂਤ - ਅਲਵਿਦਾ!... ਕਦੇ ਵੀ ਨਹੀਂ' ਪੜ੍ਹਿਆ। ਉਹਨਾਂ ਨੇ ਨਾਵਲ ਤੇ ਚਰਚਾ ਛੇੜਦੇ ਕਿਹਾ ਕਿ "ਇਸ ਨਾਵਲ ਦਾ ਬਿਰਤਾਂਤ ਲਗਾਤਾਰ ਮਨੁੱਖੀ ਜੀਵਨ ਦੇ ਸੱਚ ਤੇ ਉਸ ਦੇ ਦਾਰਸ਼ਨਿਕ ਅਧਾਰਾਂ ਨੂੰ ਇਕ ਦੂਜੇ ਵਿਚ ਵਿਉਂਤ ਕੇ ਪੇਸ਼ ਕਰਦਾ ਹੈ। ਸਿਮਰਤੀਆਂ ਰਾਹੀਂ ਅਤੀਤ ਨੂੰ ਵਰਤਮਾਨ ਵਿਚ ਹਾਜ਼ਰ ਕਰ ਲੈਣਾ ਅਤੇ ਉਸ ਦੀ ਹਾਜ਼ਰੀ ਨਾਲ ਵਰਤਮਾਨ ਦੇ ਸੰਤਾਪ ਨੂੰ ਸਾਕਾਰਾਤਮਿਕ ਰੂਪ ਵਿੱਚ ਨਵੇਂ ਅਰਥ ਦੇਣਾ ਇਸ ਨਾਵਲ ਦੇ ਬਿਰਤਾਂਤ ਦੀ ਬਹੁਤ ਮਹੱਤਵਪੂਰਨ ਵਿਧੀ ਹੈ। ਔਰਤ ਨਾਵਲਕਾਰ ਹੋਣ ਦੇ ਬਾਵਜੂਦ ਨਾਰੀ ਵਾਦੀ ਦ੍ਰਿਸ਼ਟੀ ਦੇ ਬੋਝ ਤੋਂ ਮੁਕਤ ਹੋ ਕੇ ਔਰਤ-ਮਰਦ ਦੇ ਮੋਹ ਵੰਨੇ ਰਿਸ਼ਤੇ ਦੀ ਬਰੀਕੀ ਨਾਲ ਪੇਸ਼ਕਾਰੀ ਅਤੇ ਘਰ ਪਰਿਵਾਰ ਤੇ ਸਵੈ ਦੇ ਸੰਤੁਲਿਤ ਰਿਸ਼ਤੇ ਨਾਵਲ ਦੇ ਬਿਰਤਾਂਤ ਦੀ ਖ਼ਾਸ ਰੰਗ ਪ੍ਰਦਾਨ ਕਰਦੇ ਹਨ।"

ਸੁਰਿੰਦਰ ਸੀਰਤ ਨੇ ਇਸ ਕਿਤਾਬ ਵਿਚਲੇ ਵਾਰਤਾਲਾਪ, ਵਿਸ਼ੇ ਅਤੇ ਭਾਸ਼ਾ ਨੂੰ ਸਰਾਹਿਆ। ਉਹਨਾਂ ਕਿਹਾ




ਸਿਰਫ ਸੱਚ ਹੀ ਸਾਹਿਤ ਨਹੀਂ ਹੁੰਦਾ ਪਰ ਸੱਚ ਨੂੰ ਕਾਲਪਨਿਕ ਰੂਪ ਦੇ ਕੇ ਕਿਸੇ ਹੋਰ ਰੰਗ ਵਿੱਚ ਯਥਾਰਥ ਨੂੰ ਪੇਸ਼ ਕਰਨਾ ਸਾਹਿਤ ਹੈ। ਨੀਲਮ ਵਲੋਂ ਨਾਵਲ ਵਿਚਲੇ ਵਾਰਤਾਲਾਪ ਵਿੱਚ ਸਾਹਿਤ ਦਾ ਯਥਾਰਥ ਬੜੇ ਕਲਾਤਮਕ ਤਰੀਕੇ ਨਾਲ ਪੇਸ਼ ਕੀਤਾ। ਇਸ ਕਰਕੇ ਇਹ ਕਿਤਾਬ ਨੀਲਮ ਦੀ ਅਤੇ ਵਿਪਸਾਅ ਦੀ ਬਹੁਤ ਵੱਡੀ ਪ੍ਰਾਪਤੀ ਹੈ। ਉਹਨਾਂ ਇਸ ਖ਼ੂਬਸੂਰਤ ਰਚਨਾ ਲਈ ਲਾਜ ਨੀਲਮ ਨੂੰ ਵਧਾਈ ਦਿੱਤੀ। ਲਖਵਿੰਦਰ ਕੌਰ ਲੱਕੀ ਨੇ ਕਿਹਾ ਕਿ ਉਸ ਨੇ ਇਸ ਨਾਵਲ ਵਿਚਲੇ ਕਥਾਸਾਰ, ਪਾਤਰਾਂ ਅਤੇ ਪਿੱਠਭੂਮੀ ਨਾਲ ਬਹੁਤ ਆਈਡੈਂਟੀਫਾਈ ਕੀਤਾ ਹੈ ਅਤੇ ਨਾਵਲ ਪੜ੍ਹਦਿਆਂ ਬਹੁਤ ਵਾਰ ਭਾਵੁਕ ਹੋਈ ਹੈ। ਪ੍ਰਿੰ. ਹਰਿੰਦਰਪਾਲ ਕੌਰ ਸੰਧੂ ਨੇ ਲਾਜ ਨੀਲਮ ਵੱਲੋਂ ਅਮਰੀਕੀ ਸਮਾਜਕ ਸਥਿਤੀਆਂ ਦੇ ਮੱਦੇਨਜ਼ਰ ਪਰਵਾਰਿਕ ਇਕਾਈ (ਪਤੀ ਪਤਨੀ) ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਦੇ ਹੱਕ ਵਿੱਚ ਖੜਨ ਲਈ ਨਾਵਲ ਦੀ ਪ੍ਰਸੰਸਾ ਕੀਤੀ। ਬਲਵਿੰਦਰ ਕੌਰ ਮੰਡ ਨੇ ਕਿਹਾ ਕਿ- ਨੀਲਮ ਨੇ ਬੜੇ ਸਲੀਕੇ ਨਾਲ਼ ਆਪਣੀ ਜ਼ਿੰਦਗੀ ਸਾਡੇ ਨਾਲ਼ ਸਾਂਝੀ ਕੀਤੀ ਹੈ। ਉਸ ਨੇ ਇਹ ਨਾਵਲ ਲਿਖ ਕੇ 'ਲਾਜ ਸੈਣੀ' ਨੂੰ ਰਹਿੰਦੀ ਦੁਨੀਆਂ ਤੱਕ ਅਮਰ ਕਰ ਦਿੱਤਾ ਹੈ। ਉਹਨਾਂ ਹਰ ਚੈਪਟਰ ਦੇ ਸ਼ੁਰੂ ਅਤੇ ਅੰਤ ਵਿੱਚ ਪਤੀ ਪਤਨੀ ਵਿਚਾਲੇ ਹੋਏ ਵਾਰਤਾਲਾਪ ਦੀ ਵਿਧੀ ਨੇ ਨਾਵਲ ਨੂੰ ਹੋਰ ਵੀ ਦਿਲਚਸਪ ਬਣਾਇਆ ਹੈ। ਇਸ ਉੱਦਮ ਲਈ ਇਹ ਵਧਾਈ ਦੀ ਹੱਕਦਾਰ ਹੈ।

ਅਮਰਜੀਤ ਕੌਰ ਪੰਨੂ ਨੇ ਕਿਹਾ ਕਿ ਨਾਵਲ ਪੜ੍ਹਦਿਆਂ ਕਈ ਵਾਰ ਘੋਰ ਉਦਾਸੀ ਅਤੇ ਕਦੇ ਖੁਸ਼ੀ ਦੇ ਭਾਵ ਮਹਿਸੂਸ ਹੋਏ ਹਨ, ਅੱਖਾਂ ਨੀਰੋ ਨੀਰ ਹੋ ਜਾਂਦੀਆਂ ਰਹੀਆਂ ਹਨ। ਨੀਲਮ ਜ਼ਿੰਦਗੀ ਵਿੱਚ ਆਏ ਤੁਫਾਨ ਦੀ ਕੜਕਦੀ ਬਿਜਲੀ ਦੀ ਅੱਗ ਵਿੱਚੋਂ ਇਕ ਕੁਕਨਸ ਦੀ ਤਰ੍ਹਾਂ ਆਪਣੇ ਪਰਾਂ ਨੂੰ ਤੋਲਦੀ ਹੋਈ ਉਭਰ ਕੇ ਸਾਹਮਣੇ ਆਈ ਹੈ। ਨਾਵਲ ਵਿੱਚ ਮੈਟਾਫਰ ਅਤੇ ਰੂਪਾਂਤਰ ਤਕਨੀਕਾਂ ਬੜੇ ਸੋਹਜ ਨਾਲ ਵਰਤੀਆਂ ਹਨ।

ਸ਼ਾਇਰਾ ਸੁਰਜੀਤ ਸਖੀ ਨੇ ਕਿਹਾ ਕਿ ਲੇਖਿਕਾ ਦਾ ਸਵੈ-ਚਿੰਤਨ ਕਰਨਾ, ਸਾਹਿਤ ਦਾ ਆਸਰਾ ਲੈ ਕੇ 'ਲਾਜ' ਦੀਆਂ ਸਿਮਰਤੀਆਂ ਨਾਲ ਜੁੜਨਾ ਅਤੇ ਮਹਿਸੂਸ ਕਰਨਾ ਕਿ ਜੀਵਨ ਰੂਪੀ ਟ੍ਰੇਨ ਵਿੱਚ 'ਲਾਜ' ਮੁੜ ਕੇ ਉਸ ਨਾਲ਼ ਹੈ, ਜੀਵਨ ਲਈ ਇੱਕ ਸ਼ੁਭ ਸੰਕੇਤ ਹੈ, ਅਤੇ ਨੀਲਮ ਦੀ ਸਿਰਜਣ ਪ੍ਰਕ੍ਰਿਆ ਵੱਲ ਵਾਪਸੀ ਕਰਕੇ ਉਸਦਾ ਸਾਹਿਤ ਨਾਲ ਜੁੜਨਾ ਸਕਾਰਥ ਹੋ ਜਾਂਦਾ ਹੈ।

ਇਸ ਤੋਂ ਬਾਅਦ ਕਮਲਜੀਤ ਸਿੰਘ ਧਾਮੀ, ਚਰਨਜੀਤ ਸਿੰਘ ਪੰਨੂ, ਰਾਜਵਿੰਦਰ ਕੌਰ ਸਹੋਤਾ, ਜਗਤਾਰ ਗਿੱਲ, ਅਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਾਰੇ ਮੈਂਬਰਾਂ ਨੇ ਨਾਵਲ ਬਾਰੇ ਵਿਭਿੰਨ ਵਿਚਾਰ ਅਤੇ ਨਾਵਲ ਦੇ ਬਹੁਤ ਸਾਰੇ ਜ਼ਾਹਿਰ ਅਤੇ ਗੁੱਝੇ ਪੱਖਾਂ ਉੱਪਰ ਆਪਣੇ ਵਿਚਾਰ ਰੱਖੇ। ਸਟੇਜ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਗੁਰਜੰਟ ਰਾਜੇਆਣਾ ਅਤੇ ਪ੍ਰੋ. ਰਣਧੀਰ ਕੌਰ ਦੇ ਨਾਵਲ ਬਾਰੇ ਭੇਜੇ ਵਿਚਾਰ ਵੀ ਸਾਂਝੇ ਕੀਤੇ। ਸਰਬਜੀਤ ਸਿੰਘ ਗਿੱਲ ਨੇ ਕਿਹਾ ਕਿ ਪਰਵਾਸ ਕਰਨ ਵੇਲੇ ਦਾ ਹਾਲਾਤਾਂ ਬਾਰੇ ਨਾਵਲ ਪੜ੍ਹਦਿਆਂ ਉਹਨਾਂ ਨੂੰ ਕਈ ਹਿੱਸੇ ਆਪਣੇ ਜੀਵਨ ਨਾਲ ਮਿਲਦੇ ਲੱਗੇ। ਉਹਨਾਂ ਕਿਹਾ ਕਿ ਲਾਜ ਅਤੇ ਨੀਲਮ ਨਾਲ ਬਹੁਤ ਸਮਾਂ ਬਿਤਾਉਣ ਕਾਰਨ ਇਹ ਨਾਵਲ ਪੜ੍ਹਨਾ ਉਹਨਾਂ ਲਈ ਬਹੁਤ ਔਖਾ ਸੀ। ਡਾ. ਸੁਖਵਿੰਦਰ ਕੰਬੋਜ ਨੇ ਨਾਵਲ ਦੇ ਕਈ ਤਕਨੀਕੀ ਪੱਖਾਂ ਦਾ ਹਵਾਲਾ ਦਿੱਤਾ। ਨਾਵਲ ਦੇ ਅਸਲ ਜ਼ਿੰਦਗੀ ਦੇ ਨੇੜੇ ਰਹਿ ਕੇ ਯਥਾਰਥਵਾਦੀ ਪਹੁੰਚ ਅਪਣਾਉਣ ਲਈ ਲਾਜ ਨੀਲਮ ਸੈਣੀ ਦੀ ਸਰਾਹੁਣਾ ਕੀਤੀ।

ਅੰਤ ਵਿੱਚ ਕੁਲਵਿੰਦਰ ਨੇ ਨਾਵਲ ਦੇ ਦਾਰਸ਼ਨਿਕ ਪੱਖ ਬਾਰੇ ਗੱਲ ਕਰਦਿਆਂ ਪਿਆਰ, ਮੌਤ ਅਤੇ ਜ਼ਿੰਦਗੀ ਬਾਰੇ ਨਾਵਲ ਵਿੱਚੋਂ ਕੁਝ ਅੰਸ਼ਾਂ ਦੀ ਮਿਸਾਲ ਦੇ ਕੇ ਆਪਣੀ ਗੱਲ ਕਹੀ। ਨਾਵਲ ਦੇ ਹਰ ਚੈਪਟਰ ਦੇ ਸ਼ੁਰੂ ਅਤੇ ਅੰਤ ਵਿਚਲੇ ਵਾਰਤਾਲਾਪਾਂ ਵਿੱਚ ਉਭਰੇ ਕਈ ਦਾਰਸ਼ਨਿਕ ਤੱਤਾਂ ਦਾ ਜ਼ਿਕਰ ਕੀਤਾ। ਬਹੁਤ ਸਾਰੇ ਬੁਲਾਰਿਆਂ ਨੇ ਕਿਹਾ ਕਿ ਇਹ ਆਤਮ-ਕਥੀ (ਆਟੋਬਾਇ ਗ੍ਰਾਫੀਕਲ) ਨਾਵਲ ਦੀ ਤਕਨੀਕ ਹੋਰ ਵੀ ਕਠਿਨ ਹੈ ਅਤੇ ਲਾਜ ਨੀਲਮ ਸੈਣੀ ਨੇ ਇਸ ਵਿਧਾ ਨੂੰ ਖ਼ੂਬ ਨਿਭਾਇਆ ਹੈ। ਸਮੁੱਚੇ ਤੌਰ ਤੇ ਬੁਲਾਰਿਆਂ ਨੇ ਸਹਿਮਤੀ ਪ੍ਰਗਟ ਕੀਤੀ ਕਿ ਇਹ ਨਾਵਲ ਲਾਜ ਨੀਲਮ ਸੈਣੀ ਨੂੰ ਬਹੁਵਿਧਾਵੀ ਲੇਖਕ ਦੇ ਤੌਰ ਤੇ ਪ੍ਰਮਾਣਿਤ ਕਰਦਾ ਹੈ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਲਾਜ ਨੀਲਮ ਸੈਣੀ ਨੂੰ ਵਿਪਸਾਅ ਸ਼ਾਲ ਭੇਟ ਕੀਤਾ ਗਿਆ। ਕਵੀ ਦਰਬਾਰ ਵਿੱਚ ਅਮਰਜੀਤ ਜੌਹਲ, ਸੁਰਜੀਤ ਸਖੀ, ਗੁਲਸ਼ਨ ਦਿਆਲ, ਲਖਵਿੰਦਰ ਕੌਰ ਲੱਕੀ ਅਤੇ ਅਮਰ ਸੂਫ਼ੀ ਨੇ ਆਪਣਾ ਕਲਾਮ ਸਾਂਝਾ ਕੀਤਾ।


ਸਮਾਗਮ ਵਿੱਚ ਪ੍ਰੋ ਸੁਖਦੇਵ ਸਿੰਘ, ਵਿਜੇ ਸਿੰਘ, ਸਰਪੰਚ ਅਵਤਾਰ ਸਿੰਘ ਸੰਧੂ, ਹਰਨੇਕ ਸਿੰਘ, ਸੋਨੂੰ ਸਾਹਿਲ, ਜਸਵਿੰਦਰ ਸਿੰਘ, ਅਸ਼ੋਕ ਭੌਰਾ, ਸੋਨੀਆ ਧਾਮੀ, ਦਰਸ਼ਨ ਔਜਲਾ, ਅਭੀਤਾਬ ਸੈਣੀ, ਜੇਅ ਸੰਧੂ, ਰਬਿੰਦਰ ਬੇਦੀ, ਰਿੰਮੀ ਸੰਧੂ, ਮਨਜੀਤ ਪਲਾਹੀ, ਅਤੇ ਹੋਰ ਬਹੁਤ ਸਰੋਤਿਆਂ ਨੇ ਭਾਗ ਲਿਆ।

**ਜਾਰੀ ਕਰਤਾ, ਜਗਜੀਤ ਨੌਸ਼ਹਿਰਵੀ (ਜਰਨਲ ਸਕੱਤਰ, ਵਿਪਸਾਅ)**
**510-676-1565**



# ਸੂਫੀ ਸੰਤ ਅੱਤਾਰ ਦਾ ਅੰਤ !

ਇਸਲਾਮਿਕ ਤਵਾਰੀਖ ਵਿਚ ਸ਼ੇਖ ਫਰੀਦੁਦੀਨ ਅੱਤਾਰ ਨਾਮ ਦੇ ਇਕ ਦਰਵੇਸ਼ ਹੋਏ ਹਨ ਜੋ ਕਿ ਪਹਿਲਾਂ ਆਪਣੇ ਸਮਿਆਂ



ਦੇ ਇਕ ਵੱਡੇ ਦੁਆਖਾਨੇ ਦੇ ਮਾਲਕ ਸਨ ਪਰ ਇਕ ਫੱਕਰ ਦੇ ਮਿਲਾਪ ਸਮੇਂ ਇਨ੍ਹਾਂ ਦੇ ਦਿਲ 'ਤੇ ਐਸਾ ਅਸਰ ਹੋਇਆ ਕਿ ਇਹ ਦੁਨੀ ਵਲੋਂ ਮੋਹ ਤੋੜ ਕੇ ਦੀਨ ਦੇ ਹੀ ਹੋ ਕੇ ਰਹਿ ਗਏ। ਆਪ ਨੇ ਇਕ ਦਰਜਨ ਦੇ ਕਰੀਬ ਰੂਹਾਨੀਅਤ ਬਾਰੇ ਕਿਤਾਬਾਂ ਲਿਖੀਆਂ।

ਕਹਿੰਦੇ ਇਕ ਵੇਰ ਇਨ੍ਹਾਂ ਨੂੰ ਤਾਤਾਰ ਦੇਸ ਦੇ ਇਕ ਤਾਤਾਰੀ ਸਿਪਾਹੀ ਨੇ ਫੜ ਲਿਆ।ਗ੍ਰਿਫਤਾਰ ਹੋਏ ਮੁਰਸ਼ਦ ਨੂੰ ਸਿਪਾਹੀ ਨਾਲ ਤੁਰੇ ਜਾਂਦਿਆਂ ਦੇਖ ਕੇ ਇਨ੍ਹਾਂ ਦੇ ਇਕ ਅਮੀਰ ਪੈਰੋਕਾਰ ਨੇ ਸਿਪਾਹੀ ਨੂੰ ਪੇਸ਼ਕਸ਼ ਕੀਤੀ ਕਿ ਇਸ ਪੀਰ ਮਰਦ ਨੂੰ ਛੱਡ ਦਿਉ ਮੈਂ ਤੈਨੂੰ ਦਸ ਹਜ਼ਾਰ ਅਸ਼ਰਫ਼ੀਆਂ ਨਕਦ ਦੇ ਦਿੰਦਾ ਹਾਂ!

ਇਹ ਸੁਣਦਿਆਂ ਸ਼ੇਖ ਸਾਹਬ ਬੋਲੇ-'ਖਬਰਦਾਰ! ਇੰਨੇ ਸਸਤੇ ਵਿਚ ਨਾ ਵੇਚੀਂ ਮੈਨੂੰ, ਮੈਂ ਇਸ ਨਾਲ਼ੋਂ ਵੀ ਵਧੇਰੇ ਕੀਮਤੀ ਹਾਂ!'

ਸਿਪਾਹੀ ਬੜਾ ਖੁਸ਼ ਹੋਇਆ ਕਿ ਮੈਨੂੰ ਵਧੇਰੇ ਦੌਲਤ ਮਿਲੇ ਗੀ।ਦੋਵੇਂ ਅੱਗੇ ਤੁਰਦੇ ਗਏ ਤਾਂ ਸ਼ੇਖ ਸਾਹਬ ਦਾ ਇਕ ਹੋਰ ਪ੍ਰਸੰਸਕ ਮਿਲ਼ ਪਿਆ ਜੋ ਵਿਚਾਰਾ ਗਰੀਬ ਘਾਹੀ ਹੋਵੇ ਗਾ।ਉਹ ਸਿਪਾਹੀ ਨੂੰ ਕਹਿੰਦਾ ਕਿ ਇਸ ਬਜ਼ੁਰਗ ਨੂੰ ਮੇਰੇ ਹਵਾਲੇ ਕਰਦੇ,ਬਦਲੇ ਵਿਚ ਮੈਂ ਤੈਨੂੰ ਘਾਹ ਦੀ ਪੰਡ ਦੇ ਦਿਆਂ ਗਾ!ਸ਼ੇਖ ਸਾਹਬ ਝੱਟ ਬੋਲੇ-
"ਹਾਂ ਦੇ ਦਿਉ !.. ਵੈਸੇ ਮੇਰੀ ਕੀਮਤ ਤਾਂ ਇਸਤੋਂ ਵੀ ਕਿਤੇ ਘੱਟ ਹੈ !"
ਇਹ ਸੁਣ ਕੇ ਸਿਪਾਹੀ ਸੜ ਬਲ਼ ਉੱਠਿਆ ਕਿ ਮੇਰੇ ਹੱਥੋਂ ਤਾਂ ਦਸ ਹਜ਼ਾਰ ਅਸ਼ਰਫ਼ੀਆਂ ਵੀ ਨਿਕਲ਼ ਗਈਆਂ !ਉਸਨੇ ਕ੍ਰੋਧ ਵਿਚ ਆ ਕੇ ਸ਼ੇਖ ਸਾਹਿਬ ਦਾ ਸਿਰ ਕਲਮ ਕਰ ਦਿੱਤਾ!

ਇਹ ਸੀ ਆਜਿਜ਼ ਤੇ ਰੂਹਾਨੀ ਮੰਜ਼ਿਲਾਂ ਦੀਆਂ ਸਿਖਰਾਂ 'ਤੇ ਪਹੁੰਚੇ ਹੋਏ ਇਕ ਸੂਫੀ ਸੰਤ ਦਾ ਅੰਤ !

**ਪੇਸ਼ਕਸ਼- ਤਰਲੋਚਨ ਸਿੰਘ ਦੁਪਾਲ ਪੁਰ**
**78146-92724**

# ਫ਼ੌਜ ਅਲਰਟ ਮੋਡ 'ਤੇ, ਜਵਾਬ ਦੇਣ ਲਈ ਦਿੱਤੀ ਗਈ ਖੁੱਲ੍ਹੀ ਛੁੱਟੀ

**ਨਵੀਂ ਦਿੱਲੀ-** ਆਪ੍ਰੇਸ਼ਨ ਸਿੰਦੂਰ ਵਿੱਚ ਪਾਕਿਸਤਾਨ ਵਿੱਚ ਅੱਤਵਾਦੀ ਸੰਗਠਨਾਂ ਦੇ ਵਿਨਾਸ਼ ਤੋਂ ਬਾਅਦ ਗੁਆਂਢੀ ਦੇਸ਼ ਦਹਿਸ਼ਤ ਦੀ ਸਥਿਤੀ ਵਿੱਚ ਹੈ। ਪਾਕਿਸਤਾਨ ਦੇ ਸੰਭਾਵੀ ਦੁਰਵਿਵਹਾਰ ਦੇ ਮੱਦੇਨਜ਼ਰ ਫੌਜ ਅਤੇ ਸੁਰੱਖਿਆ ਬਲ ਹਾਈ ਅਲਰਟ 'ਤੇ ਹਨ। ਭਾਰਤੀ ਫੌਜ ਪਾਕਿਸਤਾਨ ਵੱਲੋਂ ਕੀਤੀ ਜਾ ਰਹੀ ਜੰਗਬੰਦੀ ਦੀ ਉਲੰਘਣਾ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਰੱਖਿਆ ਅਧਿਕਾਰੀਆਂ ਦੇ ਅਨੁਸਾਰ, ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਕੰਟਰੋਲ ਰੇਖਾ (ਐਲਓਸੀ) ਦੇ ਨਾਲ ਪਾਕਿ-ਸਤਾਨੀ ਫੌਜ ਦੀਆਂ ਕਾਰਵਾਈਆਂ 'ਤੇ ਸਥਾਨਕ ਸੰਗਠਨਾਂ ਨਾਲ ਲਗਾਤਾਰ ਸੰਪਰਕ ਵਿੱਚ ਹਨ। ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਤੋਂ ਬਾਅਦ, ਪਾਕਿਸਤਾਨ ਨੇ ਪੁਣਛ ਅਤੇ ਤੰਗਧਾਰ ਵਿੱਚ ਨਾਗਰਿਕ ਇਲਾਕਿਆਂ 'ਤੇ ਗੋਲੀਬਾਰੀ ਕੀਤੀ ਜਿਸ ਵਿੱਚ ਪੰਦਰਾਂ ਨਿਰਦੋਸ਼ ਨਾਗਰਿਕ ਮਾਰੇ ਗਏ ਜਦੋਂ ਕਿ 43 ਹੋਰ ਜ਼ਖਮੀ ਹੋ ਗਏ। ਇਸ ਤੋਂ ਪਹਿਲਾਂ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਸਰਹੱਦੀ ਖੇਤਰਾਂ ਦੀ ਮੌਜੂਦਾ ਸਥਿਤੀ 'ਤੇ ਅਧਿਕਾਰੀਆਂ ਨਾਲ ਇੱਕ ਐਮਰਜੈਂਸੀ ਮੀਟਿੰਗ ਕੀਤੀ। ਪੁਣਛ ਅਤੇ ਤੰਗਧਾਰ ਵਿੱਚ ਪਾਕਿਸਤਾਨੀ ਫੌਜ ਵੱਲੋਂ ਕੀਤੀ ਗਈ ਤੋਪਖਾਨੇ ਦੀ ਵਰਤੋਂ ਦਾ ਢੁਕਵਾਂ ਜਵਾਬ ਦੇਣ ਲਈ ਸੁਰੱਖਿਆ ਬਲਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਪਾਕਿਸਤਾਨ ਤੋਂ ਆਏ ਅੱਤਵਾਦੀਆਂ ਨੇ ਸੈਲਾਨੀਆਂ ਦਾ ਧਰਮ ਪੁੱਛਿਆ ਸੀ ਅਤੇ ਫਿਰ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਸੀ।

# ਬੋਧਗਯਾ ਵਿਖੇ ਮਹਾਬੋਧੀ ਮਹਾਵਿਹਾਰ ਮੁਕਤੀ ਅੰਦੋਲਨ ਬਣਿਆ ਵਿਸ਼ਵ ਜਨ-ਅੰਦੋਲਨ

## ਸਰਕਾਰ ਮਹਾਬੋਧੀ ਮਹਾਵਿਹਾਰ ਦਾ ਕਬਜ਼ਾ ਨਿਰੋਲ ਬੋਧੀਆਂ ਦੇ ਸਪੁਰਦ ਕਰੇ- ਸੰਧੂ

**ਜਲੰਧਰ-** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਚਰਨ ਦਾਸ ਸੰਧੂ ਅਤੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਦੇ ਨਾਂ ਜਾਰੀ ਇੱਕ ਸਾਂਝੇ ਬਿਆਨ ਵਿੱਚ



ਕਿਹਾ ਕਿ ਬੋਧਗਯਾ ਵਿਖੇ ਮਹਾਬੋਧੀ ਮਹਾਵਿਹਾਰ ਨੂੰ ਬ੍ਰਾਹਮਣਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਮਾਨਯੋਗ ਭੀਖੂ ਸੰਘ, ਮਾਨਯੋਗ ਭੰਤੇ ਪ੍ਰਗਿਆਸ਼ੀਲ ਮਹਾਥੇਰੋ ਅਤੇ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ਼੍ਰੀ ਆਕਾਸ਼ ਲਾਮਾ ਜੀ ਦੀ ਅਗਵਾਈ ਵਿੱਚ 12 ਫਰਵਰੀ ਤੋਂ, ਜਿਸ ਨੂੰ ਅੱਜ 79 ਦਿਨ ਹੋ ਗਏ ਹਨ, ਅਨਿਸ਼ਚਿਤਕਾਲੀਨ ਅੰਦੋਲਨ ਚੱਲ ਰਿਹਾ ਹੈ। ਮਹਾਬੋਧੀ ਮਹਾਵਿਹਾਰ ਬੋਧੀਆਂ ਦਾ ਪ੍ਰਮੁੱਖ ਧਾਰਮਿਕ ਸਥਾਨ ਹੈ ਜਿਥੇ ਸਿਧਾਰਥ ਗੌਤਮ ਨੂੰ ਗਿਆਨ ਪ੍ਰਾਪਤ ਹੋਇਆ ਸੀ ਅਤੇ ਉਹ ਬੁੱਧ ਬਣੇ ਸਨ, ਪਰ ਉੱਥੇ ਬ੍ਰਾਹਮਣਾਂ ਦਾ ਕਬਜ਼ਾ ਹੈ। ਮਹਾਬੋਧੀ ਮਹਾਵਿਹਾਰ ਦੇ ਪ੍ਰਬੰਧਨ ਵਾਸਤੇ 1949 ਵਿੱਚ ਸਰਕਾਰ ਨੇ ਬੀ. ਟੀ. ਐਕਟ 1949 ਦਾ ਗਠਨ ਕੀਤਾ ਸੀ ਜਿਸ ਅਨੁਸਾਰ ਬੀ. ਟੀ. ਮੈਨੇਜਮੈਂਟ ਕਮੇਟੀ ਵਿੱਚ ਚਾਰ ਹਿੰਦੂ, ਚਾਰ ਬੋਧੀ ਅਤੇ ਇੱਕ ਉਸ ਸਥਾਨ ਦਾ ਕਲੈਕਟਰ ਜੋ ਹਿੰਦੂ ਹੋਵੇਗਾ, ਕਮੇਟੀ ਦਾ ਐਕਸ ਫੀਸ਼ ਪ੍ਰੈਜੀਡੈਂਟ ਹੋਵੇਗਾ। ਇਹ ਸਰਾਸਰ ਗਲਤ ਹੈ। ਸੰਧੂ ਅਤੇ ਭਾਰਦਵਾਜ ਨੇ ਕਿਹਾ ਕਿ ਜਿਸ ਤਰ੍ਹਾਂ ਮੱਕਾ ਮੁਸਲਮਾਨਾਂ ਕੋਲ, ਕਾਸ਼ੀ ਮਥੁਰਾ ਹਿੰਦੂਆਂ ਕੋਲ, ਯਰੂਸ਼ਲਾਮ ਯਹੂਦੀਆਂ ਕੋਲ ਹੈ, ਇਸੇ ਤਰ੍ਹਾਂ ਮਹਾਬੋਧੀ ਮਹਾਵਿਹਾਰ ਵੀ ਬੋਧੀਆਂ ਨੂੰ ਸੌਂਪ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ ਪ੍ਰਧਾਨ ਮੰਤਰੀ ਜਦੋਂ ਬਾਹਰਲੇ ਦੇਸ਼ਾਂ ਦੇ ਦੌਰੇ ਤੇ ਜਾਂਦਾ ਹੈ ਤਾਂ ਕਹਿੰਦਾ ਹੈ ਕਿ ਮੈਂ ਬੁੱਧ ਦੀ ਧਰਤੀ ਤੋਂ ਆਇਆ ਹਾਂ। ਭਾਰਤ ਨੇ ਦੁਨੀਆਂ ਨੂੰ ਯੁੱਧ ਨਹੀਂ, ਬੁੱਧ ਦਿੱਤਾ ਹੈ। ਬਹੁਤ ਅਫਸੋਸ ਦੀ ਗੱਲ ਹੈ ਕਿ ਨਾ ਤਾਂ ਬਿਹਾਰ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਵੱਲੋਂ ਇਸ ਵਿਸ਼ੇ ਤੇ ਕੋਈ ਗੱਲ ਗੌਲੀ ਜਾ ਰਹੀ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਮਹਾਬੋਧੀ ਮਹਾਵਿਹਾਰ ਮੁਕਤੀ ਅੰਦੋਲਨ ਹੁਣ ਦਿਨੋ ਦਿਨ ਵਿਸ਼ਵ ਜਨ-ਅੰਦੋਲਨ ਬਣਦਾ ਜਾ ਰਿਹਾ ਹੈ। ਇਸ ਮੁਕਤੀ ਅੰਦੋਲਨ ਦੇ ਸਮਰਥਨ ਵਿੱਚ ਅਮਰੀਕਾ, ਯੂਕੇ, ਕੈਨੇਡਾ, ਜਰਮਨੀ ਆਦਿ ਦੇਸ਼ਾਂ ਵਿੱਚ ਵੀ ਬੋਧੀਆਂ ਦੇ ਅੰਦੋਲਨ ਚੱਲ ਰਹੇ ਹਨ, ਜਿਸ ਨਾਲ ਬਾਹਰਲੇ ਦੇਸ਼ਾਂ ਵਿੱਚ ਭਾਰਤ ਦਾ ਅਕਸ ਖਰਾਬ ਹੋ ਰਿਹਾ ਹੈ।

ਉਨ੍ਹਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਬੀ. ਟੀ. ਐਕਟ 1949 ਨੂੰ ਰੱਦ ਕਰਕੇ ਮਹਾਬੋਧੀ ਮਹਾਵਿਹਾਰ ਦਾ ਕਬਜ਼ਾ ਨਿਰੋਲ ਬੋਧੀਆਂ ਦੇ ਸਪੁਰਦ ਕੀਤਾ ਜਾਵੇ ਜਿਸ ਨਾਲ ਪੂਰੇ ਦੇਸ਼ ਵਿੱਚ ਭਾਈਚਾਰਾ ਬਣਿਆ ਰਹੇ। ਇਸ ਮੌਕੇ ਡਾ। ਮਹਿੰਦਰ ਸੰਧੂ, ਪ੍ਰੋਫ਼ੈਸਰ ਅਰਿੰਦਰ ਸਿੰਘ, ਸਮਰੱਥ ਸਿੰਘ, ਨਿਰਮਲ ਬਿੰਜੀ, ਗੁਰਦਰਸ਼ਨ ਬੰਗੜ, ਹਰਮੇਸ਼ ਬੰਗੜ, ਵਿੱਕੀ, ਗੁਰਦਿਆਲ ਜੱਸਲ, ਦੀਪਾਲੀ ਪਾਮੇ, ਨਿਸ਼ਾ ਪਾਮੇ, ਆਦਿ ਹਾਜਰ ਸਨ।









# ਡਾ. ਜੌਨ ਬੀ. ਗੌਰੀ 'ਪੀਲਾ ਬੁਖ਼ਾਰ' ਠੀਕ ਕਰਦਾ-ਕਰਦਾ ਚਿੱਟੀ ਬਰਫ਼ ਬਣਾਉਣ ਦੀ ਖੋਜ ਕਰ ਗਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅਮਰੀਕਾ ਦੇ ਮਹਾਨ ਖੋਜੀ ਡਾ. ਜਾਨ ਬੀ. ਗੌਰੀ ਜਿਸ ਨੂੰ ਫ੍ਰਿਜ਼ਰ-ਪਿਤਾਮਾ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ, ਕਮਾਲ ਦੇ ਬੰਦੇ ਸਨ। ਇਹ ਉਹ ਵਿਅਕਤੀ ਸੀ ਜਿਸ ਨੇ ਮਨੁੱਖਤਾ ਨੂੰ ਠੰਢ-ਤਕਨੀਕ ਦੀ ਨਵੀਂ ਕਲਾ ਦਿੱਤੀ। ਕੀ ਤੁਸੀਂ ਕਦੇ ਸੋਚਿਆ ਹੋਵੇਗਾ ਕਿ ਫ੍ਰਿਜ ਅਤੇ ਏਅਰ ਕੰਡੀਸ਼ਨ ਦੀ ਬੁਨਿਆਦ 1840 ਦੇ




ਦਹਾਕੇ ਵਿੱਚ ਹੀ ਰੱਖੀ ਜਾ ਚੁੱਕੀ ਸੀ। ਇਸਦਾ ਸਿਹਰਾ ਡਾ. ਜਾਨ ਬੀ. ਗੌਰੀ (3 ਅਕਤੂਬਰ, 1803 – 29 ਜੂਨ, 1855) ਜੋ ਕਿ ਨੇਵੀਸ਼ੀਅਨ ਵੰਸ਼ ਵਿੱਚੋਂ ਸਨ ਅਤੇ ਅਮਰੀਕਾ ਦੇ ਨਾਮੀ ਡਾਕਟਰ ਅਤੇ ਵਿਗਿਆਨੀ ਸਨ। ਇਨ੍ਹਾਂ ਨੂੰ ਮਕੈਨੀਕਲ ਰੈਫ੍ਰਿ-ਜਰੇਸ਼ਨ ਦੇ ਖੋਜੀ ਵਜੋਂ ਜਾਣਿਆ ਜਾਂਦਾ ਹੈ। 52 ਸਾਲ ਦੀ ਉਮਰ ਵਿਚ 174 ਸਾਲ ਪਹਿਲਾਂ ਇਹ ਸ਼ਖਸ਼ ਅਜਿਹਾ ਕੰਮ ਕਰ ਗਿਆ ਕਿ ਇਸ ਤੋਂ ਬਿਨਾਂ ਜੀਉਣਾ ਮੁਸ਼ਕਿਲ ਹੋ ਸਕਦਾ ਹੈ। 06 ਮਈ 1851 ਨੂੰ ਇਸਨੇ ਬਰਫ਼ ਜਮਾਉਣ ਵਾਲੀ ਮਸ਼ੀਨ ਨੂੰ ਆਪਣੇ ਨਾਂਅ ਰਜਿਟਰ ਕਰਵਾ ਲਿਆ ਸੀ। 3 ਅਕਤੂਬਰ, 1803 ਨੂੰ ਵੈਸਟ ਇੰਡੀਜ਼ ਦੇ ਲੀਵਰਡ ਟਾਪੂਆਂ ਦੇ ਨੇਵਿਸ ਟਾਪੂ 'ਤੇ ਸਕਾਟਿਸ਼ ਮਾਪਿਆਂ ਦੇ ਘਰ ਜਨਮ ਹੋਇਆ, ਉਸਨੇ ਆਪਣਾ ਬਚਪਨ ਦੱਖਣੀ ਕੈਰੋਲੀਨਾ ਵਿੱਚ ਬਿਤਾਇਆ। ਉਸਨੇ ਆਪਣੀ ਡਾਕਟਰੀ ਸਿੱਖਿਆ ਫੇਅਰਫੀਲਡ, ਨਿਊਯਾਰਕ ਵਿੱਚ ਕਾਲਜ ਆਫ਼ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ਼ ਦ ਵੈਸਟਰਨ ਡਿਸਟ੍ਰਿਕਟ ਆਫ਼ ਨਿਊਯਾਰਕ ਤੋਂ ਪ੍ਰਾਪਤ ਕੀਤੀ । 1833 ਵਿੱਚ, ਉਹ ਖਾੜੀ ਤੱਟ 'ਤੇ ਇੱਕ ਬੰਦਰਗਾਹ ਸ਼ਹਿਰ, ਫਲੋਰੀਡਾ ਦ ਅਪਲਾਚੀਕੋਲਾ ਚਲਾ ਗਿਆ। ਦੋ ਹਸਪਤਾਲਾਂ ਵਿੱਚ ਰੈਜ਼ੀਡੈਂਟ ਡਾਕਟਰ ਹੋਣ ਦੇ ਨਾਲ-ਨਾਲ, ਗੌਰੀ ਭਾਈਚਾਰੇ ਵਿੱਚ ਸਰਗਰਮ ਸੀ। ਵੱਖ-ਵੱਖ ਸਮਿਆਂ 'ਤੇ ਉਸਨੇ ਕੌਂਸਲ ਮੈਂਬਰ, ਪੋਸਟਮਾਸਟਰ, ਬੈਂਕ ਆਫ਼ ਪੈਨਸਾਕੋਲਾ ਦੀ ਅਪਲਾਚੀਕੋਲਾ ਸ਼ਾਖਾ ਦੇ ਪ੍ਰਧਾਨ, ਆਪਣੇ ਮੇਸੋਨਿਕ ਲਾਜ ਦੇ ਸਕੱਤਰ, ਅਤੇ ਟ੍ਰਿਨਿਟੀ ਐਪੀਸਕੋਪਲ ਚਰਚ ਦੇ ਸੰਸਥਾਪਕ ਵੈਸਟਰੀਮੈਨਾਂ ਵਿੱਚੋਂ ਇੱਕ ਵਜੋਂ ਸੇਵਾ ਨਿਭਾਈ।

ਡਾਕਟਰੀ ਕਰਦਿਆਂ ਡਾ. ਗੌਰੀ ਨੇ



ਡਾਕਟਰੀ ਖੋਜ ਵੀ ਸ਼ੁਰੂ ਕੀਤੀ ਅਤੇ ਵੇਖਿਆ ਕਿ ਗਰਮ ਰੁੱਤ ਦੀਆਂ ਬਿਮਾਰੀਆਂ ਦੇ ਵਿਚ ਖਾਸ ਕਰਕੇ ਪੀਲੇ ਬੁਖਾਰ ਦਾ ਬਹੁਤ ਜ਼ੋਰ ਸੀ, ਉਹ ਇਸਦਾ ਅਧਿਐਨ ਕਰਨ ਲੱਗਾ। ਉਸ ਸਮੇਂ ਇਹ ਸਿਧਾਂਤ ਕਿ ਗਰਮ ਤੇ ਮਾੜੀ ਹਵਾ ਮਲੇਰੀਏ ਦੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ, ਇਹ ਇੱਕ ਪ੍ਰਚਲਿਤ ਪਰਿਕਲਪਨਾ ਸੀ, ਅਤੇ ਇਸ ਸਿਧਾਂਤ ਦੇ ਅਧਾਰ ਤੇ, ਉਸਨੇ ਹਵਾ ਦਾ ਨਿਕਾਸ ਕਰਨ ਅਤੇ ਬਿਮਾਰਾ ਦੇ ਠਹਿਰਨ ਵਾਲੇ ਕਮਰਿਆਂ ਨੂੰ ਠੰਢਾ ਕਰਨ ਦੀ ਤਾਕੀਦ ਕੀਤੀ। ਇਸਦੇ ਲਈ ਉਸਨੇ ਛੱਤ ਤੋਂ ਲਟਕਦੀਆਂ ਬਾਲਟੀਆਂ (ਕੌਲਿਆਂ) ਵਿੱਚ ਬਰਫ਼ ਪਾ ਕੇ, ਕਮਰਿਆਂ ਨੂੰ ਠੰਢਾ ਕਰਨ ਦਾ ਜੁਗਾੜ ਲਾਇਆ। ਠੰਢੀ ਹਵਾ, ਭਾਰੀ ਹੋਣ ਕਰਕੇ, ਮਰੀਜ਼ ਦੇ ਉੱਪਰ ਅਤੇ ਫਰਸ਼ ਦੇ ਨੇੜੇ ਇੱਕ ਖੁੱਲ੍ਹ ਵਿਚ ਵਹਿਣ ਲੱਗੀ। ਇਸਦੇ ਲਈ ਉਤਰੀ ਝੀਲਾਂ ਤੋਂ ਕਿਸ਼ਤੀ ਰਾਹੀਂ ਬਰਫ ਦੀ ਢੋਆ-ਢੁਆਈ ਜਰੂਰੀ ਸੀ, ਜੋ ਕਾਰਗਰ ਸਿੱਧ ਨਹੀਂ ਹੋ ਰਹੀ ਸੀ। ਉਸਨੇ ਨਕਲੀ ਕੂਲਿੰਗ ਸਿਸਟਮ ਦੇ ਪ੍ਰਯੋਗ ਨੂੰ ਪਰਖਣਾ ਸ਼ੁਰੂ ਕੀਤਾ।

ਉਸਨੇ ਪਹਿਲੀ ਵਾਰ 1844 ਵਿੱਚ ਮਸ਼ੀਨੀ ਤੌਰ 'ਤੇ ਬਰਫ਼ ਪੈਦਾ ਕੀਤੀ। 1845 ਤੋਂ ਬਾਅਦ, ਗੌਰੀ ਨੇ ਰੈਫ੍ਰਿਜਰੇਸ਼ਨ ਉਤਪਾਦਾਂ ਨੂੰ ਅੱਗੇ ਵਧਾਉਣ ਲਈ ਆਪਣੀ ਡਾਕਟਰੀ ਪ੍ਰੈਕਟਿਸ ਛੱਡ ਦਿੱਤੀ। 1850 ਤੱਕ ਉਹ ਨਿਯਮਿਤ ਤੌਰ 'ਤੇ ਇੱਟਾਂ ਦੇ ਆਕਾਰ ਦੀ ਬਰਫ਼ ਪੈਦਾ ਕਰਨ ਦੇ ਯੋਗ ਹੋ ਗਿਆ। 6 ਮਈ, 1851 ਨੂੰ, ਗੌਰੀ ਨੂੰ ਬਰਫ਼ ਬਣਾਉਣ ਵਾਲੀ ਮਸ਼ੀਨ ਲਈ ਪੇਟੈਂਟ ਨੰਬਰ 8080 ਦਿੱਤਾ ਗਿਆ। ਇਸ ਮਸ਼ੀਨ ਦਾ ਅਸਲ ਮਾਡਲ ਅਤੇ ਉਸ ਦੁਆਰਾ ਲਿਖੇ ਵਿਗਿਆਨਕ ਲੇਖ ਸਮਿਥਸੋਨੀਅਨ ਸੰਸਥਾ ਵਿੱਚ ਹਨ । 1835 ਵਿੱਚ, ਬਰਫ਼ ਪੈਦਾ ਕਰਨ ਅਤੇ ਠੰਢਾ ਕਰਨ ਵਾਲੇ ਤਰਲ ਪਦਾਰਥਾਂ ਲਈ ਉਪ-ਕਰਣ ਅਤੇ ਸਾਧਨ ਲਈ ਪੇਟੈਂਟ ਇੰਗਲੈਂਡ ਅਤੇ ਸਕਾਟਲੈਂਡ ਵਿੱਚ ਅਮਰੀਕੀ-ਜਨਮੇ ਖੋਜੀ ਜੈਕਬ ਪਰਕਿਨਸ ਨੂੰ ਦਿੱਤੇ ਗਏ ਸਨ , ਜੋ ਫਰਿੱਜ ਦੇ ਪਿਤਾ ਵਜੋਂ ਜਾਣੇ ਜਾਂਦੇ ਸਨ। ਗਰੀਬ ਗੌਰੀ ਨੇ ਆਪਣੀ ਮਸ਼ੀਨ ਬਣ-ਾਉਣ ਲਈ ਪੈਸਾ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਉੱਦਮ ਅਸਫਲ ਹੋ ਗਿਆ ਜਦੋਂ ਉਸਦੇ ਸਾਥੀ ਦੀ ਮੌਤ ਹੋ ਗਈ। ਆਲੋਚਨਾ ਦੁਆਰਾ ਅਪਮਾਨਿਤ, ਵਿੱਤੀ ਤੌਰ 'ਤੇ ਬਰਬਾਦ, ਅਤੇ ਉਸਦੀ ਸਿਹਤ ਟੁੱਟ ਗਈ, ਗੌਰੀ ਦੀ 29 ਜੂਨ, 1855 ਨੂੰ ਇਕਾਂਤ ਵਿੱਚ ਮੌਤ ਹੋ ਗਈ। ਉਸਨੂੰ ਮੈਗਨੋਲੀਆ ਕਬਰਸਤਾਨ ਵਿੱਚ ਦਫ਼ਨਾਇਆ ਗਿਆ।

ਗੌਰੀ ਦੇ ਕੂਲਿੰਗ ਸਿਸਟਮ ਦਾ ਪ੍ਰਯੋਗ 1881 ਵਿੱਚ ਉਦੋਂ ਫਿਰ ਵਰਤਿਆ ਗਿਆ ਸੀ ਜਦੋਂ ਰਾਸ਼ਟਰਪਤੀ ਜੇਮਜ਼ ਏ। ਗਾਰਫੀਲਡ ਮਰਨ ਕਿਨਾਰੇ ਸੀ। ਨੇਵਲ ਇੰਜੀਨੀਅਰਾਂ ਨੇ ਪਿਘਲੇ ਹੋਏ ਬਰਫ਼ ਦੇ ਪਾਣੀ ਵਿੱਚ ਭਿੱਜੇ ਕੱ-ਪੜਿਆਂ ਨਾਲ ਭਰਿਆ ਇੱਕ ਡੱਬਾ ਬਣਾਇਆ। ਫਿਰ ਕੱਪੜਿਆਂ 'ਤੇ ਗਰਮ ਹਵਾ ਸੁੱਟ ਕੇ ਕਮਰੇ ਦੇ ਤਾਪਮਾਨ ਨੂੰ 20 ਡਿਗਰੀ ਫਾਰਨਹੀਟ ਘਟਾ ਦਿੱਤਾ।

ਇਸ ਵਿਧੀ ਨਾਲ ਸਮੱਸਿਆ ਅਸਲ ਵਿੱਚ ਉਹੀ ਸਮੱਸਿਆ ਸੀ ਜੋ ਗੌਰੀ ਹੱਲ ਕਰਨਾ ਚਾਹੁੰਦਾ ਸੀ। ਕਮਰੇ ਨੂੰ ਲਗਾਤਾਰ ਠੰਡਾ ਰੱਖਣ ਲਈ ਇਸਨੂੰ ਬਹੁਤ ਜ਼ਿਆਦਾ ਬਰਫ਼ ਦੀ ਲੋੜ ਸੀ। ਫਿਰ ਵੀ ਇਹ ਏਅਰ ਕੰਡੀਸ਼ਨਿੰਗ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਘਟਨਾ ਸੀ। ਇਸਨੇ ਸਾਬਤ ਕੀਤਾ ਕਿ ਗੌਰੀ ਕੋਲ ਸਹੀ ਵਿਚਾਰ ਸੀ, ਪਰ ਉਹ ਇਸਦਾ ਲਾਭ ਉਠਾਉਣ ਵਿੱਚ ਅਸਮਰੱਥ ਸੀ।

## ਟਰੰਪ ਨੇ ਹੁਣ ਵਿਦੇਸ਼ 'ਚ ਬਣੀਆਂ ਫਿਲਮਾਂ 'ਤੇ ਲਗਾਇਆ ਟੈਰਿਫ

**ਵਾਸ਼ਿੰਗਟਨ–** ਚੀਨ ਸਮੇਤ ਦੁਨੀਆ ਦੇ ਕਈ ਦੇਸ਼ਾਂ 'ਤੇ ਟੈਰਿਫ ਲਗਾਉਣ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣ ਹਾਲੀਵੁੱਡ ਨੂੰ ਬਚਾਉਣ ਲਈ ਵਿਦੇਸ਼ਾਂ ਵਿਚ ਬਣੀਆਂ ਫਿਲਮਾਂ 'ਤੇ ਟੈਰਿਫ ਲਗਾ ਦਿੱਤਾ ਹੈ। ਉਨ੍ਹਾਂ ਨੇ ਐਤਵਾਰ ਨੂੰ ਅਮਰੀਕਾ ਤੋਂ ਬਾਹਰ ਬਣੀਆਂ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤੀ ਅਤੇ ਕਿਹਾ ਕਿ ਦੂਜੇ ਦੇਸ਼ਾਂ ਵੱਲੋਂ ਫਿਲਮ ਨਿਰਮਾਤਾਵਾਂ ਨੂੰ ਉਤਸ਼ਾਹਿਤ ਕਰਨ ਨਾਲ ਅਮਰੀਕੀ ਫਿਲਮ ਉਦਯੋਗ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਟਰੰਪ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਇਕ ਪੋਸਟ 'ਚ ਕਿਹਾ, 'ਅਮਰੀਕਾ 'ਚ ਫਿਲਮ ਉਦਯੋਗ ਬਹੁਤ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਦੂਜੇ ਦੇਸ਼ ਫਿਲਮ ਨਿਰਮਾਤਾਵਾਂ ਅਤੇ ਸਟੂਡੀਓਜ਼ ਨੂੰ ਅਮਰੀਕਾ ਤੋਂ ਦੂਰ ਕਰਨ ਲਈ ਹਰ ਤਰ੍ਹਾਂ ਨਾਲ ਉਤਸ਼ਾਹਿਤ ਕਰ ਰਹੇ ਹਨ।' ਉਨ੍ਹਾਂ ਕਿਹਾ, 'ਇਹ ਦੂਜੇ ਦੇਸ਼ਾਂ ਵੱਲੋਂ ਕੀਤੀ ਜਾ ਰਹੀ ਇਕ ਸਾਂਝੀ ਕੋਸ਼ਿਸ਼ ਹੈ, ਇਸ ਲਈ ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ।' ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਵਪਾਰ ਵਿਭਾਗ ਸਮੇਤ ਸਬੰਧਤ ਅਮਰੀਕੀ ਏਜੰਸੀਆਂ ਨੂੰ ਵਿਦੇਸ਼ਾਂ ਵਿਚ ਬਣੀਆਂ ਸਾਰੀਆਂ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕਰਨ ਲਈ ਅਧਿਕਾਰਤ ਕੀਤਾ ਹੈ। ਉਨ੍ਹਾਂ ਕਿਹਾ, 'ਅਸੀਂ ਫਿਰ ਤੋਂ 'ਮੇਡ ਇਨ ਅਮੇਰਿਕਾ' ਫਿਲਮਾਂ ਚਾਹੁੰਦੇ ਹਾਂ।' ਟਰੰਪ ਦੇ ਇਸ ਐਲਾਨ ਤੋਂ ਬਾਅਦ ਵਾਲਟ ਡਿਜ਼ਨੀ, ਵਾਰਨਰ ਬ੍ਰਦਰਜ਼ ਡਿਸਕਵਰੀ ਅਤੇ ਪੈਰਾਮਾਊਂਟ ਗਲੋਬਲ ਸਮੇਤ ਕਈ ਵੱਡੀਆਂ ਮੀਡੀਆ ਕੰਪਨੀਆਂ ਦੇ ਸ਼ੇਅਰਾਂ 'ਚ ਗਿਰਾਵਟ ਦਰਜ ਕੀਤੀ ਗਈ।

ਫਿਲਮਕਾਰ ਸ਼ੇਖਰ ਕਪੂਰ ਸਮੇਤ ਕਈ ਭਾਰਤੀ ਫਿਲਮ ਨਿਰਮਾਤਾਵਾਂ ਨੇ ਵਿਦੇਸ਼ਾਂ ਵਿਚ ਬਣੀਆਂ ਫਿਲਮਾਂ 'ਤੇ ਟੈਰਿਫ ਲਗਾਉਣ ਲਈ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਆਲੋਚਨਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਭਾਰਤੀ ਫਿਲਮਾਂ ਦੇ ਕਾਰੋਬਾਰ 'ਤੇ ਅਸਰ ਪਵੇਗਾ। ਕਪੂਰ ਨੇ ਕਿਹਾ ਕਿ ਟਰੰਪ ਦਾ ਇਹ ਕਦਮ ਉਲਟਾ ਪੈ ਸਕਦਾ ਹੈ ਅਤੇ ਇਸ ਕਾਰਨ ਹਾਲੀਵੁੱਡ ਦੇ ਫਿਲਮਕਾਰ ਦੇਸ਼ ਛੱਡਣ ਲਈ ਮਜਬੂਰ ਹੋ ਸਕਦੇ ਹਨ।


ਟਰੰਪ ਦੇ ਕਦਮ 'ਤੇ ਪ੍ਰੋਡਿਊਸਰਜ਼ ਗਿਲਡ ਆਫ ਇੰਡੀਆ ਦੇ ਪ੍ਰਧਾਨ ਸ਼ਿਬਾਸ਼ੀਸ਼ ਸਰਕਾਰ, ਫਿਲਮ ਨਿਰਮਾਤਾ ਵਿਵੇਕ ਅਗਨੀਹੋਤਰੀ ਅਤੇ ਅਕਸ਼ੈ ਰਾਠੀ ਸਮੇਤ ਕਈ ਭਾਰਤੀ ਫਿਲਮਕਾਰਾਂ ਨੇ ਚਿੰਤਾ ਪ੍ਰਗਟਾਈ ਹੈ।




"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਨਿਊਜ਼ੀਲੈਂਡ ਬਾਲਗ ਪਾਸਪੋਰਟ ਦੀ ਲਾਗਤ 247 ਡਾਲਰ-32 ਡਾਲਰ ਦਾ ਵਾਧਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਅੰਦਰੂਨੀ ਮਾਮਲਿਆਂ ਦੇ ਵਿਭਾਗ 'ਡਿਪਾਰਟਮੈਂਟ ਆਫ਼ ਇੰਟਰਨਲ ਅਫ਼ੇਅਰਜ਼' (491) ਨੇ ਅੱਜ ਪਾਸਪੋਰਟ ਅਤੇ ਯਾਤਰਾ ਦਸਤਾਵੇਜ਼ ਅਰਜ਼ੀ ਫੀਸਾਂ ਵਿੱਚ ਵਾਧੇ ਦਾ ਐਲਾਨ ਕੀਤਾ ਹੈ। ਇਹ ਫੀਸਾਂ ਕੱਲ੍ਹ 2 ਮਈ ਤੋਂ ਲਾਗੂ ਹੋ ਜਾਣਗੀਆਂ। ਹੁਣ ਬਾਲਗ ਪਾਸਪੋਰਟ ਦੀ ਲਾਗਤ 215 ਡਾਲਰ ਦੀ ਥਾਂ 247 ਡਾਲਰ ਹੋਇਆ ਕਰੇਗੀ। ਬੱਚੇ ਦੇ ਪਾਸਪੋਰਟ ਦੀ ਲਾਗਤ ਹੁਣ 125 ਡਾਲਰ ਦੀ ਥਾਂ ਤੋਂ 144 ਡਾਲਰ ਸਮੇਤ ਜੀ। ਐਸ। ਟੀ। ਹੋਇਆ ਕਰੇਗੀ। ਤੱਤਕਾਲ ਪਾਸਪੋਰਟ (ਅਰਜੈਂਟ ਪ੍ਰੋਸੈਸਿੰਗ) ਦੇ ਅਧੀਨ ਪਾਸਪੋਰਟ ਤਿੰਨ ਦਿਨ ਵਿਚ ਮਿਲ ਜਾਂਦਾ ਹੈ। ਇਸਦੀ ਲਾਗਤ ਬਾਲਗ ਪਾਸਪੋਰਟ ਵਾਸਤੇ 430 ਡਾਲਰ ਤੋਂ 500 ਡਾਲਰ ਕੀਤੀ ਜਾ ਰਹੀ ਹੈ ਜਦ ਕਿ ਬੱਚੇ ਦੇ ਪਾਸਪੋਰਟ ਲਈ ਤੱਤਕਾਲ ਪਾਸਪੋਰਟ ਲਾਗਤ 340 ਡਾਲਰ ਤੋਂ 391 ਡਾਲਰ ਕੀਤੀ ਜਾ ਰਹੀ ਹੈ। ਕੋਰੀਅਰ ਦਾ ਖਰਚਾ ਨਿਊਜ਼ੀਲੈਂਡ ਦੇ ਲਈ 5 ਡਾਲਰ ਅਲੱਗ ਤੋਂ ਹੁੰਦਾ ਹੈ। ਸੋ ਲਗਦਾ ਹੈ ਕਿ ਕਾਲੇ ਰੰਗ ਵਾਲੇ ਪਾਸਪੋਰਟ ਦੀਆਂ ਫੀਸਾਂ ਨੇ ਆਪਣਾ ਰੰਗ ਹਾਲ ਦੀ ਘੜੀ ਲਾਲ ਕਰ ਲਿਆ ਹੈ।




25 ਮਈ 2023 ਤੋਂ ਪਹਿਲਾਂ ਇਹ ਫੀਸ ਬਾਲਗ 199 ਡਾਲਰ ਅਤੇ ਬੱਚਿਆਂ ਲਈ 115 ਡਾਲਰ ਹੋਇਆ ਕਰਦੀ ਸੀ।

ਵਿਭਾਗ ਨੇ ਸਪਸ਼ਟੀਕਰਨ ਦਿੱਤਾ ਹੈ ਕਿ ਅਜਿਹਾ ਵਾਧਾ ਪਾਸਪੋਰਟ ਬਣਾਉਣ ਦੀਆਂ ਵਧਦੀਆਂ ਲਾਗਤਾਂ ਦਾ ਨਤੀਜਾ ਹੈ। ਇਹ ਲਾਗਤਾਂ ਤਨਖਾਹਾਂ, ਪ੍ਰਣਾਲੀਆਂ ਅਤੇ ਤਕਨਾਲੋਜੀ, ਬੀਮਾ, ਅਤੇ ਪਾਸਪੋਰਟ ਬਣਾਉਣ ਵਿੱਚ ਜਾਣ ਵਾਲੀ ਸਮੱਗਰੀ ਦੀਆਂ ਵਧਦੀਆਂ ਲਾਗਤਾਂ ਨਾਲ ਜੁੜੀਆਂ ਹੋਈਆਂ ਹਨ। ਵਰਨਣਯੋਗ ਹੈ ਕਿ ਨਿਊਜ਼ੀਲੈਂਡ ਪਾਸਪੋਰਟ ਧਾਰਕ 185 ਤੋਂ ਵੱਧ ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ ਆਨ ਅਰਾਈਵਲ ਯਾਤਰਾ ਕਰਨ ਦੀ ਸੁਵਿਧਾ ਦੇ ਪਾਤਰ ਹਨ। ਪਾਸਪੋਰਟ ਬਨਾਉਣ ਦੇ ਲਈ 20 ਕੰਮ ਵਾਲੇ ਦਿਨਾਂ ਦਾ ਸਮਾਂ ਮੰਗਿਆ ਜਾਂਦਾ ਹੈ ਪਰ 91।2% ਲੋਕਾਂ ਦੇ ਪਾਸਪੋਰਟ 10 ਦਿਨਾਂ ਦੇ ਅੰਦਰ ਹੀ ਬਣਾ ਕੇ ਭੇਜ ਦਿੱਤੇ ਜਾਂਦੇ ਹਨ।

ਅੱਜ ਰਾਤ ਵੈਬਸਾਈਟ ਰਹੇਗੀ ਬੰਦ: ਅੱਜ ਰਾਤ 9 ਵਜੇ ਤੋਂ ਲੈ ਕੇ ਕੱਲ੍ਹ ਸਵੇਰੇ 4 ਵਜੇ ਤੱਕ ਪਾਸਪੋਰਟ ਅਪਲਾਈ ਕਰਨ ਵਾਲੀ ਵੈਬਸਾਈਟ www.passports.govt.in ਬੰਦ ਰਹੇਗੀ ਅਤੇ ਇਹ ਦੁਬਾਰਾ ਫਿਰ ਦੁਬਾਰਾ 4 ਮਈ ਨੂੰ ਸਵੇਰੇ 9 ਵਜੇ ਤੋਂ 3 ਵਜੇ ਤੱਕ ਬੰਦ ਰਹੇਗੀ।

# ਰਾਜਵੀਰ ਢਿੱਲੋਂ ਸਮਰਥਕਾਂ ਅਤੇ ਵੋਟਰਾਂ ਸਮੇਤ ਗੁਰਦੁਆਰਾ ਸਿੰਘ ਸਭਾ ਵਿਖੇ ਹੋਏ ਨਤਮਸਤਕ



**ਸਰੀ-** ਬੀਤੀ 28 ਅਪ੍ਰੈਲ ਨੂੰ ਕੈਨਡਾ ਦੀਆਂ ਪਾਰਲੀਮੈਂਟਰੀ ਚੋਣਾਂ ਵਿਚ ਸਰੀ ਸੈਂਟਰ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜਵੀਰ ਸਿੰਘ ਢਿੱਲੋਂ ਗੁਰਦੁਆਰਾ ਸਿੰਘ ਸਭਾ ਵਿਖੇ ਨਤਮਸਤਕ ਹੋਏ। ਇਸ ਮੌਕੇ ਗੱਲਬਾਤ ਕਰਦਿਆਂ ਢਿੱਲੋਂ ਨੇ ਕਿਹਾ ਕਿ ਉਹਨਾਂ ਦੀ ਗੁਰੂ ਸਾਹਿਬ ਪ੍ਰਤੀ ਅਟੁੱਟ ਸ਼ਰਧਾ ਅਤੇ ਵਿਸ਼ਵਾਸ ਹੈ। ਉਹਨਾਂ ਨੇਂ ਚੋਣ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ ਗੁਰੂ ਸਾਹਿਬ ਅੱਗੇ ਅਰਦਾਸ ਕਰਨ ਉਪਰੰਤ ਚੋਣ ਪਚਾਰ ਸ਼ੁਰੂ ਕੀਤਾ ਸੀ। ਇਹ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਅਤੇ ਸਰੀ ਸੈਂਟਰ ਹਲਕੇ ਦੇ ਵੋਟਰਾਂ ਦਾ ਸਹਿਯੋਗ ਹੀ ਸੀ, ਜਿਸ ਨੇ ਇਸ ਹਲਕੇ ਨੂੰ ਕੈਨਡਾ ਦੇ ਉਹਨਾਂ 28 ਹਲਕਿ ਆਂ ਵਿੱਚ ਸ਼ੁਮਾਰ ਕਰ ਦਿੱਤਾ ਜਿੱਥੇ ਕਿ ਚੋਣ ਮੁਕਾਬਲਾ ਬਹੁਤ ਤਿੱਖਾ ਸੀ। ਇਹ ਪਹਿਲੀ ਵਾਰ ਸੀ ਕਿ ਸਰੀ ਸੈਂਟਰ ਹਲਕੇ ਤੋਂ ਕਿਸੇ ਕੰਜ਼ਰਵੇਟਿਵ ਉਮੀਦਵਾਰ ਨੂੰ ਇੰਨੀ ਵੋਟ ਪਈ ਕਿ ਇਹ ਹਲਕਾ ਵੋਟ ਪ੍ਰਤੀਸ਼ਤ ਵਿੱਚ ਵਾਧੇ ਪੱਖੋਂ ਕੈਨੇਡਾ ਵਿੱਚ ਚੌਥੇ ਸਥਾਨ ਤੇ ਰਿਹਾ। ਢਿੱਲੋਂ ਨੇ ਕਿਹਾ ਕਿ ਮੈਂ ਇੱਕ ਸਾਧਾਰਣ ਵਿਅਕਤੀ ਹਾਂ, ਮੈਨੂੰ ਨਾਂ ਤਾਂ ਕੋਈ ਰਾਜਨੀਤਕ ਤਜ਼ਰਬਾ ਹਾਸਿਲ ਸੀ ਅਤੇ ਨਾਂ ਹੀ ਮੇਰਾ ਕੋਈ ਰਾਜਨੀਤਕ ਪਿਛੋਕੜ ਹੈ। ਮੇਰੀ ਕਹਾਣੀ ਤਾਂ ਉਰਦੂ ਦੇ ਉਸ ਸ਼ਿਅਰ ਵਾਂਗਰਾਂ ਹੈ ਕਿ, 'ਅਕੇਲਾ ਹੀ ਚਲਾ ਥਾ ਜਾਨਿਬ-ਏ-ਮੰਜ਼ਿਲ, ਮਗਰ ਲੋਗ ਸਾਥ ਆਤੇ ਗਏ, ਔਰ ਕਾਰਵਾਂ ਬਨਤਾ ਗਿਆ।'" ਸਰੀ ਸੈਂਟਰ ਹਲਕੇ ਦੇ ਵੋਟਰਾਂ ਨੇ ਮੈਨੰ ਜੋ ਪਿਆਰ ਅਤੇ ਸਹਿਯੋਗ ਦਿੱਤਾ ਹੈ, ਉਹ ਸ਼ਾਇਦ ਪਹਿਲਾਂ ਕਦੇ ਕਿਸੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਦੇ ਹਿੱਸੇ ਨਹੀਂ ਆਇਆ। ਢਿੱਲੋਂ ਨੇਂ ਕਿਹਾ ਕਿ ਜਿਸ ਤਰਾਂ ਸਰੀ ਸੈਂਟਰ ਹਲਕੇ ਦੇ ਵੋਟਰ ਨੇਂ ਮੈਨੂੰ ਪਿਆਰ ਅਤੇ ਸਹਿਯੋਗ ਦਿੱਤਾ ਹੈ, ਮੈਂ ਉਸ ਦਾ ਸਦਾ ਰਿਣੀ ਰਹਾਂਗਾ। ਰਾਜਵੀਰ ਢਿੱਲੋਂ, ਜੋ ਆਪਣੇ ਨਿਮਰ ਸੁਭਾਅ ਲਈ ਜਾਣੇ ਜਾਂਦੇ ਹਨ, ਨੇ ਕਿਹਾ ਕਿ ਸ਼ਾਇਦ ਗੁਰੂ ਮਹਾਰਾਜ ਮੇਰੇ ਤੇ ਕੋਈ ਵੱਡੀ ਜ਼ਿੰਮੇਵਾਰੀ ਪਾਉਣ ਤੋਂ ਪਹਿਲਾਂ ਮੈਨੂੰ ਉਸ ਜ਼ਿੰਮੇਵਾਰੀ ਨੂੰ ਠੀਕ ਢੰਗ ਨਾਲ ਨਿਭਾਉਣ ਦੇ ਸਮਰੱਥ ਹੋਣ ਲਈ ਤਿਆਰੀ ਦਾ ਮੌਕਾ ਦੇ ਰਹੇ ਹਨ। ਉਹਨਾਂ ਅੱਗੇ ਕਿਹਾ ਕਿ ਮੈਂ ਗੁਰੂ ਮਹਾਰਾਜ ਦੇ ਭਾਣੇ ਵਿੱਚ ਬਹੁਤ ਖੁਸ਼ ਹਾਂ ਅਤੇ ਹਲਕੇ ਦੇ ਵੋਟਰਾਂ ਅਤੇ ਆਪਣੇ ਸਹਿਯੋਗੀਆਂ ਸਮੇਤ ਗੁਰੂ ਮਹਾਰਾਜ ਦਾ ਸ਼ੁਕਰਾਨਾਂ ਕਰਨ ਅਤੇ ਸਦਾ ਚੜਦੀ ਕਲਾ ਬਣਾਈ ਰੱਖਣ ਦੀ ਅਰਦਾਸ ਕਰਨ ਲਈ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਆਏ ਹਾਂ। ਇਸ ਮੌਕੇ ਤੇ ਉਹਨਾਂ ਨਾਲ ਸਰੀ ਨਿਊਟਨ ਤੋਂ ਉਮੀਦਵਾਰ ਰਹੇ ਹਰਜੀਤ ਸਿੰਘ ਗਿੱਲ, ਜਗਜੀਤਪਾਲ ਸਿੰਘ ਸੰਧੂ, ਜਸਦੀਪ ਸਿੱਧੂ, ਬਲਬੀਰ ਸਿੰਘ ਢੇਟ, ਕਬੱਡੀ ਪ੍ਰਮੋਟਰ ਬਲਬੀਰ ਬੈਂਸ, ਗੁਰਪਤਾਪ ਸਿੰਘ ਵਿਰਕ, ਬਲਵਿੰਦਰ ਸਿੰਘ ਧਾਲੀਵਾਲ, ਜਗਦੀਪ ਸੰਧੂ, ਇਕਬਾਲ ਸੰਧੂ, ਐਮ.ਐਲ.ਏ. ਮਨਦੀਪ ਸਿੰਘ ਧਾਲੀਵਾਲ ਆਦਿ ਹਾਜ਼ਿਰ ਸਨ।

## .ਗ਼ਜ਼ਲ

ਇਹਨੂੰ ਹੀ ਧਰਮ ਕਹਿੰਦੇ ਨੇ ਇਹਨੂੰ ਹੀ ਜਾਤ ਕਹਿੰਦੇ ਨੇ।
ਦਵੇ ਜੋ ਰੌਸ਼ਨੀ ਸਭ ਨੂੰ ਉਹਨੂੰ ਪ੍ਰਭਾਤ ਕਹਿੰਦੇ ਨੇ।
ਜਿਹਦੇ ਅੰਦਰ ਹਕੀਕੀ ਰੂਪ ਵਿਚ ਮੰਜ਼ਿਲ ਮਿਲੀ ਹੋਵੇ,
ਕਰਮ ਦੇ ਸਫ਼ਲਤਾ ਦੇ ਦੌਰ ਨੂੰ ਸੌਗਾਤ ਕਹਿੰਦੇ ਨੇ।
ਜਿਹੜੀ ਮਾਰੂਥਲਾਂ ਦੀ ਜ਼ਿੰਦਗੀ ਭਰਪੂਰ ਕਰ ਦੇਵੇ,
ਸਹੀ ਮਾਅਨੇ 'ਚ ਉਸ ਨੂੰ ਹੀ ਅਸਲ ਬਰਸਾਤ ਕਹਿੰਦੇ ਨੇ।
ਅਮੀਰੀ ਤੇ ਗ਼ਰੀਬੀ ਦਾ ਨਹੀਂ ਹੈ ਵਾਸਤਾ ਕੋਈ,
ਮੁਸੀਬਤ ਵਿਚ ਕਿਸੇ ਦੇ ਸਾਥ ਨੂੰ ਔਕਾਤ ਕਹਿੰਦੇ ਨੇ।
ਜਵਾਨੀ ਜੋਸ਼ ਸ਼ਕਤੀ ਦਾ ਜ਼ਰੂਰੀ ਨਈਂ ਹੈ ਪ੍ਰਦਰਸ਼ਨ,
ਸ਼ਹੀਦੀ ਦੇ ਅਮੁੱਲੇ ਜਾਮ ਨੂੰ ਜਜ਼ਬਾਤ ਕਹਿੰਦੇ ਨੇ।
ਜ਼ਰੂਰੀ ਨਈਂ ਕਿ ਬੰਦਾ ਬਹੁਤ ਪੜ੍ਹਿਆ ਲਿਖਿਆ ਹੀ ਹੋਵੇ,
ਸਲੀਕੇ ਵਿੱਚ ਸ਼ਿਸ਼ਟਾਚਾਰ ਨੂੰ ਗੱਲਬਾਤ ਕਹਿੰਦੇ ਨੇ।
ਸਿਰਫ਼ ਮੋਹ ਦੀ ਹੀ ਪਰਿਭਾਸ਼ਾ ਜੋ ਸ਼ਬਦਾਂ ਰਹਿਤ ਹੀ ਹੋਵੇ,
ਕਿਤੇ ਬੋਟਾਂ ਦੀ ਚੀਂ-ਚੀਂ ਨੂੰ ਮੁਕੰਮਲ ਬਾਤ ਕਹਿੰਦੇ ਨੇ।
ਹਵਾਵਾਂ ਜੋ ਸਹਾਰਾ ਰੌਸ਼ਨੀ ਨੂੰ ਖੁਦ-ਬ-ਖੁਦ ਦੇਵਣ,
ਬੁਝਾਏ ਦੀਪ ਜੋ ਨੇਰ੍ਹੀ ਉਹਨੂੰ ਕਮਜਾਤ ਕਹਿੰਦੇ ਨੇ।
ਸਿਤਾਰੇ ਚੰਨ ਰਹਿਣ ਮਹਿਫੂਜ਼ ਅਪਣੀ ਹਸਤੀ ਦੇ ਅੰਦਰ,
ਗਗਨ ਦੀ ਗੋਦ ਨੂੰ ਦਰਅਸਲ ਦੇ ਵਿਚ ਰਾਤ ਕਹਿੰਦੇ ਨੇ।
ਕਿਸੇ ਵੀ ਬੇਸਹਾਰੇ ਨੂੰ ਲਗਾ ਕੇ ਅਪਣੇ ਸੀਨੇ ਨਾਲ,
ਭਰੇ ਜੋ ਪਿਆਰ ਦਾ ਕਾਸਾ ਉਹਨੂੰ ਖੈਰਾਤ ਕਹਿੰਦੇ ਨੇ।
ਕਿਸੇ ਮਜ਼ਦੂਰ ਮਾਂ ਦੀ ਪਿਠ 'ਚ ਬੱਚਾ ਹੱਸ ਰਿਹਾ ਹੋਵੇ,
ਭਵਿਖ ਦੀ ਅਣਮਿਥੀ ਇਕ ਆਸ ਨੂੰ ਹੀ ਝਾਤ ਕਹਿੰਦੇ ਨੇ।
ਜ਼ਹਿਰ ਪੀਣਾ ਪਵੇ ਜੇਕਰ ਤਾਂ ਬਾਲਮ ਵੀਂ ਪੀ ਸਕਦਾ ਹੈ,
ਅਸੂਲਾਂ ਦੀ ਕਹਾਣੀ ਨੂੰ ਹੀ ਇਕ ਸੁਕਰਾਤ ਕਹਿੰਦੇ ਨੇ।

**ਬਲਵਿੰਦਰ ਬਾਲਮ ਗੁਰਦਾਸਪੁਰ,**
91-98156-25409

# ਝੋਨੇ ਦੇ ਸੀਜਨ ਲਈ ਬਿਜਲੀ ਮੁਹੱਈਆ ਕਰਵਾਉਣ 'ਚ ਅਸਫ਼ਲ ਆਮ ਆਦਮੀ ਪਾਰਟੀ ਸਰਕਾਰ: ਅਰਵਿੰਦ ਖੰਨਾ

**ਚੰਡੀਗੜ੍ਹ-**ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਆਮ ਆਦਮੀ ਪਾਰਟੀ ਸਰਕਾਰ 'ਤੇ ਕੜਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਝੋਨੇ ਦੀ ਬਿਜਾਈ ਦਾ ਸਮਾਂ ਨੇੜੇ ਆ ਰਿਹਾ ਹੈ, ਪਰ ਸਰਕਾਰ ਕਿਸਾਨਾਂ ਨੂੰ ਲੋੜੀਂਦੀ ਬਿਜਲੀ ਮੁਹੱਈਆ ਕਰਵਾਉਣ 'ਚ ਨਾਕਾਮ ਰਹੀ ਹੈ। ਖੰਨਾ ਨੇ ਆਖਿਆ ਕਿ ਸਰਕਾਰ ਵਲੋਂ ਨਾ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ, ਨਾ ਹੀ ਆਮ ਲੋਕਾਂ ਲਈ ਲਗਾਤਾਰ ਬਦਤਰ ਹੋ ਰਹੀ ਬਿਜਲੀ ਸੇਵਾਵਾਂ ਦਾ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਉਨ੍ਹਾਂ ਕਿਹਾ ਕਿ ਮੌਸਮ ਵਿਭਾਗ ਵਲੋਂ ਲਗਾਤਾਰ ਤਾਪਮਾਨ ਵਧਣ ਦੀ ਚੇਤਾਵਨੀ ਦਿੱਤੀ ਜਾ ਰਹੀ ਹੈ, ਜਿਸ ਕਰਕੇ ਸਿਹਤ ਸੰਬੰਧੀ ਮੁਸੀਬਤਾਂ ਵੱਧਣ ਦੀ ਸੰਭਾਵਨਾ ਹੈ। ਖੰਨਾ ਨੇ ਦਾਅਵਾ ਕੀਤਾ ਕਿ ਪਿੰਡਾਂ ਵਿਚ ਬਿਜਲੀ ਦੀ ਕਟੌਤੀ ਕਰਕੇ ਨਲਕੇ ਵੀ ਠੱਪ ਹੋ ਗਏ ਹਨ, ਜਿਸ ਨਾਲ ਪੀਣ ਵਾਲੇ ਪਾਣੀ ਦੀ ਕਿਲਤ ਵੀ ਪੈਣੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਮੁਫ਼ਤ ਬਿਜਲੀ ਦੇ ਵਾਅਦੇ ਤਾਂ ਕੀਤੇ ਸਨ ਪਰ ਅਮਲ 'ਚ ਲਿਆਉਣ ਤੋਂ ਬਿਲਕੁਲ ਨਾਕਾਮ ਰਹੀ ਹੈ।

ਖੰਨਾ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਝੋਨੇ ਦੀ ਬਿਜਾਈ ਨੂੰ ਧਿਆਨ ਵਿੱਚ ਰੱਖਦਿਆਂ, ਕਿਸਾਨਾਂ ਅਤੇ ਆਮ ਲੋਕਾਂ ਲਈ ਬਿਜਲੀ ਦੀ ਲਗਾਤਾਰ ਅਤੇ ਯਥੇਸ਼ਟ ਸਪਲਾਈ ਯਕੀਨੀ ਬਣਾਵੇ।

ਸ਼੍ਰੀ ਖੰਨਾ ਨੇ ਕਿਹਾ ਕਿ ਅਗਲੇ ਮਹੀਨੇ ਡੇਂਗੂ ਅਤੇ ਮਲੇਰੀਆ ਦੀ ਬਿਮਾਰੀ ਵਿੱਚ ਵਾਧਾ ਕਰਨ ਵਾਲੇ ਹਨ ਪਰ ਇੰਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੋਈ ਵਿਆਪਕ ਯੋਜਨਾ ਅਮਲ ਵਿੱਚ ਨਹੀਂ ਲਿਆਂਦੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪ੍ਰਾਇਮਰੀ ਹੈਲਥ ਸੈਂਟਰਾਂ *ਤੇ ਉਪਲਬਧ ਵਿਸ਼ੇਸ਼ ਰੋਗ ਮਾਹਿਰ ਡਾਕਟਰਾਂ ਦੀ ਥਾਂ ਆਮ ਆਦਮੀਂ ਕਲੀਨਿਕ ਵਿੱਚ ਨਿਯੁਕਤ ਨਵੇਂ ਸਿਰਫ਼ ਐਮ.ਬੀ.ਬੀ.ਐਸ. ਡਾਕਟਰਾਂ ਨੂੰ ਨਿਯੁਕਤ ਕਰਨ ਦੇ ਫੈਸਲੇ ਕਾਰਨ ਪੇਂਡੂ ਲੋਕਾਂ ਨੂੰ ਮਿਲਦੀਆਂ ਬਿਹਤਰ ਸਿਹਤ ਸਹੂਲਤਾਂ ਮਿੱਟੀ ਵਿੱਚ ਮਿਲ ਗਈਆਂ ਹਨ। ਉਨ੍ਹਾਂ ਕਿਹਾ ਕਿ ਬੇਹਤਰ ਢੰਗ ਨਾਲ ਚੱਲ ਰਹੇ ਸਿਹਤ ਕੇਂਦਰਾਂ ਨੂੰ ਆਮ ਆਦਮੀ ਕਲੀਨਿਕ ਵਿੱਚ ਤਬਦੀਲ ਕਰਨ ਦੀ ਥਾਂ ਇਹ ਕਲੀਨਿਕ ਅਜਿਹੇ ਥਾਵਾਂ 'ਤੇ ਖੁੱਲ੍ਹਣੇ ਚਾਹੀਦੇ ਹਨ ਜਿੱਥੇ ਬੀਤੇ ਲੰਬੇ ਸਮੇਂ ਤੋਂ ਸਿਹਤ ਸਹੂਲਤਾਂ ਉਪਲਬਧ ਨਹੀਂ ਹਨ।

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਪ੍ਰਿੰਸੀਪਲ ਦਵਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਦੁਖ਼ ਦਾ ਪ੍ਰਗਟਾਵਾ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਵਲੋਂ ਪ੍ਰਿੰਸੀਪਲ ਦਵਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਦੁਖ਼ ਦਾ ਪ੍ਰਗਟਾਵਾ ਕੀਤਾ ਗਿਆ ਹੈ।ਪ੍ਰੈਸ ਨੂੰ ਜਾਰੀ ਇਕ ਸਾਂਝੇ ਬਿਆਨ ਵਿਚ ਮੰਚ ਦੇ ਸਰਪ੍ਰਸਤ ਪ੍ਰੋਫ਼ੈਸਰ ਮੋਹਨ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਨ ਸਿੰਘ ਬਰਾੜ, ਪ੍ਰਿਸੀਪਲ ਕੁਲਵੰਤ ਸਿੰਘ ਅਣਖੀ, ਹਰਦੀਪ ਸਿੰਘ ਚਾਹਲ, ਇੰਜ. ਹਰਜਾਪ ਸਿੰਘ ਔਜਲਾ, ਪ੍ਰਧਾਨ ਸੁਰਿੰਦਰਜੀਤ ਸਿੰਘ ਬਿੱਟੂ, ਜਨਰਲ ਸਕੱਤਰ ਯੋਗੇਸ਼ ਕਾਮਰਾ ਤੇ ਮੈਂਬਰਾਨ ਵਲੋਂ ਜਾਰੀ ਇਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਬਹੁਤ ਹੀ ਮਿਲਪੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ। ਏ। ਅੰਗਰੇਜੀ ਅਤੇ ਪੋਲੀਟੀਕਲ ਸਾਇੰਸ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਵੱਖ ਵੱਖ ਸਕੂਲਾਂ ਵਿਚ 36 ਸਾਲ ਨੌਕਰੀ ਕੀਤੀ ਤੇ ਉਹ 1995 ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ 'ਤੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਇ। ਉਨ੍ਹਾਂ ਦਾ ਇਕ ਬੇਟਾ ਰਵਿੰਦਰ ਸਿੰਘ ਕਨੇਡਾ ਦਾ ਸਿਟੀਜਨ ਹੈ ਤੇ ਦੂਸਰਾ ਡਾ ਗੁਰਵਿੰਦਰ ਸਿੰਘ ਹੱਡੀਆਂ ਦਾ ਮਾਹਿਰ ਡਾਕਟਰ ਹੈ ਤੇ ਹਰਗੁਨ ਨਾਮੀਂ ਹਸਪਤਾਲ ਚਲਾ ਰਿਹਾ ਹੈ। ਉਨ੍ਹਾਂ ਨੇ ਗੌਰਮਿੰਟ ਟੀਚਰਜ ਯੂਨੀਅਨ ਵਿਚ ਵੀ ਵੱਖ ਵੱਖ ਆਹਦਿਆਂ 'ਤੇ ਸੇਵਾ ਨਿਭਾਈ। ਉਹ ਇਕ ਚੰਗੇ ਸਮਾਜ ਸੇਵੀ ਵੀ ਸਨ। ਉਨ੍ਹਾਂ ਨੇ ਅੰਮ੍ਰਿਤਸਰ ਦੀ ਨਾਮੀ ਸਮਾਜਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ 23 ਫ਼ਰਵਰੀ 2002 ਦੀ ਮੈਂਬਰਸ਼ਿਪ ਲੈ ਕੇ ਬਤੌਰ ਮੀਤ ਪ੍ਰਧਾਨ ਸਮਾਜ ਦੀ ਸੇਵਾ ਕੀਤੀ।

# ਸਰਕਾਰੀ ਸਕੂਲ ਰਾਮਪੁਰ ਝੰਜੋਵਾਲ ਦੀ ਅਮਰਪ੍ਰੀਤ ਕੌਰ ਨੇ ਐਨ.ਐਮ.ਐਮ.ਐਸ ਦੀ ਪ੍ਰੀਖਿਆ ਪਾਸ ਕੀਤੀ



**ਮਾਹਿਲਪੁਰ (ਮਾਨ)-** ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵਲੋਂ ਲਈ ਗਈ ਨੈਸ਼ਨਲ ਮੀਨਜ ਮੈਰਿਟ ਸਕਾਲਰਸ਼ਿੱਪ ਦੀ ਪ੍ਰੀਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਪੁਰ ਝੰਜੋਵਾਲ ਦੀ ਅਮਰਪ੍ਰੀਤ ਕੌਰ ਆਪਣੀ ਸ਼ਾਨਦਾਰ ਪ੍ਰਤਿਭਾ ਦਾ ਮੁਜ਼ਾਹਰਾ ਕਰਦੀ ਹੋਈ ਪਾਸ ਕਰ ਗਈ। ਸਕੂਲ ਮੁਖੀ ਮੈਡਮ ਰੇਨੂੰ ਬਾਲਾ ਨੇ ਦੱਸਿਆ ਕਿ ਹਰ ਸਾਲ ਇੱਕ ਜਾਂ ਦੋ ਵਿਦਿਆਰਥੀ ਇਸ ਪ੍ਰੀਖਿਆ ਨੂੰ ਪਾਸ ਕਰਦੇ ਹਨ। ਇਸ ਵਿਦਿਆਰਥੀ ਨੂੰ ਨੌਵੀਂ ਜਮਾਤ ਤੋਂ ਲੈ ਕੇ 12ਵੀਂ ਜਮਾਤ ਤੱਕ 48000 ਰੁਪਏ ਭਾਰਤ ਸਰਕਾਰ ਵੱਲੋਂ ਵਲੋਂ ਸਕਾਲਰਸ਼ਿੱਪ ਮਿਲੇਗਾ। ਅਮਰਪ੍ਰੀਤ ਕੌਰ ਨੂੰ ਸਨਮਾਨ ਚਿੰਨ੍ਹ ਨਾਲ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਮੈਡਮ ਰੇਨੂੰ ਬਾਲਾ, ਹੈੱਡਮਾਸਟਰ ਬਲਬੀਰ ਸਿੰਘ ਸਰਕਾਰੀ ਹਾਈ ਸਕੂਲ ਟੂਟੋਮਜਾਰਾ, ਨਿਰਮਲਾ ਦੇਵੀ, ਮਨਜਿੰਦਰ ਕੁਮਾਰ, ਗੁਰਦੀਪ ਸਿੰਘ, ਬਹਾਦਰ ਸਿੰਘ ਹਾਜ਼ਰ ਸਨ।

# ਸਬ ਲੈਫਟੀਨੈਂਟ ਚਮਨਪ੍ਰੀਤ ਕੌਰ ਦੀ ਐਨਸੀਸੀ ਕਮਿਸ਼ਨਿੰਗ ਸਫਲਤਾ ਦੇਸ਼ ਭਗਤ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਨੇ ਸਬ ਲੈਫਟੀਨੈਂਟ ਚਮਨਪ੍ਰੀਤ ਕੌਰ ਨੂੰ ਰੋਪੜ ਐਨਸੀਸੀ ਸਿਖਲਾਈ ਅਕੈਡਮੀ ਵਿਖੇ ਆਯੋਜਿਤ ਵੱਕਾਰੀ ਪਾਈਪਿੰਗ ਸਮਾਰੋਹ ਵਿੱਚ ਐਸੋਸੀਏਟ ਐਨਸੀਸੀ ਅਫਸਰ (ਏਐਨ ) ਵਜੋਂ ਕਮਿਸ਼ਨ ਮਿਲਣ 'ਤੇ ਮਾਣ ਮਹਿਸੂਸ ਕੀਤਾ ਹੈ।



ਕਮਾਂਡਿੰਗ ਅਫ਼ਸਰ ਕੈਪਟਨ ਹਰਜੀਤ ਸਿੰਘ ਦਿ ਲ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਰੋਹ ਵਿੱਚ, 75 ਦਿਨਾਂ ਦੇ ਪੀਆਰਸੀਐਨ (ਪ੍ਰੀ-ਕਮਿਸ਼ਨ ਕੋਰਸ ਨੇਵਲ) ਨੂੰ 'ਏ' ਗ੍ਰੇਡ ਨਾਲ ਪੂਰਾ ਕਰਨ ਲਈ ਚਮਨਪ੍ਰੀਤ ਕੌਰ ਦੀ ਸ਼ਾਨਦਾਰ ਪ੍ਰਾਪਤੀ ਨੂੰ ਮਾਨਤਾ ਦਿੱਤੀ ਗਈ। 9 ਅਕਤੂਬਰ ਤੋਂ 21 ਦਸੰਬਰ, 2024 ਤੱਕ ਕਰਵਾਏ ਗਏ ਇਸ ਕੋਰਸ ਵਿੱਚ ਉਮੀਦਵਾਰਾਂ ਦੀ ਸਹਿਣਸ਼ੀਲਤਾ, ਅਕਾਦਮਿਕਤਾ ਅਤੇ ਲੀਡਰਸ਼ਿਪ ਦੀ ਪਰਖ ਕੀਤੀ ਗਈ।

ਸਬ ਲੈਫਟੀਨੈਂਟ ਚਮਨਪ੍ਰੀਤ ਕੌਰ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਦੇਸ਼ ਭਗਤ ਯੂਨੀਵਰਸਿਟੀ ਨੂੰ ਬਹੁਤ ਪ੍ਰਸ਼ੰਸਾ ਦਿੱਤੀ। ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦੇ ਹੋਏ ਚਾਂਸਲਰ ਡਾ। ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ ਅਤੇ ਵਾਈਸ ਚਾਂਸਲਰ ਡਾ। ਹਰਸ਼ ਸਦਾਵਰਤੀ ਨੇ ਕਿਹਾ ਕਿ ਸਬ ਲੈਫਟੀਨੈਂਟ ਕੌਰ ਦੇ ਪੂਰੇ ਕੋਰਸ ਦੌਰਾਨ ਸ਼ਲਾਘਾਯੋਗ ਪ੍ਰਦਰਸ਼ਨ ਨੇ ਉਸਨੂੰ ਆਪਣੇ ਸਾਥੀਆਂ ਵਿੱਚ ਵੱਖਰਾ ਕੀਤਾ, ਜੋ ਉਸਦੀ ਅਟੁੱਟ ਸਮਰਪਣ ਅਤੇ ਸੇਵਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਸਦੀ ਕਮਿਸ਼ਨਿੰਗ ਨਾ ਸਿਰਫ ਇੱਕ ਨਿੱਜੀ ਪ੍ਰਾਪਤੀ ਹੈ ਬਲਕਿ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਲਈ ਇੱਕ ਮਾਣਮੱਤਾ ਮੀਲ ਪੱਥਰ ਵੀ ਹੈ, ਜਿੱਥੇ ਉਸਨੇ ਆਪਣੇ ਬੁਨਿਆਦੀ ਹੁਨਰਾਂ ਅਤੇ ਲੀਡਰਸ਼ਿਪ ਯੋਗਤਾਵਾਂ ਨੂੰ ਨਿਖਾਰਿਆ।

ਇਸ ਮੌਕੇ ਕੈਪਟਨ ਦਿ ਲ ਨੇ ਉਨ੍ਹਾਂ ਦੇ ਸਮਰਪਣ ਦੀ ਸ਼ਲਾਘਾ ਕੀਤੀ, ਇਸਨੂੰ ਐਨ।ਸੀ।ਸੀ। ਦੁਆਰਾ ਵਿਕਸਤ ਕੀਤੇ ਗਏ ਅਨੁਸ਼ਾਸਨ ਅਤੇ ਲੀਡਰਸ਼ਿਪ ਦਾ ਪ੍ਰਤੀਬਿੰਬ ਕਿਹਾ। ਇਸ ਸਮਾਗਮ ਨੇ ਨਾ ਸਿਰਫ਼ ਸਬ ਲੈਫਟੀਨੈਂਟ ਚਮਨਪ੍ਰੀਤ ਕੌਰ ਲਈ ਇੱਕ ਨਵੀਂ ਸ਼ੁਰੂਆਤ ਦਾ ਜਸ਼ਨ ਮਨਾਇਆ ਸਗੋਂ ਦੇਸ਼ ਭਗਤ ਯੂਨੀਵਰਸਿਟੀ ਦੀ ਰਾਸ਼ਟਰੀ ਸੇਵਾ ਅਤੇ ਨਾਗਰਿਕ ਜ਼ਿੰਮੇਵਾਰੀ ਰਾਹੀਂ ਭਵਿੱਖ ਦੇ ਨੇਤਾਵਾਂ ਨੂੰ ਪਾਲਣ-ਪੋਸ਼ਣ ਕਰਨ ਦੀ ਵਚਨਬੱਧਤਾ ਨੂੰ ਵੀ ਮਜ਼ਬੂਤ ਕੀਤਾ।

# ਪੰਜਾਬ ਸੰਭਾਲੋ ਰੈਲੀ ਮੌਕੇ 'ਬਸਪਾ' ਦੇ ਸ਼ਹੀਦੀ ਸਮਾਰਕ ਦਾ ਸੂਬਾ ਪ੍ਰਧਾਨ ਡਾ. ਕਰੀਮਪੁਰੀ ਨੇ ਰੱਖਿਆ ਨੀਂਹ ਪੱਥਰ





**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਜਸਪਾਲ ਬਾਂਗਰ ਵਿਖੇ ਸ਼ਹੀਦੀ ਸਮਾਰਕ ਵਾਲੀ ਜਗ੍ਹਾ ਉੱਤੇ ਪੰਜਾਬ ਸੰਭਾਲੋ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਸ਼ਹੀਦ ਹੋਏ ਪਾਰਟੀ ਵਰਕਰਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਰੱਖਿਆ ਕਰਦੇ 1992 'ਚ ਸ਼ਹੀਦ ਹੋਏ ਪੰਜ ਵਰਕਰਾਂ ਸ਼ਹੀਦ ਨਛੱਤਰ ਸਿੰਘ, ਸ਼ਹੀਦ ਨਾਜਰ ਸਿੰਘ, ਸ਼ਹੀਦ ਅਮਰ ਸਿੰਘ, ਸ਼ਹੀਦ ਸ਼ਰਨਜੀਤ ਸਿੰਘ ਅਤੇ ਸ਼ਹੀਦ ਰਜਿੰਦਰ ਸਿੰਘ ਦੀ ਕੁਰਬਾਨੀ ਅਜਾਈ ਨਹੀਂ ਜਾਏਗੀ। ਉਨ੍ਹਾਂ ਕਿਹਾ ਕਿ ਵਰਕਰਾਂ ਦੇ ਸਹਿਯੋਗ ਨਾਲ ਬਸਪਾ ਆਪਣੇ ਦੰਮ 'ਤੇ ਇਸ ਸ਼ਹੀਦੀ ਸਮਾਰਕ ਨੂੰ ਮੁਕੰਮਲ ਕਰਵਾਏਗੀ ਅਤੇ 2027 ਵਿੱਚ ਸਰਕਾਰ ਬਣਨ 'ਤੇ ਸ਼ਹੀਦਾਂ ਦੀ ਕੁਰਬਾਨੀ ਦਾ ਮੁੱਲ ਮੋੜਦਿਆਂ ਸ਼ਹੀਦ ਪਰਿਵਾਰਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਰੋਧੀ ਤਾਕਤਾਂ ਵੱਲੋਂ 1992 'ਚ "ਚੋਣਾਂ ਦਾ ਬਾਈਕਾਟ ਕਰੋ, ਜੋ ਵੋਟ ਪਾਉਣਗੇ ਉਨ੍ਹਾਂ ਦੇ ਗੋਲੀ ਮਾਰੋ," ਦੀ ਧਮਕੀ ਦਿੱਤੀ ਗਈ ਸੀ। ਲੋਕਤੰਤਰ ਦੀ ਰੱਖਿਆ ਲਈ ਉਸ ਧਮਕੀ ਦੇ ਵਿਰੋਧ ਵਿੱਚ ਜਸਪਾਲ ਬਾਂਗਰ ਦੇ ਬਹੁਜਨ ਸਮਾਜ ਪਾਰਟੀ ਦੇ ਪੰਜ ਸਮਰਥਕਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਵੋਟ ਪਾਈ ਸੀ ਤੇ ਇਸਦਾ ਨਤੀਜਾ ਉਹਨਾਂ ਨੂੰ ਸ਼ਹੀਦੀ ਦੇ ਰੂਪ ਵਿੱਚ ਭੁਗਤਣਾ ਪਿਆ ਸੀ। ਪੰਜਾਬ ਵਿੱਚ ਕਈ ਹੋਰ ਥਾਈ ਵੀ ਬਸਪਾ ਵਰਕਰਾਂ ਨੂੰ ਏਸੇ ਪ੍ਰਕਾਰ ਸ਼ਹੀਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸੇ ਕਰਕੇ ਸਾਹਿਬ ਕਾਂਸ਼ੀ ਰਾਮ ਜੀ ਨੇ ਇਥੋਂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਸਮਾਰਕ ਨੂੰ ਬਣਾਉਣ ਲਈ ਜ਼ਮੀਨ ਖ਼ਰੀਦੀ ਸੀ। ਉਨ੍ਹਾਂ ਕਿਹਾ ਕਿ ਅੱਜ ਅਸੀਂ ਇਸ ਸਮਾਰਕ ਨੂੰ ਬਣਾਉਣ ਲਈ ਚਾਰ ਦਿਵਾਰੀ ਬਣਾਉਣ ਦਾ ਕੰਮ ਆਰੰਭ ਦਿੱਤਾ ਹੈ ਜਿਸਦਾ ਖ਼ਰਚਾ ਪਾਰਟੀ ਦੇ ਵਰਕਰਾਂ, ਆਗੂਆਂ ਦੀ ਪੂੰਜੀ ਚੋਂ ਕੱਢਿਆ ਜਾਵੇਗਾ। ਉਹਨਾਂ ਭਾਜਪਾ ਵੱਲੋਂ ਜਨਗਣਨਾ ਸਬੰਧੀ ਲਏ ਫੈਸਲੇ ਬਾਰੇ ਕਿਹਾ ਕਿ ਜਨਗਣਨਾ ਹੋਣੀ ਹਰ ਦੇਸ਼ ਵਿੱਚ ਲਾਜ਼ਮੀ ਹੁੰਦੀ ਹੈ, ਜਨਗਣਨਾ ਕਰਨ ਦਾ ਮਕਸਦ ਉਸ ਵਰਗ ਨੂੰ ਉਚਾ ਚੁੱਕਣਾ ਹੁੰਦਾ ਹੈ ਜੋ ਹੁਕਮਰਾਨਾਂ ਦੀਆਂ ਨੀਤੀਆਂ ਕਾਰਨ ਉੱਪਰ ਨਹੀਂ ਉੱਠ ਪਾਉਂਦਾ, ਜਿਸਨੂੰ ਲਾਗੂ ਕਰਨ ਲਈ ਭਵਿੱਖ ਲਈ ਰਣਨੀਤੀ ਤੈਅ ਕਰਨੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਜਨਗਣਨਾ ਕਰਨ ਦਾ ਫ਼ੈਸਲਾ ਕਾਫ਼ੀ ਦੇਰੀ ਨਾਲ ਲਿਆ ਹੈ ਜਿਸ 'ਤੇ ਅਜੇ ਵੀ ਸ਼ੰਕਾ ਹੈ, ਪਰ ਜੇਕਰ ਉਹ ਜਨਗਣਨਾ ਤੋਂ ਬਾਅਦ ਭਵਿੱਖ ਲਈ ਸਕਾਰਾਤਮਕ ਰਣਨੀਤੀ ਬਣਾਉਂਦੀ ਹੈ ਤਾਂ ਬਹੁਜਨ ਸਮਾਜ ਪਾਰਟੀ ਇਸ ਫ਼ੈਸਲੇ ਦਾ ਸਵਾਗਤ ਕਰਦੀ ਹੈ। ਉਹਨਾਂ ਪਹਿਲਗਾਮ 'ਚ ਹੋਏ ਹਮਲੇ ਅਤੇ ਭਾਜਪਾ ਦੀ ਅੱਤਵਾਦੀਆਂ ਨੂੰ ਫੜ੍ਹਨ 'ਚ ਨਾਕਾਮੀ ਬਾਰੇ ਕਿਹਾ ਕਿ ਪਾਰਟੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦਾ ਇਹ ਕਹਿਣਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਦੇਸ਼ ਦੀ ਸੁਰੱਖਿਆ ਲਈ ਜੋ ਵੀ ਕਦਮ ਚੁੱਕੇਗੀ, ਪਾਰਟੀ ਵੱਲੋਂ ਉਸਦਾ ਸਮਰਥਨ ਹੋਵੇਗਾ। ਉਹਨਾਂ ਕਿਹਾ ਕਿ ਜਦੋਂ ਵੀ ਦੇਸ਼ ਉੱਤੇ ਹਮਲਾ ਹੋਇਆ ਹੈ ਤਾਂ ਭਾਜਪਾ ਦੀ ਸਰਕਾਰ ਹੀ ਕੇਂਦਰ ਵਿੱਚ ਹੁਕਮਰਾਨ ਹੁੰਦੀ ਹੈ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਸੁਰੱਖਿਆ ਨੀਤੀ ਅਸਫ਼ਲ ਸਾਬਿਤ ਹੋਈ ਹੈ ਜਿਸ 'ਚ ਸੁਧਾਰ ਦੀ ਬਹੁਤ ਲੋੜ ਹੈ। ਇਸ ਮੌਕੇ ਲੁਧਿਆਣਾ ਜ਼ੋਨ ਇੰਚਾਰਜ ਪ੍ਰਵੀਨ ਬੰਗਾ, ਜ਼ੋਨ ਇੰਚਾਰਜ ਬਲਵਿੰਦਰ ਬਿੱਟਾ, ਦਿਹਾਤੀ ਇੰਚਾਰਜ ਪਰਗਣ ਬਿਲਗਾ, ਦਿਹਾਤੀ ਪ੍ਰਧਾਨ ਬੂਟਾ ਸਿੰਘ ਸੰਗੋਵਾਲ, ਇੰਚਾਰਜ ਨਿਰਮਲ ਸਿੰਘ, ਲੁਧਿਆਣਾ ਇੰਚਾਰਜ ਜੀਤਰਾਮ ਬਸਰਾ, ਸ਼ਹਿਰੀ ਪ੍ਰਧਾਨ ਬਲਵਿੰਦਰ ਜੱਸੀ, ਜਨਰਲ ਸਕੱਤਰ ਸੋਨੂ ਅੰਬੇਦਕਰ, ਮਹਿਲਾ ਵਿੰਗ ਪ੍ਰਧਾਨ ਮੀਨੂ ਧੀਰ, ਮੀਡੀਆ ਇੰਚਾਰਜ ਬਿੱਟੂ ਸ਼ੇਰਪੁਰੀਆ, ਅਮਰੀਕ ਸਿੰਘ ਘੁਲਾਲ, ਗੁਰ-ਮੀਤ ਸਿੰਘ ਰੇਲਵੇ, ਸਤਵਿੰਦਰ ਸਿੰਘ ਲੁਹਾਰਾ, ਹਰਫੂਲ ਸੈਨ, ਦੁਰਜਨ ਕੁਮਾਰ, ਅਮਰੀਕ ਸਿੰਘ ਪ੍ਰਹੀੜ, ਬਹਾਦਰ ਸਿੰਘ, ਸੂਬੇਦਾਰ ਬਲਵੀਰ ਸਿੰਘ ਖਟੜਾ, ਨਿਰਮਲ ਸਿੰਘ, ਚਰਨਜੀਤ ਸਿੰਘ ਸੰਗੋਵਾਲ, ਜਗਦੀਪ ਸਿੰਘ ਸਿਰਥਲਾ, ਜਸਵਿੰਦਰ ਸਿੰਘ ਸੰਗੋਵਾਲ, ਜਸਪਾਲ ਸਿੰਘ ਦੀਵਾ, ਰਜਿੰਦਰ ਨਿੱਕਾ, ਜਸਪਾਲ ਭੌਰਾ, ਸੁਖਦੇਵ ਚੱਡਾ, ਬਲਦੇਵ ਮੱਲ, ਸੁਖਦੇਵ ਭਟੋਏ, ਜਸਵੰਤ ਰਾਏ, ਮਨਜੀਤ ਸਿੰਘ ਬਾੜੇਵਾਲ ਅਤੇ ਹਰਦਿਆਲ ਸਿੰਘ ਬਾੜੇਵਾਲ ਆਦਿ ਵੀ ਹਾਜ਼ਰ ਸਨ।

## ਬਿਜਲੀ ਮੁਲਾਜ਼ਮਾਂ ਵੱਲੋਂ ਲਾਲ ਝੰਡਾ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

**ਲੁਧਿਆਣਾ**-ਸੁੰਦਰ ਨਗਰ ਡਵੀਜ਼ਨ ਦੀਆਂ ਵੱਖ ਵੱਖ ਬਿਜਲੀ ਮੁਲਾਜਮ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ 220 ਕੇਵੀ ਗੋਸਗੜ੍ਹ ਬਿਜਲੀ ਘਰ, 66 ਕੇਵੀ ਮੇਹਰਬਾਨ ਬਿਜਲੀ ਘਰ ਅਤੇ ਮੁੱਖ ਦਫਤਰ ਤੇ 66 ਕੇਵੀ ਨੂਰਵਾਲਾ ਬਿਜਲੀ ਘਰ ਵਿਖੇ ਮਜਦੂਰ ਦਿਵਸ ਮਨਾਇਆ ਗਿਆ ਜਿੱਥੇ 1 ਮਈ 1886 ਨੂੰ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਸੰਘਰਸ਼ ਕਰਦੇ ਹੋਏ ਸ਼ਹੀਦ ਹੋਏ ਮਜਦੂਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਲਾਲ ਝੰਡਾ ਲਹਿਰਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਵੱਖ ਵੱਖ ਥਾਵਾਂ ਉੱਤੇ ਲੱਡੂ ਵੀ ਵੰਡੇ ਗਏ। ਸੁੰਦਰ ਨਗਰ ਡਵੀਜ਼ਨ ਵਿਖੇ ਮੰਚ ਦਾ ਸੰ-ਚਾਲਨ ਕਰਦਿਆਂ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਡਵੀਜ਼ਨ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ, ਮੁੱਖ ਬੁਲਾਰੇ ਐਡੀਸ਼ਨਲ ਐਸ ਡੀ ਰਘਵੀਰ ਸਿੰਘ ਰਾਮਗੜ੍ਹ ਸੂਬਾ ਜਥੇਬੰਦਕ ਸਕੱਤਰ ਟੀ ਐਸ ਯੂ ਤੇ ਕੇਵਲ ਸਿੰਘ ਬਨਵੈਤ ਸੂਬਾ ਮੀਤ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ ਨੇ ਸ਼ਿਕਾਗੋ ਦੇ ਸ਼ਹੀਦਾਂ ਦੀ ਕੁਰਬਾਨੀ ਉੱਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਉਨ੍ਹਾਂ ਨੇ ਕੰਮ ਕਰਨ ਦਾ ਸਮਾਂ ਅੱਠ ਘੰਟੇ ਨਿਸਚਿਤ ਕਰਨ ਲਈ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਵੇਲੇ ਦੀ ਤਾਨਸ਼ਾਹ ਸਰਕਾਰ ਤੇ ਸਰਮਾਏਦਾਰੀ ਨੂੰ ਝੁਕਾਅ ਕੇ ਕੇਵਲ ਆਪਣੇ ਲਈ ਹੀ ਨਹੀਂ ਬਲਕਿ ਸਾਨੂੰ ਵੀ ਹੱਕ ਲੈਕੇ ਦਿੱਤੇ। ਇਸ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਅਜਾਈ ਨਹੀਂ ਜਾਣ ਦਿੱਤੀਆਂ ਚਾਹੀਦੀਆਂ। ਉਨ੍ਹਾਂ ਮੌਜੂਦਾ ਕੇਂਦਰ ਅਤੇ ਸੂਬਾ ਸਰਕਾਰਾਂ ਉੱਤੇ ਵਰਦਿਆਂ ਕਿਹਾ ਕਿ ਦੋਵੇਂ ਸਰਕਾਰਾਂ ਨੇ ਦੇਸ਼ ਅਤੇ ਸੂਬੇ ਦੇ ਹਾਲਾਤ ਸ਼ਿਕਾਗੋ ਤੋਂ ਵੀ ਬਦਤਰ ਕੀਤੇ ਹੋਏ ਹਨ। ਸਰਮਾਏਦਾਰਾਂ ਨੂੰ ਲਾਭ



ਦੇਣ ਲਈ ਹਰ ਖੇਤਰ ਦਾ ਨਿੱਜੀਕਰਨ ਕਰਦਿਆਂ ਉਨ੍ਹਾਂ ਨੂੰ ਅੰਨੀ ਲੁੱਟ ਦੀ ਖੁੱਲ ਦਿੱਤੀ ਜਾ ਰਹੀ ਹੈ ਪਰ ਮੁਲਾਜ਼ਮ ਵਰਗ ਅਜਿਹਾ ਨਹੀਂ ਹੋਣ ਦੇਵੇਗਾ। ਨਵੇਂ ਮੁਲਾਜਮਾਂ ਨੂੰ ਸੰਘਰਸ਼ ਦੀ ਗੁੜ੍ਹਤੀ ਦੇਣ ਹਿੱਤ ਸ੍ਰ ਰਾਮਗੜ੍ਹ ਤੇ ਸ੍ਰ ਬਨਵੈਤ ਨੇ ਪਹਿਲਾਂ ਸੰਬੋਧਨ ਕੀਤਾ ਤਾਂ ਜੋ ਉਸ ਤੋਂ ਸੇਧ ਲੈਕੇ ਨਵੇਂ ਆਗੂ ਵੀ ਦੋ ਸ਼ਬਦ ਸ਼ਿਕਾਗੋ ਦੇ ਸ਼ਹੀਦਾਂ ਬਾਰੇ ਜਰੂਰ ਕਹਿਣ। ਮੇਵਾ ਸਿੰਘ ਸਾਬਕਾ ਡਵੀਜ਼ਨ ਪ੍ਰਧਾਨ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ, ਧਰਮਿੰਦਰ ਸਰਕਲ ਪ੍ਰਧਾਨ ਟੀ ਐਸ ਯੂ, ਸਰਤਾਜ ਸਿੰਘ ਇੰਪਲਾਈਜ ਫੈਡਰੇਸ਼ਨ ਪਹਿਲਵਾਨ, ਬਹਾਦਰ ਸਿੰਘ ਲੁਹਾਰਾ ਐਸ ਸੀ ਬੀ ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ, ਧਰਮਪਾਲ ਟੀ ਐਸ ਯੂ ਤੇ ਕੇਸ਼ਵ ਦਿਆਲ ਸੀਐਚਵੀ ਨੇ ਵੀ ਸੰਬੋਧਨ ਕੀਤਾ। ਮੇਹਰਬਾਨ ਗਰਿੱਡ 'ਤੇ ਗੁਰਵਿੰਦਰ ਸਿੰਘ ਮੁੱਖ ਖਜਾਨਚੀ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਵੱਲੋਂ ਚਾਹ ਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਤੇ ਜਗੀਰ ਸਿੰਘ ਸਾਬਕਾ ਸੂਬਾ ਮੀਤ ਪ੍ਰਧਾਨ ਟੀ ਐਸ ਯੂ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਗੌਰਵ ਕੁਮਾਰ, ਬਲਵੀਰ ਚੰਦ, ਦੀਪਕ ਕੁਮਾਰ, ਕਰਤਾਰ ਸਿੰਘ, ਹਿਰਦੇ ਰਾਮ, ਗੁਰਦੀਪ ਸਿੰਘ, ਰਾਜੇਸ਼ ਕੁਮਾਰ, ਜਗਦੀਸ਼ ਚੰਦ, ਅਮਰਜੀਤ ਸਿੰਘ, ਤਿਲਕਰਾਜ, ਅਮਰੀਕ ਸਿੰਘ, ਰਾਮ ਅਵਧ, ਬਲਸ਼ੇਰ ਸਿੰਘ, ਕਮਲਦੀਪ ਸਿੰਘ, ਕਮਲਜੀਤ ਸਿੰਘ, ਸ਼ਿਵ ਕੁਮਾਰ, ਨਰਿੰਦਰ ਸਿੰਘ, ਰਮਨ, ਪਰਮਪਾਲ ਸਿੰਘ, ਨਿਰਭੈ ਸਿੰਘ, ਬਿੰਦਰ, ਸੋਮਨਾਥ, ਸਰਬਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

ਬਾਅਦ ਵਿੱਚ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਵੱਲੋਂ ਨਵੇਂ ਬਣੇ 66 ਕੇਵੀ ਬਿਜਲੀ ਘਰ ਟਿੱਬਾ ਥਾਣਾ ਵਿਖੇ ਵੀ ਯੂਨੀਅਨ ਦਾ ਲਾਲ ਝੰਡਾ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਜਿੱਥੇ ਗੁਰਪ੍ਰੀਤ ਸਿੰਘ ਮਹਿਦੂਦਾਂ, ਮੇਵਾ ਸਿੰਘ, ਸ਼ਰਨਜੀਤ ਸਿੰਘ, ਦੀਪਕ ਕੁਮਾਰ, ਬਹਾਦਰ ਸਿੰਘ ਲੁਹਾਰਾ, ਕਰਤਾਰ ਸਿੰਘ, ਹਿਰਦੇ ਰਾਮ, ਬਲਸ਼ੇਰ ਸਿੰਘ, ਰਾਮ ਅਵਧ, ਅਮਰਜੀਤ ਸਿੰਘ, ਪੰਕਜ, ਧਰਮਪਾਲ ਤੋਂ ਇਲਾਵਾ ਹੋਰ ਹਾਜ਼ਰ ਸਨ।

## ਬਸਪਾ ਦੇ ਸੂਬਾ ਪ੍ਰਧਾਨ ਕਰੀਮਪੁਰੀ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕਰ ਸਖਤ ਕਾਰਵਾਈ ਦੀ ਕੀਤੀ ਮੰਗ

**ਲੁਧਿਆਣਾ–**ਬਹੁਜਨ ਸਮਾਜ ਪਾਰਟੀ ਜਿਲਾ ਲੁਧਿਆਣਾ ਦੀ ਇੱਕ ਅਹਿਮ ਮੀਟਿੰਗ ਡਾਕਟਰ ਅੰਬੇਡਕਰ ਭਵਨ ਜਲੰਧਰ ਬਾਈਪਾਸ ਵਿਖੇ ਹੋਈ ਜਿਸ ਵਿੱਚ ਮੁੱਖ ਮਹਿਮਾਨ



ਦੇ ਤੌਰ 'ਤੇ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪੁੱਜੇ। ਉਨ੍ਹਾਂ ਬਸਪਾ ਦੀ ਕੌਮੀਂ ਪ੍ਰਧਾਨ ਭੈਣ ਕੁਮਾਰੀ ਵਾਂਗ ਪਹਿਲਗਾਮ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਕੇਂਦਰ ਸਰਕਾਰ ਨੂੰ ਇਸ ਮਾਲੇ ਨੂੰ ਪੂਰੀ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਤੋਂ ਜਲਦ ਸਖਤ ਕਾਰਵਾਈ ਅਮਲ 'ਚ ਲਿਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਹਮਲਾ ਅਤਿ ਦੁਖਦਾਇਕ ਹੈ ਅਤੇ ਬਹੁਜਨ ਸਮਾਜ ਪਾਰਟੀ ਪੀੜਤ ਪਰਿਵਾਰਾਂ ਨਾਲ ਗਹਿਰੀ ਸੰਵੇਦਨਾ ਪ੍ਰਗਟ ਕਰਦੀ ਹੈ। ਉਨ੍ਹਾਂ ਵੱਲੋਂ ਲੁਧਿਆਣਾ ਦਾ ਜੱਥੇਬੰਦਕ ਢਾਂਚਾ ਹੋਰ ਮਜਬੂਤ ਕਰਦਿਆਂ ਸਾਬਕਾ ਜਿਲ੍ਹਾ ਪ੍ਰਧਾਨ ਸੀਨੀਅਰ ਆਗੂ ਪ੍ਰਗਣ ਬਿਲਗਾ ਨੂੰ ਲੁਧਿਆਣਾ ਦਿਹਾਤੀ ਦਾ ਇੰਚਾਰਜ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਬਿੱਟੂ ਸ਼ੇਰਪੁਰ ਨੂੰ ਜਿਲ੍ਹਾ ਮੀਡੀਆ ਇੰਚਾਰਜ, ਮੀਨੂ ਧੀਰ ਨੂੰ ਜਿਲਾ ਕੋਆਰਡੀਨੇਟਰ ਤੇ ਮਹਿਲਾ ਵਿੰਗ ਦੀ ਇੰਚਾਰਜ, ਸੁਰੇਸ਼ ਕੁਮਾਰ ਸੋਨੂ ਨੂੰ ਜਨਰਲ ਸਕੱਤਰ, ਇੰਦਰੇਸ਼ ਕੁਮਾਰ ਤੋਮਰ ਨੂੰ ਕੈਸ਼ੀਅਰ, ਬਲਵਿੰਦਰ ਕੋਚ ਨੂੰ ਜ਼ਿਲ੍ਹਾ ਕੋਆਰਡੀਨੇਟਰ ਤੇ ਇੰਚਾਰਜ ਵਿਧਾਨ ਸਭਾ ਸੈਂਟਰਲ, ਰਜਿੰਦਰ ਨਿੱਕਾ ਨੂੰ ਜ਼ਿਲ੍ਹਾ ਕੋਆਰਡੀਨੇਟਰ ਤੇ ਇੰਚਾਰਜ ਵਿਧਾਨ ਸਭਾ ਪੂਰਬੀ, ਅਮਰੀਕ ਸਿੰਘ ਘੁਲਾਲ, ਜ਼ਿਲ੍ਹਾ ਕੋਆਰਡੀਨੇਟਰ ਤੇ ਇੰਚਾਰਜ ਵਿਧਾਨ ਸਭਾ ਦੱਖਣੀ ਨਿਯੁਕਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਬਾਡੀ ਦਾ ਜਲਦ ਹੋਰ ਵੀ ਵਿਸਥਾਰ ਕੀਤਾ ਜਾਵੇਗਾ ਤੇ 30 ਅਪ੍ਰੈਲ ਤੱਕ ਜਿਲ੍ਹੇ ਦੀਆਂ ਸਾਰੀਆਂ ਵਿਧਾਨ ਸਭਾ ਦੀਆਂ ਟੀਮਾਂ ਤਿਆਰ ਕਰਨ ਦਾ ਕੰਮ ਅਹੁਦੇਦਾਰਾਂ ਨੂੰ ਦਿੱਤਾ ਗਿਆ ਹੈ। ਇਸ ਮੌਕੇ ਸੂਬਾ ਜਨਰਲ ਸਕੱਤਰ ਤੇ ਜੋਨ ਇੰਚਾਰਜ ਪ੍ਰਵੀਨ ਬੰਗਾ, ਜਿਲ੍ਹਾ ਇੰਚਾਰਜ ਜੀਤ ਰਾਮ ਬਸਰਾ ਅਤੇ ਸ਼ਹਿਰੀ ਪ੍ਰਧਾਨ ਬਲਵਿੰਦਰ ਜੱਸੀ ਵੀ ਹਾਜਰ ਸੀ।

## ਸੁਖਰੀਤ ਕੌਰ ਅਤੇ ਸੁਖਮਨ ਸਿੰਘ ਨੂੰ ਜਨਮ ਦਿਨ ਦੀਆਂ ਵਧਾਈਆਂ



ਮਾਤਾ ਪਿਤਾ- ਸੁਖਵਿੰਦਰ ਕੌਰ, ਪਰਮਜੀਤ ਸਿੰਘ, ਦਾਦਾ ਦਾਦੀ, ਨਾਨਾ ਨਾਨੀ, ਅੰਕਲ ਸਤਨਾਮ ਸਿੰਘ, ਲਵਲੀ, ਬਲਵਿੰਦਰ ਸਿੰਘ ਭੂਆ ਫੁੱਫੜ ਕਮਲਜੀਤ ਕੌਰ, ਗੁਰਪ੍ਰੀਤ ਸਿੰਘ ਸਮੂਹ ਸੀਂਹਮਾਰ ਪਰਿਵਾਰ ਅਤੇ ਨਾਨਕਾ ਲਾਖਾ ਪਰਿਵਾਰ ਚੋਂ ਮਾਮੇ ਮਾਮੀਆਂ ਅਤੇ ਕਜ਼ਨ ਭੈਣ ਭਰਾਵਾਂ।

ਅਸ਼ਮਨ, ਗੁਰਮਨ, ਸਰਬਅਮਨ, ਮਨਅਰਮਾਨ, ਗੁਰਸ਼ਾਂਤ, ਰੌਬੀ, ਦਾਮਨੀ, ਤਨਵੀਰ, ਜਪਜੋਤ, ਸੁਖਸੀਰਤ, ਵਿਸ਼ਵਪ੍ਰੀਤ, ਨਿਹਾਰਕਾ ਵਲੋਂ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ।

## ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ-ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਡਟ ਕੇ ਖੜੀ ਹੈ ਬਸਪਾ

**ਫਗਵਾੜਾ .ਰੱਤੂ)** ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਅੱਜ ਸ਼ੁੱਕਰਵਾਰ ਨੂੰ ਚੰਡੀਗੜ ਦੇ ਪੰਜਾਬ ਭਵਨ ਵਿੱਚ ਸੱਦੀ ਗਈ ਆਲ ਪਾਰਟੀ ਮੀਟਿੰਗ ਵਿੱਚ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ..ਅਵਤਾਰ ਸਿੰਘ ਕਰੀਮਪੁਰੀ ਨੇ ਸੂਬਾਈ ਲੀਡਰਸ਼ਿਪ ਸਮੇਤ ਸ਼ਾਮਿਲ ਹੋ ਕੇ ਪਾਰਟੀ ਵੱਲੋਂ ਪੰਜਾਬ ਦੇ ਹਿੱਤ ਵਿੱਚ ਸਟੈਂਡ ਸਪਸ਼ਟ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਬਸਪਾ ਦੇ ਸੂਬਾ ਇੰਚਾਰਜ ਤੇ ਵਿਧਾਇਕ ਡਾ. ਨਛੱਤਰ ਪਾਲ ਅਤੇ ਪ੍ਰਜਾਪਤੀ ਅਜੀਤ ਸਿੰਘ ਭੈਣੀ ਵੀ ਮੌਜੂਦ ਸਨ। ਬਸਪਾ ਆਗੂਆਂ ਨੇ ਕਿਹਾ ਕਿ ਪਾਰਟੀ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਦੇ ਹਿੱਤਾਂ ਨਾਲ ਡਟ ਕੇ ਖੜੀ ਹੈ। ਇਸ ਦੌਰਾਨ ਗੱਲ ਰੱਖਦੇ ਹੋਏ ਬਸਪਾ ਸੂਬਾ ਪ੍ਰਧਾਨ ਡਾ। ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਅੱਜ ਪਾਣੀਆਂ ਨੂੰ ਲੈ ਕੇ ਜੋ ਵਿਵਾਦ ਚੱਲ ਰਿਹਾ ਹੈ, ਉਹ ਕੇਂਦਰ ਤੇ ਸੂਬੇ ਦੀ ਸੱਤਾ ਵਿੱਚ ਰਹੀਆਂ ਪਿਛਲੀਆਂ ਸਰਕਾਰਾਂ ਦੇ ਮਾੜੇ ਪ੍ਰਬੰਧ ਤੇ ਗਲਤ ਨੀਤੀਆਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸੂਬੇ ਦੇ ਪਾਣੀਆਂ ਨੂੰ



ਬਚਾਉਣ ਲਈ ਤਤਪਰ ਹੈ। ਇਸ ਸਬੰਧ ਵਿੱਚ ਸੂਬਾ ਸਰਕਾਰ ਜੋ ਵੀ ਕਦਮ ਚੁੱਕੇਗੀ, ਬਸਪਾ ਪੰਜਾਬ ਦੀ ਜਨਤਾ ਦੇ ਹਿੱਤ ਵਿੱਚ ਅਤੇ ਸੂਬੇ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡਟ ਕੇ ਸਾਥ ਦੇਵੇਗੀ। ਡਾ. ਕਰੀਮਪੁਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬੀਬੀਐਮਬੀ ਵਿੱਚ ਦਖਲ ਦੇ ਕੇ ਅਤੇ ਅਧਿਕਾਰੀਆਂ ਦਾ ਤਬਾਦਲਾ ਕਰਕੇ ਫੈਡਰਲ ਢਾਂਚੇ 'ਤੇ ਸੱਟ ਮਾਰੀ ਹੈ। ਆਲ ਪਾਰਟੀ ਮੀਟਿੰਗ ਵਿੱਚ ਇਹ ਸਹਿਮਤੀ ਬਣੀ ਹੈ ਕਿ ਸਾਰੀਆਂ ਧਿਰਾਂ ਮਿਲ ਕੇ ਸੂਬੇ ਦੇ ਪਾਣੀਆਂ ਦੀ ਲੜਾਈ ਲੜਨਗੀਆਂ। ਬਹੁਜਨ ਸਮਾਜ ਪਾਰਟੀ ਆਪਣੇ ਵੱਲੋਂ ਇਸ ਸਟੈਂਡ 'ਤੇ ਖੜੀ ਹੈ ਕਿ ਪੰਜਾਬ ਦਾ ਪਾਣੀ ਬਚਾਉਣ ਲਈ ਸਭ ਨੂੰ ਮਿਲ ਕੇ ਯਤਨ ਕਰਨਾ ਚਾਹੀਦਾ ਹੈ।

# ਆਉ ਪਾਣੀ ਬਚਾਕੇ ਫਸਲਾਂ ਅਤੇ ਨਸ਼ਿਆਂ ਨੂੰ ਰੋਕ ਕੇ ਨਸਲਾਂ ਬਚਾਈਏ

ਪਿਛਲੇ ਕੁਝ ਦਿਨਾਂ ਤੋਂ ਸਮਾਜ ਵਿੱਚ ਅਜਿਹੇ ਘਟਨਾਕ੍ਰਮ ਵਾਪਰੇ ਕਿ ਉਸ ਵਿੱਚ ਲੋਕਾਂ ਅਤੇ ਅਫਸਰਾਂ ਦੀ ਜਾਗੀ ਹੋਈ ਜਮੀਰ ਅਤੇ ਇਮਾਨਦਾਰੀ ਨੂੰ ਦੇਖਕੇ ਲੋਕ ਆਪਣੇ ਤਿੰਨ ਹੱਥਾਂ ਨਾਲ ਤਾੜੀਆਂ ਮਾਰਕੇ ਸਵਾਗਤ ਕਰ ਰਹੇ ਹਨ। ਤਿੰਨ ਹੱਥ ਭਾਵ ਇੱਕ ਸਰਕਾਰ ਨੂੰ ਸਹਿਯੋਗ ਦੇਣ ਵਾਲਾ ਹੱਥ ਵੀ।ਇਹਨਾਂ ਦੋਹਾਂ ਘਟਨਾਵਾਂ ਨਾਲ ਪਾਣੀਆਂ ਦਾ ਜਿਕਰ ਜਰੂਰ ਹੋਇਆ। ਜਿਵੇਂ ਪਹਿਲਾਂ ਵੀ ਮੀਡੀਆ ਵਿੱਚ ਇਹ ਪੜਨ ਸੁਣਨ ਨੂੰ ਮਿਲਦਾ ਮੇਂ ਵੀ ਆਪਣੇ ਇਕ ਲੇਖ ਵਿਚ ਜਿਕਰ ਕੀਤਾ ਸੀ ਕਿ ਹੋ ਸਕਦਾ ਹੈ ਕਿ ਅਗਲਾ ਵਿਸ਼ਵ ਯੁਧ ਪਾਣੀਆਂ ਲਈ ਲੜਿਆ ਜਾਵੇ ਜਿਸ ਦੇ ਅਸਾਰ ਵੀ ਬਣਦੇ ਜਾ ਰਹੇ ਹਨ।



ਡਾ ਸੰਦੀਪ ਘੰਡ ਲਾਈਫ ਕੋਚ
9815139576

ਪਹਿਲਗਾਮ ਦੀ ਘਟਨਾ ਵਾਪਰਣ ਤੋਂ ਬਾਅਦ ਭਾਰਤ ਵੱਲੋਂ ਪਾਕਿਸਤਾਨ ਖਿਲਾਫ ਲਏ ਗਏ ਬਾਕੀ ਫੇਸਿਲਆਂ ਵਿੱਚ ਇੱਕ ਫੇਸਲਾ ਪਾਣੀ ਦਾ ਬੰਦ ਕਰਨਾ ਵੀ ਸੀ। ਇਸ ਲਈ ਇਹ ਗੱਲ ਸਪੱਸ਼ਟ ਹੋ ਗਈ ਕਿ ਅਗਲਾ ਵਿਸ਼ਵ ਯੁੱਧ ਪਾਣੀਆਂ ਤੇ ਹੋ ਸਕਦਾ ਹੈ। ਭਾਰਤ ਦਾ ਇਹ ਰਾਜਨੀਤਕ ਕੂਟਨੀਤੀ ਦਾ ਇਹ ਫੈਸਲਾ ਵਾਕਿਆ ਹੀ ਸਲਾਹਣਯੋਗ ਹੈ। ਪਹਿਲਗਾਮ ਵਿੱਚ ਵਾਪਰੀ ਘਟਨਾ ਕਾਰਨ ਤਾਂ ਲੋਕ ਕੇਵਲ ਪਾਣੀ ਬੰਦ ਕਰਨ ਹੀ ਨਹੀ ਸਗੋਂ ਲੋਕ ਤਾਂ ਚਾਹੁੰਦੇ ਕਿ ਹੁਣ ਤਾਂ ਹਲਾਤ ਅਜਿਹੇ ਬਣ ਗਏ ਕਿ ਪਾਕਿਸਤਾਨ ਦੇ ਹਲਕ ਵਿੱਚੋਂ ਵੀ ਪਾਣੀ ਬੰਦ ਕਰ ਦੇਣਾ ਚਾਹੀਦਾ।ਪਰ ਇਹ ਵੀ ਸੱਚ ਹੈ ਕਿ ਮਨੁੱਖਤਾ ਅਤੇ ਜਾਗਦੀ ਜਮੀਰ ਵੀ ਵੰਡ ਤੋਂ ਬਾਅਦ ਸਾਡੇ ਹਿੱਸੇ ਆਈ ਹੈ। ਇਸ ਲਈ ਅਸੀ ਹਮੇਸ਼ਾਂ ਚਲੋ ਕੋਈ ਨਾਂ ਕਹਿ ਕਿ ਚੁੱਪ ਕਰ ਜਾਦੇਂ ਹਾਂ। ਪਰ ਉਧਰ ਕੇਂਦਰ ਸਰਕਾਰ ਨੇ ਪਾਕਿਸਤਾਨ ਨਾਲ ਪਾਣੀਆਂ ਦੀ ਜੰਗ ਲੜਦੇ ਲੜਦੇ ਪੰਜਾਬ ਤੋਂ ਵੀ ਪਾਣੀ ਦੇ ਖੋਹਣ ਦੀ ਗੱਲ ਇਸ ਤਰਾਂ ਕਰ ਦਿੱਤੀ ਜਿਵੇਂ ਪਾਕਿਸਤਾਨ ਨੂੰ ਬੰਦ ਕੀਤਾ ਪਾਣੀ ਪੰਜਾਬ ਨੂੰ ਦੇ ਦਿੱਤਾ ਹੋਵੇ। ਚਲੋ ਹਰਿਆਣਾ ਨੇ ਆਪਣੇ ਹਿੱਸੇ ਦਾ ਵੱਧ ਖਰਚ ਕਰ ਲਿਆਂ ਤਾਂ ਉਹ ਪੰਜਾਬ ਨੂੰ ਪਾਣੀ ਦੀ ਬੇਨਤੀ ਕਰਦਾ ਪਰ ਕੇਦਰ ਸਰਕਾਰ ਵੱਲੋਂ ਹਮੇਸ਼ਾਂ ਹੀ ਪੰਜਾਬ ਨਾਲ ਕੀਤਾ ਜਾ ਰਿਹਾ ਧੱਕਾ ਜੱਗ ਜਾਹਰ ਹੋ ਗਿਆ। ਹੁਣ ਪੰਜਾਬ ਜਿਸ ਕੋਲ ਕੁਦਰਤੀ ਸਾਧਨਾਂ ਵੱਜੋਂ ਕੇਵਲ ਪਾਣੀ ਹੀ ਹੈ ਉਸ ਤੋਂ ਹਮੇਸ਼ਾਂ ਪਾਣੀ ਖੋਹਣ ਦੀਆਂ ਗੱਲਾਂ ਤਾਂ ਕੀਤੀਆਂ ਜਾਦੀਆਂ ਦੇਣ ਦੀਆਂ ਨਹੀ।ਕੀ ਕਦੇ ਦਿੱਲੀ ਨੇ ਪੰਜਾਬ ਨੂੰ ਕਦੇ ਇੱਕ ਕੈਂਪਰ ਪਾਣੀ ਵੀ ਦਿੱਤਾ। ਪਰ ਖਾਣ ਲਈ ਝੋਨਾ (ਚਾਵਲ) ਲਈ ਇਹ ਪੰਜਾਬ ਨੂੰ ਕਹਿੰਦੇ ਇਹਨਾਂ ਨੂੰ ਸ਼ਾਇਦ ਇਹ ਨਹੀ ਪੱਤਾ ਕਿ ਪਾਣੀ ਚਾਵਲ ਉਬਾਲਣ ਦੇ ਹੀ ਨਹੀ ਉਸ ਦੀ ਪੈਦਾਵਾਰ ਕਰਨ ਲਈ ਵੀ ਪਾਣੀ ਚਾਹੀਦਾ।



ਪਰ ਇਸ ਵਾਰ ਪੰਜਾਬ ਦੇ ਪਾਣੀਆਂ ਦੇ ਰਾਖੇ ਰਾਜਨੀਤਕ ਧਿਰ ਨਾਲੋਂ ਉਹ ਚਾਰ ਅਫਸਰ ਬਣੇ ਜਿੰਨਾਂ ਨੇ ਆਪਣੀ ਸਰਕਾਰੀ ਨੋਕਰੀ ਦਾਅ ਤੇ ਲਗਾਕੇ ਆਪਣੀ ਧਰਤੀ ਮਾਂ ਅਤੇ ਆਪਣੀ ਜਨਮ ਭੋਇ ਨਾਲ ਯਾਰੀ ਨਿਭਾਈ। ਅੱਜ ਪੰਜਾਬ ਦਾ ਹਰ ਨਾਗਿਰਕ ਸਰਕਾਰ ਨਾਲੋਂ ਸਕੱਤਰ ਪੰਞਾਬ ਸਰਕਾਰ ਕ੍ਰਿਸ਼ਨ ਕੁਮਾਰ, ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅਕਾਸ਼ਦੀਪ ਸਿੰਘ, ਚਰਨਪ੍ਰੀਤ ਸਿੰਘ ਅਤੇ ਅਮਿਤ ਸਹੋਤਾ ਦੀ ਵਡਿਆਈ ਕਰ ਰਿਹਾ ਹੈ ਲੋਕ ਕਹਿ ਰਹੇ ਹਨ ਕਿ ਪਹਿਲੀ ਵਾਰ ਪਾਣੀਆਂ ਦੇ ਮੁੱਦੇ ਤੇ ਪੰਜਾਬ ਦੇ ਰਾਜਨੀਤਕ ਨੇਤਾਵਾਂ ਨਾਲੋਂ ਅਫਸਰ ਪਾਣੀ ਦੇ ਰਾਖੇ ਬਣੇ ਹਨ।

ਬੇਸ਼ਕ ਸਾਰੀਆਂ ਰਾਜਨੀਤਕ ਧਿਰਾਂ ਨੇ ਵੀ ਪਾਣੀ ਦੀ ਟੈਕੀ ਵਿੱਚ ਪਾਣੀ ਨਾ ਡੁੱਲੇ ਉਸ ਘੰਟੀ ਵਾਂਗ ਰੋਲਾ ਪਾਇਆ ਜੋ ਪਾਣੀ ਦੀ ਟੈਂਕੀ ਭਰਣ ਤੇ ਸਾਨੂੰ ਇਹ ਕਹਿ ਕਿ ਵਰਜਦੀ ਹੈ ਪਾਣੀ ਕੀ ਟੈਂਕੀ ਭਰ ਗਈ ਹੈ ਵਾਟਰ ਟੈਂਕ ਇੱਜ ਫੁਲ ਕ੍ਰਿਪਾ ਕਰਕੇ ਮੋਟਰ ਬੰਦ ਕਰੋ ਬੇਸ਼ਕ ਘੰਟੀ ਵਾਂਗ ਉਹ ਬੋਲੇ ਉਨਾਂ ਕੁ ਹੀ ਜਿੰਨਾ ਕੁ ਉਹਨਾਂ ਦੇ ਆਕਾ ਨੇ ਉਹਨਾਂ ਦੀ ਬੈਟਰੀ ਵਿੱਚ ਸੈਲ ਪਾਏ। ਜਿਵੇਂ ਕਿਹਾ ਜਾਦਾਂ ਕਿ ਭੁੱਖੇ ਨੂੰ ਬਾਤ ਪਾਉ ਵੀ ਦੋ ਤੇ ਦੋ ਕਿੰਨੇ ਹੁੰਦੇ ਤਾਂ ਉਹ ਕਹੂਗਾ ਚਾਰ ਰੋਟੀਆਂ ਹੁਣ ਰੋਲਾ ਭਾਵੇਂ ਪਾਣੀ ਦਾ ਹੋਵੇ ਜਾਂ ਅਫਸਰਾਂ ਦੀ ਇਮਾਨਦਾਰੀ ਅਤੇ ਜਮੀਰ ਦਾ ਲੋਕ ਆਮ ਕਹਿ ਰਹੇ ਹਨ ਕਿ ਕਾਸ਼ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਅਫਸਰ ਇੰਨਾਂ ਅਫਸਰਾਂ ਵਾਂਗ ਸਟੈਂਡ ਲੇ ਲੈਣ। ਕਿ ਉ੍ਰ ਕਿ ਮੱਗਰਮੱਛਾਂ ਨੂੰ ਫੜਨ ਲਈ ਵਿਸ਼ੇਸ ਜਾਲ ਦੀ ਲੋੜ ਹੁੰਦੀ ਇਹ ਮੱਛੀਆਂ ਫੜਨ ਵਾਲੇ ਲੋਕ ਮੱਗਰਮੱਛ ਨਹੀ ਫੜ ਸਕਦੇ।

ਕਿਸੇ ਨਸ਼ਾਂ ਤਸਕਰ ਦਾ ਮਕਾਨ ਢਾਹ ਦੇਣਾ ਸਮੱਸਿਆ ਦਾ ਹੱਲ ਨਹੀ ਸਗੋਂ ਘਰ ਢਾਹੁਣ ਨਾਲ ਕਈ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ। 1980 ਦੇ ਦਾਹਕੇ ਵਿੱਚ ਇੱਕ ਫਿ.ਲਮ ਆਈ ਸੀ ਰੋਟੀ ਕੱਪੜਾ ਔਰ ਮਕਾਨ ਇਹ ਤਿੰਨ ਚੀਜਾਂ ਮਨੁੱਖ ਦੀਆਂ ਮੁੱਖ ਜਰੂਰਤਾਂ ਹਨ। ਹੁਣ ਰੋਟੀ ਦੀ ਮੰਗ ਤਾਂ ਔਖਾ ਸੋਖਾ ਪੂਰੀ ਹੋ ਜਾਦੀ ਨਸ਼ੇ ਦੇ ਸਮੱਗਲਰ ਨੂੰ ਜੇਲ ਵਿੱਚੋਂ ਅਤੇ ਬਾਕੀ ਘਰੇ ਰਹਿ ਗਏ ਲੋਕਾਂ ਨੂੰ ਸਰਕਾਰ ਕਣਕ ਚਾਰ ਰੁਪਏ ਅਤੇ ਦਾਲ ਵੀਹ ਰੁਪਏ ਦੇਕੇ। ਨਸ਼ਾਂ ਤਸਕਰ ਨੂੰ ਤਾਂ ਜੇਲ ਵਿੱਚ ਜਾਕੇ ਛੱਤ ਵੀ ਮਿਲ ਜਾਦੀ ਪਰ ਉਸ ਦਾ ਪ੍ਰੀਵਾਰ ਜਿਸ ਦਾ ਕਸੂਰ ਕੇਵਲ ਇੰਨਾਂ ਕੁ ਹੈ ਕਿ ਉਹ ਉਸਦਾ ਪ੍ਰੀਵਾਰ ਹੈ। ਉਸ ਦਾ ਕੀ ਕਸੂਰ ਉਸ ਨੂੰ ਘਰੋਂ ਬੇਘਰ ਕਰ ਦਿੱਤਾ ਇਹ ਮਕਾਨ ਢਾਹੁਣ ਵਾਲੀ ਗੱਲ ਦਾ ਮੁੱਦਾ ਜਰੂਰ ਮਨੁੱਖੀ ਅਧਿਕਾਰਾਂ ਵਾਲਿਆਂ ਨੂੰ ਉਵੇ ਹੀ ਲੈਣਾ ਚਾਹੀਦਾ ਜਿਵੇਂ ਉਹ ਫਾਸੀ ਨੂੰ ਮਨੁੱਖੀ ਅਧਿਕਾਰਾਂ ਦਾ ਹਨਨ ਕਹਿੰਦੇ ਹਨ। ਹੁਣ ਪੰਜਾਬ ਦੀ ਜੰਤਾਂ ਨੂੰ ਪੂਰਨ ਉਮੀਦ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਵਿੱਚ ਵੀ ਲੋਕਾਂ ਦੇ ਨਾਲ ਅਫਸਰ ਵੀ ਜਰੂਰ ਸਾਹਮਣੇ ਆਉਣਗੇ। ਮੈ ਪਹਿਲਾਂ ਵੀ ਕਿਹਾ ਸੀ ਕਿ ਇਸ ਵਾਰ ਨਸ਼ਿਆ ਵਿਰੁੱਧ ਮੁਹਿੰਮ ਸਹੀ ਦਿਸ਼ਾਂ ਵੱਲ ਜਾ ਰਹੀ ਹੈ। ਸਰਕਾਰ, ਪੁਲੀਸ ਲੋਕ ਇਸ ਨੂੰ ਸੰਜੀਦਾ ਲੇ ਰਹੇ ਹਨ। ਸਰਕਾਰ ਵੱਲੋਂ ਜਿਲ੍ਹੇ ਪੱਧਰ ਤੇ ਕੋਆਰਡੀਨੇਟਰ ਨਿਯੁੱਕਤ ਕੀਤੇ ਹਨ ਉਹਨਾਂ ਬਾਰੇ ਇਹ ਉਪਰਲੇ ਪੱਧਰ ਤੇ ਦੇਖ ਲੈਣਾ ਚਾਹੀਦਾ ਕਿ ਲਾਏ ਗਏ ਕੋਆਰਡੀਨੇਟਰ ਆਪ ਨਸ਼ਿਆਂ ਦਾ ਸੇਵਨ ਨਾ ਕਰਦੇ ਹੋਣ। ਜੇਕਰ ਡੋਪ ਟੈਸਟ ਕਰਵਾਕੇ ਲਾਏ ਜਾਣ ਤਾਂ ਲੋਕਾਂ ਦਾ ਵਿਸ਼ਵਾਸ ਹੋਰ ਪਕੇਰਾ ਹੁੰਦਾ। ਮੈਂ ਖੁਦ ਪਿੱਛਲੇ 37 ਸਾਲ 37 ਮੁਹਿੰਮ ਹੀ ਚਲਾਈਆਂ ਹੋਣਗੀਆਂ ਕਿਉਕਿ ਸਰਕਾਰਾਂ ਸਾਲ ਬਾਅਦ ਕੁਝ ਨਵਾਂ ਕਰਨ ਦੇ ਨਾਮ ਤੇ ਪਰ ਇਸ ਵਾਰ ਪਹਿਲਾਂ ਨਾਲੋਂ ਕੁਝ ਵੱਖਰਾ ਜਰੂਰ ਹੈ। ਪਹਿਲੀ ਵਾਰ ਲੋਕ ਆਸ ਦੀਆਂ ਐਨਕਾਂ ਨਾਲ ਦੇਖ ਰਹੇ ਹਨ। ਸਰਕਾਰ ਕੁਝ ਨਹੀ ਹੁੰਦੀ ਲੋਕ ਹੀ ਸਰਕਾਰ ਹੁੰਦੇ ਜੇਕਰ ਅਸੀ ਸਾਰੇ ਲੋਕ ਬਿੰਨਾ ਡਰ ਅਤੇ ਬਿੰਨਾ ਪੱਖਪਾਤ ਅਤੇ ਪਾਰਟੀ ਧਿਰ ਤੋਂ ਉਪੱਰ ਉੱਠ ਕੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਸਰਕਾਰ ਅਤੇ ਇਸ ਵਿੱਚ ਲਾਏ ਵਰਕਰਾਂ ਨੂੰ ਸਹਿਯੋਗ ਦੇਵਾਂਗੇ ਤਾਂ ਹਰ ਹਲਾਤ ਵਿੱਚ ਇਸ ਯੁੱਧ ਵਿੱਚ ਜਿੱਤ ਦਰਜ ਕਰਾਂਗੇ। ਆਉ ਪਾਣੀਆਂ ਨੂੰ ਬਚਾਕੇ ਫਸ਼ਲਾਂ ਬਚਾਈਏ ਅਤੇ ਨਸ਼ਿਆਂ ਨੂੰ ਰੋਕ ਕੇ ਨਸਲਾਂ ਬਚਾਈਏ।







# ਸਵਰਗੀ ਸ਼੍ਰੀ ਜੈ ਰਾਮ ਜੀ ਦੀ ਯਾਦ 'ਚ ਗਾਟ ਪਰਿਵਾਰ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ

**ਸਟਾਕਟਨ (ਦੇਸ਼ ਦੁਆਬਾ ਬਿਊਰੋ)–** ਕੈਲੀਫੋਰਨੀਆ 'ਚ ਸਟਾਕਟਨ ਸਥਿੱਤ ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸ਼ੀਅਤ ਅਤੇ ਉੱਘੇ ਬਿਜਨਸਮੈਨ ਸ਼੍ਰੀ ਜੈ ਰਾਮ ਗਾਟ ਜੋ ਫਰਵਰੀ ਮਹੀਨੇ ਇੰਡੀਆ ਗਏ ਸੀ ਜਿਥੇ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ ਤੇ ਹੁਣ ਉਨ੍ਹਾਂ ਦਾ ਪਰਿਵਾਰ ਵਾਪਿਸ ਅਮਰੀਕਾ ਆਉਣ ਤੇ ਲੰਘੇ ਐਤਵਾਰ ਸਵਰਗੀ ਸ਼੍ਰੀ ਜੈ ਰਾਮ ਜੀ ਦੀ ਯਾਦ 'ਚ ਗਾਟ ਪਰਿਵਾਰ ਵਲੋਂ ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਲੋਡਾਈ, ਕੈਲੀਫੋਰਨੀਆ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ ਤੇ ਇਸ ਮੌਕੇ ਭਾਈ ਜਸਵੀਰ ਸਿੰਘ, ਭਾਈ ਦਿਲਬਾਗ਼ ਸਿੰਘ ਅਤੇ ਭਾਈ ਬ੍ਰਿਜਪਾਲ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ ਅਤੇ ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਭਾਈ ਗੁਰਮੀਤ ਸਿੰਘ ਪੱਟੀ ਵਾਲੇ ਜੀ ਨੇ ਕਥਾ ਕੀਤੀ।

ਸਰਦਾਰ ਜਸਪਾਲ ਸਿੰਘ ਬੋਲੀਨਾ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਸਮੂਹ ਗਾਟ ਪਰਿਵਾਰ ਨਾਲ ਕਮੇਟੀ ਵਲੋਂ ਦਿਲੀ ਦੁੱਖ ਪ੍ਰਗਟ ਕਰਦਿਆਂ ਦੂਰੋਂ ਨੇੜਿਓਂ ਆਈ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਕਮੇਟੀ ਅਤੇ ਸਮੂਹ ਗਾਟ ਪਰਿਵਾਰ ਵਲੋਂ ਇਸ ਦੁੱਖ ਦੀ ਘੜੀ ਨਾਲ ਖੜ੍ਹਨ ਲਈ ਧੰਨਵਾਦ ਕੀਤਾ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਵੇ ਅਤੇ ਸਮੂਹ ਗਾਟ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਇਸ ਉਪਰੰਤ ਗੁਰੂ ਦੇ ਅਟੁੱਟ ਕੜਾਹ ਪ੍ਰਸਾਦ ਅਤੇ ਚਾਹ ਪਾਣੀ ਤੇ ਲੰਗਰ ਵਰਤਾਏ ਗਏ। ਅਦਾਰਾ 'ਦੇਸ਼ ਦੁਆਬਾ ਗਾਟ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ। **(ਤਸਵੀਰਾਂ ਦੇਸ਼ ਦੁਆਬਾ)**














# ਸਵਰਗੀ ਸ਼੍ਰੀ ਜੈ ਰਾਮ ਜੀ ਦੀ ਯਾਦ 'ਚ ਗਾਟ ਪਰਿਵਾਰ ਵਲੋਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ


















# ਮਿੱਠੇ ਬੋਲਾਂ ਦੀ ਰੂਹ, ਸਟੇਜਾਂ ਦੀ ਮਲਿਕਾ–ਆਸ਼ਾ ਸ਼ਰਮਾ

ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"

ਆਸ਼ਾ ਸ਼ਰਮਾ, ਪੰਜਾਬੀ ਸੱਭਿਆਚਾਰ, ਕਲਾ ਅਤੇ ਸਟੇਜ ਦੀ ਉਹ ਸ਼ਖ਼ਸੀਅਤ ਹਨ, ਜੋ ਹਰ ਵਕਤ ਪੰਜਾਬੀਅਤ ਵਿੱਚ ਰੰਗੀ ਪੰਜਾਬੀ ਮਾਂ ਬੋਲੀ ਨੂੰ ਪਿਆਰਨ, ਸਤਿਕਾਰਨ ਵਿੱਚ ਲੱਗੀ ਰਹਿੰਦੀ ਹੈ। ਧੂਰੀ ਸ਼ਹਿਰ ਦੇ ਲਾਗਲੇ ਪਿੰਡ ਸੇਖਾ (ਬਰਨਾਲਾ) ਵਿੱਚ ਜਨਮ ਲੈਣ ਵਾਲੀ ਆਸ਼ਾ ਸ਼ਰਮਾ ਜੀ ਨੇ ਆਪਣੇ ਜੀਵਨ ਦਾ ਜਿਆਦਾ ਸਮਾਂ ਪੰਜਾਬ ਦੇ ਬਰਨਾਲਾ ਸ਼ਹਿਰ ਵਿੱਚ ਬਿਤਾਇਆ। ਇਹਨਾਂ ਨੇ ਐਮ। ਏ। ਅੰਗਰੇਜ਼ੀ ਅਤੇ ਬੀ ਐਡ ਤੱਕ ਦੀ ਪੜ੍ਹਾਈ ਸਰਵੋਤਮ ਸਟੂਡੈਂਟ ਦੇ ਤੌਰ ਤੇ ਪੂਰੀ ਕੀਤੀ। ਇਹ ਕਾਲਜ ਸਮੇਂ ਏਥੋਂ ਦੇ ਮੈਗਜ਼ੀਨ ਦੇ ਐਡੀਟਰ ਵੀ ਰਹੇ। ਪੰਜਾਬੀ ਯੂਨੀਵਰਸਿਟੀ ਦੇ ਬੈਸੱਟ ਡਿਬੇਟਰ ਵੀ ਰਹੇ। ਪੜ੍ਹਾਈ ਪੂਰੀ ਕਰਨ ਉਪਰੰਤ ਇਹਨਾਂ ਨੇ ਲੁਧਿਆਣਾ ਸ਼ਹਿਰ ਦੇ ਸੇਕਰਡ ਹਾਰਟ ਸਕੂਲ (ਸਰਾਭਾ ਨਗਰ) ਅਤੇ ਬੀ. ਸੀ. ਐਮ. ਆਰੀਆ ਸਕੂਲ ਲੁਧਿਆਣਾ ਵਿੱਚ ਪੜ੍ਹਾਇਆ 'ਤੇ ਫਿਰ ਸ਼ਹਿਣੇ ਦੇ ਸਰਕਾਰੀ ਸਕੂਲ ਵਿੱਚ ਅਧਿਆਪਕਾ ਵਜੋਂ ਆਪਣੇ ਵਿਦਿਆਰਥੀਆਂ ਨੂੰ ਗਿਆਨ ਦੀ ਰੋਸ਼ਨੀ ਵੰਡੀ। ਬਾਅਦ ਵਿੱਚ ਪੰਜਾਬ ਸਿੱਖਿਆ ਵਿਭਾਗ ਵੱਲੋਂ ਇਹਨਾਂ ਨੂੰ ਸੀਨੀਅਰ ਪ੍ਰੋਜੈਕਟ ਆਫੀਸਰ (ਕਲਚਰ) ਵੀ ਲਗਾਇਆ ਗਿਆ।

ਅਧਿਆਪਨ ਦੇ ਦੌਰ ਤੋਂ ਹੀ ਆਸ਼ਾ ਸਰਮਾ ਨੇ ਸਟੇਜਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ, ਇਹਨਾਂ ਨੇ ਪੰਜਾਬ ਵਿੱਚ ਸੈਂਕੜੇ ਸਟੇਜਾਂ ਕਰਕੇ ਅਜਿਹੀ ਵਾਹ ਵਾਹ ਖੱਟੀ ਕਿ ਉਸ ਤੋਂ ਪਿੱਛੋਂ ਫਿਰ ਇਹਨਾਂ ਨੇ ਕਦੇ ਪਿੱਛੇ-ਮੁੜਕੇ ਨਹੀਂ ਵੇਖਿਆ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਉਹ ਹਰ ਵੱਡੀ-ਛੋਟੀ ਸਟੇਜ ਦੀ ਸ਼ਾਹ ਰਗ ਬਣੇ ਹੋਏ ਹਨ।

ਕਾਫੀ ਸਮੇਂ ਤੋਂ ਅਮਰੀਕਾ ਦੀ ਸਟੇਟ ਕੈਲੀਫੋਰਨੀਆ ਵਿੱਚ ਵੱਸਦਿਆਂ ਆਸ਼ਾ ਜੀ ਨਾ ਸਿਰਫ਼ ਸਟੇਜ ਦੀ ਰੌਣਕ ਬਣੇ, ਸਗੋਂ ਅਮਰੀਕਾ ਦੀ ਧਰਤੀ ਤੋਂ ਗੀਤ-ਸੰਗੀਤ ਰੇਡੀ ਦੇ ਮਾਧਿਅਮ ਰਾਹੀਂ ਹਰ ਘਰ ਦੇ ਵਿਹੜੇ ਦੀ ਰੌਣਕ ਵੀ ਬਣੇ। ਅੱਜ ਵੀ ਉਹ ਸਟੇਜਾਂ ਅਤੇ ਰੇਡੀ , ਦੋਹਾਂ ਰਾਹੀਂ ਭਾਈਚਾਰੇ ਦੀ ਸੇਵਾ ਕਰ ਰਹੇ ਨੇ।

ਕੋਈ ਵੀ ਪੰਜਾਬੀ ਮੇਲਾ ਜਾਂ ਸਮਾਗਮ ਉਹਨਾਂ ਦੀ ਸ਼ਮੂਲੀਅਤ ਤੋਂ ਬਿਨਾਂ ਅਧੂਰਾ ਲੱਗਦਾ ਹੈ। ਸਟੇਜ 'ਤੇ ਉਹ ਜਦ ਕਿਸੇ ਕਲਾਕਾਰ ਨੂੰ ਪੇਸ਼ ਕਰਦੇ ਹਨ, ਤਾਂ ਸ ਕਲਾਕਾਰ ਦੀ ਕਲਾ, ਮਿਹਨਤ, ਅਤੇ ਯਾਤਰਾ ਨੂੰ ਇੰਨੇ ਸੁਚੱਜੇ ਢੰਗ ਨਾਲ ਦਰਸਾਉਂਦੇ ਹਨ ਕਿ ਦਰਸ਼ਕ ਅਸ਼-ਅਸ਼ ਕਰ ਉੱਠਦੇ ਹਨ। ਉਹਨਾਂ ਦੀ ਸ਼ਾਇਰੀ ਦੀ ਪਕੜ ਐਸੀ ਹੈ, ਜਿਵੇਂ ਕਿਤਾਬਾਂ ਦੀਆਂ ਕਿਤਾਬਾਂ ਉਨ੍ਹਾਂ ਦੇ ਜ਼ਿਹਨ 'ਚ ਹੋਣ।

ਬੇਹੱਦ ਮਿੱਠਾ ਬੋਲ, ਨਿਮਰਤਾ ਭਰਿਆ ਸੁਭਾਅ, ਤੇ ਸਾਦਗੀ ਉਨ੍ਹਾਂ ਦੀ ਪਹਿਚਾਣ ਹੈ। ਵਡਿਆਈ ਦੇ ਬਾਵਜੂਦ ਉਹ ਧਰਤੀ ਨਾਲ ਜੁੜੇ ਰਹਿੰਦੇ ਨੇ, ਹੰਕਾਰ ਨੂੰ ਕਦੇ ਉਹ ਕੋਲ ਨਹੀਂ ਆਉਣ ਦਿੰਦੇ। ਹਰਇੱਕ ਨੂੰ ਖੁੱਲ੍ਹੀ ਮੁਸਕਾਨ ਨਾਲ ਮਿਲਣਾ ਉਨ੍ਹਾਂ ਦੀ ਆਦਤ ਨਹੀਂ, ਸਗੋਂ ਫਿਤਰਤ ਹੈ।

ਉਨ੍ਹਾਂ ਦੇ ਜੀਵਨ ਸਾਥੀ ਹਰਮੋਹਨ ਸਿੰਘ ਜੀ ਇਕ ਪੜ੍ਹੇ ਲਿਖੇ, ਨਿਮਰ ਤੇ ਕਿਰਤ ਕਰਨ ਵਾਲੇ ਬਹੁਤ ਪਿਆਰੇ ਇਨਸਾਨ ਹਨ। ਉਨ੍ਹਾਂ ਦੀ ਇੱਕ ਲਾਇਕ ਧੀ ਵੀ ਹੈ, ਜਿਸਦਾ ਬਹੁਤ ਪਿਆਰਾ ਨਾਮ ਸੁਕ੍ਰਿਤੀ ਹੈ। ਜੋ ਆਪਣੀ ਮਾਂ ਵਾਂਗ ਹੀ ਇੱਕ ਨਿੱਖਰੀ ਹੋਈ ਸ਼ਖ਼ਸੀਅਤ ਰੱਖਦੀ ਹੈ। ਇਹਨਾਂ ਦੇ ਜਵਾਈ ਅਭੀਨਵ ਸਿੰਘ ਪਲਾਹੀ, ਮਸ਼ਹੂਰ ਕਹਾਣੀਕਾਰ ਤੇ ਸਮਾਜਸੇਵੀ ਸ. ਗੁਰਮੀਤ ਸਿੰਘ ਪਲਾਹੀ ਦੇ ਬੇਟੇ ਹਨ। ਆਸ਼ਾ ਸ਼ਰਮਾ ਜੀ ਆਪਣੇ ਜਵਾਈ ਤੇ ਕੁੜਮ, ਪਲਾਹੀ ਪਰਿਵਾਰ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ। ਆਸ਼ਾ ਸ਼ਰਮਾ ਜੀ ਦਾ ਆਪਣੇ ਦੋਵੇਂ ਦੋਹਤਿਆਂ ਨਾਲ ਵੱਖਰਾ ਹੀ ਪਿਆਰ ਹੈ।

ਆਸ਼ਾ ਸ਼ਰਮਾ ਆਪਣੇ ਪਿਤਾ ਸਵ. ਮਾਸਟਰ ਸਰੂਪ ਸਿੰਘ ਜੀ ਨੂੰ ਆਪਣਾ ਅਦਰਸ਼ ਮੰਨਦੇ ਹਨ 'ਤੇ ਉਹ ਅਦਰਸ਼ ਜੋ ਉਨ੍ਹਾਂ ਦੀ ਸੋਚ, ਕਿਰਦਾਰ ਅਤੇ ਜੀਵਨ ਰਾਹ ਨੂੰ ਅੱਜ ਵੀ ਰੁਸ਼ਨਾ ਰਿਹਾ ਹੈ।

ਆਸ਼ਾ ਸ਼ਰਮਾ ਨਾ ਸਿਰਫ ਸਟੇਜ ਤੇ ਰੇਡੀਓ ਦੀ ਆਵਾਜ਼ ਹਨ, ਸਗੋਂ ਪੰਜਾਬੀਅਤ ਦੀ ਮਿੱਠੀ ਮਹਿਕ ਹਨ, ਜੋ ਜਿੱਥੇ ਵੀ ਜਾਂਦੇ ਨੇ, ਸਭਨੂੰ ਆਪਣਾ ਬਣਾ ਲੈਂਦੇ ਹਨ, ਸਭ ਦੇ ਦਿਲਾਂ ਨੂੰ ਛੂਹ ਜਾਂਦੇ ਹਨ। ਦੁਆ ਹੈ ਕਿ ਸਾਡੀ ਭੈਣ ਆਸ਼ਾ ਸ਼ਰਮਾ ਲੰਮੀਆਂ ਉਮਰਾਂ ਮਾਣੇ ਤੇ ਇਸੇ ਤਰਾਂ ਪੰਜਾਬੀਅਤ ਦੀ ਮਹਿਕ ਖਿਲਾਰਦੀ ਰਹੇ।

********







# ਲੇਖਕ ਦੀ ਸਮਾਜਿਕ ਚਿੰਤਾ ਅਤੇ ਸੰਘਰਸ਼ਮਈ ਸੋਚ ਦੀ ਉਪਜ -ਕੀਤਾ ਪਸਾਉ ਏਕੋ ਕਵਾਉ (ਕਾਵਿ ਸੰਗ੍ਰਹਿ)

**ਲੇਖਕ : ਜੋਗਿੰਦਰ ਸਿੰਘ ਖਹਿਰਾ**
**ਪੁਸਤਕ: ਕੀਤਾ ਪਸਾਉ ਏਕੋ ਕਵਾਉ**
**(ਕਾਵਿ ਸੰਗ੍ਰਹਿ)**
**ਸੰਪਰਕ:9814664384**
**ਪੰਨੇ: 104, ਕੀਮਤ :200/-ਰੁਪਏ**
**ਪਬਲੀਕੇਸ਼ਨ:ਪ੍ਰੀਤ ਪਬਲੀਕੇਸ਼ਨ, ਨਾਭਾ**


ਜੋਗਿੰਦਰ ਸਿੰਘ ਖਹਿਰਾ ਪੰਜਾਬੀ ਕਾਵਿ ਲੋਕਧਾਰਾ ਦਾ ਚਿੰਤਕ, ਸਮਾਜਵਾਦੀ ਸੰਕਲਪਾਂ ਦਾ ਹਮਾਇਤੀ, ਵਿਵਹਾਰਿਕ ਦੁਸ਼ਵਾਰੀਆਂ ਦਾ ਵਿਰੋਧੀ, ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਦਾ ਪੱਖ ਪੂਰਕ ਲੇਖਕ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਇਨਕਲਾਬੀ, ਤਰਕਵਾਦੀ, ਨੈਤਿਕਤਾ, ਕ੍ਰਾਂਤੀਕਾਰੀ, ਸੰਘਰਸ਼ਮਈ ਅਤੇ ਅਧਿਆਤਮਵਾਦੀ ਵਿਸ਼ਿਆਂ ਨੂੰ ਉਭਾਰਨ ਲਈ ਯਤਨਸ਼ੀਲਤਾ ਦਾ ਪੱਖ ਪੂਰਦਾ ਹੈ। ਪੜਾਈ ਦੌਰਾਨ ਉੱਠੀਆਂ ਵਿਦਿਆਰਥੀ ਲਹਿਰਾਂ ਦਾ ਮੋਢੀ ਹਿੱਸਾ, ਬਿਜਲੀ ਬੋਰਡ ਦੀ ਨੌਕਰੀ ਦੌਰਾਨ ਮੁਲਾਜ਼ਮ ਲਹਿਰਾਂ, ਕਿਰਤੀਆਂ ਦੀ ਮੁਕਤੀ ਅਤੇ ਹੱਕਾਂ ਲਈ ਉੱਠੀ ਲਹਿਰ ਅਤੇ ਇਨਕਲਾਬੀ ਜਥੇਬੰਦੀਆਂ ਦੇ ਰਾਹਾਂ ਦਾ ਪਾਂਧੀ ਬਣ ਕ੍ਰਾਂਤੀਕਾਰੀ ਸੋਚ ਦਾ ਧਾਰਨੀ ਬਣ ਗਿਆ। ਕਿਰਤੀਆਂ ਅਤੇ ਕਿਸਾਨਾਂ ਦੀਆਂ ਦੇ ਹੱਕਾਂ ਲਈ ਸੰਘਰਸ਼ ਦੇ ਹਿੱਸੇਦਾਰ ਵਜੋਂ ਮਨ ਦੇ ਖ਼ਿਆਲਾਤ ਸ਼ਬਦਾਂ ਦੇ ਰੂਪ ਵਿੱਚ ਉੱਭਰ ਕੇ ਕਾਗਜ਼ ਤੇ ਆਪ ਮੁਹਾਰੇ ਉੱਕਰਨੇ ਸ਼ੁਰੂ ਹੋ ਗਏ। ਸੰਘਰਸ਼ਸ਼ੀਲ ਲੋਕਾਂ ਚੋਂ ਅਤੇ ਸੰਘਰਸ਼ਮਈ ਜੀਵਨ ਦੀ ਪੈਦਾਇਸ਼ ਇਹ ਕਵੀ ਜੋਗਿੰਦਰ ਸਿੰਘ ਖਹਿਰਾ 1947 ਦੇ ਬਟਵਾਰੇ ਦੀਆਂ ਵਧੀਕੀਆਂ ਅਤੇ ਪਹਾੜ ਵਰਗੇ ਦੁੱਖਾਂ ਦੇ ਝੰਬੇ ਖੂਨ ਦੀ ਅਗਲੀ ਪੀੜ੍ਹੀ ਹੈ, ਸਹਿਜੇ ਹੀ ਉਹਦਾ ਪੂੰਜੀਪਤੀਆਂ ਦੀ ਲੁੱਟ ਦਾ ਸ਼ਿਕਾਰ ਹੋਏ ਵਰਗ ਵੱਲ੍ਹ ਝੁਕਾਅ ਲਾਜ਼ਮੀ ਸੀ।

ਪੁਸਤਕ ਦੇ ਮੁੱਖ ਪਿਛਲੇ ਸਰਵਰਕ ਤੇ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਨੇ ਲੇਖਕ ਨੂੰ ਲਿਖਿਆ ਹੈ ਕਿ ਲੇਖਕ ਕਵਿਤਾ ਦੇ ਉਦੇਸ਼ ਅਤੇ ਨਿਯਮ ਆਪਣੇ ਉੱਪਰ ਲਾਗੂ ਕਰਦਾ ਹੈ। ਇਸੇ ਤਰ੍ਹਾਂ ਪਵਨ ਹਰਚੰਦਪੁਰੀ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਨੇ ਪੁਸਤਕ ਦੇ ਮੁੱਖ ਬੰਦ ਵਿਚ ਲੇਖਕ ਨੂੰ ਕ੍ਰਾਂਤੀਕਾਰੀ, ਇਨਕਲਾਬੀ ਅਤੇ ਲੋਕਪੱਖੀ ਸਮਾਜਵਾਦੀ ਸੰਕਲਪਾਂ ਦਾ ਹਮਾਇਤੀ ਲਿਖਿਆ ਹੈ।

ਹੱਥਲੀ ਪੁਸਤਕ "ਕੀਤਾ ਪਸਾਉ ਏਕੋ ਕਵਾਉ" ਕਾਵਿ ਸੰਗ੍ਰਹਿ ਉਸਦੀਆਂ ਅੰਦਰੂਨੀ ਹੂਕ ਦੀਆਂ ਉਪਜ ਕਾਵਿ ਰਚਨਾਵਾਂ ਹਨ।ਇਸ ਕਾਵਿ ਸੰਗ੍ਰਹਿ ਵਿਚ ਲੇਖਕ ਦੀਆਂ 52 ਕਾਵਿ ਰਚਨਾਵਾਂ ਸ਼ਾਮਿਲ ਹਨ,ਜੋ ਵੱਖ ਵੱਖ ਵਿਸ਼ਿਆਂ ਨੂੰ ਦਰਸਾਉਂਦੀਆਂ ਲੇਖਕ ਦੀ ਮਾਨਸਿਕ ਵੇਦਨਾ ਦਾ ਪ੍ਰਗਟਾਵਾ ਕਰਦੀਆਂ ਹਨ। ਲੇਖਕ ਨੇ ਪੁਸਤਕ ਨੂੰ ਸੰਘਰਸ਼ਸ਼ੀਲ ਲੋਕਾਂ ਦੇ ਨਾਂ ਸੰਦੇਸ਼ ਵਿੱਚ ਲਿਖਿਆ ਹੈ ਕਿ ਮੇਰੇ ਅੰਦਰਲੇ ਜ਼ਮੀਰ ਨੇ ਹਲੂਣਾ ਦਿੱਤਾ ਕਿ ਲੋਕ ਹਿਤਾਂ ਲਈ ਸੰਘਰਸ਼ਸੀਲ ਲੋਕਾਂ ਦੀ ਹਮਾਇਤ ਦਾ ਹਾਮੀ ਬਣਿਆ ਜਾਵੇ। ਉਹਨਾਂ ਆਪਣੇ ਵਿਦਿਆਰਥੀ ਜੀਵਨ, ਮੁਲਾਜ਼ਮਤ ਜੀਵਨ ਦੌਰਾਨ ਲੜੇ ਘੋਲਾਂ ਵਿੱਚ ਸ਼ਮੂਲੀਅਤ ਨੂੰ ਉਜਾਗਰ ਕੀਤਾ ਹੈ। ਆਪਣੀ ਕਵਿਤਾ ਫਰਿਆਦ ਵਿਚ ਉਸਨੇ ਆਪਣੇ ਮਨ ਦੀ ਆਵਾਜ਼ ਨਾਲ ਖ਼ੁਦਾ ਨੂੰ ਮੁਖ਼ਾਤਿਬ ਹੋ ਕੇ ਲਿਖਿਆ ਹੈ:

ਪੰਡ ਅੱਖਰਾਂ ਦੀ ਦੇਹ ਮੈਨੂੰ
ਸੱਚ ਦੀ ਗੱਲ ਮੈਂ ਲਿਖ ਸਕਾਂ
ਮਜ਼ਬੂਰੀ ਕਿਸਾਨ ਦੀ
ਮਜ਼ਦੂਰ ਦਾ ਪੱਖ ਦੱਸ ਸਕਾਂ...

ਇਸ ਪੁਸਤਕ ਦੀ ਪਹਿਲੀ ਕਵਿਤਾ ਹਰਫ਼ ਵਿਚ ਕਵੀਆਂ ਦੀ ਮਹਿਫ਼ਲ ਵਿਚ ਕਵਿਤਾਵਾਂ ਦੇ ਦੌਰ ਵਿੱਚ ਕਵਿਤਾ ਦੇ ਨਾਪਤੋਲ ਅਤੇ ਸ਼ਬਦਾਂ ਦੇ ਵਜ਼ਨ ਨੂੰ ਪ੍ਰਗਟਾਇਆ ਗਿਆ ਹੈ। ਕਵਿਤਾ ਮਾਂ ਵਿੱਚ ਕਵੀ ਜੋਗਿੰਦਰ ਸਿੰਘ ਖਹਿਰਾ ਆਪਣੀ ਮਾਂ ਦੇ ਕੀਤੇ ਅਹਿਸਾਨਾਂ ਨੂੰ ਨਾ ਚੁਕਾ ਸਕਣ ਤੋਂ ਅਸਮਰਥ ਅਹਿਸਾਸਾਂ ਨੂੰ ਬਿਆਨ ਕਰਦਿਆਂ ਲਿਖਦੇ ਹਨ:




ਕਿੱਦਾਂ ਚੁਕਾਵਾਂਗਾ ਤੇਰੇ ਦੁੱਧ ਦਾ ਕਰਜ਼ਾ ਮੈਂ ਮਾਂ
ਹੱਥਾਂ ਦੀਆਂ ਬਿਆਈਆਂ ਤੇਰੀਆਂ ਵਿਚ
ਪਿਘਲਾਂ ਮੋਮ ਬਣਕੇ, ਕਰਾਂ ਹੱਥੀਂ ਛਾਵਾਂ
ਵਿਹਲ ਹੈ ਕਿਥੇ ਫ਼ਸ ਗਿਆ ਹੈ
ਝਮੇਲਿਆਂ ਵਿਚ ਤੇਰਾ ਲਾਲ
ਮੇਰਾ ਰੱਬ ਤੂੰ, ਨਮਸਕਾਰ ਕਰਦਾ ਹਾਂ ਮੈਂ ਤੈਨੂੰ ਮਾਂ

ਮੌਜੂਦਾ ਸਮੇਂ ਦੀ ਬੇ ਲਗਾਅ ਹੋਈ ਪੀੜ੍ਹੀ ਦੇ ਹਾਲਾਤਾਂ ਨੂੰ ਕਵਿਤਾ ਅੱਜ ਦਾ ਪੁੱਤਰ ਵਿਚ ਨਿਵੇਕਲੇ ਢੰਗ ਨਾਲ ਦਰਸਾਇਆ ਗਿਆ ਹੈ। ਕਵਿਤਾ ਖੁਦਕੁਸ਼ੀ ਵਿੱਚ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਤੋਂ ਬਚਾਅ ਲਈ ਪ੍ਰੇਰਿਤ ਕਰਦਿਆਂ ਹਕੂਮਤ ਤੇ ਕਰਾਰੀ ਟਕੋਰ ਕੀਤੀ ਹੈ। ਵਿੱਦਿਆ ਵੀਚਾਰੀ ਕਵਿਤਾ ਵਿਚ ਕਾਰਪੋਰੇਟ ਘਰਾਣਿਆਂ ਵੱਲੋਂ ਪੜਾਈ ਦੇ ਵਪਾਰੀਕਰਨ ਦਾ ਪਰਦਾਫਾਸ਼ ਕੀਤਾ ਹੈ।

ਅਦਿੱਖ ਗੁਲਾਮੀ ਕਵਿਤਾ ਵਿੱਚ ਸਾਮਰਾਜਵਾਦੀ ਸ਼ਕਤੀਆਂ ਦੀ ਗੁਲਾਮੀ ਦੇ ਚੁੰਗਲ ਦੀ ਗੱਲ ਕੀਤੀ ਗਈ ਹੈ। ਜਿੱਥੇ ਅਨਪੜ੍ਹ ਲੋਕ ਪੜ੍ਹੇ ਲਿਖੇ ਲੋਕਾਂ ਉਪਰ ਹਕੂਮਤ ਕਰਦੇ ਅਤੇ ਕਾਨੂੰਨ ਘਾੜੇ ਬਣਦੇ ਹਨ, ਜਿਵੇਂ ਕਿ

ਸਮਾਜ ਦੀ ਖੁੱਲ੍ਹੀ ਮੰਡੀ ਵਿੱਚ
ਸੱਭਿਅਕ ਮਨੁੱਖ ਵਿਕ ਰਿਹਾ ਰੋਜ਼
ਡਾਕਟਰ ਇੰਜੀਨੀਅਰ ਹਰ ਤਰ੍ਹਾਂ ਦੀ ਡਿਗਰੀ ਵਾਲਿਆਂ ਦੀ
ਅਨਪੜ੍ਹ ਕਾਮਿਆਂ ਵਾਂਗੂੰ ਬੋਲੀ ਲੱਗਦੀ
ਕਾਰਪੋਰੇਟ ਕੰਪਨੀਆਂ ਦੀ ਮੰਡੀ ਵਿਚ ਰੋਜ਼
ਵਜ਼ੀਰ ਨੂੰ ਕਾਨੂੰਨ ਬਣਾਉਣ ਲਈ
ਨਹੀਂ ਡਿਗਰੀ ਦੀ ਕੋਈ ਲੋੜ

ਲੇਖਕ ਨੇ ਆਪਣੀ ਕਵਿਤਾ ਡੈਮੋਕਰੇਸੀ ਦਾ ਬੁਰਕਾ ਵਿਚ ਪੱਛਮੀ ਦੇਸ਼ਾਂ ਵੱਲੋਂ ਪੂਰਬੀ ਦੇਸ਼ਾਂ ਨੂੰ ਮੰਡੀ ਵਜੋਂ ਵਰਤਣ ਨੂੰ ਉਭਾਰਿਆ ਹੈ। ਲੇਖਕ ਕਵਿਤਾ ਫਰਕ ਦੇ ਰੰਗ ਵਿੱਚ ਮਿਹਨਤਕਸ਼ਾਂ ਦੀ ਤ੍ਰਾਸਦੀ ਨੂੰ ਬਿਆਨਦਾ ਹੈ ਅਤੇ ਕਿਰਤੀ ਲੋਕਾਂ ਦੀ ਕਿਰਤ ਉੱਪਰ ਐਸ਼ੋ ਇਸ਼ਰਤ ਦੀ ਜ਼ਿੰਦਗੀ ਬਤੀਤ ਕਰਦੇ ਪੂੰਜੀ ਪਤੀਆਂ ਅਤੇ ਕਿਰਤੀਆਂ ਦੀ ਗੁਰਬਤ ਭਰੀ ਜ਼ਿੰਦਗੀ ਦੇ ਫ਼ਰਕ ਨੂੰ ਦਰਸਾਉਂਦਾ ਹੈ। ਹਰ ਕਵਿਤਾ ਦੇ ਵਿਸ਼ੇ ਵਿੱਚ ਸਾਮਰਾਜਵਾਦ ਅਤੇ ਪੂੰਜੀਪਤੀਆਂ ਦੀਆਂ ਵਧੀਕੀਆਂ ਦਾ ਵਿਰੋਧ ਅਤੇ ਕਿਰਤੀ ਲੋਕਾਂ ਦੀ ਕਿਰਤ ਲਈ ਸੰਘਰਸ਼ਾਂ ਦੀ ਹਮਾਇਤ ਨੂੰ ਪੂਰਨ ਅਤੇ ਡਟਵੀਂ ਹਮਾਇਤ ਨਾਲ ਪੱਖ ਪੂਰਨ ਦੀ ਯਤਨਸ਼ੀਲਤਾ ਹੈ।

ਇਸੇ ਤਰ੍ਹਾਂ ਕਵੀ ਨੇ ਭੁੱਲੜ ਪੰਜਾਬ ਕਵਿਤਾ ਵਿੱਚ ਲੋਕਾਂ ਵੱਲੋਂ ਅਧਿਆਤਮਵਾਦੀ ਉਪਦੇਸ਼ਾਂ, ਭਗਤਾਂ, ਗੁਰੂਆਂ ਦੀ ਬਾਣੀ ਦੀ ਨਜ਼ਰ ਅੰਦਾਜ਼ੀ ਕਰਕੇ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਵਿਸਾਰਨ ਦੀ ਗੱਲ ਕੀਤੀ ਹੈ। ਜਾਗੋ ਲੋਕੋ ਕਵਿਤਾ ਵਿੱਚ ਪਾਖੰਡਵਾਦ, ਅੰਧਵਿਸ਼ਵਾਸ,ਕਰਮ ਕਾਂਡਾਂ ਦਾ ਡਟਵਾਂ ਵਿਰੋਧ ਦਰਸਾਉਣ ਦੀ ਕੋਸ਼ਿਸ਼ ਹੈ ਅਤੇ "ਸੁੱਚੀ ਕਿਰਤ ਕਮਾਈ ਤੇ ਮਨੁੱਖਤਾ ਦੀ ਪੂਜਾ, ਇਸ ਤੋਂ ਵੱਡਾ ਕੋਈ ਧਰਮ ਨਾ ਦੂਜਾ।।" ਉੱਪਰ ਅਮਲ ਕਰਨ ਤੇ ਜ਼ੋਰ ਦਿੱਤਾ ਗਿਆ ਹੈ।

ਸਿਆਸਤ ਜੋਂ ਜਵਾਨੀ ਖਾ ਗਈ ਕਵਿਤਾ ਵਿਚ ਲੇਖਕ ਨੇ ਸਿਆਸਤਦਾਨਾਂ ਦੀਆਂ ਕੋਝੀਆਂ ਹਰਕਤਾਂ ਅਤੇ ਵੋਟਾਂ ਦੇ ਬੈਂਕ ਪੱਕੇ ਕਰਨ ਦੀਆਂ ਲੂੰਬੜਚਾਲਾਂ ਚਾਲਾਂ ਦੇ ਜ਼ਰੀਏ ਪੰਜਾਬ ਦੀ ਜਵਾਨੀ, ਕਿਸਾਨੀ ਅਤੇ ਕਿਰਤੀ ਸਮਾਜ ਦੀ ਨਜ਼ਰ ਅੰਦਾਜ਼ੀ ਦਾ ਵਰਣਨ ਕੀਤਾ ਹੈ। ਟਿੱਕਰੀ, ਸ਼ੰਭੂ, ਖਨੌਰੀ, ਸਿੰਘੂ ਬਾਰਡਰਾਂ ਤੇ ਕਿਸਾਨੀ ਸੰਘਰਸ਼ਮਈ ਧਰਨਿਆਂ ਨੂੰ ਇਸ ਪੁਸਤਕ ਵਿੱਚ ਕਵਿਤਾਵਾਂ ਦੇ ਰੂਪ ਵਿੱਚ ਪਾਠਕਾਂ ਤੱਕ ਪੁੱਜਦਾ ਕਰਨ ਲਈ ਸ਼ਾਮਲ ਕੀਤਾ ਗਿਆ ਹੈ। ਆਸ਼ਕ ਹਾਂ ਕਵਿਤਾ ਵਿੱਚ ਉਹ ਇਨਕਲਾਬ ਕ੍ਰਾਂਤੀਆਂ, ਧਾਰਮਿਕ ਕ੍ਰਾਂਤੀਆਂ, ਸਮਾਜਿਕ ਕ੍ਰਾਂਤੀਆਂ ਵਿਚ ਕ੍ਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਹਨਾਂ ਹੀ ਰਸਤਿਆਂ ਉੱਪਰ ਚੱਲਣ ਲਈ ਸੰਕਲਪ ਦ੍ਰਿੜ ਅਤੇ ਅਹਿਦ ਮੰਦ ਹੁੰਦਾ ਹੈ। ਪੁਸਤਕ ਦੀ ਨਾਮਵਰ ਕਵਿਤਾ "ਕੀਤਾ ਪਸਾਉ ਏਕੋ ਕਵਾਉ" ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ, ਨੈਤਿਕ, ਸਮਾਜ ਸੁਧਾਰਕ ਅਤੇ ਕ੍ਰਾਂਤੀਕਾਰੀ ਕਾਰਜਾਂ ਨੂੰ ਸਮਰਪਿਤ ਹੈ।

ਪੁਸਤਕ ਦੀਆਂ ਰਚਨਾਵਾਂ ਲੇਖਕ ਦੀ ਸਮਾਜ ਸਾਰਥਕ ਅਤੇ ਚਿੰਤਕ ਸੋਚ ਦੀ ਸ਼ਾਹਦੀ ਭਰਦੀਆਂ ਹਨ।

**ਇੰਜੀ ਸਤਨਾਮ ਸਿੰਘ ਮੱਟੂ**
**9779708257**

# ਜਰਨੈਲ ਨੰਗਲ ਨੇ ਕੀਤੀ ਇੰਪਰੂਵਮੈਂਟ ਟਰੱਸਟ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕਰ ਟਰੱਸਟ ਦੇ ਕੰਮਾਂ ਦਾ ਲਿਆ ਜਾਇਜ਼ਾ



**ਫਗਵਾੜਾ (ਬੀ. ਕੇ. ਰੱਤੂ)** ਅੱਜ ਇਮਪਰੂਵਮੈਂਟ ਟਰੱਸਟ ਫਗਵਾੜਾ ਦੀ ਇੱਕ ਅਹਿਮ ਮੀਟਿੰਗ ਟਰੱਸਟ ਦੇ ਚੇਅਰਮੈਨ ਜਰਨੈਲ ਨੰਗਲ ਦੀ ਪ੍ਰਧਾਨਗੀ ਹੇਠ ਟਰੱਸਟ ਦੇ ਦਫਤਰ ਵਿਖੇ ਹੋਈ। ਜਿਸ ਵਿੱਚ ਟਰੱਸਟ ਦੇ ਮੈਂਬਰ ਸੰਤੋਸ਼ ਕੁਮਾਰ ਗੋਗੀ ਵੀ ਸ਼ਾਮਿਲ ਹੋਏ।

ਜਾਣਕਾਰੀ ਦਿੰਦੇ ਹੋਏ ਜਰਨੈਲ ਨੰਗਲ ਨੇ ਦੱਸਿਆ ਕਿ ਉਹਨਾਂ ਦੀ ਇਹ ਪਹਿਲੀ ਮੀਟਿੰਗ ਸੀ ਜਿਸ ਟਰੱਸਟ ਦੇ ਕੰਮਾਂ ਦਾ ਜਾਇਜ਼ਾ ਲਿਆ ਗਿਆ ਅਤੇ ਨਵੇਂ ਪ੍ਰੋਜੈਕਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਉਹਨਾਂ ਕਿਹਾ ਕਿ ਟਰੱਸਟ ਨਾਲ ਸਬੰਧਿਤ ਲੋਕਾਂ ਦਾ ਕੋਈ ਵੀ ਕੰਮ ਲਟਕਾਇਆ ਨਹੀਂ ਜਵੇਂਗਾ। ਲੋਕਾਂ ਨੂੰ ਖੱਜਲ ਖੁਆਰ ਨਹੀਂ ਹੋਣ ਦਿੱਤਾ ਜਾਵੇਂਗਾ । ਉਹਨਾਂ ਇਹ ਵੀ ਦੱਸਿਆ ਕਿ ਟਰੱਸਟ ਵਲੋਂ ਜਲਦੀ ਹੀ ਸ਼ਹਿਰ ਨੂੰ ਇੱਕ ਵੱਡਾ ਨਵਾਂ ਪ੍ਰੋਜੈਕਟ ਦਿੱਤਾ ਜਵੇਂਗਾ।

# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵੱਲੋਂ ਗੁਰੂ ਸਾਹਿਬਾਨਾਂ ਦਾ ਅਵਤਾਰ ਪੁਰਬ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ




ਸੰਤ ਜੀਤ ਦਾਸ ਜੀ ਕੀਰਤਨ ਕਰਦੇ ਹੋਏ



ਭਾਈ ਸੁਖਵਿੰਦਰ ਸਿੰਘ ਜੀ ਜਲੰਧਰ ਵਾਲਿਆਂ ਦਾ ਜੱਥਾ



ਗੁਰੂ ਘਰ ਦਾ ਜੱਥਾ ਭਾਈ ਦਿਲਬਾਗ ਸਿੰਘ, ਭਾਈ ਰੂਪ ਸਿੰਘ ਅਤੇ ਭਾਈ ਸਰਬਜੀਤ ਸਿੰਘ ਜੀ ਕੀਰਤਨ ਕਰਦੇ ਹੋਏ




ਸਟੇਜ ਸਾਂਝੀ ਕਰਦੇ ਹੋਏ ਬਲਵਿੰਦਰ ਭੌਰਾ ਜੀ




ਪਵਨ ਕੁਮਾਰ ਟੀਨੂੰ ਜੀ ਸਪੋਕਸ ਪਰਸਨ ਆਪ ਪਾਰਟੀ ਤੇ ਸਾਬਕਾ ਐਮ. ਐਲ. ਸੰਗਤਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ




ਰੇਡੀਓ ਪੰਜਾਬ ਟੂਡੇ ਦੇ ਬਾਨੀ ਤੇ ਹੋਸਟ ਸਵਰਨ ਸਿੰਘ ਦਾਨੇਵਾਲੀਆ ਜੀ ਇੰਡੀਆ ਤੋਂ ਆਏ ਵਿਸ਼ੇਸ਼ ਹਾਜ਼ਰੀ ਭਰੀ




ਗੁਰਦਿਆਲ ਸਿੰਘ ਜੱਬੋਵਾਲ ਜੀ ਨਿਊਜਰਸੀ



ਸ੍ਰੀ ਪਵਨ ਕੁਮਾਰ ਟੀਨੂੰ ਨੂੰ ਸਿਰੋਪਾ ਤੇ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ ਪ੍ਰਬੰਧਕ



ਕੀਰਤਨ ਦਾ ਅਨੰਦ ਮਾਣ ਰਹੀਆਂ ਸੰਗਤਾਂ



ਸੁਖਮਨੀ ਸਾਹਿਬ ਦੇ ਜਾਪ ਆਪਣੀ ਪਿਆਰੀ ਦੋਹਤੀ "ਮਹਿਨੂਰ ਕੌਰ ਹੀਰਾ " ਦੇ ਜਨਮ ਦਿਨ ਮਨਾਉਂਦਿਆਂ ਕਰਵਾਏ । ਨਾਨਾ ਕੈਪਟਨ ਬਲਵੀਰ ਸਿੰਘ ਤੇ ਸਮੂਹ ਪਰਿਵਾਰ ਸਿਰੋਪਾ ਗ੍ਰਹਿਣ ਕਰਦੇ ਹੋਏ



ਰੇਡੀਓ ਹੋਸਟ ਸਵਰਨ ਸਿੰਘ ਦਾਨੇਵਾਲੀਆ ਸਨਮਾਨਿਤ ਕਰਦੇ ਹੋਏ ਪ੍ਰਬੰਧ


**ਨਿਊਯਾਰਕ (ਬਲਵਿੰਦਰ ਭੌਰਾ)** ਬੀਤੀ 4 ਮਈ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਰਜੁਨ ਦੇਵ ਜੀ, ਸ਼੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਤੇ ਸਤਿਗੁਰੂ ਧੰਨਾ ਜੀ ਸਮੂਹ ਗੁਰੂ ਸਾਹਿਬਾਨਾਂ ਦਾ ਅਵਤਾਰ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ ਆਸਾਂ ਦੀ ਵਾਰ ਦਾ ਕੀਰਤਨ ਉਪਰੰਤ ਸੁਖਮਨੀ ਸਾਹਿਬ ਦੇ ਜਾਪ ਸੰਪੂਰਨ ਹੋਣ ਉਪਰੰਤ ਕੀਰਤਨ ਦਰਬਾਰ ਦੀ ਆਰੰਭਤਾ ਹੋਈ । ਕੀਰਤਨ ਦਰਬਾਰ ਇੰਡੀਆ ਤੋਂ ਗੁਰੂ ਘਰ ਵਿਖੇ ਵਿਸ਼ੇਸ਼ ਤੌਰ ਤੇ ਆਏ ਸੰਤ ਜੀਤ ਦਾਸ ਜੀ ਮਾਹਲ ਗੈਹਿਲਾਂ ਵਾਲਿਆ ਨੇ ਆਪਣੀ ਰਸਭਿੰਨੀ ਰਸਨਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ, ਗਿਆਨੀ ਪ੍ਰਿਤਪਾਲ ਸਿੰਘ ਜੀ ਨੇ ਨਾਲ ਦੀ ਨਾਲ ਨਿਵੇਕਲੇ ਢੰਗ ਨਾਲ ਕਥਾ ਵਿਚਾਰ ਕੀਤੀ । ਉਪਰੰਤ ਇੰਡੀਆ ਤੋ ਆਏ ਸਾਬਕਾ ਐਮ।ਐਲ।ਏ ਆਦਮਪੁਰ ਅਤੇ ਮੌਜੂਦਾ ਸੀਨੀਅਰ ਸਪੋਕਸ ਪਰਸਨ ਆਮ ਆਦਮੀ ਪਾਰਟੀ ਸ੍ਰੀ ਪਵਨ ਕੁਮਾਰ ਟੀਨੂੰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮੈਨੂੰ ਇੱਥੇ ਆ ਕੇ ਬਹੁਤ ਚੰਗਾ ਲੱਗਿਆ ਜੋ ਤੁਸੀਂ ਸਾਰੇ ਹਰ ਐਤਵਾਰ ਇਕੱਠੇ ਹੋ ਕੇ ਪ੍ਰੋਗਰਾਮ ਕਰਦੇ ਹੋਏ ਆਪਣੇ ਗੁਰੂਆਂ ਦਾ ਗੁਣ ਗਾਇਨ ਕਰਦੇ ਹੋ । ਉਨ੍ਹਾਂ ਭਾਈ-ਚਾਰੇ ਨੂੰ ਵਿਸ਼ਾਲ ਪੱਧਰ ਤੇ ਭਾਈਚਾਰਕ ਸਾਂਝ ਲਈ ਵੀ ਪ੍ਰੇਰਿਆ । ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸਿਰੋਪਾ ਤੇ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ । ਇਸਤੋਂ ਬਾਅਦ ਪ੍ਰਸਿੱਧ ਰਾਗੀ ਜਥੇ ਭਾਈ ਸੁਖਵਿੰਦਰ ਸਿੰਘ ਜਲੰਧਰ ਵਾਲਿਆਂ ਨੇ "ਤੋਹੀ ਮੋਹੀ , ਮੋਹੀ ਤੋਹੀ "ਸਬਦ ਤੋਂ ਇਲਾਵਾ ਹੋਰ ਪਾਵਨ ਬਾਣੀ ਦੇ ਸ਼ਬਦ ਗਾਇਨ ਕੀਤੇ । ਨਿਊਜਰਸੀ ਸਟੇਟ ਤੋਂ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਮੁਖੀ ਗੁਰਦਿਆਲ ਸਿੰਘ ਜੱਬੋਵਾਲ ਜੀ ਨੇ 27 ਅਪ੍ਰੈਲ ਵਾਲੇ ਦਿਨ ਜੋ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਸੀ ਉਸ ਵਿੱਚ ਨਿਊਯਾਰਕ ਦੀਆਂ ਸੰਗਤਾਂ ਵੱਲੋਂ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਵੱਲੋਂ ਜੋ ਭਰਵਾਂ ਸਹਿਯੋਗ ਦਿੱਤਾ ਸੀ ਧੰਨਵਾਦ ਕੀਤਾ ਅਤੇ ਉਨ੍ਹਾਂ ਉਚੇਚੇ ਤੌਰ ਮਾਫ਼ੀ ਮੰਗਦਿਆਂ ਕਿਹਾ ਕਿ ਬੋਲਦਿਆਂ ਸੇਵਾ ਕਰਦਿਆਂ ਸਾਡੇ ਕੋਲੋਂ ਅਣਜਾਣੇ ਵਿੱਚ ਜੋ ਵੀ ਭੁੱਲ ਹੋਈ ਹੈ ਉਸ ਲਈ ਖਿਮਾ ਯਾਚਨਾ ਦੀ ਉਮੀਦ ਕਰਦਾ ਹਾਂ । ਭਵਿੱਖ ਵਿੱਚ ਇਹ ਗਲਤੀ ਨਹੀਂ ਦੁਹਰਾਈ ਜਾਵੇਗੀ । ਇੰਡੀਆ ਤੋ ਆਪਣੇ ਨਾਰਥ ਅਮੈਰਕਾ ਦੀ ਫੇਰੀ ਤੇ ਆਏ "ਰੇਡੀਓ ਪੰਜਾਬ ਟੂਡੇ "ਦੇ ਬਾਨੀ ਅਤੇ ਹੋਸਟ ਸਵਰਨ ਸਿੰਘ ਦਾਨੇਵਾਲੀਆ ਨੇ ਵੀ ਹਾਜ਼ਰੀ ਲਵਾਈ ਤੇ ਬੋਲਦਿਆਂ ਕਿਹਾ ਕਿ ਕੁੱਝ ਬਾਹਰ ਬੈਠੇ ਸ਼ਰਾਰਤੀ ਸੋਚ ਵਾਲੇ ਲੋਕ ਪੰਜਾਬ ਵਿੱਚ ਵਸਦੇ ਪੰਜਾਬੀਆਂ ਦੀ ਭਾਈਚਾਰਕ ਸਾਂਝ ਵਿੱਚ ਖਟਾਸ ਪੈਦਾ ਕਰ ਰਹੇ ਹਨ, ਉਨ੍ਹਾਂ ਕਰੜੇ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਆ ਕੇ ਬੋਲੋ ਜੇ ਹਿੰਮਤ ਹੈ ਤਾਂ ਫੇਰ ਪੰਜਾਬ ਵਾਲੇ ਜਵਾਬ ਦੇਣਗੇ , ਗੁਰੂ ਘਰ ਦੀ ਕਮੇਟੀ ਨੇ ਦਾਨੇਵਾਲੀਆ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ । ਸਾਰਾ ਦਿਨ ਸੁਆਦਲੇ ਲੰਗਰਾਂ ਦੇ ਪ੍ਰਵਾਹ ਨਿਰੰਤਰ ਤੇ ਨਿਰਵਿਘਨ ਚਲਦੇ ਰਹੇ । ਸਮੂਹ ਸੇਵਾਦਾਰਾਂ ਨੇ ਤਨਦੇਹੀ ਨਾਲ ਸੇਵਾ ਕੀਤੀ ਅਤੇ ਨੌਜਵਾਨ ਸਭਾ ਨਿਊਯਾਰਕ ਦੇ ਸੇਵਾਦਾਰਾਂ ਨੇ ਫਰੂਟ ਚਾਟ , ਜੂਸ ਅਤੇ ਦੁੱਧ ਸੋਡੇ ਦੀ ਛਬੀਲ ਤੇ ਸੇਵਾ ਨਿਭਾਈ ।ਸਮਾਗਮ ਦੇ ਅੰਤਲੇ ਪੜਾਅ ਵਿੱਚ ਗੁਰੂ ਘਰ ਦੇ ਜਥੇ ਭਾਈ ਦਿਲਬਾਗ ਸਿੰਘ, ਭਾਈ ਰੂਪ ਸਿੰਘ ਤੇ ਭਾਈ ਸਰਬਜੀਤ ਸਿੰਘ ਨੇ ਸ਼ਬਦ ਗਾਇਨ ਕੀਤੇ ਤੇ ਆਨੰਦ ਸਾਹਿਬ ਦੇ ਜਾਪ ਉਪਰੰਤ ਬਾਬਾ ਬ੍ਰਹਮ ਦਾਸ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਸਾਰੇ ਪ੍ਰੋਗਰਾਮ ਦਾ ਸੰਚਾਲਨ ਸੈਕਟਰੀ ਬਲਵਿੰਦਰ ਭੌਰਾ ਨੇ ਹਰ ਵਾਰ ਦੀ ਤਰਾਂ ਜ਼ਿੰਮੇਵਾਰੀ ਨਾਲ ਨਿਭਾਉਂਦਿਆਂ ਸਮੂਹ ਸੰਗਤਾਂ ਦੀ ਭਰਵੀਂ ਹਾਜ਼ਰੀ ਲਈ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵੱਲੋਂ ਗੁਰੂ ਸਾਹਿਬਾਨਾਂ ਦਾ ਅਵਤਾਰ ਪੁਰਬ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ



ਨੌਜਵਾਨ ਸਭਾ ਨਿਊਯਾਰਕ ਦੇ ਮੈਂਬਰ ਦੁੱਧ ਸੋਡੇ ਦੀ ਛਬੀਲ, ਫਰੂਟ ਚਾਟ ਤੇ ਤਾਜ਼ੇ ਜੂਸ ਦੀ ਸੇਵਾ ਕਰਦੇ ਹੋਏ


ਲੰਗਰ ਹਾਲ ਵਿੱਚ ਲੰਗਰ ਛੱਕ ਰਹੀਆਂ ਸੰਗਤਾਂ


ਬਰਤਨ ਸਾਫ਼ ਕਰਨ ਦੀ ਸੇਵਾ ਕਰ ਰਹੇ ਸੇਵਾਦਾਰ


ਲੰਗਰਾਂ ਲਈ ਸਾਫ਼ ਬਰਤਨਾਂ ਦੀ ਸੇਵਾ






ਕਿਚਨ ਵਿੱਚ ਲੰਗਰ ਬਣਾਉਣ ਦੀ ਸੇਵਾ ਕਰ ਰਹੀਆਂ ਸੰਗਤਾਂ




ਕਿਚਨ ਵਿੱਚ ਲੰਗਰ ਬਣਾਉਣ ਦੀ ਸੇਵਾ ਕਰ ਰਹੀਆਂ ਸੰਗਤਾਂ



# ਡਾ. ਅੰਬੇਡਕਰ ਨੇ ਬੁੱਧ ਧਰਮ ਹੀ ਕਿਉਂ ਅਪਣਾਇਆ !



ਡਾ. ਜੀ. ਸੀ. ਕੌਲ ਪੀ.ਐਚ.ਡੀ
91-94632-23223

ਡਾ. ਅੰਬੇਡਕਰ ਦੁਨੀਆਂ ਦੇ ਕੁਝ ਇਕ ਮਹਾਨ ਚਿੰਤਕਾਂ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰਨ ਵਾਲੇ ਮਹਾਨ ਵਿਚਾਰਵਾਨ ਸਨ। ਉਹਨਾਂ ਦਾ ਦੁਖਾਂਤ ਇਹ ਰਿਹਾ ਕਿ ਉਹ ਭਾਰਤ ਦੇ ਅਜਿਹੇ ਵਰਗ ਵਿਚ ਪੈਦਾ ਹੋਏ, ਜਿਸਨੂੰ ਇਸ ਦੇਸ਼ ਵਿਚ ਸਦੀਆਂ ਪਹਿਲਾਂ ਆਏ ਯੂਰੇਸ਼ਿਆਈ ਬ੍ਰਾਹਮਣਾਂ ਨੇ ਅਤੀ ਸ਼ੂਦਰ, ਅਛੂਤ ਅਤੇ ਭ੍ਰਿਸ਼ਟਿਆ ਹੋਇਆ ਐਲਾਨਿਆ ਹੋਇਆ ਸੀ। ਇਹੀ ਕਾਰਨ ਹੈ ਕਿ ਉਹਨਾਂ ਦੀਆਂ ਲਿਖਤਾਂ ਅਤੇ ਵਿਚਾਰਧਾਰਾ ਦੇ ਅਧਿਐਨ ਵੱਲ ਵਿਸ਼ੇਸ਼ ਤਵੱਜੋ ਨਹੀਂ ਦਿੱਤੀ ਗਈ। ਪਰ ਅਜੋਕੇ ਯੁੱਗ ਵਿਚ ਜਿਵੇਂ-ਜਿਵੇਂ ਉਹਨਾਂ ਦੇ ਫਲਸਫੇ ਦਾ ਵਿਸ਼ਲੇਸ਼ਣ ਹੋ ਰਿਹੈ, ਤਿਵੇਂ-ਤਿਵੇਂ ਅੱਜ ਸਮੁੱਚੇ ਵਿਸ਼ਵ ਦੇ ਬੁੱਧੀਜੀਵੀ ਉਹਨਾਂ ਦੇ ਵਿਸ਼ਾਲ ਅਧਿਐਨ, ਚਿੰਤਨ ਅਤੇ ਹਰ ਮਾਨਵੀ ਸਮੱਸਿਆ ਪ੍ਰਤੀ ਉਹਨਾਂ ਦੀ ਗਹਿਰੀ, ਤੀਖਣ ਤੇ ਸੂਖਮ ਸੋਚ ਅਤੇ ਸਮਾਧਾਨ ਦੇ ਕਾਇਲ ਹੋ ਰਹੇ ਹਨ।

ਬਾਲਪਣ ਤੋਂ ਹੀ ਉਹਨਾਂ ਨੂੰ ਬੇਪਨਾਹ ਅਪਮਾਨ ਦਾ ਸਾਹਮਣਾ ਕਰਨਾ ਪਿਆ। ਪਰ ਆਪਣੀ ਸਖਤ ਮਿਹਨਤ, ਲਗਨ, ਸਵੈ-ਵਿਸ਼ਵਾਸ, ਮਜ਼ਬੂਤ ਅਤੇ ਦ੍ਰਿੜ੍ਹ ਇੱਛਾ-ਸ਼ਕਤੀ ਅਤੇ ਇਰਾਦੇ ਅਧੀਨ ਉਹਨਾਂ ਨੇ ਵਿਸ਼ਵ ਪ੍ਰਸਿੱਧ ਸਮਾਜ ਤੇ ਸਿੱਖਿਆ ਸ਼ਾਸਤਰੀ, ਆਰਥਿਕ ਮਾਹਿਰ, ਕਾਨੂੰਨਦਾਨ, ਲੇਖਕ, ਪ੍ਰੋਫੈਸਰ, ਵਕੀਲ, ਅਸਮਾਨਤਾ ਖਤਮ ਕਰਨ ਵਾਲੇ ਯੋਧੇ ਅਤੇ ਇਸਤਰੀ ਤੇ ਅਛੂਤ ਵਰਗ ਦੇ ਮੁਕਤੀਦਾਤਾ ਵਜੋਂ ਆਪਣੀ ਵੱਖਰੀ ਤੇ ਵਿਸ਼ੇਸ਼ ਪਹਿਚਾਣ ਬਣਾਈ।

ਭਾਰਤ ਦੀ ਸਮਾਜਿਕ ਬਣਤਰ ਦੇ ਗਹਿਰੇ ਅਧਿਐਨ ਉਪਰੰਤ ਉਹਨਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਭਾਰਤ ਦੇ ਕਰੋੜਾਂ ਪੀੜਤ ਤੇ ਸ਼ੋਸ਼ਿਤ ਅਛੂਤ ਹਿੰਦੂ ਨਹੀਂ ਹਨ, ਬ੍ਰਾਹਮਣਵਾਦ ਨੇ ਜ਼ਬਰਦਸਤੀ ਇਹ ਵਿਚਾਰਧਾਰਾ ਇਹਨਾਂ ਉਪਰ ਠੋਸੀ ਹੋਈ ਹੈ। ਸਦੀਆਂ ਤੋਂ ਪੀੜਾ ਭੋਗ ਰਿਹਾ ਇਹ ਬਹਿਸ਼ਕ੍ਰਿਤ ਸਮਾਜ ਆਪਣੇ ਮੂਲ ਨੂੰ ਭੁੱਲ ਕੇ ਮਨੂੰਵਾਦ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਿਹਾ ਹੈ। ਬਰਤਾਨਵੀ ਰਾਜ ਅਧੀਨ ਆਪਣੀ ਨਫਰੀ ਵਧਾਉਣ ਲਈ ਹਿੰਦੂਆਂ ਵੱਲੋਂ ਅਛੂਤਾਂ ਨੂੰ ਆਪਣਾ ਅੰਗ ਦਰਸਾ ਕੇ ਸਰਕਾਰੇ, ਦਰਬਾਰੇ ਸ਼ਕਤੀ ਪ੍ਰਾਪਤ ਕਰਨ ਦਾ ਢੌਂਗ ਰਚਿਆ ਗਿਆ ਹੈ। ਆਪ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਿਮ੍ਰਿਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਸ਼ੂਦਰਾਂ ਤੇ ਲਾਈਆਂ ਗਈਆਂ ਪਾਬੰਦੀਆਂ ਅਤੇ ਨਿਸ਼ੇਧ ਕਾਰਜਾਂ ਅਧੀਨ ਅਛੂਤ ਕਦੇ ਵੀ ਹਿੰਦੂ ਵਜੋਂ ਮਾਨਵੀ ਹੱਕ ਪ੍ਰਾਪਤ ਨਹੀਂ ਕਰ ਸਕਦੇ। ਮਹਾਰਾਸ਼ਟਰ ਸਰਕਾਰ ਵੱਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਕਾਰਜਾਂ ਸਬੰਧੀ ਪ੍ਰਕਾਸ਼ਿਤ ਲੱਗਭੱਗ ਦੋ ਦਰਜਨ ਜਿਲਦਾਂ ਵਿਚ ਉਹਨਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ।

ਬਾਬਾ ਸਾਹਿਬ ਅਛੂਤਾਂ ਅੰਦਰ ਸਭਿਆਚਾਰਕ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ। ਜਿਸ ਬ੍ਰਾਹਮਣਵਾਦੀ, ਰੂੜ੍ਹੀਵਾਦੀ ਚਿੰਤਨ ਨੇ ਸਦੀਆਂ ਤੋਂ ਅਛੂਤਾਂ ਨੂੰ ਗੁਲਾਮ ਬਣਾਈ ਰੱਖਿਆ ਸੀ, ਉਸਦਾ ਤਿਆਗ ਕਰਵਾ ਕੇ ਆਪ ਨਵੀਂ ਸੋਚ, ਨਵੀਂ ਰੌਸ਼ਨੀ ਅਤੇ ਨਵੇਂ ਆਦਰਸ਼ ਸਥਾਪਤ ਕਰਨਾ ਚਾਹੁੰਦੇ ਸਨ। ਡਾ. ਅੰਬੇਡਕਰ ਨੇ ਸਪਸ਼ਟ ਕਿਹਾ ਕਿ ਮੇਰਾ ਇਕ ਮਿਸ਼ਨ ਹੈ, ਇਹ ਮਿਸ਼ਨ ਹੈ ਲੋਕਾਂ ਤੋਂ ਪੁਰਾਣਾ ਰੂੜ੍ਹੀਵਾਦੀ ਦਰਸ਼ਨ ਛੁਡਾ ਕੇ ਉਹਨਾਂ ਨੂੰ ਬੁੱਧੀਵਾਦ ਤੇ ਨੈਤਿਕਤਾ ਦੇ ਮਾਰਗ 'ਤੇ ਚਲਾਉਣਾ। ਹਿੰਦੂ ਜਿਸਨੂੰ ਧਰਮ ਕਹਿੰਦੇ ਹਨ, ਉਹ ਹੁਕਮਨਾਮਿਆਂ ਅਤੇ ਪਾਬੰਦੀਆਂ ਦੀ ਵੰਡ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਸ ਤਰ੍ਹਾਂ ਅੰਬੇਡਕਰਵਾਦ ਇਕ ਅਗਾਂਹਵਧੂ ਜੀਵਨ ਮਾਰਗ ਹੈ, ਇਸਦਾ ਫਿਰਕੂ ਤੇ ਪਿਛਾਂਹ ਖਿੱਚੂ ਤਾਕਤਾਂ ਨਾਲ ਟਕਰਾਅ ਹੈ। ਬਾਬਾ ਸਾਹਿਬ ਦਾ ਕਥਨ ਸੀ ਕਿ ਮੈਂ ਹਰ ਉਸ ਸਿਧਾਂਤ ਨੂੰ ਰੱਦ ਕਰਦਾ ਹਾਂ, ਜਿਹੜਾ ਤਰਕ ਦੀ ਕਸੌਟੀ 'ਤ ਪੂਰਾ ਨਾ ਉਤਰੇ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੋਵੇ।

13 ਅਕਤੂਬਰ 1935 ਨੂੰ ਯਿਓਲਾ, ਜ਼ਿਲ੍ਹਾ ਨਾਗਪੁਰ (ਮਹਾਰਾਸ਼ਟਰ) ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋਏ ਦੱਬੀਆਂ-ਦਰੜੀਆਂ ਜਾਤਾਂ ਦੇ ਜਨ-ਪ੍ਰਤੀਨਿਧੀਆਂ ਦੀ ਵਿਸ਼ਾਲ ਕਾਨਫਰੰਸ ਵਿਚ ਡਾ. ਅੰਬੇਡਕਰ ਨੇ ਐਲਾਨ ਕੀਤਾ ਕਿ ਬਦਕਿਸਮਤੀ ਨਾਲ ਉਹ ਹਿੰਦੂ ਪੈਦਾ ਹੋਏ, ਪਰ ਉਹ ਇਕ ਹਿੰਦੂ ਵਜੋਂ ਮਰਨਗੇ ਨਹੀਂ। ਉਹਨਾਂ ਸਪਸ਼ਟ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਦਾ ਤਿਆਗ ਕਰਨਗੇ।

ਡਾ. ਅੰਬੇਡਕਰ ਦੇ ਇਸ ਐਲਾਨ ਉਪਰੰਤ ਭਾਰਤ ਵਿਚ ਵਿਚਰਦੇ ਵਿਭਿੰਨ ਧਰਮ-ਅਚਾਰੀਆਂ ਨੇ ਉਹਨਾਂ ਨਾਲ ਸੰਪਰਕ ਸਾਧ ਕੇ ਆਪਣੇ ਧਰਮ ਦੀ ਵਿਸ਼ੇਸ਼ਤਾ ਅਤੇ ਅਛੂਤਾਂ ਪ੍ਰਤੀ ਸਮਾਨ ਵਿਵਹਾਰ ਦੀ ਚੇਸ਼ਟਾ ਦਰਸਾਉਂਦਿਆਂ ਅਛੂਤਾਂ ਨੂੰ ਉਹਨਾਂ ਦੇ ਧਰਮ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ। ਕੁਝ ਇਕ ਨੇ ਉਹਨਾਂ ਨੂੰ ਸਬਜ਼ਬਾਗ ਵੀ ਦਿਖਾਏ ਅਤੇ ਸਹਾਇਤਾ ਲਈ ਕਈ ਪੇਸ਼ਕਸ਼ਾਂ ਵੀ ਕੀਤੀਆਂ। ਇਹ ਧਰਮ ਅਚਾਰੀਆ ਇਸ ਭੁਲੇਖੇ ਵਿਚ ਸਨ ਕਿ ਇਸ ਐਲਾਨ ਪਿੱਛੇ ਸ਼ਾਇਦ ਡਾ. ਅੰਬੇਡਕਰ ਦਾ ਨਿੱਜੀ ਸਵਾਰਥ ਹੈ। ਪਰ ਬਾਬਾ ਸਾਹਿਬ ਦੇ ਸਾਹਮਣੇ ਤਾਂ ਹਜ਼ਾਰਾਂ ਸਾਲਾਂ ਤੋਂ ਪੀੜਾ ਭੋਗ ਰਹੇ ਅਛੂਤਾਂ ਦੇ ਭਵਿੱਖ ਦਾ ਸਵਾਲ ਸੀ। ਉਹ ਇਕ ਅਤੀ ਹੰਢੇ ਵਰਤੇ ਚਿੰਤਕ ਸਨ, ਇਸ ਲਈ ਉਹ ਧਰਮ ਬਦਲੀ ਦੇ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿਸੇ ਜਲਦਬਾਜ਼ੀ ਵਿਚ ਨਹੀਂ ਸਨ। ਕਰੋੜਾਂ ਅਛੂਤਾਂ ਦੇ ਭਵਿੱਖ ਦਾ ਨਿਰਣਾ ਕਰਨ ਲਈ ਉਹ ਸਾਰੇ ਧਰਮਾਂ ਦੇ ਅਮਲੀ ਜੀਵਨ ਅਤੇ ਸਿਧਾਂਤਾਂ ਦਾ ਹੋਰ ਗਹਿਰਾ ਅਧਿਐਨ ਕਰਨਾ ਚਾਹੁੰਦੇ ਸਨ।

ਡਾ. ਅੰਬੇਡਕਰ ਸਿੱਖ ਕਿਉਂ ਨਾ ਬਣੇ? ਇਹ ਵਿਸ਼ਾ ਕਈ ਦਹਾਕਿਆਂ ਤੋਂ ਪੰਜਾਬ ਦੇ ਸਿੱਖਾਂ, ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਵਾਨਾਂ ਅਤੇ ਜਨ-ਸਧਾਰਨ ਵਿਚ ਬਹਿਸ ਦਾ ਵਿਸ਼ਾ ਬਣਦਾ ਰਿਹਾ ਹੈ। ਹਰ ਵਿਦਵਾਨ ਨੇ ਆਪਣੀ ਸੂਝ, ਸਮਝ ਅਤੇ ਸੋਚ ਮੁਤਾਬਕ ਇਸਦਾ ਨਿਰਣਾ ਕਰਨ ਅਤੇ ਸਿੱਟਾ ਕੱਢਣ ਦਾ ਯਤਨ ਕੀਤਾ ਹੈ। ਇਸ ਤੱਥ ਵਿਚ ਰੱਤੀ ਭਰ ਸੰਦੇਹ ਨਹੀਂ ਕਿ ਬੁੱਧ ਧਰਮ ਤੋਂ ਇਲਾਵਾ ਡਾ. ਅੰਬੇਡਕਰ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੋਂ ਵੀ ਪ੍ਰਭਾਵਿਤ ਸਨ। ਆਪਣੇ ਖੋਜ ਨਿਬੰਧ 'ਜਾਤ ਪਾਤ ਦਾ ਬੀਜ ਨਾਸ਼' ਵਿਚ ਉਹ ਲਿਖਦੇ ਹਨ ਕਿ ਜੇ ਤਸੀਂ ਜਾਤ-ਪਾਤ ਸਿਸਟਮ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਬੁੱਧ ਅਤੇ ਗੁਰੂ ਨਾਨਕ ਵਾਂਗ ਸ਼ਾਸਤਰਾਂ ਦੀ ਪ੍ਰਭੁਤਾ ਸ਼ਕਤੀ ਨੂੰ ਨਕਾਰਨਾ ਪਵੇਗਾ। ਉਸ ਅਸੂਲ 'ਤੇ ਡੱਟ ਕੇ ਖੜ੍ਹਾ ਹੋਣਾ ਪਵੇਗਾ, ਜਿਸ 'ਤੇ ਬੁੱਧ ਅਤੇ ਗੁਰੂ ਨਾਨਕ ਡਟ ਕੇ ਖਲੋਤੇ ਸਨ।

ਧਰਮ ਸਬੰਧੀ ਡਾ. ਅੰਬੇਡਕਰ ਦੇ ਵਿਚਾਰ ਵਾਚਣਯੋਗ ਹਨ। ਉਹ ਅਛੂਤਾਂ ਵਿਚ ਸਭਿਆਚਾਰਕ ਇਨਕਲਾਬ ਲਿਆਉਣਾ ਚਾਹੁੰਦੇ ਸਨ। ਉਹਨਾਂ ਦਾ ਸਪਸ਼ਟ ਮੱਤ ਸੀ ਕਿ ਇਹਨਾਂ ਅੰਦਰ ਮਾਨਸਿਕ ਗੁਲਾਮੀ ਕਾਰਨ ਪੈਦਾ ਹੋਈ ਹੀਣ-ਭਾਵਨਾ ਨੂੰ ਕੇਵਲ ਬੁੱਧੀਵਾਦ ਦੁਆਰਾ ਪ੍ਰਾਪਤ ਕੀਤਾ ਸਵੈ-ਮਾਣ, ਸਵੈ-ਭਰੋਸਾ ਅਤੇ ਸਵੈ-ਸ਼ਕਤੀ ਹੀ ਖਤਮ ਕਰ ਸਕਦੇ ਹਨ। 1951 ਵਿਚ ਆਪਣੇ ਇਕ ਲੇਖ 'ਬੁੱਧ ਅਤੇ ਉਹਨਾਂ ਦੇ ਧਰਮ ਦਾ ਭਵਿੱਖ' ਵਿਚ ਆਪਨੇ ਲਿਖਿਆ: ਸਮਾਜ ਨੂੰ ਇਕਮੁੱਠ ਰੱਖਣ ਲਈ ਕਾਨੂੰਨ ਜਾਂ ਸਦਾਚਾਰ ਦੀ ਲੋੜ ਹੈ, ਇਸ ਤੋਂ ਬਗੈਰ ਇਹ ਖੇਰੂੰ-ਖੇਰੂੰ ਹੋ ਜਾਵੇਗਾ। ਧਰਮ ਨੇ ਜੇਕਰ ਕਾਰਜ ਕਰਨਾ ਹੈ ਤਾਂ ਇਸਨੂੰ ਤਰਕਸ਼ੀਲ ਹੋਣਾ ਚਾਹੀਦਾ ਹੈ ਜੋ ਵਿਗਿਆਨ ਦਾ ਦੂਜਾ ਨਾਂ ਹੈ। ਧਰਮ ਲਈ ਇਹੋ ਕਾਫੀ ਨਹੀਂ ਕਿ ਉਸਦਾ ਕੋਈ ਨੈਤਿਕ ਜਾਬਤਾ ਹੋਵੇ, ਉਸਦਾ ਨੈਤਿਕ ਜਾਬਤਾ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਬੁਨਿਆਦੀ ਅਸੂਲਾਂ ਨੂੰ ਮਾਨਤਾ ਦੇਵੇ। ਧਰਮ ਨਾ ਤਾਂ ਗਰੀਬੀ ਨੂੰ ਵਡਿਆਵੇ ਅਤੇ ਨਾ ਉਸਨੂੰ ਠੀਕ ਦਰਸਾਵੇ।

ਬਾਬਾ ਸਾਹਿਬ ਦੀ ਇਹ ਸਪਸ਼ਟ ਧਾਰਨਾ ਸੀ ਕਿ:



ਸਦੀਆਂ ਤੋਂ ਰੂੜੀਵਾਦੀ ਵਿਚਾਰਧਾਰਾ ਨੂੰ ਅਪਣਾਈ ਰੱਖਣਾ ਵੀ ਅਛੂਤਾਂ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਹੈ। ਮਈ 1956 ਵਿਚ ਬੀ. ਬੀ. ਸੀ. ਲੰਡਨ ਤੋਂ ਪ੍ਰਸਾਰਿਤ ਹੋਈ ਆਪਣੀ ਇਕ ਵਾਰਤਾ 'ਮੈਂ ਬੁੱਧ ਧਰਮ ਨੂੰ ਕਿਉਂ ਪਸੰਦ ਕਰਦਾ ਹਾਂ ਅਤੇ ਵਰਤਮਾਨ ਹਾਲਾਤ ਵਿਚ ਇਹ ਸੰਸਾਰ ਵਾਸਤੇ ਕਿਉਂ ਕਲਿਆਣਕਾਰੀ ਹੈ।' ਵਿਚ ਬਾਬਾ ਸਾਹਿਬ ਨੇ ਕਿਹਾ: ਮੈਨੂੰ ਬੁੱਧ ਧਰਮ, ਉਸਦੇ ਤਿੰਨ ਸਿਧਾਂਤਾਂ- ਪ੍ਰਗਿਆ (ਵਹਿਮ ਪ੍ਰਸਤੀ ਦੀ ਬਜਾਏ ਸੂਝ ਸਮਝ), ਕਰੁਣਾ ਅਤੇ ਸਮਤਾ- ਦੇ ਕਾਰਨ ਅਧਿਕ ਪ੍ਰਿਯ ਹੈ। ਈਸ਼ਵਰ ਜਾਂ ਆਤਮਾ ਸਮਾਜ ਨੂੰ ਇਸਦੇ ਪਤਨ ਤੋਂ ਨਹੀਂ ਬਚਾ ਸਕਦੇ। ਬੁੱਧ ਧਰਮ ਹੀ ਵਿਅਕਤੀ ਅਤੇ ਸਮਾਜ ਨੂੰ ਗਿਰਾਵਟ ਤੋਂ ਬਚਾਅ ਸਕਦਾ ਹੈ। ਬੁੱਧ ਦੀ ਸਿੱਖਿਆ ਰਕਤ ਰਹਿਤ ਕ੍ਰਾਂਤੀ ਦੁਆਰਾ ਸਾਮਵਾਦ ਲਿਆ ਸਕਦੀ ਹੈ।

ਧਰਮ ਦਾ ਉਦੇਸ਼, ਪ੍ਰਯੋਜਨ ਅਤੇ ਮਨੁੱਖੀ ਜੀਵਨ ਵਿਚ ਇਸ ਦੀ ਅਹਿਮੀਅਤ ਬਾਰੇ ਡਾ. ਅੰਬੇਡਕਰ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਨਿਸਚੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਹਨਾਂ ਨੇ ਬੁੱਧ ਧਰਮ ਤੋਂ ਇਲਾਵਾ ਕੋਈ ਹੋਰ ਧਰਮ ਕਿਉਂ ਨਹੀਂ ਅਪਣਾਇਆ। ਇਸ ਸੰਦਰਭ ਵਿਚ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਣ ਬਾਖੂਬੀ ਸਾਡਾ ਮਾਰਗ ਦਰਸ਼ਨ ਕਰਦੇ ਹਨ:

ਧਰਮ ਦਾ ਸਬੰਧ ਜੀਵਨ ਦੀਆਂ ਸਚਾਈਆਂ ਨਾਲ ਹੋਣਾ ਚਾਹੀਦਾ ਹੈ, ਰੱਬ, ਰੂਹ, ਸਵਰਗ ਜਾਂ ਧਰਤੀ ਬਾਰੇ ਸਿਧਾਂਤਾਂ ਜਾਂ ਅਨੁਮਾਨਾਂ ਨਾਲ ਨਹੀਂ ਹੋਣਾ ਚਾਹੀਦਾ।

ਰੱਬ, ਰੂਹ ਨੂੰ ਕੇਂਦਰੀ ਬਿੰਦੂ ਮੰਨਣਾ ਗਲਤ ਹੈ।

ਅਸਲ ਧਰਮ ਮਨੁੱਖ ਦੇ ਮਨ ਵਿਚ ਹੁੰਦਾ ਹੈ, ਧਰਮ ਗ੍ਰੰਥਾਂ ਵਿਚ ਨਹੀਂ।

ਧਰਮ ਦਾ ਕੰਮ ਦੁਨੀਆਂ ਦੀ ਪੁਨਰ ਉਸਾਰੀ ਕਰਨਾ ਹੈ, ਇਸ ਨੂੰ ਖੁਸ਼ ਰੱਖਣਾ ਹੈ, ਦੁਨੀਆਂ ਦੇ ਜਨਮ ਜਾਂ ਅੰਤ ਦੀ ਵਿਆਖਿਆ ਨਹੀਂ।

(ਡਾ. ਅੰਬੇਡਕਰ, ਰਾਈਟਿੰਗ ਐਂਡ ਸਪੀਚਿਸ, ਵਾਲੀਅਮ 3, ਪੇਜ 442)

ਅਸਲੀ ਧਰਮ, ਧਰਮ ਪੁਸਤਕਾਂ, ਧਰਮ ਗ੍ਰੰਥਾਂ ਦੇ ਪਾਠ ਵਿਚ ਨਹੀ ਬਲਕਿ ਧਾਰਮਿਕ ਜੀਵਨ ਜਿਊਣ ਵਿਚ ਹੈ। (ਉਹੀ, ਵਾਲੀਅਮ 11, ਪੇਜ 105)

ਰੱਬ ਸ੍ਰਿਸ਼ਟੀ ਦਾ ਜਨਮਦਾਤਾ ਹੈ, ਇਹ ਅਧਰਮ ਹੈ, ਧਰਮ (ਧੰਮ) ਨਹੀਂ। ਇਹ ਤਾਂ ਕੇਵਲ ਝੂਠ ਵਿਚ ਵਿਸ਼ਵਾਸ ਕਰਨ ਬਰਾਬਰ ਹੈ। (ਉਹੀ, ਵਾਲੀਅਮ 11, ਪੇਜ 255)

ਪਿਛਲੇ ਜਨਮਾਂ ਦਾ ਸਿਧਾਂਤ ਨਿਰੋਲ ਬ੍ਰਾਹਮਣਵਾਦੀ ਸਿਧਾਂਤ ਹੈ। ਪਿਛਲੇ ਜਨਮਾਂ ਦਾ ਵਰਤਮਾਨ ਉਤੇ ਪ੍ਰਭਾਵ ਪੂਰੀ ਤਰ੍ਹਾਂ ਆਤਮਾ ਦੇ ਬ੍ਰਾਹਮਣਵਾਦੀ ਸਿਧਾਂਤ ਨਾਲ ਮੇਲ ਖਾਂਦਾ ਹੈ ਕਿ ਕਰਮਾਂ ਦਾ ਆਤਮਾ ਤੇ ਅਸਰ ਹੁੰਦਾ ਹੈ।

(ਉਹੀ, ਵਾਲੀਅਮ 11, ਪੇਜ 343)

ਧਰਮ ਸਬੰਧੀ ਡਾ. ਅੰਬੇਡਕਰ ਨੇ ਉਪਰੋਕਤ ਕੁਝ ਮਹੱਤਵਪੂਰਨ ਪੈਮਾਨੇ ਨਿਸਚਿਤ ਕੀਤੇ ਹਨ। ਜਿਹੜੇ ਵਿਦਵਾਨ ਜਾਂ ਸਿਆਸਤਦਾਨ ਉਹਨਾਂ ਦੇ ਧਰਮ ਪਰਿਵਰਤਨ ਅੰਦੋਲਨ ਨੂੰ ਕਿਸੇ ਵਿਸ਼ੇਸ਼ ਧਰਮ ਨੂੰ ਨਾ ਅਪਨਾਉਣ ਦੀ ਵਿਚਾਰ ਚਰਚਾ ਕਰਦਿਆਂ ਆਰੋਪ/ਪ੍ਰਤੀਅਰੋਪ ਵਿਚ ਪੈਂਦੇ ਹਨ, ਮੇਰਾ ਵਿਚਾਰ ਹੈ ਕਿ ਉਹਨਾਂ ਨੂੰ ਇਸ ਸਬੰਧੀ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਪੁਨਰ ਮੁਲਿਆਂਕਣ ਕਰਨਾ ਚਾਹੀਦਾ ਹੈ।

ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਇਕ ਸਿੱਖ ਵਿਦਵਾਨ ਅਤੇ ਸੰਗੀਤ ਅਚਾਰੀਆ ਨੇ ਦਾਅਵਾ ਕੀਤਾ ਕਿ ਡਾ. ਅੰਬੇਡਕਰ ਵੱਲੋਂ ਅੰਮ੍ਰਿਤਸਰ ਪਹੁੰਚ ਕੇ ਸਿੱਖ ਧਰਮ ਅਪਣਾਏ ਜਾਣ ਦੀ ਬੇਨਤੀ ਨੂੰ ਤਤਕਾਲੀਨ ਸਿੱਖ ਆਗੂਆਂ ਨੇ ਸਵੀਕਾਰ ਨਹੀਂ ਕੀਤਾ। ਉਹਨਾਂ ਨੇ ਡਾ. ਅੰਬੇਡਕਰ ਦੀ ਕੀਤੀ ਗਈ ਇਸ ਨਿਰਾਦਰੀ ਦੀ ਨਿਖੇਧੀ ਕਰਦਿਆਂ ਅਜੋਕੀ ਸਿੱਖ ਲੀਡਰਸ਼ਿਪ ਨੂੰ ਭਾਵੁਕ ਜਿਹੀ ਅਪੀਲ ਵੀ ਕੀਤੀ ਕਿ ਕਰੋੜਾਂ ਅਛੂਤਾਂ ਨੂੰ ਸਿੱਖ ਧਰਮ ਨਾਲ ਜੋੜਿਆ ਜਾਵੇ। ਵਾਸਤ ਵਿਚ ਇਹ ਇਕ ਭ੍ਰਾਂਤੀ ਪੈਦਾ ਕੀਤੀ ਗਈ ਹੈ। ਦਰਅਸਲ 1935 ਵਿਚ ਬਾਬਾ ਸਾਹਿਬ ਵੱਲੋਂ ਹਿੰਦੂ ਧਰਮ ਦਾ ਤਿਆਗ ਕਰਨ ਦੇ ਐਲਾਨ ਉਪਰੰਤ ਸਾਰੇ ਧਰਮਾਂ ਦੇ ਆਗੂਆਂ ਸਮੇਤ ਸਿੱਖ ਲੀਡਰਾਂ ਨੇ ਵੀ ਬੰਬਈ ਵਿਖੇ ਡਾ. ਅੰਬੇਡਕਰ ਨੂੰ ਸਿੱਖ ਧਰਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਸੀ। ਨਿਰਸੰਦੇਹ ਸਿੱਖ ਆਗੂਆਂ ਵੱਲੋਂ ਬੇਨਤੀ ਕਰਨ 'ਤੇ 1936 ਵਿਚ ਵਿਸਾਖੀ ਦੇ ਮੌਕੇ ਤੇ ਡਾ. ਅੰਬੇਡਕਰ ਅੰਮ੍ਰਿਤਸਰ ਆਏ ਸਨ, ਪਰ ਉਹਨਾਂ ਨੇ ਸੰਬੋਧਨ ਕਰਦਿਆਂ ਦਲਿਤਾਂ ਨੂੰ ਸਿੱਖ ਧਰਮ ਵਿਚ ਸ਼ਾਮਲ ਕਰਨ ਦੀ ਕੋਈ ਬੇਨਤੀ ਨਹੀਂ ਕੀਤੀ। 12 ਅਪ੍ਰੈਲ 1936 ਨੂੰ ਸਿੱਖ ਮਿਸ਼ਨ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਹਨਾਂ ਨੇ ਆਪਣੇ ਸੰਖੇਪ ਜਿਹੇ ਭਾਸ਼ਣ ਵਿਚ ਕਿਹਾ ਕਿ 'ਬੇਸ਼ੱਕ ਉਹਨਾਂ ਨੇ ਹਿੰਦੂ ਧਰਮ ਨੂੰ ਤਿਆਗਣ ਦਾ ਫੈਸਲਾ ਕਰ ਲਿਆ ਹੈ, ਪਰ ਕਿਸੇ ਹੋਰ ਧਰਮ ਨੂੰ ਅਪਨਾਉਣ ਬਾਰੇ ਹਾਲੇ ਆਪਣਾ ਮਨ ਨਹੀਂ ਬਣਾਇਆ।'

(ਡਾ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਿਜ਼, ਵਾਲੀਅਮ 17 (3), ਪੇਜ 103)

ਇਸ ਤੱਥ ਨੂੰ 'ਟ੍ਰਿਬਿਊਨ' ਅਖਬਾਰ ਵਿਚ ਪ੍ਰਕ-ਾਸ਼ਿਤ ਨਿਮਨ ਲਿਖਤ ਖਬਰ ਵਿਚ ਵੀ ਵਾਚਿਆ ਜਾ ਸਕਦਾ ਹੈ:

"ਡਾ. ਅੰਬੇਡਕਰ ਨੇ ਇਕ ਸੰਖੇਪ ਜਿਹੇ ਭਾਸ਼ਣ ਵਿਚ ਕਿਹਾ ਕਿ ਤਮਾਮ ਫਿਰਕੇ ਅਛੂਤਾਂ ਦੇ ਮਸਲਿਆਂ ਬਾਰੇ ਉਭਾਰ ਵਿਚ ਹਨ। ਅਛੂਤ ਵੀ ਸਮਾਜਿਕ ਨਾ-ਬਰਾਬਰੀ ਅਤੇ ਬੇਇਨਸਾਫੀ ਤੋਂ ਤੰਗ ਆ ਚੁੱਕੇ ਹਨ ਅਤੇ ਉਹਨਾਂ ਨੇ ਹਿੰਦੂ ਧਰਮ ਤਿਆਗਣ ਦਾ ਫੈਸਲਾ ਕਰ ਲਿਆ ਹੈ। ਪਰ ਉਹ ਆਪਣੇ ਭਵਿੱਖ ਬਾਰੇ ਅਜੇ ਕੁਝ ਨਹੀਂ ਕਹਿ ਸਕਦੇ।"

(ਦਾ ਟ੍ਰਿਬਿਊਨ, ਲਾਹੌਰ, 13 ਅਪ੍ਰੈਲ 1936)

ਸੋਸ਼ਲ ਮੀਡੀਆ ਤੇ ਵਾਇਰਲ ਸਬੰਧਤ ਵੀਡੀਓ ਵਿਚ ਡਾ. ਅੰਬੇਡਕਰ ਨੂੰ ਵਿਚਾਰਿਆਂ ਵਾਂਗ, ਬੇਵੱਸ ਤੇ ਤਰਸਯੋਗ ਹਾਲਤ ਵਿਚ ਸਿੱਖ ਆਗੂਆਂ ਅੱਗੇ ਹੱਥ ਜੋੜੀਂ ਖੜ੍ਹਿਆਂ ਕਰਕੇ ਸਿੱਖ ਧਰਮ ਵਿਚ ਸ਼ਾਮਲ ਹੋਣ ਲਈ ਤਰਲੇ ਕਰਦਿਆਂ ਦਰਸਾਉਣ ਪਿੱਛੇ ਪਤਾ ਨਹੀਂ ਸਿੱਖ ਵਿਦਵਾਨ ਦਾ ਕੀ ਮਕਸਦ ਹੈ? 1930, 31 ਅਤੇ 1932 ਵਿਚ ਲੰਡਨ ਵਿਖੇ ਹੋਈਆਂ ਗੋਲਮੇਜ਼ ਕਨਫਰੰਸਾਂ ਵਿਚ ਬਰਤਾਨਵੀ ਸਾਮਰਾਜਵਾਦ ਨੂੰ ਉਸਦੇ ਘਰ ਵਿਚ ਜਾ ਕੇ ਵੰਗਾਰਨ ਵਾਲੇ ਯੋਧੇ ਡਾ. ਅੰਬੇਡਕਰ ਨੂੰ ਸਿੱਖ ਆਗੂਆਂ ਅੱਗੇ ਬੇਚਾਰਗੀ ਭਰੇ ਅੰਦਾਜ਼ ਵਿਚ ਪੇਸ਼ ਕਰਨ ਪਿੱਛੇ ਕੋਈ ਨਿੱਜੀ ਸਵਾਰਥ ਵੀ ਹੋ ਸਕਦਾ ਹੈ। ਅਛੂਤਾਂ ਵਿਚੋਂ ਸਿੰਘ ਸਜੇ ਸਿੱਖ ਵਿਦਵਾਨ ਨੇ ਅਖਬਾਰ ਵਿਚ ਪ੍ਰਕਾਸ਼ਿਤ ਆਪਣੇ ਇਕ ਲੇਖ ਵਿਚ ਖੁਦ ਸਵੀਕਾਰ ਕੀਤਾ ਸੀ ਕਿ ਅਖੌਤੀ ਉਚ ਜਾਤੀਏ ਸਿੰਘਾਂ ਵੱਲੋਂ ਉਸ ਨਾਲ ਜਾਤ ਆਧਾਰਿਤ ਵਿਤਕਰਾ ਕੀਤਾ ਜਾਂਦਾ ਸੀ ਅਤੇ ਰਾਗ ਤੇ ਸੰਗੀਤ ਵਿੱਦਿਆ ਵਿਚ ਮਾਹਿਰ, ਵਿਸ਼ੇਸ਼ ਰੁਤਬਾ ਰੱਖਣ ਵਾਲੇ ਇਸ ਸਿੱਖ ਵਿਦਵਾਨ ਨੂੰ ਉਸਦੀ ਜਾਤ ਦਾ ਨਾਂ ਲੈ ਕੇ ਚਿੜਾਇਆ ਜਾਂਦਾ ਸੀ। ਪਰ ਹੈਰਾਨੀ ਹੁੰਦੀ ਹੈ ਕਿ ਡਾ. ਅੰਬੇਡਕਰ ਵਰਗੇ ਬਾਗੀ ਰਹਿਬਰ ਦੇ ਅੰਮ੍ਰਿਤਸਰ ਆਗਮਨ ਦੇ ਪ੍ਰਸੰਗ ਨੂੰ ਵੀ ਕਥਾਕਾਰਾਂ ਵਾਂਗ ਮਿਥਿਹਾਸ ਦੀ ਪੁੱਠ ਚਾੜ੍ਹ ਕੇ ਪ੍ਰਸਤੁਤ ਕਰਦਿਆਂ ਉਹ ਸਿੱਖ ਆਗੂਆ ਨੂੰ ਬੇਨਤੀਆਂ ਕਰ ਰਿਹੈ ਕਿ ਸਿੱਖ ਆਗੂ ਦਲਿਤਾਂ ਨੂੰ ਆਪਣੀ ਛਾਤੀ ਨਾਲ ਲਾ ਲੈਣ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਕਿਸੇ ਵੀ ਛੋਟੇ-ਵੱਡੇ ਸਿੱਖ ਆਗੂ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ 'ਤੇ ਕੀਤੀ ਗਈ ਇਸ ਅਪੀਲ ਦਾ ਕੋਈ ਨੋਟਿਸ ਵੀ ਨਹੀਂ ਲਿਆ। ਉਝ ਇਹ ਸਿੱਖ ਸਮਾਜ ਦਾ ਅੰਦਰੂਨੀ ਮਸਲਾ ਹੈ ਅਤੇ ਇਸ ਉਪਰ ਕੋਈ ਬਹੁਤੀ ਟਿੱਪਣੀ ਕਰਨ ਦੀ ਲੋੜ ਵੀ ਨਹੀਂ ਹੈ।

ਡਾ. ਅੰਬੇਡਕਰ ਦਾ ਮੱਤ ਹੈ ਕਿ ਧਰਮ ਦੀ ਧਾਰਨਾ ਕਦੇ ਸਥਿਰ ਨਹੀਂ ਰਹੀ, ਇਹ ਸਮੇਂ-ਸਮੇਂ ਤੇ ਬਦਲਦੀ ਰਹੀ ਹੈ। 'ਧਰਮ' ਸ਼ਬਦ ਇਕ ਹੈ, ਪਰ ਇਸਦੇ ਅਰਥ ਕਈ ਹਨ। ਇਸ ਦਾ ਕਾਰਨ ਹੈ ਕਿ ਧਰਮ ਕਈ ਪੜਾਵਾਂ ਵਿਚੋਂ ਗੁਜ਼ਰਿਆ ਹੈ, ਇਸ ਲਈ ਹਰ ਪੜਾਅ ਦੇ ਧਰਮ ਦਾ ਅਰਥ, ਦੂਜੇ ਪੜਾਅ ਦੇ ਅਰਥ ਵਾਲਾ ਨਹੀਂ ਰਿਹਾ। ਮਹਾਰਾਸ਼ਟਰ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ 1992 ਵਿਚ ਪ੍ਰਕਾਸ਼ਿਤ 'ਡਾ. ਬਾਬਾ ਸਾਹਿਬ ਅੰਬੇਡਕਰ ਰਾਈਟਿੰਗ ਐਂਡ ਸਪੀਚਿਸ, ਵਾਲੀਅਮ 11, ਪੇਜ 315, 316' 'ਤੇ ਡਾ. ਅੰਬੇਡਕਰ ਨੇ ਪ੍ਰਮੁੱਖ ਤੌਰ 'ਤੇ ਧਰਮ ਦੇ ਚਾਰ ਪੜਾਵਾਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਬਾਬਾ ਸਾਹਿਬ ਨੇ ਬੁੱਧ ਵਿਚਾਰਧਾਰਾ ਲਈ ਪ੍ਰਚੱਲਿਤ ਸ਼ਬਦ 'ਧੰਮ' ਦੀ ਵਰਤੋਂ ਕੀਤੀ ਹੈ, ਜੋ ਧਰਮ ਨਾਲੋਂ ਵੱਖਰੇ ਅਰਥ ਰੱਖਦਾ ਹੈ। ਬੇਸ਼ੱਕ ਅਜੋਕੇ ਜੀਵਨ ਵਿਚ ਲੋਕ ਮਨ ਨੇ ਧੰਮ ਅਤੇ ਧਰਮ ਨੂੰ ਇਕੋ ਮੰਨ ਲਿਆ ਹੈ ਅਤੇ ਧੰਮ ਲਈ ਵੀ ਧਰਮ ਸ਼ਬਦ ਹੀ ਪ੍ਰਚੱਲਿਤ ਹੋਇਆ ਹੈ। ਡਾ. ਅੰਬੇਡਕਰ ਦੀ ਪਾਰਖੂ ਦ੍ਰਿਸ਼ਟੀ ਅਤੇ ਉਹਨਾਂ ਵੱਲੋਂ ਧਰਮ ਸਬੰਧੀ ਨਿਸਚਿਤ ਪੈਮਾਨਿਆਂ ਦੀ ਕਸੌਟੀ ਤੇ ਬੁੱਧ ਧੰਮ ਹੀ ਪੂਰਾ ਉਤਰਦਾ ਹੈ। ਇਹੀ ਕਾਰਨ ਹੈ ਕਿ ਉਹਨਾਂ ਨੇ ਕਿਸੇ ਹੋਰ ਧਰਮ ਨੂੰ ਨਹੀਂ ਅਪਣਾਇਆ। ਇਸ ਸੰਦਰਭ ਵਿਚ ਇਹਨਾਂ ਦੇ ਨਿਮਨ ਲਿਖਤ ਕਥਾਂ ਵਾਚਣਯੋਗ ਹਨ: ਧਰਮ ਦਾ ਉਦੇਸ਼ ਦੁਨੀਆਂ ਦੇ ਮੂਲ ਜਾਂ ਮੁੱਢ ਬਾਰੇ ਦੱਸਣਾ ਹੈ ਜਦਕਿ ਧੰਮ ਦਾ ਉਦੇਸ਼ ਦੁਨੀਆਂ ਦੀ ਪੁਨਰ ਉਸਾਰੀ ਅਥਵਾ ਪੁਨਰ ਨਿਰਮਾਣ ਕਰਨਾ ਹੈ। ਧੰਮ ਵਿਚ ਈਸ਼ਵਰ ਲਈ ਕੋਈ ਸਥਾਨ ਨਹੀਂ, ਤਾਂ ਵੀ ਧੰਮ ਵਿਚ ਨੈਤਿਕਤਾ ਦਾ ਉਹੀ ਸਥਾਨ ਹੈ ਜੋ ਮਜ਼ਹਬ ਜਾਂ ਧਰਮ ਵਿਚ ਈਸ਼ਵਰ ਦਾ। (Dr. Baba Saheb Ambedkar writings & speeches, Vol. 11, P. 322)

ਬੁੱਧ ਦੇ ਧੰਮ ਦੀ ਪਹਿਲੀ ਧਾਰਨਾ ਇਹ ਹੈ ਕਿ ਇਸਦਾ ਰੱਬ ਅਤੇ ਰੂਹ ਨਾਲ ਕੋਈ ਵਾਸਤਾ ਨਹੀਂ ਹੈ। ਦੂਜਾ, ਉਸ ਦੇ ਧੰਮ ਦਾ ਕਰਮਕਾਂਡਾਂ ਨਾਲ ਕੋਈ ਸਰੋਕਾਰ ਨਹੀਂ।

(ਉਹੀ, ਵਾਲੀਅਮ 11, ਸਫਾ 322)

ਬੁੱਧ ਧੰਮ ਇਕ ਕ੍ਰਾਂਤੀ ਸੀ। ਇਹ ਫਰਾਂਸ ਦੀ ਕ੍ਰਾਂਤੀ ਜਿੰਨੀ ਮਹਾਨ ਕ੍ਰਾਂਤੀ ਸੀ। ਭਾਵੇਂ ਇਹ ਧਾਰਮਿਕ ਕ੍ਰਾਂਤੀ ਦੇ ਤੌਰ ਤੇ ਸ਼ੁਰੂ ਹੋਈ ਪਰ ਇਹ ਧਾਰਮਿਕ ਕ੍ਰਾਂਤੀ ਤੋਂ ਵੱਧ ਕੇ ਸੀ, ਇਹ ਸਮਾਜਿਕ ਤੇ ਰਾਜਨੀਤਿਕ ਕ੍ਰਾਂਤੀ ਬਣ ਗਈ।

(ਉਹੀ, ਵਾਲੀਅਮ 3, ਸਫਾ 153)

ਮਨੁੱਖ ਦੀ ਦੁਰਦਸ਼ਾ ਮਨੁੱਖ ਦੁਆਰਾ ਮਨੁੱਖ ਨਾਲ ਬੇਇਨਸਾਫੀ ਦਾ ਸਿੱਟਾ ਹੈ।

(ਉਹੀ, ਵਾਲੀਅਮ 11, ਸਫਾ 284)

ਬੁੱਧ ਦਾ ਇਸ ਗੱਲ ਤੇ ਬਿਲਕੁਲ ਵਿਸ਼ਵਾਸ ਨਹੀਂ ਸੀ ਕਿ ਸੰਸਾਰ ਦੀ ਰਚਨਾ ਕੀਤੀ ਗਈ ਹੈ। ਉਹਨਾਂ ਦਾ ਵਿਸ਼ਵਾਸ ਸੀ ਕਿ ਸੰਸਾਰ ਦਾ ਵਿਕਾਸ ਹੋਇਆ ਹੈ।

(ਉਹੀ, ਵਾਲੀਅਮ 11, ਸਫਾ 271)

ਬੁੱਧ ਨੇ ਪ੍ਰਾਪ੍ਰਕਿਤਵਾਦ (Super naturalism), ਚਮਤਕਾਰ ਅਤੇ ਰਹੱਸਵਾਦੀ (ਗੈਬੀ) ਸ਼ਕਤੀਆਂ ਨੂੰ ਰੱਦ ਕੀਤਾ ਹੈ।

ਵਿਸ਼ਵ ਦੇ ਇਤਿਹਾਸ ਵਿਚ ਧਰਮ ਦੀ ਅਜਿਹੀ ਰੂਪ ਰੇਖਾ ਕਦੇ ਵੇਖਣ ਵਿਚ ਨਹੀਂ ਆਈ, ਜਿਸਦਾ ਚਮਤਕਾਰਾਂ ਨਾਲ ਕੋਈ ਲੈਣਾ-ਦੇਣਾ ਨਾ ਹੋਵੇ, ਜਿਸਦੀ ਸਿੱਖਿਆ ਸਮਾਜਿਕ ਲੋੜਾਂ ਦੀ ਜਾਂਚ-ਪੜਤਾਲ ਤੋਂ ਪੈਦਾ ਹੋਵੇ ਅਤੇ ਜੋ ਰੱਬੀ ਹੁਕਮ ਨਾ ਹੋਵੇ। (ਉਹੀ, ਵਾਲੀਅਮ 11, ਸਫਾ 217)

ਬੁੱਧ ਦਾ ਧੰਮ ਇਕ ਖੋਜ ਹੈ। ਇਹ ਪੂਰੀ ਤਰ੍ਹਾਂ ਉਸ ਵਿਚਾਰ ਤੋਂ ਅਲੱਗ ਹੈ, ਜਿਸਨੂੰ ਇਲਹਾਮ ਜਾਂ ਪ੍ਰਗਟਾਓ ਕਿਹਾ ਜਾਂਦਾ ਹੈ।

ਧੰਮ ਦਾ ਕੇਂਦਰ ਬਿੰਦੂ ਮਨੁੱਖ ਹੈ, ਇਸ ਜੀਵਨ ਵਿਚ ਇਸੇ ਧਰਤੀ ਤੇ ਰਹਿੰਦਿਆਂ ਮਨੁੱਖ ਦਾ ਮਨੁੱਖ ਨਾਲ ਸਬੰਧ ਬੁੱਧ ਧੰਮ ਦਾ ਕੇਂਦਰੀ ਨੁਕਤਾ ਹੈ। (ਉਹੀ, ਸਫਾ 121)

ਧਰਮ ਗਰੀਬੀ ਦੇ ਗੁਣ ਨਾ ਗਾਵੇ, ਗਰੀਬੀ ਨੂੰ ਵਡਿਆਏ ਨਾ, ਬੁੱਧ ਧੰਮ ਇਹਨਾਂ ਲੋੜਾਂ ਦੀ ਪੂਰਤੀ ਕਰਦਾ ਹੈ। (ਧਨੰਜੇ ਕੀਰ, ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ, ਪੰਨਾ 421)

ਉਪਰੋਕਤ ਵਿਵੇਚਨ ਦੇ ਆਧਾਰ 'ਤੇ ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦੈ ਕਿ ਡਾ. ਅੰਬੇਡਕਰ ਦੁਆਰਾ ਮੁੱਖ ਧਰਮ ਬੁੱਧ ਅਖਤਿਆਰ ਕਰਨ ਦਾ ਫੈਸਲਾ ਉਹਨਾਂ ਦੇ ਨਿੱਜੀ ਦਰਸ਼ਨ ਅਤੇ ਸਦੀਆਂ ਤੋਂ ਕਰਮ-ਫਲਸਫੇ ਅਧੀਨ ਮਾਨਸਿਕ ਗੁਲਾਮੀ ਭੋਗ ਰਹੇ ਅਛੂਤਾਂ ਦੇ ਕਲਿਆਣ ਹਿੱਤ ਸੀ। ਜਿਹੜਾ ਕਰਮ ਫਲਸਫਾ ਅਛੂਤਾਂ ਵਿਚ ਜਿਉਂਦੇ ਜੀਅ ਇਸ ਜਨਮ ਵਿਚ ਭੁੱਖ-ਨੰਗ ਤੇ ਗਰੀਬੀ ਦਾ ਸਾਹਮਣਾ ਕਰਨ ਅਤੇ ਮਰਨ ਉਪਰੰਤ ਕਾਲਪਨਿਕ ਸੁੱਖ ਸਵਰਗ ਦੀ ਕਾਮਨਾ ਪੈਦਾ ਕਰਦੈ, ਡਾ. ਅੰਬੇਡਕਰ ਉਸ ਵਿਚਾਰਧਾਰਾ ਦੇ ਜ਼ਬਰਦਸਤ ਵਿਰੋਧੀ ਸਨ। ਉਹ ਸਿਮ੍ਰਿਤੀਆਂ, ਸ਼ਰੁਤੀਆਂ ਅਤੇ ਵੇਦਾਂਤਿਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਅਛੂਤਾਂ ਵਿਚ ਸਵੈ-ਮਾਣ, ਸਵੈ-ਸ਼ਕਤੀ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਬਾਬਾ ਸਾਹਿਬ ਦੀ ਖੋਜ ਭਰਪੂਰ ਅਤੇ ਤੱਥਾਂ ਤੇ ਆਧਾਰਿਤ ਜੀਵਨੀ ਲਿਖਣ ਵਾਲੇ ਵਿਦਵਾਨ ਧਨੰਜੇ ਕੀਰ ਨੇ ਉਹਨਾਂ ਦੇ ਸਮੁੱਚੇ ਜੀਵਨ 'ਤੇ ਪਏ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ: "ਬੁੱਧ ਦੇ ਜੀਵਨ, ਕਬੀਰ ਦੀਆਂ ਸਿੱਖਿਆਵਾਂ ਅਤੇ ਫੂਲੇ ਦੀ ਜੱਦੋ ਜਹਿਦ ਨੇ ਉਹਨਾਂ ਦੀ ਸ਼ਖਸੀਅਤ ਨੂੰ ਘੜਨ ਵਿਚ ਯੋਗਦਾਨ ਪਾਇਆ ਸੀ। ਇਹਨਾ ਤੋਂ ਉਹਨਾਂ ਨੂੰ ਆਤਮਕ ਬਲ ਮਿਲਿਆ ਅਤੇ ਪੱਛਮੀ ਸਿੱਖਿਆ ਨੇ ਉਹਨਾਂ ਨੂੰ ਬੇਇਨਸਾਫੀ ਵਿਰੁੱਧ ਲੜਨ ਲਈ ਸੋਚ-ਸ਼ਕਤੀ ਰੂਪੀ ਹਥਿਆਰਾਂ ਨਾਲ ਮਾਲਾਮਾਲ ਕੀਤਾ।' (ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ) ਭਾਰਤੀ ਸਮਾਜ ਦੇ ਇਕਸਾਰ ਵਿਕਾਸ ਲਈ ਜਿੱਥੇ ਡਾ. ਅੰਬੇਡਕਰ ਨੇ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਦੀ ਭਾਵਨਾ ਨਾਲ ਓਤ-ਪੋਤ, ਅੰਧ ਵਿਸ਼ਵਾਸਾਂ ਤੋਂ ਰਹਿਤ ਬੁੱਧ ਧਰਮ ਨੂੰ ਅਪਨਾਇਆ, ਉਥੇ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਮਨੁੱਖੀ ਸਮਾਨਤਾ ਤੇ ਕਲਿਆਣ ਹਿੱਤ, ਵਰਣ ਵਿਵਸਥਾ ਵਿਰੁੱਧ ਆਰੰਭੇ ਲੋਕ ਸੰਘਰਸ਼ ਦੀ ਵੀ ਪ੍ਰਸੰਸਾ ਕੀਤੀ। ਨਿਰਸੰਦੇਹ ਸਿੱਖ ਧਰਮ ਦਾ ਫਲਸਫਾ ਵੀ ਮਹਾਨ ਹੈ, ਪਰ ਇਸ ਮਾਨਵ ਹਿਤੈਸ਼ੀ ਚਿੰਤਨ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਦੀ ਲੋੜ ਹੈ। ਜਾਤ-ਪਾਤ, ਊਚ-ਨੀਚ ਦਾ ਭਿੰਨ ਭੇਦ, ਹਉਮੈ ਦਾ ਤਿਆਗ ਅਤੇ ਮਨੂੰਵਾਦੀ ਪ੍ਰਭਾਵਾਂ ਨੂੰ ਤਿਲਾਂਜਲੀ ਦੇ ਕ ਹੀ ਸਰਬ ਸਾਂਝੇ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਪੰਜਾਬ ਵਿਚ ਸਿੱਖ ਧਰਮ ਅਤੇ ਡਾ. ਅੰਬੇਡਕਰ ਦੇ ਫਲਸਫੇ ਨਾਲ ਜੁੜੇ ਸਮਾਜ ਨੂੰ ਸੰਕੀਰਣਤਾ ਅਤੇ ਨਿੱਜੀ ਸਿਆਸੀ ਹਿੱਤਾਂ ਤੋਂ ਉਪਰ ਉਠ ਕੇ ਆਪਣੇ ਸਾਂਝੇ ਦੁਸ਼ਮਣ ਦੀ ਪਛਾਣ ਕਰਨੀ ਚਾਹੀਦੀ ਹੈ। ਇਹਨਾਂ ਵਿਚ ਪੈਦਾ ਕੀਤੀਆਂ ਭ੍ਰਾਂਤੀਆਂ ਨੂੰ ਸਮਝ ਕੇ ਪੰਜਾਬੀ ਸਮਾਜ ਅਤੇ ਪੰਜਾਬੀਆਂ ਦੇ ਸਾਂਝੇ ਹਿੱਤਾਂ ਲਈ ਸਾਂਝੇ ਯਤਨ ਕਰਨ ਦੀ ਲੋੜ ਹੈ।

# ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ

## 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਦੇ ਸੰਪਾਦਕ ਜੈਤੇਗ ਸਿੰਘ ਅਨੰਤ ਦੇ ਧੰਨਵਾਦ ਸਹਿਤ

ਜੇ ਅਸੀਂ ਅੰਤਰ ਧਿਆਨ ਹੋ ਕੇ ਅੱਜ ਤੋਂ ਪੰਝੀ ਸੌ ਵਰ੍ਹੇ ਪਹਿਲਾਂ ਦੇ ਭਾਰਤ ਵੱਲ ਤੱਕੀਏ, ਤਾਂ ਅਸਾਨੂੰ ਇਕ ਅਜਿਹਾ ਸਮਾਜ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਕਿ ਚਹੁੰ ਵਰਣਾਂ ਵਿਚ ਵੰਡਿਆ ਹੋਇਆ ਹੈ, ਜਿਸ ਵੰਡ ਦੀਆਂ ਨੀਹਾਂ ਜਨਮ ਵਿਚ ਹਨ, ਪਰ ਜਿਸਦਾ ਆਧਾਰ ਪਿਤਾ-ਪੁਰਖੀ ਕਿੱਤਾ-ਕਿਰਤ ਹੈ। ਇਸ ਸਮਾਜ ਦੀ ਰਾਖੀ ਸੰਭਾਲ ਦਾ ਕੰਮ ਜਨਮਾਧਿਕਾਰ ਸਿੱਧ ਰਾਜੇ ਕਰਦੇ ਹਨ, ਪਰ ਨਾਲ-ਨਾਲ ਹੀ ਦੇਸ਼ ਦੇ ਕਈ ਪ੍ਰਾਂਤਾਂ ਦਾ ਰਾਜਕਾਲ ਨਿਰੋਲ ਲੋਕਾਸਥਾਪਿਤ ਪੰਚਾਇਤਾਂ ਦੇ ਹੱਥ ਹੈ। ਇਸ ਸਮਾਜ ਦੇ ਮਾਨਸਿਕ ਮੰਡਲਾਂ ਵਿਚ ਦੋ ਅਧਿਆਤਮਕ ਤੱਥਾਂ ਧਾਰਮਿਕ ਲਹਿਰਾਂ ਤੇ ਵਿਚਰਧਾਰਾਵਾਂ ਇਸਥਿਤ ਤੇ ਪ੍ਰਮਾਣਿਕ ਹਨ- ਇਕ ਵੈਦਿਕ ਅਤੇ ਦੂਸਰੀ ਸ਼ਮਣਕ ਤਥਾ ਉਪਨਿਸ਼ਦਿਕ। ਵੈਦਿਕ ਧਾਰਾ ਦਾ ਆਦਰਸ਼ ਬਾਹਰਮੁਖੀ ਇਸ ਧਰਤੀ ਨਾਲ ਸਬੰਧਤ, ਧਰਾਤਰਿਕ ਹੈ ਅਤੇ ਯੱਗਯ ਹੋਮ ਕਰਮ ਇਸਦੀ ਕਰਮ ਕਿਰਿਆ ਹੈ। ਇਸ ਧਰਤੀ ਦਾ ਸਰੀਰਬੱਧ ਜੀਵਨ ਅਤੇ ਇਸ ਸੁੱਖ-ਦੁੱਖ ਦੀ ਸਾਰ ਰੂਪ ਹਨ ਅਤੇ ਸੁੱਖ ਦੀ ਪ੍ਰਾਪਤੀ ਤੇ ਦੁੱਖ ਦੇ ਬਚਾਓ ਦੇ ਯਤਨ ਹੀ ਧਰਮ ਅਤੇ ਧਾਰਮਿਕ ਕਿਰਿਆ ਦਾ ਮੁੱਖ ਵਿਸ਼ਾ ਹਨ। ਯੱਗ, ਬਲੀ ਆਦਿਕ ਕਿਰਿਆ ਦੁਆਰਾ ਵਿਸ਼ਵ ਦੀਆਂ ਸੂਖਸ਼ਮ ਸ਼ਕਤੀਆਂ ਦੇਵੀ-ਦੇਵਤਿਆਂ ਨੂੰ ਪ੍ਰਸੰਨ ਕਰਕੇ ਰਾਜ, ਧਨ ਧੀਰਆਯੂ, ਪੁੱਤਰੇ ਪੋਤਰ ਆਦਿ ਸੁੱਖਾਂ ਦੀ ਪ੍ਰਾਪਤੀ ਅਤੇ ਸ਼ਤਰੂ, ਰੋਗ, ਉਪਾਧੀ, ਅਲਪ ਮ੍ਰਿਤੂ ਤੋਂ ਸਵੈ-ਰੱਖਿਆ ਦੇ ਸਾਧਨ ਹੀ ਧਰਮ ਦੀ ਮੂਲ ਕਿਰਿਆ ਹਨ। ਉਪਨਿਸ਼ਦਿਕ ਵਿਚਾਰਧਾਰਾ, ਇਸ ਦੇ ਉਲਟ, ਦ੍ਰਿਸ਼ਟਮਾਨ ਸੰਸਾਰ ਅਤੇ ਇਸ ਦੀਆਂ ਵਿਭੂਤੀਆਂ ਨੂੰ ਆਧਾਰ ਮੰਨ ਕੇ, ਨਿੱਤਯ, ਇਕਰਸ ਅਦ੍ਰਿਸ਼ਟ ਸੰਸਾਰਧਾਰਾ ਦੀ ਖੋਜ ਭਾਲ ਅਤੇ ਉਸ ਦੀ ਪ੍ਰਾਪਤੀ ਦੇ ਯਤਨਾਂ ਨੂੰ ਹੀ ਧਰਮ ਦਾ ਮੁੱਖ ਵਿਸ਼ਾ ਅਤੇ ਧਰਮ ਕਿਰਿਆ ਪ੍ਰਵਾਨ ਕਰਦੀ ਹੈ। ਉਪਨਿਸ਼ਦ ਆਦਿ ਅਧਿਆਤਮਕ ਸ਼ਾਸਤਰਾਂ ਦੇ ਪਠਨ ਪਾਠਨ ਕਰਨ ਵਾਲੇ ਵਿਚਾਰਵਾਨ ਜਾਣਦੇ ਹਨ ਕਿ ਆਤਮਾ ਦਾ ਸਿਧਾਂਤ ਹੀ ਇਸ ਸ਼੍ਰਮਣਕ ਵਿਚਾਰਧਾਰਾ ਦਾ ਮੂਲ ਸਿਧਾਂਤ ਹੈ। ਵਿਅਕਤੀਗਤ ਰੂਪ ਵਿਚ ਮਨੁੱਖੀ ਆਤਮਾ ਅਤੇ ਵਿਸ਼ਵ ਦੇ ਸਾਰਤੱਤ ਰੂਪ ਵਿਚ ਪ੍ਰਮਾਤਮਾ ਜੋ ਕਿ ਆਪੋ ਵਿਚ ਇਕਸਾਰ ਹਨ ਅਤੇ ਸੰਸਾਰ ਦੇ ਸਰਬਸ਼ਰ। ਇਸ ਵਿਅਕਤੀਗਤ ਆਤਮਾ ਦੀ ਪਰਮਾਤਮਾ ਨਾਲ ਅਭੇਦਤਾ ਪ੍ਰਾਪਤੀ ਤਥਾ ਸੰਪਰਕ ਦੇ ਸਾਧਨ ਦੇ ਯੋਗ ਤੇ ਪਰਮ ਧਰਮ ਕਹਿਲਾਂਦੇ ਹਨ।



**ਸਿਰਦਾਰ ਕਪੂਰ ਸਿੰਘ (ਆਈ.ਸੀ.ਐਸ.) (ਲੇਖਕ)**

ਇਸ ਸਮਾਜਿਕ ਤੇ ਮਾਨਸਿਕ ਪਿਛੋਕੜ ਅਤੇ ਵਾਤਾਵਰਣ ਵਿਚ ਮਹਾਤਮਾ ਗੌਤਮ ਬੁੱਧ ਨੇ ਢਾਈ ਹਜ਼ਾਰ ਵਰ੍ਹੇ ਪਹਿਲਾਂ ਜਨਮ ਲਿਆ। ਸਮਾਜ ਨੂੰ ਜਨਮ ਦਿੱਤਾ, ਉਸ ਦੇ ਮੌਲਿਕ ਸਿਧਾਂਤ ਉਸ ਦਾ ਅਭਿਧੱਮ, ਉਸ ਪਾਠ ਵਿਚ ਅੰਕਿਤ ਹੈ ਜੋ ਕਿ ਬੋਧੀ ਮੱਠਾਂ ਵਿਚ ਸਵੇਰੇ ਸ਼ਾਮ ਸਾਂਝੇ ਰੂਪ ਪੂਜਾ ਪਾਠ ਸਮੇਂ, ਭਿੱਖੂ ਉੱਚੀ ਸਵਰ ਨਾਲ ਪੜ੍ਹਦੇ 'ਸਬ ਦੁੱਖ, ਸਭ ਅਨਿੱਤ, ਸਬ ਅੱਨਤ।'

ਭਾਵ ਇਹ ਕਿ ਨਾਮ ਰੂਪ ਉਤੇ ਨਿਰਭਰ ਸਾਰਾ ਸੰਸਾਰ ਦੁੱਖ ਦਾ ਕਾਰਨ ਅਤੇ ਰੂਪ ਹੈ ਅਤੇ ਕੋਈ ਅਵਸਥਾ ਇਸ ਵਿਚ ਅਜਿਹੀ ਨਹੀਂ, ਜਿਸ ਵਿਚੋਂ ਨਿਰੋਲ ਸੁੱਖ ਦੀ ਸੰਭਾਵਨਾ ਹੋਵੇ। ਅਜਿਹੀ ਸੰਭਾਵਨਾ ਅਤੇ ਆਸ਼ਾ ਅਗਿਆਨ ਆਧਾਰਿਤ ਹੈ। ਇਸ ਸੰਸਾਰ ਵਿਚ ਕੋਈ ਵਸਤੂ ਸਥਾਈ ਅਤੇ ਟਿਕਣ ਵਾਲੀ ਨਹੀਂ। ਇਕ ਰਸ ਕੁਝ ਨਹੀਂ ਹੈ, ਪਰਿਵਰਤਨ ਹੀ ਸੰਸਾਰ ਦਾ ਸਾਰ ਹੈ। 'ਸਭ ਅਨੱਤ' ਦੇ ਅਰਥ ਹਨ, ਅੱਤ-ਰਹਿਤ 'ਅੱਤ' ਪਾਲੀ ਵਿਚ 'ਆਤਮਾ' ਨੂੰ ਕਹਿੰਦੇ ਹਨ। ਨਾਮ ਰੂਪ ਦਾ ਸੰਸਾਰ, ਅਨਾਤਮ, ਆਤਮਾ ਰਹਿਤ ਹੈ। ਪਰਿਵਰਤਨਸ਼ੀਲ, ਸਦਾ ਬਦਲਦੇ ਦਿਸਦੇ ਵਸਦੇ ਸੰਸਾਰ ਦੇ ਪਿੱਛੇ, ਕੋਈ ਟਿਕੇ ਰਹਿਣ ਵਾਲਾ, ਇਕ ਰਸ, ਸਥਿਰ ਸਾਰ ਨਹੀਂ ਹੈ। ਇਹ ਤਿੰਨ ਸਿਧਾਂਤ ਹੀ ਬੋਧ ਮੱਤ ਦੀ ਨੀਂਹ ਹਨ।

ਸਮਾਜਿਕ ਪੱਧਰ ਉਤੇ ਭਾਵੇਂ ਬੁੱਧ ਮੱਤ ਵੇਦ ਦੀ ਨਿਸ਼ਚਿਤ ਕੀਤੀ ਹੋਈ ਵਰਣ ਵਿਵਸਥਾ ਨੂੰ ਨਹੀਂ ਸਵੀਕਾਰ ਕਰਦਾ, ਪਰ ਸਮਾਜ ਵਿਚੋਂ ਚਤੁਰਵਰਣ ਦੀ ਪਰਪਾਟੀ ਨੂੰ ਨਾਸ਼ ਕਰਨ ਦਾ ਯਤਨ ਵੀ ਨਹੀਂ ਕਰਦਾ, ਕਿਉਂ ਜੋ ਬੁੱਧ ਮੱਤ ਅਜਿਹੇ ਪਰਿਵਰਤਨ ਨੂੰ ਉੱਕਾ ਬੇਲੋੜਾ ਅਤੇ ਗੈਰ-ਜ਼ਰੂਰੀ ਸਮਝਦਾ ਹੈ। ਚਤੁਰਵਰਣ ਦੀ ਰਹੁਰੀਤ ਸਮਾਜ ਵਿਚ ਪ੍ਰਚੱਲਿਤ ਰਹੇ ਜਾਂ ਨਾ ਰਹੇ ਭਿਖੂ ਦਾ ਸ਼੍ਰੇਸ਼ਟ ਪੁਰਸ਼ ਦਾ ਉਦੇਸ਼ ਹੈ, ਨਿਰਵਾਣ ਪ੍ਰਾਪਤੀ, ਜਿਹਨਾਂ ਸਾਧਨਾਂ ਉਤੇ ਕਿ ਵਰਣ ਵਿਵਸਥਾ ਦੀ ਹੋਂਦ ਜਾਂ ਅਣਹੋਂਦ ਦਾ ਕੋਈ ਪ੍ਰਭਾਵ ਨਹੀਂ ਪੈਂਦਾ।

ਇਨ੍ਹਾਂ ਵਿਚਾਰਾਂ ਦਾ ਸਿੱਟਾ ਇਹ ਹੀ ਹੋਣਾ ਸੀ ਤੇ ਹੋਇਆ ਕਿ ਬੁੱਧ ਮੱਤ ਅਤੇ ਸੰਘ ਤੋਂ ਬਾਹਰ, ਜਾਤ-ਪਾਤ ਦਾ ਵਿਤਕਰਾ ਬਣਿਆ ਰਿਹਾ ਅਤੇ ਵਰਣ ਵਿਵਸਥਾ ਹਿੰਦੂ ਸਮਾਜ ਦਾ ਅਟੁੱਟ ਅੰਗ ਬਣਿਆ ਰਿਹਾ। ਵਰਣ ਵਿਵਸਥਾ ਦਾ ਸਿਧਾਂਤ ਭਾਰਤੀ ਸਮਾਜ ਵਿਚ ਚੌਦਵੀਂ ਸਦੀ ਦੇ ਅੰਤ ਵਿਚ ਅਤੇ ਪੰਦਰਵੀਂ ਸਦੀ ਦੇ ਪ੍ਰਾਰੰਭ ਤੱਕ ਜਦੋਂ ਕਿ ਸਿੱਖ ਮੱਤ ਦਾ ਜਨਮ ਹੋਇਆ ਸੁਤੇ ਸਿਧ ਪ੍ਰਮਾਣਿਕ ਮਿਥਿਆ ਜਾਂਦਾ ਰਿਹਾ। ਵੈਸ਼ਨਵ ਮਤ ਦੀ ਭਗਤੀ ਲਹਿਰ ਵਿਚ, ਹਿੰਦੂ ਸਮਾਜ ਦੀ ਵਰਣ ਵਿਵਸਥਾ ਬਾਰੇ ਵਿਚਾਰਾਂ ਵਿਚ ਥੋੜ੍ਹੀ ਜਿਤਨੀ ਲਚਕ ਸੀ (1400 ਏ. ਡੀ) ਰਾਮਾਨੰਦ ਦੇ ਪ੍ਰਚਾਰ ਦੇ ਕਾਰਨ ਆਈ, ਪਰ ਰਾਮਾਨੰਦ ਨੂੰ ਬ੍ਰਾਹਮਣਾਂ ਨੇ ਹਿੰਦੂ ਸਮਾਜ ਵਿਚੋਂ ਹੀ ਛੇਕ ਦਿੱਤਾ ਸੀ। ਰਾਮਾਨੁਜ ਜੋ ਕਿ ਰਾਮਾਨੰਦ ਦਾ ਗੁਰੂ ਸੀ ਅਤੇ ਆਧੁਨਿਕ ਵੈਸ਼ਨਵ ਮੱਤ ਦਾ ਸੰਚਾਲਕ, ਬੜਾ ਪੱਕਾ ਦੱਖਣ ਭਾਰਤੀ ਬ੍ਰਾਹਮਣ ਸੀ। ਆਪਣੇ ਪ੍ਰਸਿੱਧ ਸ੍ਰੀਭਾਸ਼ਯ ਵਿਚ (2/3/46-47) ਉਹ ਕਹਿੰਦਾ ਹੈ ਕਿ ਸਭ ਮਨੁੱਖਾਂ ਦੇ ਆਤਮਾ, ਬ੍ਰਹਮ ਦੀ ਅੰਸ਼ ਹੋਣ ਦੇ ਸਦਕੇ, ਇਕ ਰੂਪ ਹੀ ਹਨ, ਪਰ ਕੁਝ ਮਨੁੱਖ ਵੇਦ ਅਧਿਐਨ ਦ

ਅਧਿਕਾਰੀ ਹਨ ਅਤੇ ਕੁਝ ਨਹੀਂ, ਜਿਵੇਂ ਕਿ ਸਭ ਅਗਨੀ ਦਾ ਸਾਰ ਇਕੋ ਹੈ, ਪਰ ਬ੍ਰਾਹਮਣ ਦੇ ਘਰ ਦੀ ਅਗਨੀ ਪਵਿੱਤਰ ਹੈ ਅਤੇ ਸ਼ਮਸ਼ਾਨ ਦੀ ਅਪਵਿੱਤਰ। ਇਸ ਪ੍ਰਕਾਰ ਹੀ ਆਤਮਾ ਨੀਚ ਜਾਤ ਦੇ ਸਰੀਰ ਨਾਲ ਸਪਰਸ਼ ਦੇ ਕਾਰਨ ਅਨਿਧਕਾਰੀ ਹੋ ਜਾਂਦੀ ਹੈ।

ਬੁੱਧ ਮੱਤ ਦੇ ਉਪਰੋਕਤ ਤ੍ਰੀ-ਸਿਧਾਂਤ ਦਾ ਪ੍ਰਭਾਵ ਵੀ ਇਹ ਹੀ ਸੀ ਕਿ ਉੱਤਮ ਪੁਰਸ਼ ਸਮਾਜਿਕ ਕਰਮ ਅਤੇ ਰਾਜਸੀ ਜੱਦੋਜਹਿਦ ਦਾ ਤਿਆਗ ਕਰਕੇ ਸੰਘ ਵਿਚ ਸ਼ਾਮਲ ਹੋ ਜਾਣ ਅਤੇ ਬਾਕੀ ਦੇ ਸਮਾਜ ਦੀ ਅਵਸਥਾ ਨਿਰਕ੍ਰਾਂਤਿ ਬਿਨਾਂ ਪਰਿਵਰਤਨ ਦੇ ਚੱਲਦੀ ਰਹੇ।

ਬੁੱਧ ਮੱਤ ਦੇ ਇਨ੍ਹਾਂ ਸਿਧਾਂਤਾਂ ਅਤੇ ਉਹਨਾਂ ਦੇ ਅਜਿਹੇ ਪ੍ਰਚਾਰ ਦੇ ਬੜੇ ਦੂਰਰਸ ਅਤੇ ਗੌਰਵਮਈ ਸਿੱਟੇ ਨਿਕਲੇ, ਜਿਹਨਾਂ ਦੇ ਅਸਰ ਵਿਅਕਤੀਗਤ ਚਲਨ ਤੇ ਸਮਾਜਿਕ ਰਾਜਸੀ ਖੇਤਰਾਂ ਵਿਚ ਭਰਪੂਰ ਪਏ। ਸਾਰਾ ਭਾਰਤ, ਦੱਖਣ ਪੂਰਬੀ ਏਸ਼ੀਆ ਦੇ ਦੂਰ ਪੂਰਬੀ ਦੇਸ਼ ਇਨ੍ਹਾਂ ਅਸਰਾਂ ਹੇਠ ਆਏ ਅਤੇ ਹਜ਼ਾਰ ਵਰ੍ਹੇ ਤੋਂ ਵੱਧ ਇਨ੍ਹਾਂ ਅਸਰਾਂ ਤੋਂ ਪ੍ਰਭਾਵਿਤ ਹੋਏ। ਇਨ੍ਹਾਂ ਸਿਧਾਂਤਾਂ ਬਾਰੇ ਗੌਤਮ ਬੁੱਧ ਦਾ ਕਥਨ ਹੈ ਕਿ ਇਹ ਪ੍ਰਾਚੀਨ ਤੇ ਸਨਾਤਨ ਸਿਧਾਂਤ ਹਨ, 'ਏਸ਼ੇ ਧੰਮਮ ਸਨਾਤਨਮ''। ਸਮਯੁਕਤ ਨਿਕਾਯ ਵਿਚ ਅੰਕਿਤ ਗੌਤਮ ਬੁੱਧ ਦਾ ਕਥਨ ਹੈ, (2, 106)


''ਅਸਾਂ ਸਨਾਤਨ ਧਰਮ, ਪ੍ਰਾਚੀਨ ਪੱਥ ਲੱਭਿਆ ਹੈ, ਜਿਸ ਪੱਥ ਉਤੇ, ਪ੍ਰਾਚੀਨ ਬੁੱਧ ਚੱਲਦੇ ਰਹੇ ਹਨ, ਉਸੇ ਪੱਥ ਉਤੇ ਅਸੀਂ ਚੱਲ ਰਹੇ ਹਾਂ।''


ਇਹ ਗੱਲ ਕਹਿਣ ਵਿਚ ਬੜੀ ਵਚਿੱਤ੍ਰ ਹੈ, ਪਰ ਹੈ ਠੀਕ ਕਿ ''ਗੌਤਮ'' ਬੁੱਧ ਸਰਵ-ਸ਼੍ਰੇਸਟ ਸਾਧੂ ਅਤੇ ਧਰਮ ਦੀਆਂ ਬਿਰਤੀਆਂ ਰੱਖਣ ਵਾਲੇ ਪੁਰਸ਼ ਨੂੰ ''ਸਿੱਖ'', ''ਸੇਖ'' ਹੀ ਕਹਿੰਦਾ ਸੀ, ਉਹੋ ਸੰਗਿਆ ਜਿਸ ਨਾਲ ਕਿ ਸਿੱਖ ਗੁਰੂਆਂ ਦੇ ਅਨੁਯਾਈ ਦੋ ਹਜ਼ਾਰ ਵਰ੍ਹੇ ਪਿੱਛੋਂ ਸੰਸਾਰ ਵਿਚ ਇਹ ਸ਼ਬਦ ਅਤੇ ਇਸ ਦੀ ਵਿਆਖਿਆ ਸਪਸ਼ਟ ਕੀਤੀ ਹੋਈ ਹੈ- 'ਕੋ ਇਮਮ ਪੱਥਵਮ ਵਿਜੱਸਤਿ, ਯਮ ਲੋਕਮ ਚ ਇਮਮ ਸਦੇਵਕਮ? ਕੋ ਧਮਪਦ ਸੁਦੇਵਕਮ, ਕੁਸ਼ਲੋ ਪੁਫਮ ਇਵਾ ਪਰੱਸਤੀ?''

ਅਰਥਾਤ, ''ਇਸ ਸੰਸਾਰ ਦੇ ਮਾਰਗ ਨੂੰ ਜੋ ਕਿ ਯਮ ਅਤੇ ਉਸ ਦੇ ਆਗਿਆਕਾਰੀ ਦੇਵਾਂ ਦੇ ਅਧਿਕਾਰ ਵਿਚ ਹੈ, ਕੌਣ ਜਿੱਤੇਗਾ? ਧਰਮ ਦਾ ਸ਼ੁੱਧ ਪੰਥ ਕੌਣ ਗ੍ਰਹਿਣ ਕਰੇਗਾ, ਜਿਵੇਂ ਕਿ ਪ੍ਰਬੀਨ ਮਾਲੀ ਸੁਹਣਾ ਫੁੱਲ ਚੁਣ ਲੈਂਦਾ ਹੈ?'' ਇਉਂ ਪ੍ਰਸ਼ਨ ਕਰਕੇ ਫੇਰ ਅੱਗੇ ''ਧਮਪਦ'' ਵਿਚ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦਿੱਤਾ ਹੈ- ''ਸੇਖੋ ਪੱਥਵਿਮ ਵਿੱਜਸਤਿ, ਕੁਸ਼ਲੋ ਪੱਫਮ ਇਵਾ ਪਚਸਤਿ।'' ਅਰਥਾਤ ''ਸਿੱਖ ਹੀ ਇਸ ਸੰਸਾਰ ਦੇ ਮਾਰਗ ਨੂੰ ਜੋ ਕਿ ਯਮ ਅਤੇ ਉਸ ਦੇ ਆਗਿਅਕਾਰੀ ਦੇਵਾਂ ਦੇ ਅਧਿਕਾਰ ਵਿਚ ਹੈ, ਜਿੱਤੇਗਾ। ਸਿੱਖ ਹੀ ਸ਼ੁੱਧ ਧਰਮ ਦਾ ਪੰਥ ਲੱਭੇਗਾ, ਜਿਵੇਂ ਕਿ ਸਿਆਣਾ ਮਾਲੀ ਸੋਹਣਾ ਫੁੱਲ ਚੁਣ ਲੈਂਦਾ ਹੈ।''

ਇਸੇ ਮਹਾਨ ਅਤੇ ਪ੍ਰਾਚੀਨ ਆਦਰਸ਼ ਦਾ ਪ੍ਰਚਾਰ ਸਿੱਖ ਗੁਰੂਆਂ ਨੇ ਕੀਤਾ ਅਤੇ ਇਹੋ ਕਾਰਨ ਉਹਨਾਂ ਦੇ ਉਪਦੇਸ਼ਾਂ ਉਤੇ ਚੱਲਣ ਵਾਲਿਆਂ ਦਾ ਸਿੱਖ ਕਹਾਉਣ ਦਾ ਹੈ। ''ਸਿੱਖ'' ਇਸ ਲਈ ਨਹੀਂ ਕਿ ਉਹ ''ਗੁਰੂ'' ਦਾ ਸ਼ਿਸ਼ਯ ਹੈ, ਸਿੱਖ ਇਸ ਲਈ ਕਿ ਉਹ ਧਰਮ ਨੂੰ ਮਨੁੱਖ ਮਾਤਰ ਦਾ ਸਰਵੋਤਮ ਆਦਰਸ਼ ਪ੍ਰਵਾਨ ਕਰਦਾ ਹੈ ਅਤੇ ਧਰਮ ਉਤੇ ਚੱਲ ਕੇ ਆਤਮਿਕ ਔਜ ਪ੍ਰਾਪਤ ਕਰਕੇ ਯਤਨਾਂ ਸਾਧਨਾਂ ਨੂੰ ਮਨੁੱਖ ਦਾ ਸਰਵਸ਼੍ਰੇਸਟ ਕਰਤੱਵ ਮੰਨਦਾ ਹੈ ਅਤੇ ਇਹ ਪੰਦਰਵੀਂ ਸ਼ਤਾਬਦੀ ਮਸੀਹੀ ਵਿਚ ਘੜਿਆ ਗਿਆ ਹੈ। ਗੁਰੂ ਨਾਨਕ ਦੇ ਸ਼ਰਧਾਲੂਆਂ ਨੂੰ ਸੰਬੋਧਨ ਕਰਨ ਵਾਲਾ ਜਿਵੇਂ ਕਿ ਸਧਾਰਨ ਵਿਸ਼ਵਾਸ ਹੈ, ਸ਼ਬਦ ਨਹੀਂ ਹੈ। ਸਿੱਖ ਮਤ ਦਾ ਬੁੱਧ ਮੱਤ ਦੀਆਂ ਰੁਚੀਆਂ ਅਤੇ ਵਿਚਾਰਧਾਰਾ ਨਾਲ ਜੋ ਅਪ੍ਰਸਿੱਧ ਸਬੰਧ ਹੈ, ਉਸ ਦੀ ਇਹ 'ਸਿੱਖ' ਸ਼ਬਦ ਦੀ ਕੁੰਜੀ ਹੈ।

ਬੁੱਧ ਮੱਤ ਦੇ ਇਸ ਵਿਚਾਰ ਨੇ (ਸਮਾਜੀ ਅਤੇ ਰਾਜਸੀ ਜੀਵਨ ਘਟੀਆ ਮਨੁੱਖੀ ਪੱਧਰ ਦਾ ਜੀਵਨ ਹੈ, ਜਿਸ ਵਿਚ ਕਿ ਦਿਲਚਸਪੀ ਲੈਣਾ ਜਾਂ ਇਸ ਦੀ ਕਰਮ ਕਿਰਿਆ ਨੂੰ ਗ੍ਰਹਿਣ ਕਰਨਾ, ਬਿਬੇਕ ਬੁੱਧੀ, ਧਾਰਮਿਕ ਰੁਚੀਆਂ ਵਾਲੇ, ਵਿਚਾਰਨ ਸਿੱਖ ਲਈ ਸ਼ੋਭਨੀਕ ਤੇ ਪ੍ਰਮਾਣਿਕ ਨਹੀਂ) ਭਾਰਤ ਦੀ ਆਤਮਾ ਅਤੇ ਦੋ ਹਜ਼ਾਰ ਵਰ੍ਹੇ ਪਹਿਲਾਂ ਦੇ ਸਭਿਆ ਸੰਸਾਰ, ਚੀਨ, ਜਾਪਾਨ, ਕੋਰੀਆ, ਬਰਮਾ, ਲੰਕਾ, ਤਿੱਬਤ, ਤੁਰਕਿਸਤਾਨ, ਮੰਗੋਲੀਆ, ਅਫ਼ਗਾਨਿਸਤਾਨ, ਬਾਲੀ, ਸੁਮਾਟਰਾ, ਜਾਵਾ, ਸਿਆਮ, ਕੰਬੋਡੀਆ ਆਦਿ ਦੇਸ਼ਾਂ ਦੀ ਆਤਮਾ ਤੇ ਬੜਾ ਭਰਪੂਰ ਪ੍ਰਭਾਵ ਪਾਇਆ ਅਤੇ ਬੁੱਧ ਧਰਮ ਦੇ ਪ੍ਰਭਾਵ ਹੇਠਾਂ ਮਨੁੱਖੀ ਆਤਮਾ ਕੋਮਲ ਹੁਨਰ, ਦਾਰਸ਼ਨਿਕ ਵਿਚਾਰਾਂ, ਕਰੁਣਾ, ਦਇਆ ਆਦਿ ਦੈਵੀ ਗੁਣਾਂ ਦੀਆਂ ਨਵੀਆਂ



**ਜੈਤੇਗ ਸਿੰਘ ਅਨੰਤ (ਸੰਪਾਦਕ)**

ਟੀਸੀਆਂ ਉਤੇ ਪਹੁੰਚੀ, ਪਰ ਨਾਲ-ਨਾਲ ਹੀ ਅਦ੍ਰਿਸ਼ਟ ਪਰ ਸਪੱਸ਼ਟ ਰੂਪ ਵਿਚ ਬੁੱਧ ਮੱਤ ਦੇ ਪ੍ਰਭਾਵ ਹੇਠਾਂ ਆਈ ਹੋਈ ਮਨੁੱਖਤਾ ਵਿਚੋਂ ਸਮਾਜਿਕ ਸੱਤਿਅ ਅਤੇ ਰਾਜਨੀਤਿਕ ਵਾਸਤਵਿਕਤਾ ਦਾ ਅਭਾਵ ਹੁੰਦਾ ਗਿਆ ਅਤੇ ਇਹ ਕਮਜ਼ੋਰੀ ਪ੍ਰਤੱਖ ਰੂਪ ਵਿਚ ਉਸ ਸਮੇਂ ਸਹੀ ਹੋਈ ਜਦੋਂ ਬੁੱਧ ਮੱਤ ਦੇ ਜਨਮ ਤੋਂ ਇਕ ਹਜ਼ਾਰ ਵਰ੍ਹੇ ਪਿੱਛੋਂ ਇਸਲਾਮ ਨੇ ਆਪਣੀ ਵਿਸ਼ਵ ਵਿਆਪੀ ਯਲਗਾਰ ਦਾ ਆਰੰਭ ਕੀਤਾ। ਇਸਲਾਮ ਦੇ ਤੂਫਾਨੀ ਧਾਰਮਿਕ ਜੋਸ਼ ਅਤੇ ਅਵੁੱਨਿਤ ਸੱਭਿਅਤਾ ਦੇ ਸਾਹਮਣੇ ਬੋਧੀ ਸਮਾਜ, ਇਉਂ ਢੱਠ ਪਿਆ, ਜਿਵੇਂ ਹਨੇਰੀ ਦੇ ਵੇਗ ਮੂਹਰੇ ਫਲਾਂ ਫੁੱਲਾਂ ਨਾਲ ਲੱਦੇ ਹੋਏ ਦਰਖ਼ਤ, ਪਰਪਾਣੀ ਨਾਲ ਮਾਰੀਆਂ ਹੋਈਆਂ ਜੜ੍ਹਾਂ ਵਾਲੇ, ਢਹਿ-ਢੇਰੀ ਹੋ ਜਾਂਦੇ ਹਨ।

ਇਉਂ ਮਹਾਨ ਬੁੱਧ ਮੱਤ ਦੀ ਉਪਜ, ਉੱਚ ਸੱਭਿਅਤਾ, ਇਸਲਾਮ ਦੇ ਹੜ੍ਹ ਸਾਹਮਣੇ, ਮੱਧ ਪੂਰਬ, ਮੱਧ ਏਸ਼ੀਆ, ਅਫ਼ਗਾਨਿਸਤਾਨ, ਗੰਧਾਰ ਆਦਿ ਦੇਸ਼ਾਂ ਵਿਚੋਂ ਬਿਨਾਂ ਵਰਣਨਯੋਗ ਮੁਕਾਬਲਾ ਕੀਤੇ ਦੇ ਅਲੋਪ ਹੋ ਗਈ ਅਤੇ ਬੋਧੀ ਮੱਠਾਂ ਅਤੇ ਕੋਮਲ ਉਨਰਾਂ ਨੂੰ ਗ਼ਾਜੀਆਂ ਦੇ ਹਥੌੜਿਆਂ ਨੇ ਭੰਨ ਸੁੱਟਿਆ ਜਾਂ ਰੇਤ ਦੇ ਟੀਲ ਭਕਸ਼ਨ ਕਰ ਗਏ।

ਇਉਂ ਸਿੱਖ ਗੁਰੂਆਂ ਅਤੇ ਸਿੱਖ ਮੱਤ ਦੇ ਜ਼ੁੰਮੇ ਇਹ ਮਹਾਨ ਕੰਮ ਆਉਣ ਲੱਗਾ ਕਿ ਮਹਾਨ ਬੁੱਧ ਮੱਤ ਤੋਂ ਉਪਜੀਆਂ ਰੁਚੀਆਂ ਨੇ ਜਿਨ੍ਹਾਂ ਸਰਵਸ਼੍ਰੇਸਟ ਕਦਰਾਂ ਕੀਮਤਾਂ ਨੂੰ ਜਨਮ ਦਿੱਤਾ ਤੇ ਉਜਾਗਰ ਕੀਤਾ ਸੀ, ਉਹਨਾਂ ਦੀ ਉਤੇਜਨਾ ਅਤੇ ਰਾਖੀ ਸੰਭਾਲ ਲਈ ਅਜਿਹੇ ਸਮਾਜ ਸੰਗਠਨ ਦੀਆਂ ਨੀਹਾਂ ਰੱਖੀਆਂ ਜਾਣ, ਜਿਹੜਾ ਨਰੋਆ ਤੇ ਨਿੱਗਰ ਹੋਵੇ ਤੇ ਝੱਖੜਾਂ ਹੜ੍ਹਾਂ ਦੇ ਮੁਕਾਬਲੇ 'ਤੇ ਖਲੋ ਸਕਦਾ ਹੋਵੇ। ਜਦੋਂ ਤੱਕ ਸਮਾਜਿਕ ਜੀਵਨ, ਰਾਜਨੀਤਿਕ ਕਿਰਿਆ ਕਰਮ ਅਤੇ ਦ੍ਰਿਸ਼ਟ ਸੰਸਾਰ ਨੂੰ ਸਾਰ ਰੂਪ ਤੇ ਤਤੂਸਥਿਤ ਨਾ ਮਿਥਿਆ ਜਾਵੇ, ਕਿਸੇ ਨਰੋਏ ਅਤੇ ਨਿੱਗਰ ਸਮਾਜ ਦੀ ਉਪਜ ਤੇ ਵਿਕਾਸ ਸੰਭਵ ਨਹੀਂ, ਇਹੋ ਸਿੱਖਿਆ ਬੋਧੀ ਸਮਾਜਾਂ ਦੀ ਤਵਾਰੀਖੀ ਦੁਰਗਤੀ ਤੋਂ ਮਿਲਦੀ ਹੈ।

ਸਭ ਦੁੱਖ, ਸਬ ਅਨਿੱਤ, ਸਬ ਅਨਿੱਤ ਦੀ ਮੁਹਾਰਨੀ ਦਾ ਪ੍ਰਭਾਵ ਸਮਾਜ ਉਤੇ ਪੈਂਦਾ ਹੈ, ਜੋ ਕਿ ਤਾਰੀਖ ਦਰਸਾਉਂਦੀ ਹੈ, ਬੋਧੀ ਸਮਾਜਾਂ ਉਤੇ ਪਿਆ, ਭਾਵੇਂ ਇਸ ਬੋਧੀ ਤ੍ਰੀ-ਸਿਧਾਂਤ ਦਾ ਦਾਰਸ਼ਨਿਕ ਮਹੱਤਵ, ਕਿੰਨਾ ਹੀ ਗੌਰਵਮਈ ਕਿਉਂ ਨਾ ਹੋਵੇ। ਸਿੱਖ ਗੁਰੂਆਂ ਨੇ ''ਸਬ ਅਨੱਤ'' ਨੂੰ ਇਸ ਭਾਵ ਵਿਚ ਤਾਂ ਪ੍ਰਵਾਨ ਕੀਤਾ ਹੈ ਕਿ ਗਿਆਨ ਇੰ-ਦਰੀਆਂ ਦੀ ਪਹੁੰਚ ਵਿਚ ਆਉਣ ਵਾਲੀਆਂ ਅਤੇ ਕਰਮ ਇੰ-ਦਰੀਆਂ ਨਾਲ ਗ੍ਰਹਿਣ ਕਰਨਯੋਗ ਵਿਭੂਤੀਆਂ ਅਸਾਰ ਅਤੇ ਅਨਾਤਮ, ਅੱਨਤ ਹਨ, ਪਰ ਆਪਣੇ ਉਪਦੇਸ਼ਾਂ ਵਿਚ ਜ਼ੋਰ ਉਹਨਾਂ ਨੇ ਆਤਮਾ ਦੇ ਉਪਨਿਸ਼ਿਦਕ ਸਿਧਾਂਤ ਉਤੇ ਹੀ ਦਿੱਤਾ ਕਿ ਮਨੁੱਖੀ ਆਤਮਾ, ਤਿੰਨ ਕਾਲ ਸੱਤਿਆ ਸਦਾ ਸਥਿਰ ਅਤੇ ਪਰਮਾਤਮਾ ਨਾਲ ਅਭਿੰਨ ਹੈ। ''ਮਨ ਤੂੰ ਜੋਤ ਸਰੂਪ ਹੈਂ।'' ਇਉਂ ਵਿਅਕਤੀਗਤ ਮਨੁੱਖੀ ਜੀਵਨ ਨੂੰ ਪਾਰਲੌਕਿਕ ਮਹੱਤਵ ਪ੍ਰਦਾਨ ਕੀਤਾ, ਜਿਸ ਦੀ ਘਾਟ ਬੋਧ ਸਮਾਜ ਦੀ ਵੱਡੀ ਕਮਜ਼ੋਰੀ ਸਿੱਧ ਹੋਈ ਸੀ। ਫਿਰ ਇਹ ਉਪਦੇਸ਼ ਦਿੱਤਾ ਕਿ ਭਾਵੇਂ ਸੰਸਾਰ ਅਸਾਰ, ਸਦਾ ਨਾ ਰਹਿਣ ਵਾਲਾ ਹੈ ਪਰ ਇਸ ਦਾ ਤ੍ਰਿਸਕਾਰ ਤਿਆਗ ਮੁਕਤੀ ਦਾ ਸਾਧਨ ਨਹੀਂ ਹੈ, ਸਗੋਂ ਸੰਸਾਰਕ ਵਾਤਾਵਰਣ ਵਿਚ ਵਿੱਚਰ ਕੇ ਉਸ ਸਮਾਜ ਦੀ ਸੇਵਾ ਉਨਤੀ ਜਿਸ ਸਮਾਜ ਦਾ ਕਿ ਮਨੁੱਖ ਅੰਗ ਹੈ, ਹੀ ਮੁਕਤੀ ਦਾ ਪ੍ਰਮਾਣੀਕ ਸਾਧਨ ਹੈ, ਕਿਉਂ ਜੋ ਸੰਸਾਰ ਅਸਥਿਰ ਹੈ, ਪਰ ਅਸੱਤਿਆ ਨਹੀਂ, ਅਨਿੱਤ ਇਸ ਦਾ ਆਧਾਰ ਨਹੀਂ, ਅਨਿਤ ਇਸ ਦਾ ਰੂਪ ਹੈ।
''ਆਪ ਸਤ ਕੀਆ ਸਭ ਸਤ।''
ਬੂਝਨਹਾਰ ਕੋ ਸੱਤ ਸਭ ਹੋਇ।।
''ਸੇਵਾ ਕਰਤ ਹੋਇਆ ਨਿਹਕਾਮੀ, ਤਾਂ ਕੋ ਹੋਤ ਪ੍ਰਾਪਤ ਸੁਆਮੀ।'' ਇਸ ਲਈ ਉਚਿਤ ਹੈ ਕਿ ਸਿੱਖ, ਸ਼੍ਰੇਸਟ, ਵਿਵੇਕਵਾਨ, ਵਿਚਾਰਸ਼ੀਲ ਮਨੁੱਖ ਭਰਪੂਰ ਸਮਾਜਿਕ ਜੀਵਨ, ਰਾਜਨੀਤਿਕ ਖੇਤਰ ਵਿਚ ਜੀਵੇ ਅਤੇ ਇਉਂ ਸ਼ਕਤੀ ਪ੍ਰਾਪਤ ਕਰੇ। ਖਾਲਸਾ ਰਾਜ ਦੀ ਸਥਾਪਤੀ ਦਾ ਇਹੋ ਰਹੱਸ ਹੈ, ਹਨੇ ਹਨੇ ਮੀਰੀ, ਮੁਲਕਗੀਰੀ, ਦੂਜਿਆਂ ਉਤੇ ਰਾਜ ਕਰਨਾ ਨਹੀਂ। ਮੰਤਵ ਸੇਵਾ ਹੈ, ਕਿਉਂ ਜੋ ਸੇਵਾ ਹੀ ਮੁਕਤੀ ਦਾ ਪ੍ਰਮਾਣੀਕ ਸਾਧਨ ਹੈ। ਬਿਨਾਂ ਸੇਵਾ ਭਾਵ ਤੋਂ ਰਾਜ ਕਰਨਾ, ਧੱਕਾ ਅਨਿਆ ਹੈ ਅਤੇ ਹਉਮੈ ਵਿਚ ਵਾਧਾ ਕਰਨਾ ਹੈ ਅਤੇ ਇਹ ਸਭ ਕੁਝ ਦੁੱਖ ਹੈ।

ਇਉਂ ਸਿੱਖ ਗੁਰੂਆਂ ਨੇ ਗੌਤਮ ਬੁੱਧ ਦੀ ਤ੍ਰੀ-ਸਿਧਾਂਤ ਦੀ ਵਿਆਖਿਆ ਭਾਸ਼ ਕੀਤੀ ਇਸ ਪ੍ਰਯੋਜਨ ਨਾਲ ਕਿ ਬੁੱਧ ਮੱਤ ਦੀਆਂ ਰੁਚੀਆਂ ਜਿਹਨਾਂ ਮਹਾਨ ਤੇ ਸਰਵਪ੍ਰਿਯਾ ਬ੍ਰਹਮ ਵਿਚਾਰਾਂ ਦਾ ਸੰਚਾਰ, ਮਨੁੱਖੀ ਸਮਾਜ ਅਤੇ ਮਨੁੱਖੀ ਆਤਮਾ ਵਿਚ ਕਰਦੀਆਂ ਹਨ, ਉਹਨਾਂ ਦੀ ਰਾਖੀ ਸੰਭਾਲ ਦਾ ਪੱਕਾ ਪ੍ਰਬੰਧ ਵੀ ਉਹੋ ਸਮਾਜ ਕਰ ਸਕੇ, ਜੋ ਕਿ ਇਨ੍ਹਾਂ ਬ੍ਰਹਮ ਵਿਚਾਰਾਂ, ਮੈਤ੍ਰਯ, ਕਰੁਣਾ, ਮੁਦਿਤਾ, ਉਪੇਕਸ਼ਾ ਦਾ ਧਾਰਨੀ ਅਤੇ ਵਾਹਨ ਹੈ।
ਇਹੋ ਖਾਲਸਾ ਪੰਥ ਹੈ।।

ਖ਼ਾਲਸਾ ਪੰਥ ਦੀ ਅੰਤਮ ਰੂਪ ਰੇਖਾ ਬੰਨ੍ਹਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਗੌਤਮ ਬੁੱਧ ਅਤੇ ਬੋਧੀ ਸੰਘ ਦੀ ਰਹੁਰੀਤ ਦੀ ਸਪਸ਼ਟ ਪਰ ਬਿਨਾਂ ਨਾਮ ਲਏ ਦੇ ਸਿੱਧੀ ਸ਼ੋਭਾ ਕੀਤੀ। ਜਿਵੇਂ ਸਾਰਨਾਥ ਵਿਚ ਧਰਮ ਚੱਕਰ ਦਾ ਪ੍ਰਾਰੰਭ ਕਰਨ ਸਮੇਂ ਗੌਤਮ ਬੁੱਧ ਨੇ ਬੋਧੀ ਸੰਘ ਦੀ ਨੀਂਹ ਪੰਜ ਭਿਖੂ ਦੀਖਤ ਕਰਕੇ ਰੱਖੀ ਸੀ, ਇਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਰੱਖੀ।

ਬੁੱਧ ਮੱਤ ਅਤੇ ਸਿੱਖ ਮੱਤ ਦਾ ਸਾਂਝਾ ਸਿਧਾਂਤ ਹੈ ਕਿ ਮਨੁੱਖੀ ਸੱਭਿਅਤਾ ਅਤੇ ਸਮਾਜਿਕ ਉਨਤੀ ਦੀ ਅਗਵਾਈ ਤੇ ਰੱਖਿਆ ਵਿਅਕਤੀ ਨਾ, ਸਗੋਂ ਪੰਚਾਇਤ ਕਰੇ। ਇਹ ਉਹੋ ਸਮੱਸਿਆ ਹੈ, ਜੋ ਅੱਜਕਲ੍ਹ ਵਿਅਕਤੀਵਾਦ ਤੇ ਸਮਾਜਵਾਦ ਦੇ ਰੂਪ ਵਿਚ ਆਧੁਨਿਕ ਚਿੰਤਕਾਂ ਦਾ ਮਨ ਟੁੰਬ ਰਹੀ ਹੈ। ਗੁਰੂ ਨਾਨਕ ਨੇ ਹੀ ਗੌਤਮ ਬੁੱਧ ਦੀ ਰੀਸ ਕਰਕੇ ਸ਼੍ਰੇਸਟ ਧਰਮ ਪ੍ਰਾਇਣ ਪੁਰਸ਼ਾਂ ਦੀ ਜਥੇਬੰਦੀ ਨੂੰ ਸੰਗਤ ਦਾ ਨਾਮ ਦੇ ਦਿੱਤਾ ਸੀ, ਜੋ ਕਿ ਸੰਘ ਦਾ ਹੀ ਅਪਭ੍ਰੰਸ਼ ਰੂਪ ਹੈ। ਮਹਾਂ ਪ੍ਰੀਨਿੱਬਾਨਸੂਤ ਜੋ ਬਚਨ ਗੌਤਮ ਬੁੱਧ ਦੇ ਅੰਤਿਮ ਸਮੇਂ ਕਹੇ ਹੋਏ ਅੰਕਿਤ ਹਨ ਕਿ ਬੁੱਧ ਦੇ ਉਪਦੇਸ਼ ਹੀ ਬੁੱਧ ਦਾ ਸ਼ੁੱਧ ਰੂਪ ਹਨ ਅਤੇ ਸੰਘ ਹੀ ਉਹਨਾਂ ਦਾ ਵਾਹਨ ਹੈ, ਇੰਨ ਬਿਨ ਉਹੋ ਹਨ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੱਚਖੰਡ ਗਮਨ ਸਮੇਂ ਨਾਂਦੇੜ ਵਿਚ ਉਚਾਰਨ ਕੀਤੇ, ''ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।'' ਬੋਧੀ ਵਿਚਾਰਧਾਰਾ ਸ਼ਿਲਪ, ਮੂਰਤੀ ਕਲਾ ਆਦਿ ਵਿਚ ਜੋ ਚੱਕਰ ਦੇ ਚਿੰਨ੍ਹ ਅਤੇ ਪਹਿਰਾਵੇ ਵਿਚ ਵੀ ਚੱਕਰ ਇਕ ਖਾਸ ਅਸਥਾਨ ਰੱਖਦਾ ਹੈ। ਕੇਵਲ ਸੰਸਕ੍ਰਿਤ ਹੀ ਦੇਵਬਾਣੀ ਨਹੀਂ, ਜਿਸ ਵਿਚ ਕਿ ਸੱਤਿਅ ਧਰਮ ਦੇ ਸਿਧਾਂਤ ਅੰਕਿਤ ਹਨ ਅਤੇ ਬਾਣੀ ਅਤੇ ਹਰ ਲਿਪੀ ਜਿਸ ਨੂੰ ਸਰਵ ਸਾਧਾਰਨ ਲੋਕ ਵਰਤਦੇ ਹੋਣ, ਸੱਤਿਅ ਧਰਮ ਦੇ ਸਿਧਾਂਤਾਂ ਨੂੰ ਅੰਕਿਤ ਅਤੇ ਪ੍ਰਚਾਰ ਕਰਨ ਦੇ ਯੋਗ ਹੈ। ਇਹ ਬੁਨਿਆਦੀ ਵਿਚਾਰ ਗੌਤਮ ਬੁੱਧ ਦਾ ਸੀ। ਸਿੱਖ ਗੁਰੂਆਂ ਨੇ ਇਸੇ ਵਿਚਾਰ ਨੂੰ ਅਪਣਾਇਆ ਅਤੇ ਇਸ ਦਾ ਭਰਪੂਰ ਪ੍ਰਚਾਰ ਕੀਤਾ, ਜਿਸ ਕਾਰਨ ਬ੍ਰਾਹਮਣੀ ਮੱਤ ਦੀਆਂ ਸ਼ਕਤੀਆਂ ਦਾ ਕਰੋਪ ਸਿੱਖਾਂ ਉਤੇ ਬਹੁਤ ਵਾਰ ਹੋਇਆ ਹੈ, ਜੋ ਕਿ ਅੱਜ ਤੱਕ ਉਗਰ ਰੂਪ ਵਿਚ ਪ੍ਰਚੰਡ ਹੈ।

ਪੰਜਾਬ ਦੀ ਅੱਜ ਦੀ ਭਾਸ਼ਾ ਸਮੱਸਿਆ, ਇਹੋ ਕਰੋਪ, ਆਪਣੇ ਰਾਜਮਦ ਬਹੁਸੰਖਿਆ ਮਦ ਨਾਲ ਸਰਸ਼ਾਰ ਸਿੱਖਾਂ ਅਤੇ ਸਿੱਖੀ ਉਤੇ ਆਕ੍ਰਮਣ ਕਰ ਰਿਹਾ ਹੈ। ਇਹ ਅਤੇ ਹੋਰ ਅਨੇਕ ਨੁਕਤੇ ਅਤੇ ਸਿੱਖ ਪੰਥ ਦੀ ਰੂਪ ਰੇਖਾ ਅਜਿਹੇ ਹਨ, ਜਿਨ੍ਹਾਂ ਨੂੰ ਗਹੁ ਨਾਲ ਦੇਖਿਆਂ, ਖਾਲਸਾ ਪੰਥ ਅਤੇ ਸਿੱਖ ਮੱਤ, ਗੌਤਮ ਬੁੱਧ ਅਤੇ ਬੁੱਧ ਮੱਤ ਦੇ ਸਿਧਾਂਤ ਉਪਦੇਸ਼ਾਂ ਦਾ ਪੁਨਰ ਜੀਵਨ ਅਤੇ ਸੰਬੋਧਨ ਰੂਪ ਸਹੀ ਹੋ ਆਉਂਦਾ ਹੈ। ਮਹਾਨ ਆਤਮਾ, ਗੌਤਮ ਬੁੱਧ ਨੂੰ ਮੇਰਾ ਪ੍ਰਣਾਮ ਹੈ।

www.ambedkartimes.com
& www.ambedkartimes.org

# ਪੁਸਤਕ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ'- ਇਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ



- ਫਤਿਹਜੰਗ ਸਿੰਘ
91-98726-70278

**ਜਦੋਂ** ਤੋਂ ਮਨੁੱਖ ਦੀ ਚੇਤਨਤਾ ਨੇ ਅੱਖ ਖੋਲ੍ਹੀ ਹੈ, ਉਦੋਂ ਤੋਂ ਹੀ ਇਹ ਆਪਣੇ ਆਲੇ ਦੁਆਲੇ ਨੂੰ ਸਮਝਣ, ਪਰਖਣ ਅਤੇ ਜਾਂਚ ਪੜਤਾਲ ਕਰਨ ਲਈ ਹਰ ਵਾਪਰਨ ਵਾਲੀ ਘਟਨਾ ਨੂੰ ਆਪਣੇ ਦਿਮਾਗ ਦੀ ਕਸਵੱਟੀ ਤੇ ਚੜ੍ਹਾਉਂਦਾ ਆ ਰਿਹਾ ਹੈ। ਦੂਜੇ ਜਾਨਵਰਾਂ ਨਾਲੋਂ ਇਹੀ ਇਸਦੀ ਵਿਲੱਖਣਤਾ ਰਹੀ ਹੈ ਅਤੇ ਇਹੀ ਵਿਸ਼ੇਸ਼ ਪ੍ਰਵਿਰਤੀ ਅੱਜ ਤੱਕ ਦੇ ਸੰਸਾਰ ਦੀ ਉਤਪਤੀ, ਵਿਕਾਸ ਅਤੇ ਵਿਨਾਸ਼ ਦਾ ਸਬੱਬ ਵੀ ਰਹੀ ਹੈ। ਚੇਤਨਤਾ ਦੇ ਵਿਕਾਸ ਦੀ ਕਹਾਣੀ ਹੀ ਮਨੁੱਖ, ਸਮਾਜ ਅਤੇ ਸਮਾਜਿਕ ਕਿਰਿਆਵਾਂ ਦੇ ਵਿਕਾਸ ਦੀ ਕਹਾਣੀ ਹੈ। ਇਸੇ ਮੰਥਨ ਵਿਚੋਂ ਵਿਗਿਆਨ ਅਤੇ ਧਰਮ ਦਾ ਜਨਮ ਹੋਇਆ। ਆਮ ਤੌਰ ਤੇ ਵਿਗਿਆਨ ਅਤੇ ਧਰਮ ਨੂੰ ਦੋ ਉਲਟ ਦਿਸ਼ਾਵਾਂ ਵਿਚ ਤੁਰਨ ਵਾਲੀਆਂ ਵਿਚਾਰਧਾਰਾਵਾਂ ਮੰਨਿਆ ਜਾਂਦਾ ਹੈ ਪਰ ਅਸਲ ਵਿਚ ਇਹ ਇਕੋ ਹੀ ਵਿਚਾਰਧਾਰਾ ਦੇ ਦੋ ਸਰੂਪ ਹਨ।

ਜਦੋਂ ਮਨੁੱਖ ਦੀ ਚੇਤੰਨਤਾ ਹਾਲੇ ਆਪਣੀ ਬਾਲ ਅਵਸਥਾ ਵਿਚ ਸੀ ਤਾਂ ਮਨੁੱਖ ਨੂੰ ਜੰਗਲ ਵਿਚ ਅੱਗ ਲੱਗਣੀ, ਸੂਰਜ, ਚੰਨ, ਤਾਰਿਆਂ ਦਾ ਉੱਗਣਾ ਤੇ ਚਮਕਣਾ, ਮੀਂਹ ਦਾ ਪੈਣਾ, ਹਵਾ ਦਾ ਵੱਗਣਾ ਆਦਿ ਕੁਦਰਤੀ ਵਰਤਾਰੇ ਇਕ ਅਚੰਭਾ ਲੱਗਦੇ ਸਨ ਤੇ ਉਸਦੀ ਨਿੱਕੀ ਜਿਹੀ ਸਮਝ ਵਿਚ ਨਾ ਆਉਣ ਕਾਰਨ ਉਸਨੇ ਉਹਨਾਂ ਨੂੰ ਕੋਈ ਅਦਭੁਤ ਗ਼ੈਬੀ ਸ਼ਕਤੀ ਮੰਨ ਕੇ ਦੇਵੀ ਦੇਵਤਿਆਂ ਦੇ ਰੂਪ ਵਿਚ ਸਵੀਕਾਰ ਕਰ ਲਿਆ। ਫਿਰ ਇਹਨਾਂ ਦੇਵੀ ਦੇਵਤਿਆਂ ਨੂੰ ਸਿਰਜਣ ਵਾਲੀ ਮਹਾਨ ਸ਼ਕਤੀ 'ਰੱਬ' ਸਿਰਜ ਲਿਆ। ਇੱਥੋਂ ਹੀ ਡਰ, ਹੈਰਾਨੀ ਅਤੇ ਅਚੰਭਿਆਂ ਨੇ ਗ਼ੈਬੀ ਸ਼ਕਤੀਆਂ ਅੱਗੇ ਤਰਲੇ, ਮਿੰਨਤਾਂ, ਤਾਰੀਫਾਂ, ਖੁਸ਼ਾਮਦਾਂ ਕਰਦਿਆਂ ਪਾਠ-ਪੂਜਾ, ਮੱਥੇ ਟੇਕਣੇ, ਆਰਤੀਆਂ ਕਰਨੀਆਂ, ਮੰਨਤਾਂ ਮੰਗਣੀਆਂ ਆਦਿ ਦਾ ਆਰੰਭ ਹੋਇਆ। ਇੱਥੋਂ ਹੀ ਜਾਦੂ-ਟੂਣੇ, ਝਾੜ-ਫੂਕ, ਧਾਗੇ-ਤਵੀਤ, ਕਰਾਮਾਤਾਂ, ਭੂਤ-ਪ੍ਰੇਤ ਆਦਿ ਨੇ ਜਨਮ ਲਿਆ ਜੋ ਭਾਵੇਂ ਅਵਿਕਸਤ ਦਿਮਾਗ ਦੀਆਂ ਕਾਢਾਂ ਸਨ ਪਰ ਬਾਅਦ ਵਿਚ ਇਹਨਾਂ ਦੀ ਆੜ੍ਹ ਵਿਚ ਹੀ ਸ਼ੈਤਾਨ ਤੇ ਸਮਾਜ ਦੋਖੀ ਲੋਕਾਂ ਨੇ ਇਹਨਾਂ ਨੂੰ ਆਮ ਲੋਕਾਂ ਦੀ ਦਾਨ-ਦਕਸ਼ਣਾ, ਚੜ੍ਹਾਵੇ, ਉਪਾਓ ਆਦਿ ਦੇ ਰੂਪ ਵਿਚ ਲੁੱਟ ਖਸੁੱਟ ਕਰਨ ਦਾ ਸਥਾਨ ਬਣਾ ਲਿਆ। ਜੋ ਅੱਜ ਤੱਕ ਵੀ ਜਾਰੀ ਹੈ। ਧਰਮ-ਕਰਮ ਦੇ ਨਾਂ ਤੇ ਹਜ਼ਾਰਾਂ ਕਿਸਮ ਦੇ ਵਹਿਮ-ਭਰਮ, ਤਿੱਥ-ਤਿਉਹਾਰ, ਜੋਤਿਸ਼-ਸਿਤਾਰੇ, ਗ੍ਰਹਿ, ਕਿਸਮਤ ਆਦਿ ਦੇ ਰੂਪ ਵਿਚ ਪੂਰੇ ਜ਼ੋਰ ਸ਼ੋਰ ਨਾਲ ਜਾਰੀ ਹਨ। ਅੱਜ ਇਹ ਧਰਮ ਦੇ ਮੁੱਖ ਅੰਗ ਬਣ ਚੁੱਕੇ ਹਨ, ਜਿਹਨਾਂ ਨੂੰ ਖ਼ਤਮ ਕਰਨਾ ਅਸੰਭਵ ਜਾਪਦਾ ਹੈ ਕਿਉਂਕਿ ਇਹ ਸਭ ਕੁਝ ਇਕ ਸੋਚੀ ਸਮਝੀ ਸਾਜ਼ਿਸ਼ ਹੈ।

ਧਰਮ ਦੇ ਇਸ ਹੋਂਦ ਵਿਚ ਆਏ ਰੂਪ ਨੂੰ ਇਸਦੇ ਬਚਪਨ ਤੋਂ ਹੀ ਗੂੜ੍ਹ ਚੇਤਨਤਾ ਵਾਲੇ ਲੋਕਾਂ ਨੇ ਨਾਲ ਦੀ ਨਾਲ ਦੂਜੇ ਰੂਪ ਵਿਚ ਵੇਖਣਾ ਵੀ ਜਾਰੀ ਰੱਖਿਆ। ਇਹਨਾਂ ਵੱਲੋਂ ਕੁ-ਦਰਤੀ ਵਰਤਾਰਿਆਂ ਦੀ ਅਸਲੀਅਤ ਖੋਜ ਕੇ, ਸਚਾਈ ਦਾ ਸਬੂਤ ਪੇਸ਼ ਕਰਕੇ ਨਤੀਜਿਆਂ ਨੂੰ ਲੋਕਾਂ ਦੀ ਭਲਾਈ ਲਈ ਵਰਤਣਾ ਵੀ ਨਾਲ ਦੀ ਨਾਲ ਜਾਰੀ ਰੱਖਿਆ ਗਿਆ। ਇਹ ਹੀ ਵਿਗਿਆਨ ਦਾ ਆਰੰਭ ਹੈ। ਵਿਕਾਸ ਦੀ ਇਸ ਸ਼ਾਖਾ ਨੇ ਉਹਨਾਂ ਦੇਵੀ ਦੇਵਤਿਆਂ ਉਤੋਂ ਭਰਮ ਦਾ ਪਰਦਾ ਲਾਹ ਕੇ ਇਹਨਾਂ ਨੂੰ ਆਮ ਕੁਦਰਤੀ ਵਰਤਾਰਿਆਂ ਵਿਚ ਬਦਲ ਦਿੱਤਾ, ਜਿਸ ਕਰਕੇ ਇਹ ਦੇਵਤੇ ਨਾ ਰਹਿ ਕੇ ਸੂਰਜ ਇਕ ਅੱਗ ਦਾ ਤਪਦਾ ਗੋਲਾ, ਧਰਤੀ ਇਸਦਾ ਟੁੱਟ ਕੇ ਠੰਡਾ ਹੋਇਆ ਇਕ ਹਿੱਸਾ, ਚੰਦ ਧਰਤੀ ਤੋਂ ਟੁੱਟ ਕੇ ਠੰਢਾ ਹੋਇਆ ਹਿੱਸਾ, ਪਾਣੀ ਦੋ ਗੈਸਾਂ (ਆਕਸੀਜਨ ਅਤੇ ਹਾਈਡ੍ਰੋਜਨ) ਦੀ ਮਿਲਾਵਟ ਤੋਂ ਬਣਿਆ ਤਰਲ ਪਦਾਰਥ ਆਦਿ ਦੇ ਰੂਪ ਵਿਚ ਪੇਸ਼ ਹੋਏ। ਇੰਝ ਮਨੁੱਖੀ ਚੇਤਨਤਾ ਨੇ ਧਰਮ ਦੇ ਵਿਕਸਤ ਰੂਪ ਨੂੰ ਵਿਗਿਆਨ ਵਿਚ ਬਦਲ ਦਿੱਤਾ ਅਤੇ ਵਿਗਿਆਨ ਦਾ ਮੁੱਢਲਾ ਰੂਪ, ਇਸਦਾ ਬਚਪਨ ਧਰਮ ਦੇ ਤੌਰ ਤੇ ਮੰਨ ਲਿਆ। ਮੁਢਲੇ ਤੌਰ ਤੇ ਦੋਹਾਂ ਵਿਚ ਕੋਈ ਅੰਤਰ ਨਹੀਂ।

ਮਨੁੱਖ, ਧਰਮ, ਸਮਾਜ, ਵਿਗਿਆਨ ਦੇ ਵਿਗਸਣ ਦੀ ਇਸ ਕੁਦਰਤੀ ਪ੍ਰਕਿਰਿਆ ਦੀ ਐਨਕ ਵਿਚੋਂ ਵੇਖਿਆਂ ਸਾਨੂੰ ਕਿਸੇ ਵੀ ਧਰਮ, ਸਮਾਜ ਅਤੇ ਸਮਾਜਿਕ ਕਿਰਿਆਵਾਂ ਨੂੰ ਸਹੀ ਰੂਪ ਵਿਚ ਸਮਝਣ ਵਿਚ ਸਹਾਇਤਾ ਮਿਲਦੀ ਹੈ। ਜੇ ਕਿਸੇ ਮਨੁੱਖ, ਸਮਾਜ, ਧਰਮ ਆਦਿ ਦੀ ਸੋਚ ਜਾਂ ਬੁਨਿਆਦ ਤੇ ਵਿਕਾਸ ਵਿਗਿਆਨਕ ਜਾਂ ਤਰਕਸ਼ੀਲਤਾ 'ਤੇ ਆਧਾਰਿਤ ਨਹੀਂ ਹੈ ਤਾਂ ਉਸਦੇ ਸਚਿਆਰੇ ਹੋਣ ਜਾਂ ਮਨੁੱਖਤਾ ਲਈ ਕਲਿਆਣਕਾਰੀ ਹੋਣ 'ਤੇ ਵੀ ਸੁਆਲੀਆ ਨਿਸ਼ਾਨ ਲੱਗ ਜਾਂਦਾ ਹੈ।

ਇਸੇ ਵਿਗਿਆਨਕ ਅਤੇ ਤਰਕਸ਼ੀਲਤਾ ਦੀ ਐਨਕ ਵਿਚੋਂ ਸ. ਜੈਤੇਗ ਸਿੰਘ ਅਨੰਤ ਦੁਆਰਾ ਸੰਪਾਦਿਤ, ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਰਾਹੀਂ ਲਿਖਿਤ ਪੁਸਤਕ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਨੂੰ ਨਿਹਾਰਦੇ ਹਾਂ। ਸਿਰਦਾਰ ਕਪੂਰ ਸਿੰਘ ਇਕ ਮੰਨੇ ਪ੍ਰਮੰਨੇ ਵਿਦਵਾਨ; ਫਾਰਸੀ, ਅੰਗਰੇਜ਼ੀ, ਪੰਜਾਬੀ, ਹਿੰਦੀ, ਸੰਸਕ੍ਰਿਤ ਦੇ ਗਿਆਤਾ, ਚਿੰਤਕ, ਖੋਜੀ ਅਤੇ ਸੱਚ ਉਜਾਗਰ ਕਰਨ ਵਾਲੇ ਬੇਬਾਕ ਲੇਖਕ, ਸੱਚੇ ਸੁੱਚੇ ਸਿਆਸਤਦਾਨ ਅਤੇ ਵਧੀਆ ਪ੍ਰਸ਼ਾਸਨਿਕ ਅਧਿਕਾਰੀ ਹੋਏ ਹਨ। ਇਹ ਉਹਨਾਂ ਦੁਆਰਾ ਲਿਖੀਆਂ ਪੁਸਤਕਾਂ ਤੋਂ ਭਲੀ ਭਾਂਤ ਸਾਬਤ ਹੋ ਜਾਂਦਾ ਹੈ। ਸ. ਜੈਤੇਗ ਸਿੰਘ ਅਨੰਤ ਜੋ ਇਕ ਪ੍ਰਸਿੱਧ ਲੇਖਕ, ਸੰਪਾਦਕ ਅਤੇ ਕਾਲਮ ਨਵੀਸ ਹਨ, ਉਹ ਸਿਰਦਾਰ ਕਪੂਰ ਸਿੰਘ ਦੀ ਸੋਚ ਦੇ ਬਹੁਤ ਕਾਇਲ ਹਨ ਤੇ ਇਹਨਾਂ ਦੀਆਂ ਲਿਖਤਾਂ ਦੇ ਕਦਰਦਾਨ ਹਨ। ਇਸੇ ਲਈ ਇਹਨਾਂ ਨੇ ਆਪਣੇ ਬਣਾਏ 'ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ' ਰਾਹੀਂ ਇਹਨਾਂ ਦੀਆਂ ਦਰਜਨ ਤੋਂ ਵੱਧ ਪੁਸਤਕਾਂ ਸੰਪਾਦਿਤ ਕਰਕੇ ਸਿੱਖ ਵਿਦਵਾਨਾਂ ਅਤੇ ਸਿੱਖ ਧਰਮ ਦੇ ਜਗਿਆਸੂਆਂ ਦੀ ਝੋਲੀ ਵਿਚ ਪਾਈਆਂ ਹਨ। ਸਿਰਦਾਰ ਕਪੂਰ ਸਿੰਘ ਲਿਖਿਤ 'ਸਪਤ ਸ੍ਰਿੰਗ' ਅਤੇ 'ਪੂੰਦਰੀਕ' ਦੇ ਗੰਭੀਰ ਅਧਿਐਨ ਤੋਂ ਬਾਅਦ ਉਹਨਾਂ ਨੂੰ ਬੁਧ ਮੱਤ ਅਤੇ ਸਿਖ ਮੱਤ ਵਿਚ ਮਿਲੀਆਂ ਕਾਫੀ ਸਮਾਨਤਾਵਾਂ ਨੂੰ ਪ੍ਰਗਟ ਕਰਨ ਦੀ ਇੱਛਾ ਨਾਲ ਇਸ ਪੁਸਤਕ, 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਦੇ ਪੁਨਰ ਜਨਮ ਦਾ ਸਬੱਬ ਬਣਿਆ।

ਇਸ ਪੁਸਤਕ ਵਿਚ ਸ਼ਾਮਲ ਤਿੰਨ ਲੇਖਾਂ ਵਿਚੋਂ ਪਹਿਲਾ ਲੇਖ 'ਗੌਤਮ ਬੁੱਧ' ਹੈ ਜੋ ਪੁਸਤਕ 'ਸਪਤ ਸ੍ਰਿੰਗ' ਵਿਚੋਂ ਲਿਆ ਹੈ, ਇਸ ਵਿਚ ਗੌਤਮ ਬੁੱਧ ਦੇ ਜਨਮ ਤੋਂ ਲੈ ਕੇ ਬੁੱਧ ਬਣਨ ਤੱਕ ਦਾ ਜੀਵਨ ਸਫ਼ਰ ਅਤੇ ਬੁੱਧ ਦਾ ਗਿਆਨ ਅਤੇ ਸਿੱਖਿਆਵਾਂ ਦਾ ਵਿਸਥਾਰ ਪੂਰਵਕ ਵਰਣਨ ਹੈ। ਦੂਜਾ ਲੇਖ 'ਧੰਮਪਦ' ਪੁਸਤਕ 'ਪੂੰਦਰੀਕ' ਵਿਚੋਂ ਲਿਆ ਗਿਆ ਹੈ, ਜਿਸ ਵਿਚ ਬੁੱਧ ਧਰਮ ਦੇ ਵਿਕਾਸ ਦੀ ਲੰਮੀ ਯਾਤਰਾ ਦਾ ਵਿਸਥਾਰ ਪੂਰਵਕ ਵਰਣਨ ਹੈ। ਤੀਜਾ ਲੇਖ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਪ੍ਰਸਿੱਧ ਕਵੀ ਅਤੇ ਸਿਰਦਾਰ ਕਪੂਰ ਸਿੰਘ ਦੇ ਕਦਰਦਾਨ ਪ੍ਰੋ. ਮੋਹਨ ਸਿੰਘ ਰਾਹੀਂ ਸੰਪਾਦਿਤ 'ਪੰਜ ਦਰਿਆ' ਵਿਚ ਪਹਿਲੀ ਵਾਰ ਛਾਪਿਆ ਗਿਆ ਸੀ। ਇਸ ਵਿਚ ਬੁੱਧ ਮੱਤ ਅਤੇ ਸਿਖ ਮੱਤ ਵਿਚ ਆਪਸੀ ਸਮਾਨਤਾਵਾਂ ਦਾ ਜ਼ਿਕਰ ਹੈ।

ਗੌਤਮ ਬੁੱਧ ਦੇ ਜਨਮ ਤੋਂ ਵੀ ਲੱਗਭੱਗ ਇਕ ਹਜ਼ਾਰ ਸਾਲ ਪਹਿਲਾਂ ਤੱਕ ਭਾਰਤ ਦੀ ਸਭਿਅਤਾ ਦੁਨੀਆਂ ਦੀਆਂ ਉੱਨਤ ਸਭਿਅਤਾਵਾਂ ਵਿਚੋਂ ਇਕ ਬਣ ਚੁੱਕੀ ਸੀ। ਉਸ ਵੇਲੇ ਲੋਕੀ ਬੜੀ ਖੁਸ਼ਹਾਲ ਜ਼ਿੰਦਗੀ ਬਤੀਤ ਕਰਦੇ ਸਨ। ਉਹਨਾਂ ਨੇ ਖੇਤੀ ਕਰਨ ਦਾ ਵੱਲ, ਇਮਾਰਤਸਾਜ਼ੀ ਦਾ ਹੁਨਰ ਕਮਾਲ ਦੀ ਹੱਦ ਤੱਕ ਸਿੱਖ ਲਿਆ ਸੀ। ਹੜੱਪਾ, ਮੋਹਿੰਜੋਦਾੜੋ, ਲੋਥਲ, ਚਹੂੰਦੜੋ, ਕਾਲੀ ਬੰਗਾ, ਸੰਘੋਲ ਆਦਿ ਦੀ ਖੁਦਾਈ ਤੋਂ ਇਹ ਸਾਬਤ ਹੋ ਜਾਂਦਾ ਹੈ। ਵੱਡੇ ਬਾਥਰੂਮ ਤੇ ਹਾਲ, ਖੁੱਲ੍ਹੀਆਂ ਗਲੀਆਂ, ਪਾਣੀ ਦੇ ਨਿਕਾਸ ਦਾ ਆਹਲਾ ਪ੍ਰਬੰਧ ਆਦਿ ਦਾ ਖਾਸ ਖਿਆਲ ਰੱਖਿਆ ਜਾਂਦਾ ਸੀ। ਲੱਕੜੀ ਦਾ ਫਰਨੀਚਰ ਹੁੰਦਾ ਸੀ ਅਤੇ ਵਧੀਆ ਬਰਤਨਾਂ ਵਿਚ ਖਾਣਾ ਖਾਂਦੇ ਸਨ। ਲੋਥਲ ਬੰਦਰਗਾਹ ਸੀ। ਚਹੁੰਦੜੋ ਸ਼ਿਲਪਕਲਾ ਦਾ ਕੇਂਦਰ ਸੀ। ਪੱਥਰ ਦੇ ਮਣਕੇ, ਮੁਦਰਾ, ਹੱਡੀ, ਸੰਖ ਅਤੇ ਹਾਥੀ ਦੰਦ ਦੀਆਂ ਬਹੁਤ ਚੀਜ਼ਾਂ ਬਣਦੀਆਂ ਸਨ। ਮੱਧ ਪੂਰਬ ਤੋਂ ਆਰੀਅਨ ਲਗਾਤਾਰ ਕਬੀਲਿਆਂ ਦੇ ਰੂਪ ਵਿਚ ਭਾਰਤ 'ਤੇ ਹਮਲੇ ਕਰਦੇ ਰਹੇ। ਅੰਤ 1500 ਬੀ. ਸੀ. ਤੱਕ ਉਹਨਾਂ ਨੇ ਇੱਥੋਂ ਦੇ ਆਦਿ ਵਸਨੀਕਾਂ ਨੂੰ ਬਰਬਾਦ ਕਰ ਦਿੱਤਾ ਤੇ ਆਪ ਵੱਸ ਗਏ। ਇਸ ਉਨਤ ਸਭਿਅਤਾ ਦਾ ਨਾਸ਼ ਕਰ ਦਿੱਤਾ ਗਿਆ ਅਤੇ ਆਪਣਾ ਕਬਜ਼ਾ ਕਾਇਮ ਰੱਖਣ ਲਈ ਆਰੀਅਨ ਨੇ ਸਮਾਜ ਵਿਚ ਵੰਡੀਆਂ ਪਾ ਕੇ ਲੀਰੋ ਲੀਰ ਕਰ ਦਿੱਤਾ। ਸਮਾਜ ਨੂੰ ਚਾਰ ਵਰਣਾਂ ਵਿਚ ਵੰਡ ਕੇ ਇੱਥੋਂ ਦੇ ਆਦਿ ਵਸਨੀਕਾਂ ਨੂੰ ਸਭ ਤੋਂ ਹੇਠਲੇ ਵਰਣ ਸ਼ੂਦਰ ਵਿਚ ਰੱਖ ਕੇ ਉਹਨਾਂ ਤੋਂ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਤੇ ਬੱਸ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨੀ ਹੀ ਉਸਨੂੰ ਇਕੋ ਇਕ 'ਅਧਿਕਾਰ' ਦਿੱਤਾ ਗਿਆ। ਸਾਰੇ ਲਾਭ, ਹੱਕ, ਮਾਲਕੀ, ਵਿਦਿਆ, ਐਸ਼, ਆਰਾਮ ਦੀਆਂ ਸਹੂਲਤਾਂ ਉਪਰਲੇ ਤਿੰਨਾਂ ਵਰਣਾਂ ਕੋਲ ਸਨ ਤੇ ਇਹ ਸਾਰਾ ਕੁਝ ਜਨਮ ਤੋਂ ਹੀ ਚਲਦਾ ਸੀ। ਲੇਖਕ ਨੇ ਇਸ ਇਤਿਹਾਸਕ ਤੱਥ ਨੂੰ ਸਵੀਕਾਰ ਕਰਦਿਆਂ ਲਿਖਿਆ ਹੈ, "ਜੇ ਅਸੀਂ ਅੰਤਰ ਧਿਆਨ ਹੋ ਕੇ ਅੱਜ ਤੋਂ ਪੰਝੀ ਸੌ ਵਰ੍ਹੇ ਪਹਿਲਾਂ ਦੇ ਭਾਰਤ ਵੱਲ ਤੱਕੀਏ ਤਾਂ ਅਸਾਨੂੰ ਇਕ ਅਜਿਹਾ ਸਮਾਜ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਕਿ ਚਹੁੰ ਵਰਣਾਂ ਵਿਚ ਵੰਡਿਆ ਹੋਇਆ ਹੈ, ਜਿਸ ਵੰਡ ਦੀਆਂ ਨੀਹਾਂ ਜਨਮ ਵਿਚ ਹਨ ਪਰ ਜਿਸਦਾ ਆਧਾਰ ਪਿਤਾ ਪੁਰਖੀ ਕਿੱਤਾ ਕਿਰਤ ਹੈ (116)।

ਗੌਤਮ ਦੇ ਬੁੱਧ ਬਣਨ ਤੱਕ ਇਹ ਵਰਣ ਵਿਵਸਥਾ ਬਹੁਤ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ। ਸਮਾਜ ਦਾ ਇਕ ਵੱਡਾ ਹਿੱਸਾ (ਲੱਗਭੱਗ ਤਿੰਨ ਚੌਥਾਈ) ਜੀਵਨ ਦੀਆਂ ਜ਼ਰੂਰੀ ਲੋੜਾਂ ਤੋਂ ਵਾਂਝਿਆਂ ਭੁੱਖਾ-ਨੰਗਾ ਮਾਨਸਿਕ ਤੇ ਸਰੀਰਕ ਕਸ਼ਟਾਂ ਨਾਲ ਜੂਝਦਾ ਜਾਨਵਰਾਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਸੀ। ਇਹੀ ਕਾਰਨ ਸੀ, ਜਿਸ ਨੇ ਗੌਤਮ ਨੂੰ ਰਾਜਿਆਂ ਵਾਲਾ ਆਰਾਮਦਾਇਕ ਜੀਵਨ ਤਿਆਗ ਕੇ ਇਸਦੇ ਮੂਲ ਕਾਰਨਾਂ ਦੀ ਖੋਜ ਕਰਨ ਲਈ ਮਜਬੂਰ ਕਰ ਦਿੱਤਾ ਕਿ ਆਖਿਰ ਕੀ ਹੈ ਇਸ ਭਿਆਨਕ ਜੀਵਨ ਦੇ ਪਿੱਛੇ ਕਾਰਨ? ਛੇ ਸਾਲਾਂ ਦੀ ਘੋਰ ਮਿਹਨਤ ਸਦਕਾ ਉਹ ਗਿਆਨ ਦੀ ਪ੍ਰਾਪਤੀ ਕਰ ਸਕੇ। ਉਹ ਇਸ ਨਤੀਜੇ ਤੇ ਪਹੁੰਚੇ ਕਿ ਸਦੀਵੀ ਆਨੰਦ ਤੇ ਮੁਕਤੀ ਦੀ ਪ੍ਰਾਪਤੀ ਹੀ ਜੀਵਨ ਦਾ ਮਨੋਰਥ ਹੈ (22)। ਜੋ ਵੀ ਘੜਿਆ ਉਹ ਟੁੱਟਦਾ ਵੀ ਹੈ, ਇਸ ਲਈ ਦ੍ਰਿੜ੍ਹ ਚਿੱਤ ਹੋ ਕੇ ਆਪਣੇ ਕਲਿਆਣ ਦਾ ਯਤਨ ਕਰੋ (43)। ਸਰੀਰ ਇਕ ਦੋਤਾਰੇ ਦੀ ਤਰ੍ਹਾਂ ਹੈ, ਇਸਨੂੰ ਨਾ ਖਿੱਚੋ ਤੇ ਨਾ ਢਿੱਲਾ ਛੱਡੋ (30)। ਪੰਜ ਰੋਗ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਜਾਲ ਵਿਚ ਸਭ ਲੋਕ ਅਤੇ ਦੇਵਤੇ ਫਸੇ ਹੋਏ ਹਨ। (34)। ਇਹਨਾਂ ਰੋਗਾਂ ਤੋਂ ਛੁਟਕਾਰਾ ਹੀ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ। ਕਰਮ ਕਾਂਡ, ਯੱਗ, ਹਵਨ ਇਹ ਮੁਕਤੀ ਦਾ ਮਾਰਗ ਨਹੀਂ ਹਨ। ਨਿਰਵਾਣ ਦੀ ਪ੍ਰਾਪਤੀ ਆਤਮਾ ਦੀ ਸ਼ੁੱਧੀ ਨਾਲ ਹੁੰਦੀ ਹੈ! (35)

ਇੰਝ ਗੌਤਮ ਨੇ ਪਹਿਲਾਂ ਤੋਂ ਪ੍ਰਚੱਲਿਤ ਵਿਚਾਰਧਾਰਾ ਤੋਂ ਇਕ ਵੱਖਰੀ ਵਿਚਾਰਧਾਰਾ ਪੇਸ਼ ਕੀਤੀ ਜਿਸ ਵਿਚ ਜੀਵਨ ਦੀ ਅਸਲੀਅਤ ਪੇਸ਼ ਕੀਤੀ ਗਈ। ਉਹਨਾਂ ਦਾ ਮੰਨਣਾ ਸੀ ਕਿ ਜੋ ਔਗੁਣ ਸਾਨੂੰ ਰੋਜ਼ਾਨਾ ਜੀਵਨ ਵਿਚ ਦਰਪੇਸ਼ ਤੰਗ ਕਰਦੇ ਹਨ, ਉਹਨਾਂ ਦੇ ਤਿਆਗ ਕਰਨ ਨਾਲ ਹੀ ਸਾਨੂੰ ਅਨੰਦਮਈ ਜੀਵਨ ਦੀ ਪ੍ਰਾਪਤੀ ਹੋ ਸਕਦੀ ਹੈ। ਕਰਮ ਕਾਂਡ, ਹਵਨ, ਯੱਗ, ਜਾਦੂ-ਟੂਣੇ, ਮੰਤਰ, ਚੜ੍ਹਾਵੇ ਆਦਿ ਨੂੰ ਉਹਨਾਂ ਨੇ ਮੁੱਢੋਂ ਹੀ ਨਕਾਰ ਦਿੱਤਾ। ਇਹਨਾਂ ਪ੍ਰਚੱਲਿਤ ਵਹਿਮਾਂ ਅਤੇ ਕਰਮਕਾਂਡਾਂ ਦੇ ਸਤਾਏ ਲੋਕ ਵਹੀਰਾਂ ਘੱਤ ਕੇ ਬੁੱਧ ਮੱਤ ਵੱਲ ਖਿੱਚੇ ਗਏ। ਬੁੱਧ ਨੇ ਆਪਣੇ ਚੇਲੇ ਤਿਆਰ ਕੀਤੇ ਅਤੇ ਚਾਰੇ ਦਿਸ਼ਾਵਾਂ ਵਿਚ ਪ੍ਰਚਾਰ ਹਿੱਤ ਭੇਜੇ। ਭਾਰਤ ਵਿਚ ਪਹਿਲੀ ਵਾਰੀ ਇਕ ਵਿਗਿਆਨਕ ਅਤੇ ਤਰਕ ਸੰਗਤ ਫਲਸਫ਼ੇ ਦੀ ਨੀਂਹ ਰੱਖੀ ਗਈ। ਇੰਝ ਭਾਰਤ ਵਿਚ ਦੋ ਪਰਿਪਾਟੀਆਂ ਹੋਂਦ ਵਿਚ ਆ ਗਈਆਂ। ਇਕ ਜੋ ਪਹਿਲਾਂ ਤੋਂ ਪ੍ਰਚੱਲਿਤ ਸੀ, ਉਹ ਵੈਦਿਕ ਸੀ ਤੇ ਵੇਦਾਂ 'ਤੇ ਆਧਾਰਿਤ ਸੀ, ਇਹ ਸਰਗੁਣ ਅਤੇ ਦੂਜੀ ਜੋ ਬੁੱਧ ਵੱਲੋਂ ਸ਼ੁਰੂ ਕੀਤੀ ਗਈ ਇਹ ਪਹਿਲੀ ਤੋਂ ਉਲਟ ਨਿਰਗੁਣ ਜਾਂ ਸ਼੍ਰਮਣਕ ਕਹਾਈ। ਇਸਦਾ ਬਿਰਤਾਂਤ ਲੇਖਕ ਨੇ ਇੰਝ ਕੀਤਾ ਹੈ, "ਇਸ ਸਮਾਜ ਦੇ ਮਾਨਸਿਕ ਮੰਡਲਾਂ ਵਿਚ ਦੋ ਅਧਿਆਤਮਕ ਤੱਥਾਂ ਧਾਰਮਿਕ ਲਹਿਰਾਂ ਤੇ ਵਿਚਾਰਧਾਰਾਵਾਂ ਇਸਥਿਤ ਤੇ ਪ੍ਰਮਾਣਿਕ ਹਨ- ਇਕ ਵੈਦਿਕ ਅਤੇ ਦੂਸਰੀ ਉਪਨਿਸ਼ਦਿਕ-ਸ਼੍ਰਮਣਕ। ਵੈਦਿਕ ਧਾਰਾ ਦਾ ਆਦਰਸ਼ ਬਾਹਰਮੁਖੀ ਇਸ ਧਰਤੀ ਨਾਲ ਸਬੰਧਤ ਹੈ ਅਤੇ ਯੱਗ, ਹੋਮ, ਕਰਮ ਕਾਂਡ ਇਸਦੀ ਕ੍ਰਮ ਕ੍ਰਿਆ ਹੈ। ਯੱਗ ਬਲੀ ਆਦਿ ਕਿਰਿਆਵਾਂ ਦੁਆਰਾ ਵਿਸ਼ਵ ਦੇ ਸੂਖਸ਼ਮ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਕੇ ਰਾਜ, ਧਨ, ਧੀਰਆਯੂ (ਲੰਬੀ ਉਮਰ), ਪੁਤਰੇ ਪੋਤਰ ਆਦਿ ਸੁੱਖਾਂ ਦੀ ਪ੍ਰਾਪਤੀ ਅਤੇ ਸ਼ਤਰੂ ਰੋਗ.. ਆਦਿ ਧਰਮ ਦੀ ਮੂਲ ਕਿਰਿਆਵਾਂ ਹਨ। ਉਪਨਿਸ਼ਦਿਕ ਵਿਚਾਰਧਾਰਾ ਇਸਦੇ ਉਲਟ ਸੀ ਜੋ ਦ੍ਰਿਸ਼ਟੀਮਾਨ ਸੰਸਾਰ ਅਤੇ ਇਸ ਦੀਆਂ ਵਿਭੂਤੀਆਂ (ਧਨ ਦੌਲਤ) ਨੂੰ ਆਧਾਰ ਮੰਨ ਕੇ ਨਿਤਯ ਇਕ ਰਸ ਮੰਨ ਕੇ ਅਦ੍ਰਿਸ਼ਟ ਸੰਸਾਰਧਾਰਾ ਦੀ ਖੋਜ ਭਾਲ ਅਤੇ ਉਸਦੀ ਪ੍ਰਾਪਤੀ ਦੇ ਯਤਨਾਂ ਨੂੰ ਹੀ ਧਰਮ ਦਾ ਵਿਸ਼ਾ ਅਤੇ ਧਰਮ ਕ੍ਰਿਆ ਪ੍ਰਵਾਨ ਕਰਦੀ ਹੈ (116)।




ਵੈਦਿਕ ਧਰਮ ਅਨੁਸਾਰ ਬੁੱਧ ਧਰਮ ਨਾਸਤਕ ਸੀ। ਉਹਨਾਂ ਅਨੁਸਾਰ ਆਸਤਕ ਉਹ ਹੈ ਜੋ "ਵੇਦਾਂ ਨੂੰ ਆਨਾਦੀ ਅਤੇ ਈਸ਼ਵਰ ਕ੍ਰਿਤ ਮੰਨਣ ਵਾਲਾ ਹੋਵੇ (50)। ਨਾਸਤਿਕ ਉਹ ਹੈ ਜੋ "ਇਕ ਪਰਮ ਈਸ਼ਵਰ ਸਰਬੋਤਮ, ਸਰਬਾਸ਼ਰ, ਸਰਬਕਾਰਕ, ਅਕਾਲ ਸ਼ਕਤੀ ਨੂੰ ਮੰਨਣ ਵਾਲਾ ਪਰ ਵੇਦਾਂ ਨੂੰ ਮਨੁਸ਼ ਕ੍ਰਿਤ ਮੰਨਣ ਵਾਲਾ ਹੋਵੇ (50)। "ਇੰਝ ਸਿੱਖ ਵੀ ਨਾਸਤਿਕ ਹਨ (50)! ਪੂਰੇ ਦੋ ਹਜ਼ਾਰ ਵਰ੍ਹੇ ਬੀਤ ਜਾਣ ਬਾਅਦ ਉਤਰੀ ਭਾਰਤ ਵਿਚ ਇਕ ਹੋਰ ਨਾਸਤਕ ਧਰਮ ਉਤਪੰਨ ਹੋਇਆ ਤੇ ਸਿੱਖ ਗੁਰੂਆਂ ਨੇ ਮੁੜ ਸੰਸਕ੍ਰਿਤ ਦਾ ਤਿਆਗ ਕਰਕੇ ਆਪਣੇ ਸਮੇਂ ਦੀ ਸੰਸਕ੍ਰਿਤੀ ਦੀ ਭਾਸ਼ਾ ਬ੍ਰਿਜ ਭਾਸ਼ਾ ਤੇ ਸਰਬ ਸਧਾਰਨ ਦੇ ਬੋਲਚਾਲ ਦੀ ਭਾਸ਼ਾ ਪੰਜਾਬੀ ਭਾਸ਼ਾ ਨੂੰ ਆਪਣੇ ਉਪਦੇਸ਼ ਤੇ ਪ੍ਰਚਾਰ ਦਾ ਵਾਹਨ ਬਣਾਇਆ। (51)।

ਇੰਝ ਬੁੱਧ ਧਰਮ ਦੀ ਪਰਿਪਾਟੀ ਵਿਚ ਹੀ ਸਿੱਖ ਧਰਮ ਗਿਣਿਆ ਜਾਂਦਾ ਹੈ। ਲੇਖਕ ਨੇ ਕਿੰਨੀਆਂ ਹੀ ਉਦਾਹਰਣਾਂ ਦੇ ਕੇ ਦੱਸਿਆ ਹੈ ਕਿ ਇਹਨਾਂ ਦੋਹਾਂ ਧਰਮਾਂ ਵਿਚ ਬਹੁਤ ਸਮਰੂਪਤਾ ਹੈ। ਇਹ ਦੋਵੇਂ ਮੁੱਢਲੇ ਤੌਰ ਤੇ ਵਿਗਿਆਨਕ ਸੋਚ ਵਾਲੇ ਹਨ, ਭਾਵੇਂ ਅੱਜ ਅਮਲੀ ਰੂਪ ਉਲਟ ਹੈ।

ਬੁੱਧ ਧਰਮ ਉਤਪਤੀ ਤੋਂ ਬਾਅਦ ਕਿਹਨਾਂ ਕਿਹਨਾਂ ਹਾਲਾਤਾਂ ਵਿਚੋਂ ਲੰਘਿਆ ਅਤੇ ਕਿਵੇਂ ਕਿਵੇਂ ਸਮੇਂ ਅਨੁਸਾਰ ਇਸ ਵਿਚ ਤਬਦੀਲੀਆਂ ਆਉਂਦੀਆਂ ਗਈਆਂ, ਇਸਦਾ ਵਿਸਥਾਰ ਸਿਰਦਾਰ ਕਪੂਰ ਸਿੰਘ ਨੇ ਦੂਜੇ ਅਧਿਆਇ 'ਧਮਪਦ' ਵਿਚ ਦਿੱਤਾ ਹੈ। 'ਧਮਪਦ' ਬੁੱਧ ਧਰਮ ਦੀ ਵਿਸ਼ਵ ਪੱਧਰ ਤੇ ਮੰਨੀ ਗਈ ਧਰਮ ਪੁਸਤਕ ਹੈ। ਇਹ ਬੋਧੀਆਂ ਦੇ ਆਦਿ ਗ੍ਰੰਥ 'ਤ੍ਰਿਪਿਟਿਕ' ਦੇ 'ਸੂਤਰ ਪਿਟਕ' ਵਿਚੋਂ ਲਈ ਗਈ ਹੈ। ਇਹ ਰਚਨਾ ਬਹੁਤ ਮਹੱਤਵਪੂਰਨ ਮੰਨੀ ਗਈ ਹੈ, ਉਵੇਂ ਜਿਵੇਂ ਸਿੱਖ ਧਰਮ ਵਿਚ ਗੁਰੂ ਅਰਜਨ ਦੇਵ ਦੀ ਸੁਖਮਨੀ ਹੈ। ਇਹ ਦੋਵੇਂ ਰਚਨਾਵਾਂ ਉੱਚ ਆਤਮ ਵਾਯੂਮੰਡਲ ਦੀਆਂ ਹਨ ਤੇ ਬਿਨਾਂ ਪੱਖਪਾਤ ਦੇ ਅਤੇ ਸ਼੍ਰੇਣੀਆਂ ਦੇ ਭਿੰਨ ਭੇਦ ਤੋਂ ਰਹਿਤ ਹਨ। ਇਹ ਇਹਨਾਂ ਦੀ ਵਿਸ਼ੇਸ਼ਤਾ ਹੈ। ਵੈਦਿਕ ਗ੍ਰੰਥ ਸਾਰਿਆਂ ਲਈ ਨਹੀਂ ਸਨ। ਇਹਨਾਂ ਦਾ ਗਿਆਨ ਕੁਝ ਸ਼੍ਰੇਣੀਆਂ ਤੱਕ ਹੀ ਸੀਮਤ ਸੀ ਤੇ ਭਿੰਨ ਭੇਦ ਵਾਲਾ ਸੀ। 'ਧਮਪਦ' ਵਿਚ ਦਿੱਤੇ ਸ਼ਲੋਕਾਂ ਦੀ ਪਿੱਠਭੂਮੀ ਸਮਝਣ ਲਈ ਲੇਖਕ ਨੇ ਪਹਿਲਾਂ ਬੁੱਧ ਧਰਮ ਦੇ ਇਤਿਹਾਸਕ ਸਫ਼ਰ ਦਾ ਵਰਣਨ ਕੀਤਾ ਹੈ। ਇਸਦਾ ਅਧਿਐਨ ਦੱਸਦਾ ਹੈ ਕਿ ਲੇਖਕ ਨੇ ਲਿਖਣ ਤੋਂ ਪਹਿਲਾਂ ਇਤਿਹਾਸ ਮਿਥਿਹਾਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਸਬੰਧਤ ਸਾਹਿਤ ਦੀ ਖੋਜ ਕੀਤੀ ਹੈ, ਅਧਿਐਨ ਕੀਤਾ ਹੈ।

'ਧਮਪਦ' ਅਨੁਸਾਰ ਗੌਤਮ ਬੁੱਧ ਦੇ ਪ੍ਰੀਨਿਰਵਾਣ ਤੋਂ 10-12 ਸਾਲਾਂ ਬਾਅਦ ਰਾਜ ਗ੍ਰਹਿ ਵਿਚ ਪਹਿਲਾ ਸਮਾਗਮ ਕੀਤਾ ਗਿਆ। ਉਹਨਾਂ ਨੇ ਚੇਲਿਆਂ ਦੀ ਇਸ ਇਕੱਤਰਤਾ ਵਿਚ ਵਿਚਾਰ ਚਰਚਾ ਹੋਈ ਕਿ ਬੁੱਧ ਧਰਮ ਦਾ ਇਕ ਸੰਗ੍ਰਹਿ ਤਿਆਰ ਕੀਤਾ ਜਾਵੇ। ਬੁੱਧ ਦੇ ਸਭ ਤੋਂ ਪੁਰਾਣੇ ਚੇਲੇ ਉੱਪਲ ਨੇ ਬੁੱਧ ਦਾ ਨੀਯਤ ਕੀਤਾ ਹੋਇਆ ਰਹਿਤਨਾਮਾ ਸੁਣਾਇਆ ਤਾਂ ਇਸਨੂੰ 'ਵਿਨਾਯ ਪਿਟਕ' ਨਾਮੀ ਗ੍ਰੰਥ ਦਾ ਨਾਂ ਦਿੱਤਾ ਗਿਆ। ਬੁੱਧ ਦੇ ਬਹੁਤ ਪਿਆਰੇ ਚੇਲੇ ਆਨੰਦ ਨੇ ਬੁੱਧ ਦੇ ਉਪਦੇਸ਼ ਵਖਿਆਨ ਕੀਤੇ ਤਾਂ ਉਹ 'ਸੂਤਰ ਪਿਟਕ' ਬਣਿਆ ਅਤੇ ਕਸ਼ੱਪ ਨੇ ਦਾਰਸ਼ਨਿਕ ਸਿਧਾਂਤ ਦੱਸੇ ਜੋ 'ਅਭਿਧਮ ਪਿਟਕ' ਕਹਾਇਆ। ਇੰਝ ਇਹਨਾਂ ਤਿੰਨਾਂ ਨੂੰ ਮਿਲਾ ਕੇ 'ਤ੍ਰਿਪਿਟਕ' ਧਰਮ ਗ੍ਰੰਥ ਬਣਾਇਆ। ਇਹ ਪਾਲੀ ਭਾਸ਼ਾ ਵਿਚ ਹੈ ਅਤੇ ਲੰਕਾ ਵਿਚ 300 ਬੀ. ਸੀ. ਤੋਂ ਲੈ ਕੇ ਹਾਲੇ ਤੱਕ ਵੀ ਇਸੇ ਭਾਸ਼ਾ ਵਿਚ ਸਾਂਭਿਆ ਹੋਇਆ ਹੈ। ਇਹ ਪਾਲੀ ਭਾਸ਼ਾ ਵਿਚ ਹੈ ਅਤੇ ਲੰਕਾ ਵਿਚ 300 ਬੀ. ਸੀ. ਤੋਂ ਲੈ ਕੇ ਹਾਲੇ ਤੱਕ ਵੀ ਇਸੇ ਭਾਸ਼ਾ ਵਿਚ ਸਾਂਭਿਆ ਹੋਇਆ ਹੈ। ਮੂਲ ਗ੍ਰੰਥ ਤਿਆਰ ਕਰਨ ਦੇ ਦੋ ਸੌ ਸਾਲਾਂ ਬਾਅਦ 377 ਬੀ. ਸੀ. ਵਿਚ ਦੂਜਾ ਸਮਾਗਮ ਵੈਸ਼ਾਲੀ ਵਿਚ ਹੋਇਆ ਜਿਸ ਵਿਚ ਸਖ਼ਤ ਰਹਿਤਨਾਮੇ ਨੂੰ ਕੁਝ ਨਰਮ ਕਰਨ ਬਾਰੇ ਵਿਚਾਰਾਂ ਹੋਈਆਂ ਪਰ ਕੁਝ ਭਿਕਸ਼ੂ ਇੰਝ ਬਦਲਣ ਦੇ ਹੱਕ ਵਿਚ ਨਹੀਂ ਸਨ, ਇਸ ਲਈ ਤਬਦੀਲੀ ਨਾ ਹੋ ਸਕੀ। ਬੁੱਧ ਧਰਮ ਦੀਆਂ ਮੁੱਖ ਤੌਰ ਤੇ ਦੋ ਧਾਰਾਵਾਂ ਬਣ ਗਈਆਂ। ਇਕ 'ਹੀਨਯਾਨ' ਜੋ ਤਬਦੀਲੀ ਨਹੀਂ ਸਨ ਚਾਹੁੰਦੇ- ਡੇਰਾਵਾਦ ਅਤੇ ਦੂਜੀ 'ਮਹਾਂਯਾਨ' ਜੋ ਤਬਦੀਲੀ ਦੇ ਹੱਕ ਵਿਚ ਸਨ। ਹੀਨਯਾਨ ਦਾ ਜ਼ੋਰ ਲੰਕਾ, ਬਰ੍ਹਮਾ, ਥਾਈਲੈਂਡ ਵਿਚ ਅਤੇ ਮਹਾਂਯਾਨ ਦਾ ਚੀਨ, ਜਾਪਾਨ, ਕੋਰੀਆ ਅਤੇ ਤਿੱਬਤ ਵਿਚ ਸੀ। ਭਾਰਤ, ਪੰਜਾਬ, ਗੰਧਾਰ, ਮੱਧ ਏਸ਼ੀਆ ਅਤੇ ਅਫ਼ਗਾਨਿਸਤਾਨ ਵੀ ਮਹਾਂਯਾਨ ਪੱਖੀ ਸਨ।

ਬੁੱਧ ਧਰਮ ਦੀ ਚੜ੍ਹਤ ਦਾ ਸਭ ਤੋਂ ਜ਼ਿਆਦਾ ਖ਼ਤਰਾ ਹਿੰਦੂ ਧਰਮ ਨੂੰ ਹੋ ਰਿਹਾ ਸੀ, ਇਸ ਲਈ ਕਿਸੇ ਨਾ ਕਿਸੇ ਬਹਾਨੇ ਬ੍ਰਾਹਮਣਵਾਦ ਇਸ ਵਿਚ ਘੁਸਪੈਠ ਕਰ ਰਿਹਾ ਸੀ। ਇਸ ਘੁਸਪੈਠ ਨੂੰ ਰੋਕਣ ਲਈ ਇਕ ਸਦੀ ਬਾਅਦ 270 ਬੀ. ਸੀ. ਵਿਚ ਅਸ਼ੋਕ ਮੋਰੀਆ ਨੇ ਪਾਟਲੀਪੁਤਰ ਵਿਚ ਤੀਜਾ ਸੰਮੇਲਨ ਬੁਲਾਇਆ, ਜਿਸਦਾ ਮੂਲ ਮੰਤਵ ਹੀ ਇਹ ਸੀ ਕਿ ਬੁੱਧ ਦੇ ਸ਼ੁੱਧ ਉਪਦੇਸ਼ਾਂ ਵਿਚ ਰਲ ਰਹੇ ਬ੍ਰਾਹਮਣੀ ਪ੍ਰਭਾਵਾਂ ਨੂੰ ਰੋਕਿਆ ਜਾਵੇ। ਅਸ਼ੋਕ ਦੇ ਵੇਲੇ ਬੁੱਧ ਧਰਮ ਸਾਰੇ ਭਾਰਤ ਦਾ ਮੁੱਖ ਧਰਮ ਬਣ ਚੁੱਕਿਆ ਸੀ ਅਤੇ ਅਸ਼ੋਕ ਦੀ ਮਿਹਨਤ ਨਾਲ ਦੇਸ਼ ਦੇਸ਼ਾਂਤਰਾਂ ਵਿਚ ਵੀ ਪੂਰੀ ਤਰ੍ਹਾਂ ਪ੍ਰਫੁੱਲਿਤ ਹੋ ਰਿਹਾ ਸੀ। ਪਰ ਅਸ਼ੋਕ ਦੀ ਮੌਤ ਤੋਂ ਦੋ ਸਾਲਾਂ ਬਾਅਦ ਹੀ ਮਹਾਂਯਾਨਾਂ ਦੇ ਅਸਰ ਹੇਠ ਬੁੱਧ ਇਕ ਮਹਾਨ ਦੇਵਤਾ ਬਣ ਚੁੱਕਿਆ ਸੀ। ਬੁੱਧ ਧਰਮ ਦੇ ਦੇਵੀ ਦੇਵਤਿਆਂ ਦੀ ਗਿਣਤੀ ਤੇ ਸ਼ਕਤੀਆਂ ਬ੍ਰਾਹਮਣੀ ਮੱਤ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਨ। ਮਹਾਂਯਾਨ ਵਿਚ ਕਰਮਯੋਗ ਦੀ ਥਾਂ ਭਗਤੀ ਯੋਗ ਨੇ ਲੈ ਲਈ। ਇਹ ਵਿਚਾਰ ਬਣ ਗਿਆ ਕਿ "ਬੁੱਧਮ ਸ਼ਰਨਮ ਗੱਛਮਿ, ਧਰਮਮ ਸ਼ਰਨਮ ਗੱਛਮਿ, ਸੰਘਮ ਸ਼ਰਨਮ ਗਛਮਿ'' ਦਾ ਜਾਪ ਕਰਨ ਨਾਲ ਹੀ ਕਲਿਆਣ ਹੋ ਸਕਦਾ ਹੈ।

ਬੁੱਧ ਧਰਮ ਦਾ ਅਗਲਾ ਚੌਥਾ ਸਮਾਗਮ ਰਾਜਾ ਕਨਿਸ਼ਕ ਦੀ ਪ੍ਰਧਾਨਗੀ ਹੇਠ ਪਾਟਲੀਪੁਤਰ ਸਮਾਗਮ ਤੋਂ ਲੱਗਭੱਗ ਦੋ ਸੌ ਸਾਲ ਬਾਦ (ਈਸਾ ਦੇ ਜਨਮ ਦੇ ਨੇੜੇ ਤੇੜੇ) ਪ੍ਰਸੂਪੁਰਾ (ਪਿਸ਼ੌਰ) ਵਿਚ ਹੋਇਆ, ਜਿਸਦਾ ਮੂਲ ਮੰਤਵ ਹੀਨਯਾਨ ਅਤੇ ਮਹਾਂਯਾਨ ਦੇ ਪਾੜੇ ਨੂੰ ਮੇਟਣਾ ਸੀ। ਲੱਗਭੱਗ 100 ਬੀ. ਸੀ. ਵਿਚ ਮਲਿੰਦ ਬਖ਼ਤਰ ਦੀ ਲਿਖੀ ਪੁਸਤਕ 'ਮਲਿੰਦ ਪੱਨਹ' ਜਿਸ ਵਿਚ ਹੀਨਯਾਨ ਪ੍ਰਭਾਵ ਪ੍ਰਬੱਲ ਸੀ, ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਮਨ, ਬੁੱਧ, ਰਾਗ, ਦਵੈਸ਼ ਆਦਿ ਲੱਛਣਾਂ ਤੋਂ ਪਰ੍ਹੇ ਆਤਮਾ ਕੋਈ ਵੱਖਰੀ ਸ਼ੈਅ ਨਹੀਂ ਹੈ। ਸਮਾਗਮ ਦੇ ਮੰਤਵ ਵਿਚ ਬਹੁਤੀ ਸਫਲਤਾ ਨਾ ਮਿਲੀ। ਇਸਦੇ ਕੁਝ ਸਮੇਂ ਬਾਅਦ ਹੀ ਮਹਾਂਯਾਨੀ ਵਿਦਵਾਨ ਅਸ਼ਵ ਘੋਸ਼ ਨੇ ਦੋ ਸੰਸਕ੍ਰਿਤ ਗ੍ਰੰਥ ਰਚੇ, ਇਹਨਾਂ ਸਦਕਾ ਅੱਜਕਲ੍ਹ ਦੇ ਖੋਜੀ ਇਸਨੂੰ ਮਹਾਂਯਾਨੀਆਂ ਦਾ ਪਿਤਾਮਾ ਗਿਣਦੇ ਹਨ। ਇਸ ਵੇਲੇ ਤੱਕ ਬੁੱਧ ਧਰਮ ਦਾ ਕੇਂਦਰ ਪ੍ਰਸੂਪੁਰਾ ਅਤੇ ਮਹਾਂਵਿਦਿਆ ਕੇਂਦਰ ਤਕਸ਼ਿਲਾ ਬਣ ਚੁੱਕਿਆ ਸੀ। ਇਸੇ ਸਮੇਂ 'ਅਭਿਧਮਪਿਟਕ' ਵਿਚ ਬ੍ਰਾਹਮਣੀ ਖਿਆਲ ਸ਼ਾਮਲ ਹੋਏ ਪਰ ਪਹਿਲੀ ਸਦੀ ਵਿਚ ਰਚੇ ਗਏ ਗ੍ਰੰਥ 'ਸੁਚਵੱਟੀ ਵਿਯੂਹ' ਅਤੇ 'ਸੂਧਰਮ ਪੁੰਡਰੀਕ' ਵੱਖਰੀ ਕਿਸਮ ਦੇ ਗ੍ਰੰਥ ਹਨ। ਇਹਨਾਂ ਵਿਚ ਵਰਣਨ ਦ੍ਰਿਸ਼ ਇਹੋ ਜਿਹਾ ਚਿੱਤਰ ਪੇਸ਼ ਕਰਦੇ ਹਨ, ਜਿਹੋ ਜਿਹਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਜੀ ਦੇ ਸ਼ਬਦ "ਬੇਗ਼ਮ ਪੁਰਾ ਸਹਰ ਕੋ ਨਾਉ..'' ਵਿਚ ਪੇਸ਼ ਹੈ।


ਚੀਨੀ ਭਿਕਸ਼ੂ ਯੌਨਚਾਂਗ ਜੋ ਭਾਰਤ ਦੀ ਯਾਤਰਾ ਤੇ ਆਇਆ ਸੀ, ਲਿਖਦਾ ਹੈ ਕਿ ਦੂਜੀ ਈਸਵੀ ਨਾਲੰਦਾ ਵਿਸ਼ਵਵਿਦਿਆਲੇ ਦੀ ਸਥਾਪਤੀ ਤੋਂ ਲੈ ਕੇ 750 ਈਸਵੀ ਤੱਕ ਇਸ ਵਿਚ ਬੁੱਧ ਗ੍ਰੰਥ ਪੜ੍ਹਾਏ ਜਾਂਦੇ ਰਹੇ ਹਨ। ਬਾਰਾਂ ਸੌ ਵਰ੍ਹਿਆਂ ਤੱਕ ਏਸ਼ੀਆ ਦੀ ਮੰਨੀ ਪ੍ਰਮੰਨੀ ਯੂਨੀਵਰਸਿਟੀ ਰਹੀ ਹੈ ਜਿਸ ਵਿਚ ਦੇਸ਼ ਦੇਸ਼ਾਂਤਰਾਂ ਤੋਂ ਵਿਦਿਆਰਥੀ ਪੜ੍ਹਨ ਆਉਂਦੇ ਸਨ। ਕਈ ਦੇਸ਼ਾਂ ਦੇ ਰਾਜਿਆਂ ਨੇ ਯੂਨੀਵਰਸਿਟੀ ਦੇ ਨਾਂ ਜਗੀਰਾਂ ਲੁਆਈਆਂ ਹੋਈਆਂ ਸਨ ਤਾਂ ਜੋ ਰੋਟੀ ਕੱਪੜੇ ਦਾ ਖਰਚ ਚਲਦਾ ਰਹੇ। ਯੂਨੀਵਰਸਿਟੀ ਵਿਚ ਸਾਢੇ ਅੱਠ ਹਜ਼ਾਰ ਵਿਦਿਆਰਥੀ ਡੇਢ ਹਜ਼ਾਰ ਪ੍ਰੋਫੈਸਰ ਸਨ। ਹਰ ਰੋਜ਼ ਇਕ ਸੌ ਲੈਕਚਰ ਵੱਖ ਵੱਖ ਵਿਸ਼ਿਆਂ ਤੇ ਹੁੰਦੇ ਸਨ। ਸੰਸਾਰ ਦੀ ਹਰ ਵਿਦਿਆ ਬਿਨਾਂ ਪੱਖਪਾਤ ਦੇ ਪੜ੍ਹਾਈ ਜਾਂਦੀ ਸੀ। ਲਾਇਬ੍ਰੇਰੀ ਵਿਚ 20 ਲੱਖ ਤੋਂ


(ਬਾਕੀ ਅਗਲੇ ਸਫੇ ਤੇ)


# ਨਾਮਵਰ ਵਿਦਵਾਨ ਡਾ. ਰੌਣਕੀ ਰਾਮ

ਸਮਾਜਿਕ ਅਤੇ ਰਾਜਨੀਤਿਕ ਵਿਗਿਆਨ ਦੇ ਖੇਤਰ 'ਚ ਨਾਮਵਰ ਵਿਦਵਾਨ ਤੇ ਚਿੰਤਕ ਮਾਣਯੋਗ ਪ੍ਰੋਫੈਸਰ (ਡਾ.) ਰੌਣਕੀ ਰਾਮ ਵਿਸ਼ਵ ਪੱਧਰੀ ਸ਼ਖਸੀਅਤ ਦੇ ਮਾਲਕ ਹਨ। ਉਹ ਬੀਤੇ 30 ਅਪ੍ਰੈਲ 2020 ਨੂੰ ਬਤੌਰ ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ਼ ਪੋਲੀਟੀਕਲ ਸਾਇੰਸ ਚੇਅਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਰਿਟਾਇਰ ਹੋਏ ਹਨ ਪ੍ਰੰਤੂ ਉਹਨਾਂ ਦੀਆਂ ਨੇਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਨੇ ਪੰਜ ਸਾਲ ਹੋਰ ਸੇਵਾਵਾਂ ਨਿਭਾਉਣ ਦੀ ਮਨਜ਼ੂਰੀ ਦੇ ਦਿੱਤੀ ਸੀ, ਹੁਣ 1 ਅਪ੍ਰੈਲ 2025 ਨੂੰ ਸੇਵਾ ਮੁਕਤ ਹੋ ਗਏ।

ਡਾਕਟਰ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਪਿਛਲੇ 30 ਸਾਲ ਪੰਜਾਬ ਬਾਰੇ ਵਿਸ਼ੇਸ਼ ਤੌਰ 'ਤੇ ਦਲਿਤ ਵਰਗ ਦੀ ਚੇਤਨਾ ਅਤੇ ਉਥਾਨ ਬਾਰੇ ਵਿਸਥਾਰ ਪੂਰਵਕ ਲਿਖਣ ਦੇ ਨਾਲ-ਨਾਲ ਛੋਟੇ-ਵੱਡੇ ਸਮਾਗਮਾਂ 'ਚ ਸ਼ਿਰਕਤ ਕਰਕੇ ਆਪਣੇ ਵਡਮੁੱਲੇ ਵਿਚਾਰਾਂ ਨੂੰ ਲੋਕਾਂ ਨਾਲ ਸਾਂਝਾ ਕੀਤਾ। ਜਿਸ ਨਾਲ ਇਕ ਨਵੀਂ ਚੇਤਨਾ ਦਾ ਪੈਦਾ ਹੋਣਾ ਸੁਭਾਵਿਕ ਹੀ ਹੈ। ਆਪ ਗਦਰੀ ਬਾਬਾ ਅਤੇ ਆਦਿ ਧਰਮ ਅੰਦੋਲਨ ਦੇ ਮੋਢੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਬਾਰੇ ਸੰਖੇਪ ਕਿਤਾਬ (ਇੰਗਲਿਸ਼) ਤੋਂ ਇਲਾਵਾ ਦਲਿਤ ਚੇਤਨਾ: ਸਰੋਤ ਤੇ ਸਰੂਪ ਅਤੇ ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ ਆਦਿ ਕਿਤਾਬਾਂ (ਪੰਜਾਬੀ) ਆਪਣੇ ਪ੍ਰਸੰਸਕਾਂ ਦੀ ਝੋਲੀ ਪਾ ਚੁੱਕੇ ਹਨ। ਡਾਕਟਰ ਸਾਹਿਬ ਦੀ ਜ਼ਿੰਦਗੀ ਖਾਸੀ ਰੁਝੇਵਿਆਂ ਭਰਪੂਰ ਹੈ। ਉਹਨਾਂ ਨੂੰ ਰੇਡੀਓ ਟੀ. ਵੀ. ਆਦਿ ਚੈਨਲਾਂ ਤੇ ਇੰਟਰਵਿਊ ਜਾਂ ਸਮਾਜਿਕ, ਧਾਰਮਿਕ, ਰਾਜਨੀਤਿਕ ਜਾਂ ਆਰਥਿਕ ਭਖਦੇ ਮਸਲਿਆਂ ਤੇ ਬਿਹਤਰੀਨ ਤਰੀਕੇ ਨਾਲ ਆਪਣਾ ਪੱਖ ਰੱਖਦੇ ਅਕਸਰ ਦੇਖਿਆ ਜਾ ਸਕਦਾ ਹੈ, ਜੋ ਕਿ ਕਾਬਿਲ-ਏ-ਤਾਰੀਫ ਹੁੰਦਾ ਹੈ। ਅਜਿਹੀ ਵਿਦਵਤਾ ਦੇ ਗਿਆਤਾ ਡਾਕਟਰ ਸਾਹਿਬ ਨੇ ਅਮਰੀਕਾ, ਕੈਨੇਡਾ, ਇੰਗਲੈਂਡ ਤੋਂ ਇਲਾਵਾ ਕਈ ਹੋਰ ਯੂਰਪੀਨ ਮੁਲਕਾਂ ਅੰਦਰ ਵਿਸ਼ੇਸ਼ ਸੱਦਿਆਂ 'ਤੇ ਆਪਣੀ ਵਿਦਵਤਾ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ। ਇੱਥੇ ਵਰਣਨਯੋਗ ਹੋਵੇਗਾ ਕਿ ਜਦੋਂ ਆਪ ਪਹਿਲੀ ਵਾਰ ਅਮਰੀਕਾ ਅੰਦਰ 'ਅੰਬੇਦਕਰ ਟਾਈਮਜ਼' ਦੇ ਵਿਸ਼ੇਸ਼ ਸੱਦੇ 'ਤੇ 2008 'ਚ ਆਏ ਸਨ ਤਾਂ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਧਾਰਮਿਕ ਸਥਾਨਾਂ ਅਤੇ ਸਾਹਿਤ ਸਭਾਵਾਂ ਨੇ ਬੜੀ ਜਲਦੀ 'ਚ ਪ੍ਰੋਗਰਾਮ ਉਲੀਕੇ ਕੇ ਆਪ ਜੀ ਨੂੰ ਬਤੌਰ ਮੁੱਖ ਮਹਿਮਾਨ ਵਜੋਂ ਸਾਨਮਾਨਤ ਕੀਤਾ। ਡਾਕਟਰ ਸਾਹਿਬ ਨੇ ਆਪਣੇ ਵਿਚਾਰਾਂ ਦੀ ਅਜਿਹੀ ਛਾਪ ਛੱਡੀ ਕਿ ਅੱਜ ਵੀ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ।






ਅਖੀਰ 'ਚ ਇੱਥੇ ਇਹ ਵਰਣਨ ਕਰਨਾ ਵੀ ਜ਼ਰੂਰੀ ਹੈ ਕਿ ਪ੍ਰੋਫੈਸਰ (ਡਾ.) ਰੌਣਕੀ ਰਾਮ ਜੀ ਨੇ ਨੀਦਰਲੈਂਡ (ਹਾਲੈਂਡ) ਅਤੇ ਜਾਪਾਨ ਦੀਆਂ ਯੂਨੀਵਰਸਿਟੀਆਂ 'ਚ ਵੀ ਲੰਮਾ ਸਮਾਂ ਪੜ੍ਹਾਇਆ ਅਤੇ ਉਹਨਾਂ ਦੇ ਖੋਜ ਭਰਪੂਰ ਆਰਟੀਕਲਜ਼ ਦੇਸ਼-ਵਿਦੇਸ਼ ਦੇ ਨਾਮੀ ਅਖ਼ਬਾਰਾਂ ਅਤੇ ਮੈਗਜ਼ੀਨਾਂ 'ਚ ਛਪਦੇ ਰਹਿੰਦੇ ਹਨ।

ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਡਾਕਟਰ ਸਾਹਿਬ ਦਾ ਬਹੁਤ ਬਹੁਤ ਧੰਨਵਾਦੀ ਹੈ ਜੋ ਸਮੇਂ-ਸਮੇਂ ਆਪਣੇ ਕੀਮਤੀ ਸੁਝਾਅ ਅਤੇ ਵਡਮੁੱਲੀਆਂ ਲਿਖਤਾਂ ਨਾਲ ਉਪਕਾਰ ਕਮਾਉਂਦੇ ਰਹਿੰਦੇ ਹਨ। ਅੱਜ 'ਦੇਸ਼ ਦੁਆਬਾ' ਦੇ ਮਾਰਫਿਤ ਡਾ. ਸਾਹਿਬ ਦੀ ਕਿਤਾਬ ਦਲਿਤ ਚੇਤਨਾ: ਸਰੋਤ ਤੇ ਸਰੂਪ ਦਾ ਫਤਿਹਜੰਗ ਸਿੰਘ (ਚੰਡੀਗੜ੍ਹ) ਜੀ ਦੁਆਰਾ ਕੀਤਾ ਵਿਸ਼ੇਸ਼ ਵਿਸ਼ਲੇਸ਼ਣ ਪਾਠਕਾਂ ਨਾਲ ਸਾਂਝਾ ਕਰਕੇ ਖੁਸ਼ੀ ਲੈ ਰਹੇ ਹਾਂ। ਉਮੀਦ ਹੈ ਪਾਠਕ ਸਾਹਿਬਾਨ ਇਸ ਦਾ ਭਰਪੂਰ ਫਾਇਦਾ ਉਠਾਉਣਗੇ। *(ਦੇਖੋ ਇੱਸੇ ਅੰਕ ਦੇ ਸਫਾ 26 ਤੋਂ 26 ਤੱਕ)*

**- ਪੀ. ਕੇ. ਚੁੰਬਰ (ਮੁੱਖ ਸੰਪਾਦਕ)**

# ਪੁਸਤਕ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ'- ਇਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ

**(ਸਫਾ 22 ਦੀ ਬਾਕੀ)**

ਵੱਧ ਪੁਸਤਕਾਂ ਸਨ ਜੋ ਬਾਅਦ ਵਿਚ ਬਖਤਿਆਰ ਖਿਲਜੀ ਨੇ ਸਾੜ ਦਿੱਤੀਆਂ ਸਨ ਤੇ ਇਹਨਾਂ ਦਾ ਧੂੰਆਂ ਦੋ ਮਹੀਨੇ ਤੱਕ ਨਿਕਲਦਾ ਰਿਹਾ। ਪੰਜ ਹਜ਼ਾਰ ਪ੍ਰੋਫੈਸਰ ਅਤੇ ਵਿਦਿਆਰਥੀ ਬੇੜੀਆਂ ਵਿਚ ਚਾੜ੍ਹ ਕੇ ਗੰਗਾ ਵਿਚ ਡੋਬ ਦਿੱਤੇ ਗਏ ਜੋ ਬਿਨਾਂ ਹੀਲ ਹੁੱਜਤ ਬੁੱਧ ਦਾ ਮੂਲ ਮੰਤਰ 'ਬੁਧਮ ਸ਼ਰਨਮ ਗਛਮਿ..'' ਪੜ੍ਹਦੇ ਪੜ੍ਹਦੇ ਡੁੱਬ ਗਏ। ਇੰਝ ਬੁੱਧ ਧਰਮ ਢਹਿੰਦੀਆਂ ਕਲਾਂ ਵਿਚ ਚਲਾ ਗਿਆ। ਬੁੱਧ ਧਰਮ ਅਸਲ ਵਿਚ ਤਾਂ ਅਸ਼ੋਕ ਦੀ ਮੌਤ ਤੋਂ ਬਾਅਦ ਹੀ ਖ਼ਾਤਮੇ ਵੱਲ ਵਧਣਾ ਸ਼ੁਰੂ ਹੋ ਗਿਆ ਸੀ। ਪਰ ਅਸ਼ੋਕ ਦੇ ਪੋਤਰੇ ਬਹਿਦਰਿਥ ਦਾ ਇਕ ਬ੍ਰਾਹਮਣ ਸੈਨਾਪਤੀ ਪੁਸ਼ਿਆਮਿੱਤਰ ਵੱਲੋਂ ਕਤਲ ਕਰਕੇ ਰਾਜਪਾਟ ਸੰਭਾਲ ਲੈਣ ਅਤੇ ਬ੍ਰਾਹਮਣਵਾਦ ਲਾਗੂ ਕਰਨ ਨਾਲ ਲੱਗਭੱਗ ਖਾਤਮਾ ਹੀ ਹੋ ਗਿਆ ਸੀ।

ਚੌਥੀ ਸ਼ਤਾਬਦੀ ਈਸਵੀ ਵਿਚ ਮਹਾਂ ਦਾਰਸ਼ਨਿਕ ਸਿਧਾਂਤ ਵਿਗਿਆਨਵਾਦ ਦਾ ਜਨਮ ਹੋਇਆ। ਇਸਦਾ ਸਿਧਾਂਤ ਹੈ ਚਿੱਤ ਹੀ ਸਭ ਕੁਝ ਹੈ ਬਾਕੀ ਸਭ ਅਸੱਤ ਹੈ। ਭਾਰਤ ਵਿਚ ਬੁੱਧ ਧਰਮ ਪੰਜ ਛੇ ਸਦੀਆਂ ਅਲੋਪ ਰਿਹਾ ਪਰ ਇਸ ਸਮੇਂ ਵਿਦੇਸ਼ਾਂ ਵਿਚ ਖੂਬ ਫੈਲਿਆ।

ਲੇਖਕ ਨੇ ਬੁੱਧ ਧਰਮ ਦੇ ਖਾਤਮੇ ਦਾ ਕਾਰਨ ਇਤਿਹਾਸਕ ਪੱਖੋਂ ਇਹ ਦੱਸਿਆ ਹੈ ਕਿ ਆਰੀਅਨਾਂ ਨੇ ਇਸਨੂੰ ਤਬਾਹ ਕੀਤਾ ਸੀ। ਉਹ ਲਿਖਦੇ ਹਨ ਕਿ ਇਹ ਇਕ ਵਿਸ਼ਵ ਵਿਆਪੀ ਨਾਗਰਿਕ ਸਭਿਅਤਾ ਸੀ ਜੋ 2000 ਬੀ. ਸੀ. ਵਿਚ ਬਾਬਲ, ਨਿਨਵਾਹ, ਅਸੀਰੀਆ, ਮਿਸਰ, ਹੜੱਪਾ, ਸਿੰਧੂ, ਮੋਹਿੰਜੋਦਾੜੋ ਅਤ ਰਾਹਤ ਦੇ ਸਪਤ ਨੰਦ (ਸਤ ਨਦੀਆਂ) ਦੇਸ਼ ਵਿਚ ਕਈ ਹਜ਼ਾਰ ਸਾਲ ਜੋਬਨ ਵਿਚ ਅਤੇ ਕਈ ਹਜ਼ਾਰ ਸਾਲ ਬ੍ਰਿਧ ਅਵਸਥਾ ਵਿਚ ਰਹਿ ਕੇ ਇਕ ਵਿਸ਼ਵ ਵਿਆਪੀ ਉਥਲ ਪੁਥਲ ਵਿਚ ਕਿਸੇ ਜਾਂਗਲੀ ਤੇ ਸਿਰਕੀ ਵਾਸ ਜਾਤੀ ਦੇ ਹੱਥੋਂ ਅਲੋਪ ਹੋ ਗਈ। ਸਪਤ ਨਦ ਦੇਸ਼ ਵਿਚ ਇਹ ਕਾਰਾ ਕਰਨ ਵਾਲੇ ਰਿਗਵੇਦ ਦੇ ਆਰੀਆ ਲੋਕ ਸਨ (72)।''

ਵਿਦੇਸ਼ਾਂ ਵਿਚ ਬੁੱਧ ਧਰਮ ਉਥੋਂ ਦੇ ਪ੍ਰਚੱਲਿਤ ਧਰਮਾਂ ਅਨੁਸਾਰ ਘੱਟ ਜਾਂ ਵੱਧ ਅਸਰ ਕਬੂਲਦਾ ਹੋਇਆ ਪ੍ਰਫੁੱਲਿਤ ਹੋਇਆ। ਉਨੀਵੀਂ ਸਦੀ ਦੇ ਅੱਧ ਵਿਚ ਪੱਛਮੀ ਵਿਦਵਾਨ ਮੁੜ ਬੁੱਧ ਮੱਤ ਦੀ ਪੜਚੋਲ ਅਤੇ ਖੋਜ ਵੱਲ ਵਧਣੇ ਸ਼ੁਰੂ ਹੋਏ ਹਨ ਤੇ ਅੰਗਰੇਜ਼ੀ, ਜਰਮਨ, ਰੂਸੀ ਤੇ ਫਰਾਂਸੀਸੀ ਵਿਚ ਭਾਰੀ ਸਾਹਿਤ ਬੁੱਧ ਮੱਤ ਤੇ ਰਚਿਆ ਜਾ ਰਿਹਾ ਹੈ। ਸੰਨ 1891 ਵਿਚ ਕਰਨਲ ਐਚ. ਐਸ. ਆਲਕੁੱਟ ਨੇ ਹੀਨਯਾਨ ਤੇ ਮਹਾਂਯਾਨ ਦੇ ਸਾਂਝੇ ਤੇ ਬੁਨਿਆਦੀ ਸਿਧਾਂਤਾਂ ਦਾ ਸੰਗ੍ਰਹਿ ਕੀਤਾ ਜੋ ਕਿ ਚਤੁਰਦਸ ਬੋਧੀ ਸਿਧਾਂਤ ਅਖਵਾਉਂਦਾ ਹੈ। ਇਹਨਾਂ ਨੇ ਮਦਰਾਸ ਵਿਚ ਦੇਸ਼ ਦੇਸ਼ਾਂਤਰਾਂ ਤੋਂ ਬੋਧੀਆਂ ਨੂੰ ਬੁਲਾ ਕੇ ਇਕ ਸਮਾਗਮ ਕਰਵਾਇਆ ਜਿਸ ਵਿਚ 14 ਬੋਧੀ ਸਿਧਾਂਤ ਪ੍ਰਦਾਨ ਕਰਵਾਏ ਜੋ ਅੱਜ ਵੀ ਪ੍ਰਮਾਣਿਕ ਮੰਨੇ ਜਾਂਦੇ ਹਨ। ਇਹਨਾਂ ਵਿਚੋਂ ਮੁੱਖ ਇਹ ਹਨ:- ਹਰ ਮਨੁੱਖ ਨਾਲ ਬਰਾਬਰ ਵਰਤਾਓ, ਵਿਗਿਆਨਕ ਅਤੇ ਕਲਿਆਣਕਾਰੀ ਸਿਧਾਂਤਾਂ ਵਿਚ ਵਿਸ਼ਵਾਸ, ਸ੍ਰਿਸ਼ਟੀ ਦੀ ਰਚਨਾ ਸਿਰਜੀ ਨਹੀਂ ਗਈ ਸਗੋਂ ਸਵੈ-ਵਿਕਾਸ ਰਾਹੀਂ ਹੋਈ, ਦੁੱਖਾਂ ਦਾ ਮੂਲ ਕਾਰਨ ਆਗਿਆਨਤਾ ਹੈ, ਅੰਧ ਵਿਸ਼ਵਾਸ ਨੂੰ ਤਿਲਾਂਜਲੀ, ਹਿੰਸਾ, ਚੋਰੀ, ਝੂਠ, ਨਸ਼ਿਆਂ ਤੋਂ ਪਰਹੇਜ਼ ਆਦਿ। ਇਹੋ ਮੂਲ ਸਿਧਾਂਤ ਸਿੱਖ ਧਰਮ ਦੇ ਵੀ ਹਨ।

ਧਮਪਦ ਦੇ ਸ਼ਲੋਕਾਂ ਵਿਚ ਇਹਨਾਂ ਹੀ ਸਿਧਾਂਤਾਂ ਦਾ ਭਰਪੂਰ ਵਰਣਨ ਹੈ ਜੋ ਪਾਲੀ ਵਿਚ ਹੈ। ਲੇਖਕ ਨੇ ਉਹਨਾਂ ਦੇ ਅਰਥ ਸਰਲ ਪੰਜਾਬੀ ਵਿਚ ਦਿੱਤੇ ਹਨ। ਇਸ ਤਰ੍ਹਾਂ ਲੇਖਕ ਦੀ ਕੀਤੀ ਖੋਜ ਅਨੁਸਾਰ ਜਦੋਂ ਅਸੀਂ ਬੁੱਧ ਮੱਤ ਦੇ ਵਿਕਾਸ ਦੀ ਇਸ ਸਾਰੀ ਵਿੱਥਿਆ ਤੋਂ ਜਾਣੂ ਹੁੰਦੇ ਹਾਂ ਤਾਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਬੁੱਧ ਮੱਤ ਤੋਂ ਦੋ ਹਜ਼ਾਰ ਸਾਲ ਬਾਅਦ ਹੋਂਦ ਵਿਚ ਆਏ ਸਿੱਖ ਧਰਮ ਵਿਚ ਬੁੱਧ ਮੱਤ ਦਾ ਬਹੁਤ ਕੁਝ ਮਿਲਦਾ ਜੁਲਦਾ ਹੈ। ਇਹ ਪੁਸਤਕ ਦੇ ਤੀਜੇ ਅਧਿਆਇ ਵਿਚ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ। ਇਹ ਦੋਵੇਂ ਹੀ ਧਰਮ ਵੈਦਿਕ ਧਰਮ ਤੋਂ ਅਲੱਗ ਹਨ ਜੋ ਬ੍ਰਾਹਮਣਵਾਦ ਨੂੰ ਨਹੀਂ ਮੰਨਦੇ। ਦੋਵੇਂ ਧਰਮ ਗ਼ੈਰ ਵਿਗਿਆਨਕ ਸੋਚ, ਫੋਕਟ ਵਹਿਮ-ਭਰਮ, ਅਣਮਨੁੱਖੀ ਵਿਤਕਰਾ, ਗ਼ੈਰ-ਬਰਾਬਰੀ ਵਾਲਾ ਵਰਤਾਓ ਆਦਿ ਨੂੰ ਗਲਤ ਮੰਨਦੇ ਹਨ ਅਤੇ ਆਦਰਸ਼ਕ ਚਾਲ ਚਲਣ ਅਤੇ ਨਰੋਏ ਸਮਾਜਿਕ ਸਿਧਾਂਤਾਂ ਦੇ ਗ੍ਰਹਿਣ ਕਰਨ ਨੂੰ ਉੱਤਮ ਅਤੇ ਸਹੀ ਮੰਨਦੇ ਹਨ। ਲੇਖਕ ਅਨੁਸਾਰ ਸਿੱਖ ਸ਼ਬਦ ਦੋਹਾਂ ਧਰਮਾਂ ਵਿਚ ਇਕੋ ਅਰਥ ਵਿਚ ਲਿਆ ਗਿਆ ਹੈ। ਬੁੱਧ ਮੱਤ ਵਿਚ 'ਸਭ ਅਨੱਤ ਹੈ' ਦਾ ਸਿਧਾਂਤ ਹੀ ਖ਼ਾਲਸਾ ਪੰਥ ਦੇ ਸਮਰੂਪ ਹੈ (125)। ਗੌਤਮ ਬੁੱਧ ਨੇ ਸਾਰਨਾਥ ਵਿਚ ਧਰਮ ਚੱਕਰ ਦਾ ਪ੍ਰਾਰੰਭ ਕਰਨ ਵੇਲੇ ਬੋਧੀ ਸੰਘ ਦੀ ਨੀਂਹ ਪੰਜ ਭਿਕਸ਼ੂ ਦੀਕਸ਼ਿਤ ਕਰਕੇ ਰੱਖੀ ਸੀ। ਗੁਰੂ ਗੋਬਿੰਦ ਸਿੰਘ ਨੇ ਵੀ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਕੀਤੀ ਸੀ। ਦੋਹਾਂ ਦਾ ਸਾਂਝਾ ਸਿਧਾਂਤ ਹੈ ਕਿ ਮਨੁੱਖੀ ਸਭਿਅਤਾ ਅਤੇ ਸਮਾਜਿਕ ਉੱਨਤੀ ਦੀ ਅਗਵਾਈ ਤੇ ਰੱਖਿਆ ਵਿਅਕਤੀ ਨਹੀਂ ਪੰਚਾਇਤ ਕਰੇ। ਇਹੀ ਸਿਧਾਂਤ ਸਮਾਜਵਾਦ ਦੇ ਰੂਪ ਵਿਚ ਆਧੁਨਿਕ ਚਿੰਤਕਾਂ ਦਾ ਮਨ ਬਹੁਤ ਟੁੰਬਦਾ ਹੈ। ਸੰਗਤ ਅਤੇ ਸੰਘ ਵੀ ਮਿਲਦੇ ਜੁਲਦੇ ਅਰਥਾਂ ਵਾਲੇ ਸ਼ਬਦ ਹਨ। ਮਹਾਂ ਪਰਿਨਿਗਾਣ ਵੇਲੇ ਜੋ ਬਚਨ ਬੁੱਧ ਨੇ ਕੀਤੇ ਉਹੀ ਗੁਰੂ ਗੋਬਿੰਦ ਸਿੰਘ ਨੇ ਵੀ ''ਸਭ ਸਿਖਨ ਕੋ ਹੁਕਮ ਹੈ..'' ਵਿਚ ਉਚਾਰਨ ਕੀਤੇ। ਬੋਧੀ ਵਿਚਾਰਧਾਰਾ ਵਿਚ ਜੋ ਮਹਾਨਤਾ 'ਚੱਕਰ' ਚਿੰਨ੍ਹ ਦੀ ਹੈ, ਉਹੀ ਖਾਲਸੇ ਦੇ ਰਾਜਸੀ ਚਿੰਨ੍ਹਾਂ ਅਤੇ ਪਹਿਰਾਵੇ ਵਿਚ ਵੀ ਹੈ। ਬੁੱਧ ਧਰਮ ਹਿੰਸਾ, ਚੋਰੀ, ਝੂਠ, ਨਸ਼ਿਆਂ ਤੋਂ ਪਰਹੇਜ਼ ਆਦਿ। ਇਹੋ ਮੂਲ ਸਿਧਾਂਤ ਸਿੱਖ ਧਰਮ ਦੇ ਵੀ ਹਨ।

ਧਮਪਦ ਦੇ ਸ਼ਲੋਕਾਂ ਵਿਚ ਇਹਨਾਂ ਹੀ ਸਿਧਾਂਤਾਂ ਦਾ ਭਰਪੂਰ ਵਰਣਨ ਹੈ ਜੋ ਪਾਲੀ ਵਿਚ ਹਨ। ਲੇਖਕ ਨੇ ਉਹਨਾਂ ਦੇ ਅਰਥ ਸਰਲ ਪੰਜਾਬੀ ਵਿਚ ਦਿੱਤੇ ਹਨ। ਇਸ ਤਰ੍ਹਾਂ ਲੇਖਕ ਦੀ ਕੀਤੀ ਖੋਜ ਅਨੁਸਾਰ ਜਦੋਂ ਅਸੀਂ ਬੁੱਧ ਮੱਤ ਦੇ ਵਿਕਾਸ ਦੀ ਇਸ ਸਾਰੀ ਵਿਥਿਆ ਤੋਂ ਜਾਣੂ ਹੁੰਦੇ ਹਾਂ ਤਾਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਬੁੱਧ ਮੱਤ ਤੋਂ ਦੋ ਹਜ਼ਾਰ ਸਾਲਾਂ ਬਾਅਦ ਹੋਂਦ ਵਿਚ ਆਏ ਸਿੱਖ ਧਰਮ ਵਿਚ ਬੁੱਧ ਮੱਤ ਦਾ ਬਹੁਤ ਕੁਝ ਮਿਲਦਾ ਜੁਲਦਾ ਹੈ। ਇਹ ਪੁਸਤਕ ਦੇ ਤੀਜੇ ਅਧਿਆਇ ਵਿਚ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ। ਇਹ ਦੋਵੇਂ ਹੀ ਧਰਮ ਵੈਦਿਕ ਧਰਮ ਤੋਂ ਅਲੱਗ ਹਨ ਜੋ ਬ੍ਰਾਹਮਣਵਾਦ ਨੂੰ ਨਹੀਂ ਮੰਨਦੇ। ਦੋਵੇਂ ਧਰਮ ਗ਼ੈਰ ਵਿਗਿਆਨਕ ਸੋਚ, ਫੋਕਟ ਵਹਿਮ ਭਰਮ, ਅਣਮਨੁੱਖੀ ਵਿਤਕਰਾ, ਗ਼ੈਰ-ਬਰਾਬਰੀ ਵਾਲਾ ਵਰਤਾਓ ਆਦਿ ਨੂੰ ਗਲਤ ਮੰਨਦੇ ਹਨ ਅਤੇ ਆਦਰਸ਼ਕ ਚਾਲ ਚਲਣ ਅਤੇ ਨਰੋਏ ਸਮਾਜਿਕ ਸਿਧਾਂਤਾਂ ਦੇ ਗ੍ਰਹਿਣ ਕਰਨ ਨੂੰ ਉੱਤਮ ਅਤੇ ਸਹੀ ਮੰਨਦੇ ਹਨ। ਲੇਖਕ ਅਨੁਸਾਰ ਸਿੱਖ ਸ਼ਬਦ ਦੋਹਾਂ ਧਰਮਾਂ ਵਿਚ ਇਕੋ ਅਰਥ ਵਿਚ ਲਿਆ ਗਿਆ ਹੈ। ਬੁੱਧ ਮੱਤ ਵਿਚ 'ਸਭ ਅਨੱਤ ਹੈ' ਦਾ ਸਿਧਾਂਤ ਹੀ ਖਾਲਸਾ ਪੰਥ ਦੇ ਸਮਰੂਪ ਹੈ (125)। ਗੌਤਮ ਬੁੱਧ ਨੇ ਸਾਰਨਾਥ ਵਿਚ ਧਰਮ ਚੱਕਰ ਦਾ ਪ੍ਰਾਰੰਭ ਕਰਨ ਵੇਲੇ ਬੋਧੀ ਸੰਘ ਦੀ ਨੀਂਹ ਪੰਜ ਭਿਕਸ਼ੂ ਦੀਕਸ਼ਿਤ ਕਰਕੇ ਰੱਖੀ ਸੀ। ਗੁਰੂ ਗੋਬਿੰਦ ਸਿੰਘ ਨੇ ਵੀ ਖਾਲਸਾ ਪੰਥ ਦੀ ਨੀਂਹ ਪੰਜ ਪਿਆਰੇ ਥਾਪ ਕੇ ਕੀਤੀ ਸੀ। ਦੋਹਾਂ ਦਾ ਸਾਂਝਾ ਸਿਧਾਂਤ ਹੈ ਕਿ ਮਨੁੱਖੀ ਸਭਿਅਤਾ ਅਤੇ ਸਮਾਜਿਕ ਉੱਨਤੀ ਦੀ ਅਗਵਾਈ ਤੇ ਰੱਖਿਆ ਵਿਅਕਤੀ ਨਹੀਂ ਪੰਚਾਇਤ ਕਰੇ। ਇਹੀ ਸਿਧਾਂਤ ਸਮਾਜਵਾਦ ਦੇ ਰੂਪ ਵਿਚ ਆਧੁਨਿਕ ਚਿੰਤਕਾਂ ਦਾ ਮਨ ਬਹੁਤ ਟੁੰਬਦਾ ਹੈ। ਸੰਗਤ ਅਤੇ ਸੰਘ ਵੀ ਮਿਲਦੇ ਜੁਲਦੇ ਅਰਥਾਂ ਵਾਲੇ ਸ਼ਬਦ ਹਨ। ਮਹਾਂ ਪਰਿਨਿਰਵਾਣ ਵੇਲੇ ਜੋ ਬਚਨ ਬੁੱਧ ਨੇ ਕੀਤੇ, ਉਹੀ ਗੁਰੂ ਗੋਬਿੰਦ ਸਿੰਘ ਨੇ ਵੀ ''ਸਭ ਸਿਖਨ ਕੋ ਹੁਕਮ ਹੈ...'' ਵਿਚ ਉਚਾਰਨ ਕੀਤੇ। ਬੋਧੀ ਵਿਚਾਰਧਾਰਾ ਵਿਚ ਜੋ ਮਹਾਨਤਾ 'ਚੱਕਰ' ਚਿੰਨ੍ਹ ਦੀ ਹੈ ਉਹੀ ਖ਼ਾਲਸੇ ਦੇ ਰਾਜਸੀ ਚਿੰਨ੍ਹਾਂ ਅਤੇ ਪਹਿਰਾਵੇ ਵਿਚ ਵੀ ਹੈ। ਬੁੱਧ ਧਰਮ ਦੇ ਸਿਧਾਂਤ ਲੋਕਾਂ ਦੀ ਉਸ ਵੇਲੇ ਦੀ ਆਮ ਬੋਲੀ ਪਾਲੀ ਵਿਚ ਅੰਕਿਤ ਕੀਤੇ ਗਏ ਹਨ। ਇਸੇ ਤਰ੍ਹਾਂ ਸਿੱਖ ਧਰਮ ਦੇ ਸਿਧਾਂਤ ਵੀ ਲੋਕਾਂ ਦੀ ਆਮ ਬੋਲੀ ਪੰਜਾਬੀ ਵਿਚ ਲਿਖੇ ਗਏ (125)''। ਇਸ ਤਰ੍ਹਾਂ ਇਹਨਾਂ ਦੋਹਾਂ ਧਰਮਾਂ ਵਿਚ ਕਿੰਨੀਆਂ ਹੀ ਸਮਾਨਤਾਵਾਂ ਹਨ ਜੋ ਲੇਖਕ ਨੇ ਉਜਾਗਰ ਕੀਤੀਆਂ ਹਨ ਤੇ ਉਹ ਅਖੀਰ ਵਿਚ ਲਿਖਦੇ ਹਨ, ''ਇਹ ਅਤੇ ਹੋਰ ਨੁਕਤੇ ਅਤੇ ਸਿੱਖ ਪੰਥ ਦੀ ਰੂਪ ਰੇਖਾ ਅਜਿਹੇ ਹਨ, ਜਿਹਨਾਂ ਨੂੰ ਗਹੁ ਨਾਲ ਵੇਖਿਆਂ ਖ਼ਾਲਸਾ ਪੰਥ ਅਤੇ ਸਿੱਖ ਮੱਤ, ਗੌਤਮ ਬੁੱਧ ਤੇ ਬੁੱਧ ਮੱਤ ਦੇ ਸਿਧਾਂਤ ਉਪਦੇਸ਼ਾਂ ਦਾ ਪੁਨਰ ਜੀਵਨ ਅਤੇ ਸੰਬੋਧਨ ਰੂਪ ਸਹੀ ਹੋ ਆਉਂਦਾ ਹੈ। ਮਹਾਨ ਆਤਮਾ ਗੌਤਮ ਬੁੱਧ ਨੂੰ ਮੇਰਾ ਪ੍ਰਣਾਮ ਹੈ (126)।''

ਇੱਥੇ ਦੱਸਣਾ ਬਣਦਾ ਹੈ ਕਿ ਲੇਖਕ ਦਾ ਪ੍ਰਣਾਮ ਉਹ ਨਹੀਂ ਜਿਸਦੀ ਸਿੱਖ ਧਰਮ ਵਿਚ ਮਨਾਹੀ ਹੈ ਕਿ ਗ੍ਰੰਥ ਸਾਹਿਬ ਤੋਂ ਬਿਨਾਂ ਕਿਤੇ ਸੀਸ ਨਹੀਂ ਝੁਕਾਉਣਾ। ਉਹ ਮਨਾਹੀ ਹੈ ਮੜ੍ਹੀਆਂ ਮਸਾਣਾਂ, ਮੂਰਤੀਆਂ ਦੇ ਅੱਗੇ ਸੀਸ ਨਿਵਾਉਣ ਵਰਗੀਆਂ ਬ੍ਰਾਹਮਣੀ ਮਨਮਤੀਆਂ ਦੀ, ਜਿਸਦਾ ਅਰਥ ਹੈ ਕਿ ਉਹਨਾਂ ਦੀ ਅਧੀਨਗੀ ਸਵੀਕਾਰ ਕਰਕੇ ਮੱਥਾ ਟੇਕਿਆ ਗਿਆ ਹੈ। ਲੇਖਕ ਦਾ ਇਹ ਪ੍ਰਣਾਮ ਆਪਣੇ ਸਿੱਖ ਧਰਮ ਵਰਗੇ ਦੋ ਹਜ਼ਾਰ ਸਾਲ ਪੁਰਾਣੇ ਬਜ਼ੁਰਗ ਧਰਮ ਨੂੰ ਹੈ, ਉਵੇਂ ਜਿਵੇਂ ਕਿਸੇ ਹਮਖਿਆਲ ਸਤਿਕਾਰਿਤ ਸ਼ਖਸੀਅਤ ਨੂੰ ਦਿਲੋਂ ਸਤਿਕਾਰ ਪੇਸ਼ ਕਰਦਿਆਂ ਗਦਗਦ ਹੋ ਜਾਈਦਾ ਹੈ। ਇਹ ਪ੍ਰਣਾਮ ਹੈ 'ਸਿਰਦਾਰ' ਕਪੂਰ ਸਿੰਘ ਵਰਗੇ ਸਿੱਖ ਸਿਧਾਂਤਾਂ ਦੇ ਅਤੇ ਬੁੱਧ ਮੱਤ ਦੇ ਜਾਣਕਾਰ ਵਿਦਵਾਨ ਅਤੇ ਚਿੰਤਕ ਵੱਲੋਂ ਜੋ ਇਸ ਤਰ੍ਹਾਂ ਦੇ ਪ੍ਰਣਾਮ ਦੇ ਅਰਥ ਜਾਣਦੇ ਸਨ ਤੇ ਜਾਂ ਫਿਰ ਪੰਜਾਬੀ ਸਾਹਿਤ ਦੇ ਸਿਰਕੱਢ ਕਵੀ ਅਤੇ ਵਿਦਵਾਨ ਪ੍ਰੋ. ਮੋਹਨ ਸਿੰਘ ਜਿਸਨੇ ਸਿੱਖ ਜਗਤ ਨੂੰ 'ਨਾਨਕਾਇਣ' ਵਰਗਾ ਗ੍ਰੰਥ ਦਿੱਤਾ, ਜਿਹਨਾਂ ਨੇ ਇਸ ਲੇਖ ਨੂੰ ਆਪਣੇ ਰਸਾਲੇ ਵਿਚ ਥਾਂ ਦੇਣ ਦੀ ਪਹਿਲ ਕੀਤੀ ਸੀ, ਉਹ ਇਸਦੇ ਅਰਥ ਜਾਣਦੇ ਸਨ। ਇਹ ਪ੍ਰਣਾਮ ਹੈ ਦਿਲ ਦੀਆਂ ਡੂੰਘਾਈਆਂ ਤੋਂ ਸਤਿਕਾਰ ਵਿਚ ਸੀਸ ਆਪ ਮੁਹਾਰੇ ਝੁਕ ਜਾਣ ਵਾਲਾ। ਜਿਸਦੇ ਅਰਥ ਮੱਥਾ ਰਗੜਨ ਅਤੇ ਮੰਨਤਾਂ ਮੰਨਣ ਵਾਲੇ ਕਤਈ ਨਹੀਂ ਹਨ।

ਅੱਜ ਸਭ ਤੋਂ ਜ਼ਿਆਦਾ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਵਿਚ ਹੁਣ ਬ੍ਰਾਹਮਣਵਾਦ ਪੂਰੀ ਤਰ੍ਹਾਂ ਛਾ ਚੁੱਕਿਆ ਵਿਚ ਤੇ ਉਹ ਬੁੱਧ ਧਰਮ ਵਾਂਗ ਹੀ ਪੂਰੀ ਤਰ੍ਹਾਂ ਇਸਦੀ ਜਕੜਨ ਵਿਚ ਹੈ। ਬੁੱਧ ਧਰਮ ਵਰਗੇ ਬੋਹੜ ਧਰਮ ਨੂੰ ਜਿਵੇਂ ਇਸ ਪੁਸਤਕ ਵਿਚੋਂ ਵੇਖਿਆ ਹੈ ਹਨੇਰੀਆਂ ਅਤੇ ਝੱਖੜਾਂ ਨੇ ਬੜੀ ਬੁਰੀ ਤਰ੍ਹਾਂ ਝੰਬਿਆ ਹੈ। ਜੋ ਹੁਣ ਬਾਕੀ ਬਚਿਆ ਹੈ ਉਸਨੂੰ ਬ੍ਰਾਹਮਣਵਾਦ ਦਾ ਕੀੜਾ ਘੁਣ ਵਾਂਗੂੰ ਲੱਗਾ ਹੋਇਆ ਹੈ, ਜਿਸ ਕਰਕੇ ਬ੍ਰਾਹਮਣਵਾਦ ਅਤੇ ਬੁੱਧ ਧਰਮ ਵਿਚ ਨਿਖੇੜਾ ਕਰਨਾ ਔਖਾ ਹੋ ਗਿਆ ਹੈ। ਪਰ ਹੁਣ ਬੁੱਧ ਧਰਮ ਦੁਬਾਰਾ ਤਾਕਤ ਫੜ ਰਿਹਾ ਹੈ। ਇਸੇ ਤਰ੍ਹਾਂ ਸਿੱਖ ਧਰਮ ਵਿਚ ਵੀ ਇਸ ਤਰ੍ਹਾਂ ਦੀ ਪੁਨਰ ਜਾਗ੍ਰਿਤੀ ਦੀ ਬਹੁਤ ਲੋੜ ਹੈ। ਡਾ. ਅੰਬੇਦਕਰ ਨੇ ਵੀ ਬੁੱਧ ਧਰਮ ਅਪਣਾ ਕੇ ਸਦੀਆਂ ਤੋਂ ਲਿਤਾੜੇ ਅਤੇ ਨਪੀੜੇ ਦਲਿਤ ਸਮਾਜ ਨੂੰ ਬਰਾਬਰਤਾ ਅਤੇ ਸਾਂਝੀਵਾਲਤਾ ਦੇ ਇਸ ਧਰਮ ਦੇ ਲੜ ਲਾਇਆ ਸੀ ਪਰ ਇਸ ਤੋਂ ਪਹਿਲਾਂ ਉਹਨਾਂ ਨੇ ਬੁੱਧ ਧਰਮ ਦਾ ਡੂੰਘਾ ਅਧਿਐਨ ਕਰਕੇ ਬੁੱਧ ਧਰਮ ਦਾ ਉਹ ਰੂਪ ਪੇਸ਼ ਕੀਤਾ ਸੀ ਜੋ ਆਪਣੇ ਅਸਲ ਖਾਸੇ ਵੱਲ ਸੇਧਿਤ ਸੀ ਅਤੇ ਜੋ ਬ੍ਰਾਹਮਣਵਾਦ ਦੇ ਪੰਜਿਆਂ ਤੋਂ ਦੂਰ ਸੀ। ਉਹਨਾਂ ਦੀ ਖੋਜ ਪੁਸਤਕ 'ਬੁੱਧ ਅਤੇ ਉਹਨਾਂ ਦਾ ਧਰਮ' ਇਸ ਖੇਤਰ ਵਿਚ ਉਹਨਾਂ ਦੀ ਲਾਜਵਾਬ ਕ੍ਰਿਤ ਹੈ। ਇਸ ਪੁਸਤਕ ਦਾ ਕੇਂਦਰੀ ਭਾਵ ਬ੍ਰਾਹਮਣਵਾਦੀ ਨਹੀਂ ਹੈ। ਸਿਰਦਾਰ ਕਪੂਰ ਸਿੰਘ ਆਪਣੀ ਪੁਸਤਕ 'ਸਾਚੀ ਸਾਖੀ' ਵਿਚ ਵੀ ਲਿਖਦੇ ਹਨ ਕਿ ਇਕ ਸਮੇਂ ਤੇ ਡਾ. ਅੰਬੇਦਕਰ ਆਪਣੇ ਲੱਖਾਂ ਲੋਕਾਂ ਨਾਲ ਸਿੱਖ ਧਰਮ ਅਪਣਾਉਣ ਲਈ ਤਿਆਰ ਹੋ ਗਏ ਸਨ ਪਰ ਬ੍ਰਾਹਮਣਵਾਦੀ ਸਿੱਖਾਂ ਦੀ ਸਾਜ਼ਿਸ਼ ਕਾਰਨ ਕੋਸ਼ਿਸ਼ਾਂ ਸਿਰੇ ਨਾ ਲੱਗ ਸਕੀਆਂ। ਇਸ ਤੋਂ ਬਾਅਦ ਹੀ ਡਾ. ਅੰਬੇਦਕਰ ਨੇ ਬੁੱਧ ਧਰਮ ਅਪਣਾਉਣ ਲਈ ਕਦਮ ਵਧਾਇਆ। ਕਿੰਨੀ ਤ੍ਰਾਸਦੀ ਹੈ ਕਿ ਲੱਖਾਂ ਲੋਕੀ ਸਿੱਖ ਧਰਮ ਵਿਚ ਆਉਂਦੇ ਆਉਂਦੇ ਰਹਿ ਗਏ। ਅੱਜ ਵੀ ਜੇ ਸਿੱਖ ਆਗੂ ਬਿਆਨ ਦੇਣ ਤਾਂ ਸਿਕਲੀਗਰ ਅਤੇ ਉਹਨਾਂ ਵਰਗੀਆਂ ਹੋਰ ਜਾਤੀਆਂ/ਕਬੀਲਿਆਂ ਦੇ ਕਰੋੜਾਂ ਲੋਕ ਸਿੱਖ ਧਰਮ ਅਖ਼ਤਿਆਰ ਕਰਨ ਲਈ ਤਿਆਰ ਬੈਠੇ ਹਮਦਰਦੀ ਅਤੇ ਸਤਿਕਾਰ ਦੇ ਮਾਹੌਲ ਦੀ ਉਡੀਕ ਕਰ ਰਹੇ ਹਨ। ਇੰਝ ਕਰਨ ਨਾਲ ਜਿੱਥੇ ਸਿੱਖ ਧਰਮ ਦੀ ਤਾਕਤ ਵਧਦੀ ਹੈ, ਉਥੇ ਬੁੱਧ ਧਰਮ ਨਾਲ ਭਾਈਵਾਲੀ ਪਾ ਕੇ ਇਕੋ ਸੋਚ ਸਦਕਾ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਵਾਲੇ ਨਰੋਏ ਸਮਾਜ ਦੀ ਸਿਰਜਣਾ ਵੀ ਹੁੰਦੀ ਹੈ।

ਬ੍ਰਾਹਮਣਵਾਦ ਸਦੀਆਂ ਪੁਰਾਣਾ ਹੋਣ ਕਾਰਨ ਖ਼ੂਨ ਵਿਚ ਇਸ ਕਦਰ ਰਚ ਮਿਚ ਗਿਆ ਹੈ ਕਿ ਕਈ ਵਾਰੀ ਵਿਦਵਾਨ ਤੇ ਚਿੰਤਕ ਵੀ ਸੁੱਤੇ ਸਿੱਧ ਹੀ ਇਸਦੀ ਪਾਲਣਾ ਕਰ ਜਾਂਦੇ ਹਨ। ਵਿਦਵਾਨ ਕਪੂਰ ਸਿੰਘ ਨਾਲ ਵੀ ਇੰਝ ਵਾਪਰਿਆ ਹੈ। ਉਹ ਸਿੱਖ ਧਰਮ ਦਾ ਜ਼ਿਕਰ ਕਰਦਿਆਂ ਕਈ ਹਵਾਲੇ 'ਦਸਮ-ਗ੍ਰੰਥ' ਵਿਚੋਂ ਦੇ ਗਏ ਹਨ, ਇਸ ਲਈ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਕ੍ਰਿਤ ਹੈ। ਪਰ ਹੁਣ ਬਹੁਤੇ ਵਿਦਵਾਨ, ਖੋਜੀ ਅਤੇ ਇਤਿਹਾਸਕਾਰ ਇਸਨੂੰ ਗੁਰੂ ਜੀ ਦੀ ਕ੍ਰਿਤ ਨਹੀਂ ਸਵੀਕਾਰਦੇ ਸਗੋਂ ਇਸਨੂੰ ਸਿੱਖ ਧਰਮ ਨੂੰ ਖਤਮ ਕਰਨ ਦੀ ਇਕ ਸਾਜਿਸ਼ ਮੰਨਦੇ ਹਨ ਕਿਉਂਕਿ ਇਸ 'ਗ੍ਰੰਥ' ਵਿਚ ਗੁਰੂ ਗੋਬਿੰਦ ਸਿੰਘ ਦੇ ਆਚਰਣ ਉਤੇ ਬੜੇ ਗੰਭੀਰ ਸੁਆਲੀਆ ਚਿੰਨ੍ਹ ਲਗਾਏ ਗਏ ਹਨ ਜੋ ਹੋਰ ਖੋਜ ਮੰਗਦੇ ਹਨ। ਚੰਗਾ ਹੁੰਦਾ ਜੇ ਲੇਖਕ ਇਸ ਤੋਂ ਦੂਰੀ ਰੱਖਦੇ। ਪਰ ਉਸ ਵੇਲੇ ਹਾਲੇ ਇੰਨੀ ਖੋਜ ਨਹੀਂ ਸੀ ਹੋਈ।

ਕੁੱਲ ਮਿਲਾ ਕੇ ਪੁਸਤਕ ਵਿਚਕਾਰਲੀਆਂ ਇਹ ਰਚਨਾਵਾਂ ਜਿੱਥੇ ਲੇਖਕ ਸਿਰਦਾਰ ਕਪੂਰ ਸਿੰਘ ਦੀ ਵਿਦਵਤਾ ਅਤੇ ਗਿਆਨ ਦਾ ਉੱਤਮ ਨਮੂਨਾ ਹਨ, ਉਥੇ ਸ. ਜੈਤੇਗ ਸਿੰਘ ਆਨੰਤ ਨੇ ਵੀ ਇਹਨਾਂ ਨੂੰ ਕਿਤਾਬ ਦੀ ਸ਼ਕਲ ਦੇ ਕੇ ਆਪਣੀ ਮਿਹਨਤ ਤੇ ਸੋਚ ਦਾ ਵਧੀਆ ਸਬੂਤ ਦਿੱਤਾ ਹੈ। ਇਸ ਪੁਸਤਕ ਦੇ ਪ੍ਰਕਾਸ਼ਨ ਵਿਚ 'ਇੰਡੀਅਨ ਬੁੱਧਿਸਟ ਸੁਸਾਇਟੀ ਕੈਨੇਡਾ', ਖਾਸ ਕਰਕੇ ਇਸਦੇ ਜਨਰਲ ਸਕੱਤਰ ਸੁੱਤੇ ਅਹੀਰ ਅਤੇ ਉਹਨਾਂ ਦੀ ਸੁੱਘੜ ਅਤੇ ਸੰਘਰਸ਼ਸ਼ੀਲ ਜੀਵਨ ਸਾਥਣ ਕਮਲੇਸ਼ ਅਹੀਰ ਦਾ ਖਾਸ ਯੋਗਦਾਨ ਰਿਹਾ ਹੈ ਜੋ ਵਧਾਈ ਦੇ ਪਾਤਰ ਤਾਂ ਹੈ ਹੀ ਹਨ ਧੰਨਵਾਦ ਦੇ ਪਾਤਰ ਵੀ ਹਨ, ਜਿਹਨਾਂ ਦੀਆਂ ਕੋਸ਼ਿਸ਼ਾਂ ਰੰਗ ਲਿਆਈਆਂ। ਆਸ ਹੈ ਇਸ ਸਮੁੱਚੀ ਟੀਮ ਦੀ ਮਿਹਨਤ ਹੋਰ ਰੰਗ ਲਿਆਵੇਗੀ ਅਤੇ ਇਸ ਤਰ੍ਹਾਂ ਦੀਆਂ ਹੋਰ ਪੁਸਤਕਾਂ ਉਹਨਾਂ ਵਿਦਵਾਨਾਂ ਅਤੇ ਸੰਘਰਸ਼ਸ਼ੀਲ ਵਿਅਕਤੀਆਂ ਦੀ ਬੋਲੀ ਵਿਚ ਪਾਵੇਗੀ ਜੋ ਸਮਾਜ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾਣ ਲਈ ਅਤੇ ਸਮਤਾ, ਸੁਤੰਤਰਤਾ ਅਤੇ ਭਾਈਚਾਰਾ ਕਾਇਮ ਕਰਨ ਲਈ ਵਚਨਬੱਧ ਹਨ। ਆਮੀਨ।

# ਡਾ. ਰੌਣਕੀ ਰਾਮ ਦੀ ਪੁਸਤਕ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ' ਨੂੰ ਵਾਚਦਿਆਂ



ਫਤਿਹਜੰਗ ਸਿੰਘ
91-98726-70278

ਡਾ. ਰੌਣਕੀ ਰਾਮ ਨੂੰ ਕੌਣ ਨਹੀਂ ਜਾਣਦਾ? ਭਾਵੇਂ ਪੰਜਾਬੀ ਸਾਹਿਤ ਜਗਤ ਦੀ ਕਥਿਤ ਮੁੱਖ ਧਾਰਾ ਦੀ ਗੱਲ ਕਰੀਏ, ਭਾਵੇਂ ਨਵੀਂ ਉਭਰ ਰਹੀ ਅੰਬੇਡਕਰਵਾਦੀ ਸਾਹਿਤ ਧਾਰਾ ਦੀ ਗੱਲ ਕਰੀਏ ਤੇ ਭਾਵੇਂ ਅੰਤਰ ਰਾਸ਼ਟਰੀ ਪੱਧਰ 'ਤੇ ਦਲਿਤ ਪੱਖੀ ਅੰਗਰੇਜ਼ੀ ਸਾਹਿਤ ਦੀ, ਡਾ. ਰੌਣਕੀ ਰਾਮ ਦਾ ਨਾਂ ਵਾਰ ਵਾਰ ਅੱਗੇ ਆਉਂਦਾ ਹੈ। ਜੋ ਲੋਕ ਸਾਹਿਤ ਖੇਤਰ ਨਾਲ ਸਬੰਧਿਤ ਨਹੀਂ ਵੀ ਹਨ, ਖਾਸ ਕਰਕੇ ਦਲਿਤ, ਉਹ ਵੀ ਡਾ. ਰੌਣਕੀ ਰਾਮ ਨੂੰ ਜ਼ਰੂਰ ਜਾਣਦੇ ਹੋਣਗੇ। ਕਾਹਲੀ-ਕਾਹਲੀ ਤੁਰਦਿਆਂ, ਕਾਹਲੀ ਕਾਹਲੀ ਗੱਲਾਂ ਕਰਦਿਆਂ, ਕਿਤੇ ਧਾਰਮਿਕ ਸਟੇਜ'ਤੇ ਲੈਕਚਰ ਦਿੰਦਿਆਂ, ਕਿਤੇ ਸਮਾਜਿਕ ਮੰਚ 'ਤੇ ਜੋਸ਼ ਨਾਲ ਬਾਹਾਂ ਉਲਾਰਦਿਆਂ, ਕਿਤੇ ਅਕਾਦਮਿਕ ਸਟੇਜ 'ਤੇ ਅੰਗ ਅੰਗ ਨੂੰ ਜ਼ੁਬਾਨ ਬਖ਼ਸ਼ਦਿਆਂ ਉਹਨਾਂ ਨੂੰ ਜ਼ਰੂਰ ਵੇਖਿਆ ਹੋਵੇਗਾ। ਜਾਪਦਾ ਹੈ ਡਾਕਟਰ ਸਾਹਿਬ ਇਕ ਵੀ ਪਲ ਅਜਾਈਂ ਨਹੀਂ ਗਵਾਉਣਾ ਚਾਹੁੰਦੇ, ਜਿਸ ਕਰਕੇ ਉਹਨਾਂ ਦੇ ਸੁਭਾਅ ਵਿਚ ਤੇਜ਼ੀ ਹੈ, ਤਿੱਖਾਪਣ ਹੈ। ਹਰ ਇਕ ਪਲ 'ਚੋਂ ਵੱਧ ਤੋਂ ਵੱਧ ਲਾਹਾ ਲੈਣਾ ਉਹਨਾਂ ਨੂੰ ਆਉਂਦਾ ਹੈ, ਇਸੇ ਲਈ ਆਪਣੇ ਅਧਿਆਪਨ ਦੇ ਕਾਰਜ ਦੇ ਨਾਲ ਨਾਲ ਉਹ ਦੇਸ਼ ਵਿਦੇਸ਼ ਵਿਚ ਗੋਸ਼ਟੀਆਂ ਵਿਚ ਹਿੱਸਾ ਲੈਣ ਵੀ ਜਾਂਦੇ ਹਨ, ਧਾਰਮਿਕ ਅਤੇ ਸਮਾਜਿਕ ਮਾਮਲਿਆਂ ਨਾਲ ਜੁੜੇ ਸੈਮੀਨਾਰਾਂ ਵਿਚ ਭਾਸ਼ਣ ਵੀ ਦੇ ਆਉਂਦੇ ਹਨ ਅਤੇ ਦਲਿਤਾਂ ਨਾਲ ਜੁੜੀਆਂ ਸਮੱਸਿਆਵਾਂ ਸਬੰਧੀ ਖੋਜ ਭਰਪੂਰ ਕਿਤਾਬਾਂ ਵੀ ਇਕ ਤੋਂ ਬਾਅਦ ਇਕ ਲਿਖੀ ਜਾ ਰਹੇ ਹਨ। ਇਹ ਉਹ ਮੁਕਾਮ ਹੈ ਜਿਸ 'ਤੇ ਪੁੱਜ ਕੇ ਨਾਂ ਦੇ ਨਾਲ ਡਿਗਰੀਆਂ ਜਾਂ ਅਹੁਦੇ ਲਿਖਣੇ ਪਿੱਛੇ ਰਹਿ ਜਾਂਦੇ ਹਨ।


ਡਾ. ਰੌਣਕੀ ਰਾਮ ਪੰਜਾਬ ਦੇ ਪਿੰਡਾਂ ਦੇ ਹੀ ਜੰਮਪਲ ਹਨ, ਜਿਸ ਕਰਕੇ ਉਹਨਾਂ ਨੇ ਪਿੰਡਾਂ ਵਿਚ ਵਿਚਰਦਿਆਂ ਇੱਥੋਂ ਦੀਆਂ ਸਮਾਜਿਕ ਤੇ ਧਾਰਮਿਕ ਰੀਤੀਆਂ-ਕੁਰੀਤੀਆਂ ਨੂੰ ਨੇੜਿਉਂ ਤੱਕਿਆ ਅਤੇ ਉਹਨਾਂ ਦਾ ਡੂੰਘਾ ਅਧਿਐਨ ਵੀ ਕੀਤਾ ਹੈ। ਸ਼ਾਇਦ ਇਸੇ ਲਈ ਦਲਿਤਾਂ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਨਾ, ਉਹਨਾਂ ਦਾ ਸਹੀ ਹੱਲ ਲੱਭਣਾ ਅਤੇ ਉਹਨਾਂ ਨੂੰ ਭਾਸ਼ਣਾਂ ਅਤੇ ਲਿਖਤਾਂ ਰਾਹੀਂ ਛੋਟੇ ਤੋਂ ਵੱਡੇ ਤੱਕ, ਕਿਸੇ ਵੀ ਸਾਧਨ ਰਾਹੀਂ ਪਹੁੰਚਾਉਣਾ ਉਹਨਾਂ ਦਾ ਮਨ ਭਾਉਂਦਾ ਕਾਰਜ ਅਤੇ ਵਿਸ਼ਾ ਬਣ ਚੁੱਕਿਆ ਹੈ। ਇਸੇ ਵਿਸ਼ੇ ਨਾਲ ਸਬੰਧਿਤ ਜ਼ਮੀਨੀ ਹਕੀਕਤ ਦਾ ਬਰੀਕੀ ਨਾਲ ਬਿਆਨ ਕਰਨਾ, ਉਹਨਾਂ ਨੂੰ ਸੂਬਾ, ਦੇਸ਼ ਅਤੇ ਅੰਤਰ ਰਾਸ਼ਟਰੀ ਪੱਧਰ ਤੱਕ ਲੈ ਕੇ ਜਾਣਾ ਡਾ. ਰੌਣਕੀ ਰਾਮ ਦਾ ਹੀ ਕੰਮ ਹੋ ਸਕਦਾ ਹੈ। ਸਟੇਜ ਭਾਵੇਂ ਉਹ ਯੂਨੀਵਰਸਿਟੀ ਪੱਧਰ ਦੀ ਹੋਵੇ ਤੇ ਭਾਵੇਂ ਆਲਮੀ ਉਹਨਾਂ ਨੂੰ ਪਤਾ ਹੈ ਕਿ ਕਿਸ ਪੱਧਰ ਤੇ,ਕਿਸ ਪੱਧਰ ਦੀ ਸਮੱਸਿਆ, ਕਿਵੇਂ ਪੇਸ਼ ਕਰਨੀ ਹੈ। ਉਹ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪੂਰੀ ਮੁਹਾਰਤ ਨਾਲ ਲਿਖ ਸਕਦੇ ਹਨ ਤੇ ਵਿਚਾਰ ਵਟਾਂਦਰਾ ਕਰ ਸਕਦੇ ਹਨ। ਕਿਸੇ ਖੋਜ ਕਾਰਜ ਲਈ ਭਾਸ਼ਾ ਤੋਂ ਇਲਾਵਾ ਸਖ਼ਤ ਮਿਹਨਤ, ਲਗਨ ਅਤੇ ਸਮਰਪਣ ਦੀ ਅਤਿਅੰਤ ਲੋੜ ਹੁੰਦੀ ਹੈ ਜੋ ਡਾ. ਰੌਣਕੀ ਰਾਮ ਵਿਚ ਕੁੱਟ ਕੁੱਟ ਕੇ ਭਰੀ ਹੋਈ ਹੈ ਜੋ ਉਹਨਾਂ ਦੀ ਹਰ ਲਿਖਤ ਵਿਚੋਂ ਪ੍ਰਗਟ ਹੁੰਦੀ ਹੈ। ਇਹੋ ਜਿਹੇ ਇਨਸਾਨ ਬਾਰੇ ਅਤੇ ਉਹਨਾਂ ਦੀਆਂ ਕਿਰਤਾਂ ਬਾਰੇ ਲਿਖਣਾ ਕੋਈ ਸੌਖਾ ਕੰਮ ਨਹੀਂ, ਸੂਰਜ ਨੂੰ ਦੀਵਾ ਦਿਖਾਉਣ ਦੇ ਤੁੱਲ ਹੈ।

ਵਿਚਾਰ ਅਧੀਨ ਪੁਸਤਕ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਣ' ਉਹਨਾਂ ਦੀ ਮਿਹਨਤ, ਲਗਨ ਅਤੇ ਡੂੰਘੀ ਖੋਜ ਦਾ ਇਕ ਵਧੀਆ ਨਮੂਨਾ ਹੈ। ਇਸਦੀ ਤਿਆਰੀ ਲਈ ਉਹਨਾਂ ਨੇ ਕਿੰਨਾ ਕੁਝ ਪੜ੍ਹਿਆ ਹੋਵੇਗਾ, ਵਿਚਾਰਿਆ ਹੋਵੇਗਾ, ਖੋਜ ਕੀਤੀ ਹੋਵੇਗੀ, ਉਹ ਕਿਤਾਬ ਦੇ ਅਧਿਐਨ ਤੋਂ ਪਤਾ ਲੱਗਦਾ ਹੈ। ਦਲਿਤ ਸਾਹਿਤ ਨਾਲ ਸਬੰਧਿਤ ਕੋਈ ਵੀ ਛੋਟੇ ਤੋਂ ਛੋਟਾ ਜਾਂ ਵੱਡੇ ਤੋਂ ਵੱਡਾ ਰਚਣਹਾਰਾ ਤੇ ਉਸਦੀ ਰਚਨਾ ਉਹਨਾਂ ਦੀ ਨਜ਼ਰ ਤੋਂ ਸ਼ਾਇਦ ਹੀ ਬਚੀ ਹੋਵੇ। ਕੋਈ ਲਹਿਰ, ਕੋਈ ਵਿਚਾਰ ਕੋਈ ਸੰਸਥਾ ਉਹਨਾਂ ਦੇ ਘੇਰੇ ਵਿਚੋਂ ਸ਼ਾਇਦ ਹੀ ਬਾਹਰ ਜਾ ਸਕੀ ਹੋਵੇ। ਇਸ ਪੁਸਤਕ ਵਿਚ ਉਹਨਾਂ ਨੇ ਦਲਿਤ ਦੀ ਪਛਾਣ, ਉਸਦੀ ਆਪਣੀ ਮੁਕਤੀ ਲਈ ਕੀਤੇ ਸੰਘਰਸ਼ ਅਤੇ ਬਰਾਬਰਤਾ ਤੇ ਆਉਣ ਲਈ ਕਮਜ਼ੋਰ ਤੋਂ ਬਲਵਾਨ ਤੱਕ ਦੇ ਸਫ਼ਰ ਦੀ ਬੜੀ ਵਿਸਥਾਰ ਪੂਰਵਕ ਨਿੱਠ ਕੇ ਵਿਚਾਰ ਚਰਚਾ ਕੀਤੀ ਹੈ।

ਦਲਿਤ, ਅਸਲ ਵਿਚ ਬ੍ਰਾਹਮਣ ਵਾਦੀ ਸਮਾਜਿਕ ਵਿਵਸਥਾ ਦਾ ਝੰਬਿਆ, ਲੁੱਟਿਆ-ਪੁੱਟਿਆ ਉਹ 'ਇਨਸਾਨ' ਹੈ ਜਿਸ ਨੂੰ ਕਦੇ ਇਨਸਾਨ ਹੀ ਨਹੀਂ ਮੰਨਿਆ ਗਿਆ। ਉਹ ਸਦੀਆਂ ਤੋਂ ਆਪਣੇ ਆਪੇ ਦੀ ਗੁੰਮ ਹੋਈ ਪਛਾਣ ਲੱਭਣ ਲਈ, ਆਪਣੀ ਜਕੜਨ ਦੀਆਂ ਜ਼ੰਜੀਰਾਂ ਕੱਟਣ ਲਈ ਅਤੇ ਆਪਣੇ ਆਪ ਨੂੰ ਇਕ ਮਨੁੱਖ ਦਾ ਬਰਾਬਰੀ ਵਾਲਾ ਦਰਜਾ ਦਿਵਾਉਣ ਲਈ ਨੰਗੇ ਪਿੰਡੇ, ਨੰਗੇ ਪੈਰੀਂ, ਖਾਲੀ ਪੇਟ ਇਕ ਭਿਆਨਕ ਕੰਡਿਆਲਾ ਰਾਹ ਤਹਿ ਕਰਦਾ ਹੋਇਆ, ਲਹੂ ਭਿੱਜਿਆ ਇਤਿਹਾਸ ਰਚਦਾ ਹੋਇਆ ਲਗਾਤਾਰ ਪਿਸਦਾ ਆ ਰਿਹਾ ਹੈ। ਪਰ ਉਸਦੀ ਅਸਲ ਪਛਾਣ ਬਣਨ ਦੀ ਬਜਾਏ ਹੋਰ ਗੁੰਮ ਹੁੰਦੀ ਜਾ ਰਹੀ ਹੈ। ਇਸਦੇ ਦੁੱਖਾਂ ਦੀ ਦਾਸਤਾਨ ਬਹੁਤ ਲੰਮੀ ਹੈ ਜੋ ਆਰੀਅਨ ਦੇ ਭਾਰਤ ਵਿਚ ਆਉਣ ਨਾਲ ਸ਼ੁਰੂ ਹੁੰਦੀ ਹੈ। ਆਰੀਅਨਾਂ ਦੀ ਭਾਰਤੀ ਸਮਾਜ ਨੂੰ ਸਭ ਤੋਂ ਭਿਆਨਕ ਅਤੇ ਗੁੰਝਲਦਾਰ ਦੇਣ ਵਰਣ ਵਿਵਸਥਾ ਜਾਂ ਜਾਤ ਪਾਤ ਦੀ ਦੇਣ, ਜਿਸਦੇ ਸਭ ਤੋਂ ਹੇਠਲੇ ਘਿਰਣਿਤ ਬਣਾਏ ਸ਼ੂਦਰ ਵਰਣ ਵਿਚ ਇੱਥੋਂ ਦੇ ਮੂਲ ਨਿਵਾਸੀ ਨੂੰ ਰੱਖ ਕੇ ਅਸਹਿ ਅਤੇ ਅਕਹਿ ਕਸ਼ਟ ਦਿੱਤੇ ਗਏ। ਜੇ ਇਸਨੇ ਜਾਣੇ ਜਾਂ ਅਣਜਾਣੇ ਕੋਈ ਮਨੁੱਖੀ ਅਧਿਕਾਰ ਲੈਣ ਦੀ ਸੋਚੀ ਵੀ ਤਾਂ ਇਸਨੂੰ ਆਪਣੇ ਕੰਨਾਂ ਵਿਚ ਸਜ਼ਾ ਦੇ ਤੌਰ ਤੇ ਗਰਮ ਸਿੱਕਾ ਪੁਆਉਣਾ ਪਿਆ, ਜੀਭ ਕਟਾਉਣੀ ਪਈ ਤੇ ਬਹੁਤੀ ਵਾਰੀ ਮੌਤ ਨੂੰ ਗਲੇ ਲਾਉਣਾ ਪਿਆ। ਸਮੇਂ ਦਾ ਉਹ ਦੌਰ ਵੀ ਆਇਆ ਜਦੋਂ ਦਲਿਤਾਂ ਨੂੰ ਥੁੱਕਣ ਲਈ ਗਲ ਵਿਚ ਕੁੱਜੇ ਲਟਕਾਉਣੇ ਪਏ, ਧਰਤੀ ਤੋਂ ਆਪਣੀ ਪੈੜ ਮਿਟਾਉਣ ਲਈ ਲੱਕ ਨਾਲ ਝਾੜੂ ਬੰਨ੍ਹਣੇ ਪਏ ਤਾਂ ਜੋ ਥੁੱਕ ਜਾਂ ਪੈੜ ਨਾਲ ਕਿਸੇ ਉੱਚ ਜਾਤੀਏ ਨੂੰ ਭਿੱਟ ਨਾ ਚੜ੍ਹ ਜਾਵੇ।

ਅਜਿਹੀ ਭਿਆਨਕ ਅਤੇ ਕਰੁਣਾਮਈ ਹਾਲਤ ਵਿਚ ਇਹ 'ਮਨੁੱਖ' ਵਿਸਾਰ ਬੈਠਾ ਕਿ ਇਹ ਹੈ ਕੌਣ? ਇਸਦੀ ਹੋਂਦ ਕੀ ਹੈ? ਆਪਣੇ ਆਪ ਦੀ ਪਛਾਣ ਤਾਂ ਇਕ ਪਾਸੇ ਇਸਨੂੰ ਇਹ ਹੀ ਭੁੱਲ ਗਿਆ ਕਿ ਉਹ ਮਨੁੱਖ ਹੈ ਜਾਂ ਜਾਨਵਰ। ਦਲਿਤ ਦੀ ਇਹੀ ਉਹ ਸਥਿਤੀ ਹੈ ਜਿਸਦੇ ਬਿਆਨ ਕਰਨ 'ਤੇ ਮੁੱਖ ਧਾਰਾ ਵਾਲੇ ਲੇਖਕ ਕਿੰਤੂ ਪ੍ਰੰਤੂ ਕਰਦੇ ਅਕਸਰ ਆਖਦੇ ਹਨ ਕਿ ਦਲਿਤਾਂ ਨੂੰ ਆਪਣੇ ਅਤੀਤ ਦੀ ਗੱਲ ਕਰਨ ਦੀ ਬਜਾਏ ਭਵਿੱਖ ਦੀ ਗੱਲ ਕਰਨੀ ਚਾਹੀਦੀ ਹੈ। ਪਰ ਇਤਿਹਾਸ ਨੂੰ ਜਾਣੇ ਬਗੈਰ ਇਤਿਹਾਸ ਕਿਵੇਂ ਰਚਿਆ ਜਾ ਸਕਦਾ ਹੈ?

ਇਹੋ ਜਿਹੀ ਸਥਿਤੀ ਵਿਚੋਂ ਗੁਜ਼ਰਦਿਆਂ ਜੇ ਦਲਿਤ ਦੀ ਪਛਾਣ ਕਰਾਉਣ ਵਾਲੇ ਸਿਰਫ ਨਾਂ ਦੀ ਹੀ ਗੱਲ ਕਰੀਏ ਤਾਂ ਇਸਨੇ ਤਾਂ ਆਪਣਾ ਨਾਂ ਵੀ ਕਦੇ ਨਹੀਂ ਰੱਖਿਆ ਬੱਸ ਜੋ ਇਸਦੇ ਡਾਢੇ 'ਮਾਲਕਾਂ' ਨੇ ਰੱਖ ਦਿੱਤਾ, ਇਹ ਉਸੇ ਨੂੰ ਸਿਰ ਮੱਥੇ ਮੰਨਦਾ ਰਿਹਾ। ਸ਼ੂਦਰ ਤੋਂ ਸਫ਼ਰ ਸ਼ੁਰੂ ਹੋ ਕੇ ਅਤੀ ਸ਼ੂਦਰ, ਅਛੂਤ, ਦਾਸ, ਦਸੂ, ਨੀਚ, ਚੰਡਾਲ ਆਦਿ ਤੋਂ ਹੁੰਦਾ ਹੋਇਆ ਅੰਗਰੇਜ਼ਾਂ ਵੇਲੇ ਡੀਪਰੈਸਡ ਕਲਾਸਿਜ਼, ਪਿਛੜੀਆਂ ਸ਼੍ਰੇਣੀਆਂ ਅਤੇ ਫਿਰ ਗਾਂਧੀ ਦੇ ਹਰੀਜਨ ਤੱਕ ਪੁੱਜਿਆ। ਪਰ ਹਰੀਜਨ ਦੇ ਅਰਥ 'ਹਰਾਮ ਦੀ ਔਲਾਦ' ਹੋਣ ਕਰਕੇ ਇਸਦਾ ਪਿਛੋਕੜ ਦੇਵਦਾਸੀਆਂ ਦੀ ਨਾਜਾਇਜ਼ ਔਲਾਦ ਨਾਲ ਜਾ ਜੁੜਦਾ ਸੀ, ਜਿਸ ਕਰਕੇ ਦਲਿਤਾਂ ਨੇ ਪਹਿਲੀ ਵਾਰੀ ਆਪਣੇ ਨਾਂ 'ਤੇ ਇਤਰਾਜ਼ ਕੀਤਾ ਤਾਂ ਇਸ ਤੇ ਕਾਨੂੰਨੀ ਤੌਰ 'ਤੇ ਪਾਬੰਦੀ ਲੱਗ ਗਈ। ਡਾ. ਅੰਬੇਡਕਰ ਨੇ ਇਹਨਾਂ ਨੂੰ ਮਨੁੱਖੀ ਅਧਿਕਾਰ ਦਿਵਾਉਣ ਲਈ ਤੇ ਇਹਨਾਂ ਦੀ ਪਛਾਣ ਬਣਾਉਣ ਲਈ ਅਜਿਹੀਆਂ ਸਾਰੀਆਂ ਜਾਤਾਂ ਨੂੰ ਸੂਚੀਬੱਧ ਕੀਤਾ,




ਜਿਹਨਾਂ ਨੂੰ ਜਾਤੀ ਦੇ ਤੌਰ ਤੇ ਸਮਾਜ ਵਿਚ ਆਰਥਿਕ ਅਤੇ ਸਮਾਜਿਕ ਪੱਧਰ ਪੱਖੋਂ ਪਛਾੜਿਆ ਗਿਆ ਸੀ। ਇਸ ਸੂਚੀ ਦੇ ਆਧਾਰ 'ਤੇ ਇਹ ਅਨੁਸੂਚਿਤ ਜਾਤੀ, ਜਨਜਾਤੀ ਅਤੇ ਹੋਰ ਪਿਛੜੀਆਂ ਜਾਤਾਂ ਵਿਚ ਵੰਡੇ ਗਏ। ਫਿਰ ਇਹਨਾਂ ਨੂੰ ਛੋਟਾ ਨਾਂ ਦਲਿਤ ਮਿਲ ਗਿਆ ਜੋ ਕਾਨੂੰਨੀ ਤਾਂ ਨਹੀਂ ਸੀ ਪਰ ਇੰਨਾ ਪ੍ਰਚੱਲਿਤ ਹੋ ਗਿਆ ਕਿ 'ਦਲਿਤ ਵਾਇਸ' ਦੇ ਸੰਪਾਦਕ ਦਲਿਤ ਫਿਲਾਸਫ਼ਰ ਅਤੇ ਲੇਖਕ ਸ੍ਰੀ ਵੀ. ਵੀ. ਰਾਜਾ ਨੇ ਇਸ ਸ਼ਬਦ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਯੂ. ਐਨ. ਓ. ਤੱਕ ਪਹੁੰਚਾ ਦਿੱਤਾ। ਅੰਗਰੇਜ਼ ਇਸ ਸ਼ਬਦ ਨੂੰ ਗੈਰ ਅੰਗਰੇਜ਼ੀ ਹੁੰਦਿਆਂ ਵੀ ਚੰਗੀ ਤਰ੍ਹਾਂ ਸਮਝਣ ਲੱਗ ਪਏ। ਫਿਰ ਅੰਬੇਡਕਰਵਾਦੀ ਲਹਿਰ ਨੂੰ ਰਾਜਗੱਦੀ ਤੱਕ ਪਹੁੰਚਾਉਣ ਵਾਲੇ ਨਾਇਕ ਕਾਂਸ਼ੀ ਰਾਮ ਜੀ ਨੇ ਪਹਿਲਾਂ ਇਹਨਾਂ ਨੂੰ ਦਲਿਤ ਅਤੇ ਸ਼ੋਸ਼ਿਤ ਦਾ ਨਾਂ ਦਿੱਤਾ ਗਿਆ। ਸਮੇਂ ਸਮੇਂ ਤੇ ਬਿਖਰੇ ਇਸ ਸਮਾਜ ਨੂੰ 'ਬਹੁਜਨ ਸਮਾਜ' ਦਾ ਨਾਂ ਦੇ ਕੇ ਪਛਾਣ ਅਤੇ ਸ਼ਕਤੀ ਪੱਖੋਂ ਬਹੁਤ ਉਪਰ ਤੱਕ ਲੈ ਗਏ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਕਾਂਸ਼ੀ ਰਾਮ ਜੀ ਨੇ ਇਸ ਸਮਾਜ ਨੂੰ ਇਕ ਪਛਾਣ ਦੇ ਕੇ ਸ਼ਕਤੀਕਰਨ ਲਈ ਪੜ੍ਹੇ-ਲਿਖੇ ਮੁਲਾਜ਼ਮ ਦਾ ਸੰਗਠਨ 'ਬਾਮਸੇਫ' ਤਿਆਰ ਕੀਤਾ ਜਿਸਨੇ ਇਸ ਸਮਾਜ ਨੂੰ ਮੁਕਤੀ ਦਿਵਾਉਣ ਲਈ ਸੰਘਰਸਸ਼ੀਲ ਸੰਗਠਨ 'ਡੀ. ਐਸ. ਫੋਰ' ਅਤੇ ਫਿਰ ਸ਼ਕਤੀਕਰਨ ਲਈ 'ਬਹੁਜਨ ਸਮਾਜ ਪਾਰਟੀ' ਤਿਆਰ ਕੀਤੀ। ਇਸੇ ਕਾਰਜ ਨੂੰ ਅੱਗੇ ਤੋਰਦਿਆਂ ਹੁਣ ਇਕ ਸੰਘਰਸ਼ਸ਼ੀਲ ਵਿਅਕਤੀ ਸ੍ਰੀ ਮੇਸ਼ ਰਾਮ ਨੇ 'ਬਾਮਸੇਫ' ਦੇ ਮਾਧਿਅਮ ਤੋਂ ਬੜੇ ਯੋਜਨਾਬੱਧ ਤਰੀਕੇ ਨਾਲ ਪੰਜਾਬ ਸਮੇਤ ਪੂਰੇ ਭਾਰਤ ਦੇ ਇਸ ਸਮਾਜ ਨੂੰ ਨਵੀਂ ਪਛਾਣ, ਮੁਕਤੀ ਅਤੇ ਸ਼ਕਤੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਹੈ। ਇਹਨਾਂ ਵੱਲੋਂ ਕਿੰਨੇ ਹੀ ਸਪਤਾਹਿਕ ਤੇ ਰੋਜ਼ਾਨਾ ਅਖ਼ਬਾਰ, ਰਸਾਲੇ, ਕਿਤਾਬਾਂ, ਪੰਫਲੈਟ ਆਦਿ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਕਿੰਨੇ ਹੀ ਪੂਰਨ- ਕਾਲੀ ਕਾਮੇ ਪਿੰਡਾਂ, ਸ਼ਹਿਰਾਂ, ਝੁੱਗੀਆਂ-ਝੌਂਪੜੀਆਂ, ਕਾਲੋਨੀਆਂ, ਠੱਠੀਆਂ, ਚਮਾਰਲੀਆਂ, ਮੁਹੱਲਿਆਂ ਵਿਚ ਦਿਨ ਰਾਤ ਸ਼ਕਤੀਕਰਨ ਲਈ ਜਾਗਰਿਤੀ ਦਾ ਕੰਮ ਕਰ ਰਹੇ ਹਨ। ਉਹਨਾਂ ਦੇ ਸਮਾਗਮ, ਵੱਡੀਆਂ ਦੇਸ਼ ਪੱਧਰੀ ਕਾਨਫਰੰਸਾਂ ਦਾ ਜ਼ਾਬਤਾ, ਹਰ ਖੇਤਰ ਦੀ ਦਿੱਤੀ ਜਾਣ ਵਾਲੀ ਜਾਣਕਾਰੀ ਉੱਚ ਪੱਧਰ ਦੀ ਹੈ। ਉਹਨਾਂ ਨੇ ਹੁਣ ਦਲਿਤ ਸ਼ਬਦ ਨੂੰ 'ਮੂਲ ਨਿਵਾਸੀ' ਵਿਚ ਤਬਦੀਲ ਕਰ ਦਿੱਤਾ ਹੈ। ਇਹ ਜਥੇਬੰਦੀ ਮੂਲ ਨਿਵਾਸੀ ਸਮਾਜ ਜਿਸ ਨੂੰ ਉਹ ਇਸ ਦੇਸ਼ ਦੇ ਅਸਲੀ ਵਸਨੀਕ ਸਮਝਦੀ ਹੈ ਮੁੜ ਗੁਲਾਮਾਂ ਅਤੇ ਦਾਸਾਂ ਤੋਂ ਆਪਣੇ ਦੇਸ਼ ਦੇ ਮਾਲਕ ਬਣਾਉਣ ਲਈ ਜਾਗਰਿਤ ਕਰ ਰਹੀ ਹੈ।

ਦਲਿਤ ਦੀ ਪਰਿਭਾਸ਼ਾ ਕਰਨ ਲੱਗਿਆਂ ਹੁਣ ਇਸਨੂੰ ਆਪਣੇ ਆਪਣੇ ਵਿਚਾਰਾਂ ਅਨੁਸਾਰ ਵੱਖ ਵੱਖ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਮਾਰਕਸਵਾਦੀ ਇਸਨੂੰ ਲੁਟੀਂਦੀ ਜਾ ਰਹੀ ਜਮਾਤ ਨਾਲ ਜੋੜਦੇ ਹਨ। ਦਲਿਤਾਂ ਨਾਲ ਸਬੰਧਿਤ ਸਾਹਿਤ ਨੂੰ ਉਹ ਦਲਿਤ ਸਾਹਿਤ ਦਾ ਨਾਂ ਵੀ ਨਹੀਂ ਦੇਣਾ ਚਾਹੁੰਦੇ। ਉਹਨਾਂ ਦੇ 'ਸੰਕਲਪ' ਵਿਚੋਂ ਜਾਤੀ ਗਾਇਬ ਹੈ ਜਦੋਂ ਕਿ ਜਾਤੀ ਸਾਡੀ ਜ਼ਮੀਨੀ ਹਕੀਕਤ ਹੈ, ਜਿਸ ਤੋਂ ਉਹ ਜਾਣ ਬੁੱਝ ਕੇ ਅੱਖਾਂ ਬੰਦ ਕਰਦੇ ਹਨ। ਉਹਨਾਂ ਅਨੁਸਾਰ ਲੇਖਕ ਦੀ ਵੀ ਕੋਈ ਜਾਤੀ ਨਹੀਂ ਹੁੰਦੀ ਭਾਵੇਂ ਅਜਿਹਾ ਕਹਿਣ ਵਾਲਿਆਂ ਵਿਚੋਂ ਬਹੁਤੇ ਆਪਣੇ ਨਾਂ ਪਿੱਛੇ ਆਪਣੀ ਜਾਤੀ ਦੀ ਪਛਾਣ ਚਿਪਕਾ ਕੇ ਆਪਣੇ ਉੱਚਾ ਹੋਣ ਦਾ ਵਿਖਾਲਾ ਪਾ ਰਹੇ ਹੁੰਦੇ ਹਨ।

ਦੂਜੇ ਪਾਸੇ ਅੰਬੇਡਕਰ ਵਿਚਾਰਧਾਰਾ ਸਮਾਜ ਦੀ ਹਕੀਕੀ ਬਣਤਰ ਜੋ ਸਦੀਆਂ ਤੋਂ ਜਾਤੀ ਆਧਾਰਿਤ ਚਲੀ ਆ ਰਹੀ ਹੈ, ਉਸ ਅਨੁਸਾਰ ਦਲਿਤ ਦੀ ਵਿਆਖਿਆ ਕਰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਜਾਤੀ ਵੰਡ ਨੂੰ ਧਰਮ ਦੀ ਗਲਤ ਰੰਗਤ ਦੇ ਕੇ ਉਸਦੇ ਨਿਰਦਈ ਡੰਡੇ ਨਾਲ ਇਸਨੂੰ ਰੱਬੀ ਹੁਕਮ ਮੰਨ ਕੇ ਜ਼ੋਰ ਜ਼ਬਰਦਸਤੀ ਚਲਦੇ ਰੱਖਣਾ, ਗ਼ੈਰ-ਮਨੁੱਖੀ ਤਸ਼ੱਦਦ ਨਾਲ ਦਬਾ ਕੇ ਜਾਨਵਰਾਂ ਵਾਲਾ ਜੀਵਨ ਜਿਊਣ ਲਈ ਮਜਬੂਰ ਕਰਨਾ, ਸਾਰੇ ਮਨੁੱਖੀ ਅਧਿਕਾਰਾਂ ਦਾ ਹਨਨ ਕਰਕੇ ਸਮਾਜਿਕ, ਧਾਰਮਿਕ, ਆਰਥਿਕ ਲੁੱਟ ਕਰਨੀ ਹੈ। ਜਿਸ ਦੇ ਨਤੀਜੇ ਵਜੋਂ ਸਦੀਆਂ ਤੋਂ ਤੁਰਦਾ ਤੁਰਦਾ ਥੱਕਿਆ ਹਾਰਿਆ ਇਹ 'ਮਨੁੱਖ' ਅੱਜ ਦੇ ਦਲਿਤ ਸ਼ਬਦ ਤੱਕ ਪੁੱਜਿਆ ਹੈ।

ਡਾ. ਰੌਣਕੀ ਰਾਮ ਦੀ ਇਸ ਪੁਸਤਕ ਵਿਚ ਇਸੇ ਦਲਿਤ ਦੀ ਪਛਾਣ ਇਸਦੀ ਮੁਕਤੀ ਅਤੇ ਬਰਾਬਰਤਾ ਲਈ ਸ਼ਕਤੀ ਪ੍ਰਾਪਤ ਕਰਨ ਦੇ ਸੰਘਰਸ਼ ਦੀ ਗਾਥਾ ਹੈ, ਇਤਿਹਾਸ ਹੈ, ਅਧਿਐਨ ਹੈ, ਜਿਸ ਵਿਚ ਉਹ ਵੱਖ ਵੱਖ ਪੱਧਰ 'ਤੇ ਵੱਖ ਵੱਖ ਪ੍ਰਚੱਲਿਤ ਵਿਚਾਰ ਪੇਸ਼ ਕਰਦੇ ਹਨ, ਉਹਨਾਂ ਦੀ ਚੀਰਫਾੜ ਕਰਦੇ ਹਨ ਤੇ ਇਕ ਮੰਨਣਯੋਗ ਵਿਗਿਆਨਕ ਸਿੱਟੇ ਤੇ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਦਲਿਤ ਦੀ ਪਛਾਣ ਕਰਨ ਲੱਗਿਆਂ ਉਹਨਾਂ ਨੇ ਡਾ. ਕੇਸਰ ਸਿੰਘ 'ਕੇਸਰ' ਦੇ ਤਿੰਨ ਮਤਾਂ ਨੂੰ ਕੇਂਦਰੀ ਧੁਰਾ ਬਣਾ ਕੇ ਚਰਚਾ ਅੱਗੇ ਤੋਰੀ ਹੈ ਜੋ ਇਸ ਤਰ੍ਹਾਂ ਹਨ, 1. ਸ਼ੋਸ਼ਿਤ ਦਲਿਤ ਹੈ (ਜਮਾਤੀ ਸੰਕਲਪ), 2. ਅਛੂਤ ਸ਼ੂਦਰ (ਨਾਰੀ ਸਮੇਤ), ਦਲਿਤ ਹੈ (ਵਰਣ ਆਧਾਰਿਤ ਸੰਕਲਪ) 3. ਅਛੂਤ ਸ਼ੂਦਰ ਦਲਿਤ ਹੈ (ਅੰਬੇਡਕਰਵਾਦੀ ਸੰਕਲਪ)- (195)। ਇਹਨਾਂ ਵਿਚੋਂ ਪਹਿਲਾ ਸੰਕਲਪ ਮਾਰਕਸਵਾਦੀਆਂ ਦਾ ਹੈ ਜਿਸ ਤੇ ਉਹ ਲੰਮੇ ਸਮੇਂ ਤੋਂ ਮੁਸ਼ਤੈਦੀ ਨਾਲ ਪਹਿਰਾ ਦਿੰਦੇ ਆ ਰਹੇ ਹਨ। ਜਦੋਂ ਉਹਨਾਂ ਦੀ ਇਹ ਅਮੀਰ ਗਰੀਬ ਦੀ ਦੋ ਜਮਾਤੀ ਲੜਾਈ ਅਸਫਲ ਹੋ ਗਈ ਤਾਂ ਉਹਨਾਂ ਨੇ ਦੱਬਵੀਂ ਘੁਟਵੀਂ ਆਵਾਜ਼ ਅਤੇ ਲੰਗੜੀ ਚਾਲ ਨਾਲ ਜਾਤੀ ਨੂੰ ਮਾਨਤਾ ਦੇਣ ਵੱਲ ਕਦਮ ਪੁੱਟਣੇ ਸ਼ੁਰੂ ਕੀਤੇ। ਹੁਣ ਉਹ ਕਈ ਤਰ੍ਹਾਂ ਦੇ ਕਿੰਤੂ ਪ੍ਰੰਤੂ ਲਾ ਕੇ ਇਸ ਹਕੀਕਤ ਨੂੰ ਅਣਮੰਨੇ ਮਨ ਨਾਲ ਕੁਝ ਹੱਦ ਤੱਕ ਮੰਨਣ ਲੱਗ ਪਏ ਹਨ। ਇਹ ਉਹਨਾਂ ਦੇ 'ਪ੍ਰਭੂਆਂ' ਦੀ ਇਕ ਸੋਚੀ ਸਮਝੀ ਲੂੰਬੜ ਚਾਲ ਸੀ, ਜਿਸਦਾ ਉਹ ਸ਼ਿਕਾਰ ਹੋ ਗਏ ਕਿਉਂਕਿ ਉਹਨਾਂ ਦੇ ਪ੍ਰਭੂ ਨਹੀਂ ਸਨ ਚਾਹੁੰਦੇ ਕਿ ਭਾਰਤ ਵਿਚ ਇਹਨਾਂ ਸਦੀਆਂ ਤੋਂ ਲਿਤਾੜਿਆਂ ਲਈ ਕੋਈ ਇਨਕਲਾਬੀ ਸੁਰ ਕਾਮਯਾਬ ਹੋਵੇ। ਇਸੇ ਲਈ ਇਹ 'ਪ੍ਰਭੂ' ਆਪਣਾ ਬ੍ਰਾਹਮਣ ਵਾਦੀ ਖਾਸਾ ਲੈ ਕੇ ਹਰ ਰਾਜਨੀਤਿਕ ਪਾਰਟੀ ਦੇ ਤਖਤ 'ਤੇ ਬਿਰਾਜਮਾਨ ਹਨ ਅਤੇ ਦਿਸ਼ਾ ਨਿਰਦੇਸ਼ ਨਿਰਧਾਰਿਤ ਕਰਦਿਆਂ ਅਜਿਹੀਆਂ ਕਿੰਨੀਆਂ ਹੀ ਲੂੰਬੜ ਚਾਲਾਂ ਚਲਦੇ ਰਹਿੰਦੇ ਹਨ, ਜਿਹਨਾਂ ਦੀ ਆਮ ਲੋਕਾਈ ਨੂੰ ਤਾਂ ਕੀ ਸਮਝ ਲੱਗਣੀ ਸੀ, ਦੂਜੀ ਤੀਜੀ ਲਾਈਨ ਦੇ ਆਗੂਆਂ ਨੂੰ ਵੀ ਪਤਾ ਨਹੀਂ ਲੱਗਣ ਦਿੰਦੇ। ਇਹੀ ਪ੍ਰਭੂ ਹਰ ਧਰਮ ਨੂੰ, ਹਰ ਕਿਸਮ ਦੀ ਲਹਿਰ ਨੂੰ, ਹਰ ਸਮਾਜਿਕ ਵਰਤਾਰੇ ਜਾਂ ਆਰਥਿਕ ਸੰਗਠਨ ਨੂੰ ਆਪਣੇ ਹਿੱਤ ਵਿਚ ਮੋੜਨ ਦੀ ਸਮਰੱਥਾ ਰੱਖਦੇ ਹਨ। ਇਹ ਇਸ ਲਈ ਸੰਭਵ ਹੋ ਜਾਂਦਾ ਹੈ ਕਿ ਇਸ ਦੇਸ਼ ਵਿਚ ਆਰੀਅਨਾਂ ਦੇ ਆਉਣ ਤੋਂ ਬਾਅਦ ਜੋ ਸਮਾਜਿਕ ਵਿਵਸਥਾ ਸਿਰਜੀ ਗਈ, ਉਸ ਵਿਚ ਮਨੁੱਖ ਨੂੰ ਮਨੁੱਖ ਨਾਲੋਂ ਪਾੜ ਕੇ ਜਾਤਾਂ ਪਾਤਾਂ ਦੇ ਟੁਕੜਿਆਂ ਵਿਚ ਵੰਡ ਦਿੱਤਾ ਗਿਆ ਸੀ। ਇਸ ਪ੍ਰਣਾਲੀ ਵਿਚ ਬ੍ਰਾਹਮਣ ਸਭ ਤੋਂ ਉਪਰ ਰੱਖ ਕੇ ਸਾਰੀਆਂ ਸ਼ਕਤੀਆਂ, ਸਾਰੇ ਅਧਿਕਾਰ, ਸਾਰੇ ਸੁਖ ਆਰਾਮ ਦੇ ਕੇ ਪ੍ਰਭੂ ਬਣਾ ਦਿੱਤਾ। ਉਸਦੀ ਰੱਖਿਆ ਲਈ ਕੁਝ ਸਹੂਲਤਾਂ ਦੇ ਕੇ ਲੜਨ ਮਰਨ ਲਈ ਕਸ਼ੱਤਰੀ ਬਣਾ ਦਿੱਤੇ। ਉਸਦੀ ਆਰਥਿਕਤਾ, ਉਪਜ ਦਾ ਕੰਟਰੋਲ ਤੇ ਹਿਸਾਬ ਕਿਤਾਬ, ਕੁਝ ਸਹੂਲਤਾਂ ਬਦਲੇ ਵੈਸ਼ ਨੂੰ ਦੇ ਦਿੱਤਾ। ਇਹਨਾਂ ਤਿੰਨਾਂ ਵਰਣਾਂ ਦੀ ਹਰ ਤਰ੍ਹਾਂ ਨਾਲ ਸੇਵਾ ਕਰਨੀ ਜਿਸਦੇ ਬਦਲੇ ਖਾਣ ਲਈ ਜੂਠ, ਪਹਿਨਣ ਲਈ ਉਤਰਣ, ਨਾ ਕੋਈ ਅਧਿਕਾਰ ਨਾ ਸੁਖ ਆਰਾਮ, ਇਹ ਸ਼ੂਦਰਾਂ ਦੇ ਹਿੱਸੇ ਆਇਆ। ਸ਼ੂਦਰਾਂ ਦੇ ਔਕੜਾਂ ਭਰਪੂਰ ਸਫ਼ਰ ਦਾ ਜ਼ਿਕਰ ਇਹਨਾਂ ਪ੍ਰਭੂਆਂ ਦੇ ਹਿੱਤ ਵਿਚ ਨਹੀਂ ਸੀ ਜਿਸ ਕਰਕੇ ਉਹ ਇਸਨੂੰ ਆਨੇ ਬਹਾਨੇ ਆਪਣੀ ਧੋਖੇਬਾਜ਼ ਨੀਤੀ ਨਾਲ ਦੂਰ ਰੱਖਦੇ ਰਹੇ। ਸਦੀਆਂ ਤੋਂ ਵਾਪਰ ਰਹੇ ਇਸ ਵਰਤਾਰੇ ਨੂੰ ਇਹਨਾਂ ਪ੍ਰਭੂਆਂ ਨੇ ਕਦੇ ਉਭਰ ਕੇ ਸਾਹਮਣੇ ਨਹੀਂ ਆਉਣ ਦਿੱਤਾ ਕਿਉਂਕਿ ਵਿੱਦਿਆ, ਰਾਜ ਸੱਤਾ, ਆਰਥਿਕ ਸਾਧਨਾਂ 'ਤੇ ਇਹਨਾਂ ਨੇ ਸਮੇਂ ਸਮੇਂ 'ਤੇ ਆਪਣੀਆਂ ਅਣਮਨੁੱਖੀ ਕੋਝੀਆਂ ਤੇ ਕਰੂਰ ਚਾਲਾਂ ਨਾਲ ਆਪਣੀ ਅਜਾਰੇਦਾਰੀ ਕਾਇਮ ਰੱਖੀ ਜੋ ਅੱਜ ਤੱਕ ਵੀ ਜਾਰੀ ਹੈ। ਜਾਤ ਪਾਤ ਦੇ ਇਸ ਦ੍ਰਿਸ਼ਟੀਕੋਣ ਸਬੰਧੀ ਵਿਚਾਰ ਚਰਚਾ ਕਰਦਿਆਂ ਕਈ ਦਲਿਤ ਮਾਰਕਸੀ ਵਿਦਵਾਨ, ਜੋ ਕਿਤੇ ਨਾ ਕਿਤੇ ਇਸ ਜਾਤਪਾਤੀ ਪ੍ਰਣਾਲੀ ਦਾ ਸ਼ਿਕਾਰ ਹੁੰਦੇ ਰਹੇ ਹਨ, ਉਹ ਅਕਸਰ ਆਖ ਦਿੰਦੇ ਹਨ ਕਿ ਅਸਲ ਵਿਚ ਮਾਰਕਸੀ ਆਗੂ ਬਹੁਤਾ ਕਰਕੇ ਬਾਹਰਲੇ ਦੇਸ਼ਾਂ ਤੋਂ ਵਿੱਦਿਆ ਪ੍ਰਾਪਤ ਕਰਕੇ ਆਏ ਹੋ। ਇਸ ਸਦਕਾ ਇਸ ਜਾਤ ਪਾਤੀ ਬਿਮਾਰੀ ਦੀਆਂ ਜੜ੍ਹਾਂ ਦੀ ਡੂੰਘਾਈ ਤੱਕ ਨਹੀਂ ਜਾ ਸਕੇ। ਪਰ ਪਤਾ ਨਹੀਂ ਇਹ ਉਹਨਾਂ ਦੀ ਸਚਾਈ ਹੈ ਜਾਂ ਫਿਰ ਮੱਕਾਰੀ ਹੈ, ਕਿਉਂਕਿ ਡਾ. ਅੰਬੇਡਕਰ ਵੀ ਤਾਂ ਸਾਰੀ ਉੱਚ ਵਿੱਦਿਆ ਬਾਹਰੋਂ ਹੀ ਲੈ ਕੇ ਆਏ ਸਨ, ਫਿਰ ਉਹਨਾਂ ਨੇ ਕਿਵੇਂ ਇਸ ਜਾਤ ਪਾਤੀ ਕੋਹੜ ਦੀ ਹਕੀਕਤ ਨੂੰ ਸਮਝ ਕੇ ਇਸਦੀਆਂ ਜੜ੍ਹਾਂ ਕੱਟਣ ਨੂੰ ਪਹਿਲ ਦੇ ਆਧਾਰ ਤੇ ਲਿਆ?

ਡਾ. ਰੌਣਕੀ ਰਾਮ ਨੇ ਆਪਣਾ ਪਿਛੋਕੜ ਮਾਰਕਸੀ ਹੋਣ ਦੇ ਨਾਤੇ ਇਸ ਸਵਾਲ ਨੂੰ ਬੜੀ ਡੂੰਘਾਈ ਤੱਕ ਵਿਸਥਾਰ ਪੂਰਵਕ ਵਿਚਾਰਿਆ ਹੈ। ਇਸ ਵਿਸ਼ੇ 'ਤੇ ਉਹਨਾਂ ਦੀ ਮਜ਼ਬੂਤ ਪਕੜ ਹੈ। ਮਾਰਕਸ ਪੱਖੀ ਵਿਦਵਾਨਾਂ ਦੇ ਵਿਚਾਰ ਵਿਸਥਾਰ ਪੂਰਵਕ ਦੇਣ ਉਪਰੰਤ ਉਹ ਉਨੇ ਹੀ ਵਿਸਥਾਰ ਵਿਚ ਅੰਬੇਡਕਰਵਾਦੀ ਆਧਾਰਿਤ ਦਲਿਤ ਦੀ ਵਿਆਖਿਆ ਵੀ ਕਰਦੇ ਹਨ। ਮਾਰਕਸਵਾਦੀ, ਅੰਬੇਡਕਰਵਾਦੀ ਸਾਹਿਤ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ, ਜਿਸ ਕਰਕੇ ਉਸ ਨੂੰ ਪੜ੍ਹਨਾ ਹੀ ਨਹੀਂ ਚਾਹੁੰਦੇ। ਨਾ ਪੜ੍ਹਨ ਦੀ ਸੂਰਤ ਵਿਚ ਕਿਵੇਂ ਵਿਸ਼ਲੇਸ਼ਣ ਹੋਵੇਗਾ ਤੇ ਕਿਵੇਂ ਖੋਜ ਹੋਵੇਗੀ? ਪਰ ਡਾ. ਰੌਣਕੀ ਰਾਮ ਨੇ ਅੰਬੇਡਕਰਵਾਦੀ ਸਾਹਿਤ ਨੂੰ ਵੀ ਪੂਰੀ ਸ਼ਿੱਦਤ ਨਾਲ ਪੜ੍ਹਿਆ ਅਤੇ ਵਿਚਾਰਿਆ ਹੈ। ਉਹਨਾਂ ਨੇ ਪੀਡੀਆਂ ਗੰਢਾਂ ਦੀਆਂ ਬਰੀਕ ਪਰਤਾਂ ਬੜੀ ਸੂਝ ਬੂਝ ਨਾਲ ਖੋਲ੍ਹ ਕੇ ਸਾਹਮਣੇ ਰੱਖੀਆਂ ਹਨ ਅਤੇ ਕਈ ਅਣਗੌਲੇ ਅਤੇ ਘੱਟ ਚਰਚਿਤ ਪਹਿਲੂ ਵੀ ਪੂਰੀ ਤਰ੍ਹਾਂ ਉਭਾਰੇ ਹਨ। ਇਸੇ ਕਰਕੇ ਉਹ ਮਾਰਕਸਵਾਦੀ ਦਲਿਤ ਦੀ ਪਰਿਭਾਸ਼ਾ ਦਾ ਬੜੇ ਢੁਕਵੇਂ ਸ਼ਬਦਾਂ ਵਿਚ ਖੰਡਨ ਕਰਦੇ ਹਨ ਅਤੇ ਅੰਬੇਡਕਰੀ ਦਲਿਤ ਦੀ ਵਿਆਖਿਆ ਦਾ ਜ਼ੋਰਦਾਰ ਤਰੀਕੇ ਨਾਲ ਮੰਡਨ ਕਰਦੇ ਲਿਖਦੇ ਹਨ, ".. ਬ੍ਰਾਹਮਣ ਸ਼ੋਸ਼ਿਤ ਹੁੰਦੇ ਹੋਏ ਵੀ ਉਸ ਤਰ੍ਹਾਂ ਸ਼ੋਸ਼ਿਤ ਨਹੀਂ ਹੈ ਜਿਸ ਤਰ੍ਹਾਂ ਜਨਮ-ਜਾਤ ਆਧਾਰਿਤ ਦਲਿਤ ਸ਼ੋਸ਼ਿਤ ਦਲਿਤ ਦਾ ਸ਼ੋਸ਼ਿਤਪਣ, ਸ਼ੋਸ਼ਿਤ ਬ੍ਰਾਹਮਣ ਦੀ ਅਖੌਤੀ ਦਲਿਤਤਾ ਤੋਂ ਬਿਲਕੁਲ ਅਲੱਗ ਦਿਖਾਈ ਦਿੰਦਾ ਹੈ। ਸ਼ੋਸ਼ਿਤ ਬ੍ਰਾਹਮਣ ਦੇ ਕੋਲ ਉਹ ਸਮਾਜਿਕ ਰੁਤਬਾ ਹੈ ਜਿਹੜਾ ਉਸਦੇ ਸ਼ੋਸ਼ਿਤ ਹੋਣ ਦੇ ਬਾਵਜੂਦ ਵੀ ਮੋਰ ਦੇ ਨੋਚੇ ਹੋਏ ਖੰਭਾਂ ਦੇ ਰੰਗ ਵਾਂਗ ਸਥਿਰ ਰਹਿੰਦਾ ਹੈ।' (196)

ਇਸ ਤਰ੍ਹਾਂ ਡਾ. ਰੌਣਕੀ ਰਾਮ ਵੱਲੋਂ ਪਰਿਭਾਸ਼ਿਤ ਅੰਬੇਡਕਰਵਾਦੀ ਦਲਿਤ ਦੇ ਘੇਰੇ ਵਿਚ ਜਾਤੀ ਵਿਧਾਨ ਵੱਲੋਂ ਧਰਮ ਰਾਹੀਂ ਕੀਤੀਆਂ ਉਹ ਸਾਰੀਆਂ ਅਣਮਨੁੱਖੀ ਘਿਣਾਉਣੀਆਂ ਕਰੂਰ ਜ਼ਿਆਦਤੀਆਂ ਸ਼ਾਮਲ ਹੋ ਜਾਂਦੀਆਂ ਹਨ, ਜਿਹਨਾਂ ਨੇ ਅੱਜ ਦਲਿਤ ਨੂੰ ਇਸ ਸਥਿਤੀ ਵਿਚ ਪਹੁੰਚਾ ਦਿੱਤਾ ਹੈ ਕਿ ਉਹ ਚੰਗਾ ਪੜ੍ਹ ਲਿਖ, ਆਰਥਿਕ ਪੱਖੋਂ ਮਜ਼ਬੂਤ ਹੋਣ ਦੇ ਬਾਵਜੂਦ ਆਜ਼ਾਦ ਅਤੇ ਲੋਕਤੰਤਰੀ ਢਾਂਚੇ ਵਿਚ ਵੀ ਉਹ ਉਸੇ ਤਰ੍ਹਾਂ ਦਾ ਸੰਤਾਪ ਭੋਗ ਰਿਹਾ ਹੈ, ਜਿਸ ਤਰ੍ਹਾਂ ਦਾ ਉਹ ਸਦੀਆਂ ਤੋਂ ਭੋਗਦਾ ਆਇਆ ਹੈ। ਇਸੇ ਲਈ ਦਲਿਤ ਦੀ ਪਰਿਭਾਸ਼ਾ ਹੁਣ ਇਸ ਪੱਧਰ 'ਤੇ ਪਹੁੰਚ ਚੁੱਕੀ ਹੈ ਕਿ ਦਲਿਤ ਹੁਣ ਰੱਬ ਅਤੇ ਧਰਮ ਦੇ ਆਡੰਬਰ ਤੋਂ ਹੀ ਮੁਨਕਰ ਹੋਈ ਖੜ੍ਹਾ ਹੈ। ਇਸ ਸਬੰਧ ਵਿਚ ਪ੍ਰੋ. ਗੰਗਾਧਰ ਘਨਾਟਵਨੇ ਦੀ ਦਲਿਤ ਪਰਿਭਾਸ਼ਾ ਵਾਚਣਯੋਗ ਹੈ, "ਦਲਿਤ, ਮੇਰੇ ਵਿਚਾਰ ਅਨੁਸਾਰ ਕੋਈ ਜਾਤ ਨਹੀਂ ਹੈ ਸਗੋਂ ਉਹ ਮਨੁੱਖ ਹੈ ਜੋ ਇਸ ਦੇਸ਼ ਦੀਆਂ ਸਮਾਜਿਕ ਅਤੇ ਆਰਥਿਕ ਰਹੁ ਰੀਤਾਂ ਰਾਹੀਂ ਲੁੱਟਿਆ ਗਿਆ ਹੈ। ਹੁਣ ਉਹ ਰੱਬ, ਪੁਨਰ ਜਨਮ, ਆਤਮਾ, ਵੱਖਵਾਦ ਦਾ ਸਬਕ ਪੜ੍ਹਾਉਂਦੇ ਧਾਰਮਿਕ ਗ੍ਰੰਥ, ਕਿਸਮਤ ਅਤੇ ਸਵਰਗ ਵਿਚ ਯਕੀਨ ਨਹੀਂ ਕਰਦਾ ਕਿਉਂਕਿ ਇਹਨਾਂ ਸਾਰਿਆਂ ਨੇ ਮਿਲ ਕੇ ਉਸਨੂੰ ਗੁਲਾਮ ਬਣਾਇਆ ਹੈ। ਉਸਦਾ ਯਕੀਨ ਸਿਰਫ ਮਨੁੱਖਤਾ ਵਿਚ ਹੈ।

ਦਲਿਤ, ਤਬਦੀਲੀ ਅਤੇ ਇਨਕਲਾਬ ਦਾ ਚਿੰਨ੍ਹ ਹੈ।'' (ਹਾਸ਼ੀਆ ਤੋਂ ਜਨਵਰੀ-ਜੂਨ 2012)। ਇਸ ਤਰ੍ਹਾਂ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਦਲਿਤ ਪਛਾਣ ਦੀ ਵਿਆਖਿਆ ਕਰਦੇ ਹੋਏ ਡਾ. ਰੌਣਕੀ ਰਾਮ ਉਸਦੀ ਮੁਕਤੀ ਦੀ ਗੱਲ ਕਰਦੇ ਹਨ। ਦਲਿਤ ਲਈ ਉਤਪੰਨ ਕੀਤੀ ਗਈ ਘਿਰਣਿਤ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਉਸ ਵੱਲੋਂ ਕੀਤੇ ਗਏ ਲੰਬੇ ਸੰਘਰਸ਼ ਦੀ ਗਾਥਾ ਦਾ ਆਪਣਾ ਇਕ ਇਤਿਹਾਸ ਹੈ। ਆਰੀਅਨ ਦੇ ਆਗਮਨ ਤੋਂ ਪਹਿਲਾਂ ਇਸ ਦੇਸ਼ ਦੇ ਮੂਲ ਨਿਵਾਸੀ ਬੜੇ ਵਿਕਸਤ ਅਤੇ ਸੰਪੰਨ ਲੋਕ ਰਹੇ ਹਨ, ਜਿਹਨਾਂ ਦਾ ਸਬੂਤ ਸਿੰਧ ਘਾਟੀ ਦੀ ਸਭਿਅਤਾ ਦੇ ਪਛਾਣ ਚਿੰਨ੍ਹ ਹਨ ਜੋ ਖੁਦਾਈ ਦਰਮਿਆਨ ਪ੍ਰਾਪਤ ਹੋਏ ਹਨ। ਆਰੀਅਨ ਅਤੇ ਮੂਲ ਨਿਵਾਸੀਆਂ ਦੀ ਲੰਮੀ ਲੜਾਈ ਦੌਰਾਨ ਅਤੇ ਆਰੀਅਨ ਦੀ ਹੋਈ ਜਿੱਤ ਕਾਰਨ ਇਸ ਸਭਿਅਤਾ ਦੀ

(ਬਾਕੀ ਅਗਲੇ ਸਫੇ ਤੇ)

# ਡਾ. ਰੌਣਕੀ ਰਾਮ ਦੀ ਪੁਸਤਕ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ' ਨੂੰ ਵਾਚਦਿਆਂ

ਤਬਾਹੀ ਹੋਈ ਤੇ ਇਕ ਨਵੀਂ ਸਭਿਅਤਾ ਦਾ ਉਭਾਰ ਹੋਇਆ, ਜਿਸਨੇ ਆਪਣੀ ਹੋਂਦ ਦੀ ਸਥਾਪਤੀ ਲਈ ਰਚਿਆ ਵਿਧਾਨ ਸਥਾਪਤ ਕੀਤਾ, ਜਿਸਨੇ ਬ੍ਰਾਹਮਣਵਾਦ ਦਾ ਰੂਪ ਲੈ ਲਿਆ। ਬ੍ਰਾਹਮਣਵਾਦ ਕਿਸੇ ਜਾਤੀ ਵਿਸ਼ੇਸ਼ ਦਾ ਨਾਂ ਨਹੀਂ ਸਗੋਂ ਉਸ ਵਾਦ ਦਾ ਨਾਂ ਹੈ ਜੋ ਉਸ ਵੇਲੇ ਪੁਜਾਰੀ ਸ਼੍ਰੇਣੀ ਬ੍ਰਾਹਮਣ ਨੇ ਸ਼ੁਰੂ ਕੀਤਾ ਸੀ ਪਰ ਹੁਣ ਉਸ ਵਿਚਾਰ ਜਾਂ ਫ਼ਲਸਫ਼ੇ ਨੂੰ ਕਿਹਾ ਜਾਂਦਾ ਹੈ ਜੋ ਮਨੁੱਖ ਨੂੰ ਮਨੁੱਖ ਨਾਲੋਂ ਜਨਮ-ਜਾਤ ਦੇ ਆਧਾਰ 'ਤੇ ਵੰਡੀਆਂ ਪਾ ਕੇ ਉਚ ਜਾਂ ਨੀਚ ਗਰਦਾਨਦਾ ਹੈ। ਲੇਖਕ ਨੇ ਵੀ ਬ੍ਰਾਹਮਣਵਾਦ ਨੂੰ ਇਕ ਛੜਯੰਤਰ ਦੱਸਿਆ ਹੈ। ਉਹ ਲਿਖਦੇ ਹਨ, "ਬ੍ਰਾਹਮਣਵਾਦ ਉਸ ਛੜਯੰਤਰ ਦਾ ਨਾਂ ਹੈ ਜਿਹੜਾ ਜਾਤ ਵਰਗੇ ਅਤਿ ਜ਼ਹਿਰੀਲੇ ਸੱਪ ਨੂੰ ਵੱਸ ਕਰਕੇ ਸ਼ੈਤਾਨ ਸਪੇਰੇ ਦੀ ਤਰ੍ਹਾਂ ਆਪਣਾ ਪੇਟ ਹੀ ਨਹੀਂ ਪਾਲਦਾ ਸਗੋਂ ਸੱਪ ਰੂਪੀ ਜਾਤ ਤੋਂ ਭੋਲੀ ਭਾਲੀ ਲੋਕਾਈ ਨੂੰ ਆਸ਼ੀਰਵਾਦ ਵੀ ਦਿਵਾਉਂਦਾ ਚਲਿਆ ਆ ਰਿਹਾ ਹੈ।'' (3) ਇਸੇ ਜਾਤ ਦੇ ਭਿਆਨਕ ਬੰਧਨ ਦੇ ਛੁਟਕਾਰੇ ਲਈ ਦਲਿਤ ਵੱਲੋਂ ਕੀਤੇ ਸੰਘਰਸ਼ ਦੇ ਨਤੀਜੇ ਵਜੋਂ ਆਏ ਜਾਤੀ ਉਭਾਰ ਨੂੰ ਫਿਰ ਤੋਂ ਇਸੇ ਦਾ ਰੂਪ ਬਣਨਾ ਹੈ ਜਾਂ ਕੁਝ ਹੋਰ ਇਹੀ ਚਰਚਾ ਇਸ ਪੁਸਤਕ ਦਾ ਮੁੱਖ ਵਿਸ਼ਾ ਅਤੇ ਮਹੱਤਵਪੂਰਨ ਸਵਾਲ ਵੀ ਬਣਦਾ ਹੈ। ਉਹ ਲਿਖਦੇ ਹਨ, "ਉਹ ਜਾਤ ਜਿਸ ਨੇ ਇਸ ਬ੍ਰਾਹਮਣਵਾਦ ਦਾ ਸਦੀਆਂ ਤੋਂ ਪ੍ਰਕੋਪ ਝੱਲਿਆ ਹੈ ਅਤੇ ਜਿੰਦ ਜਾਨ ਨਾਲ ਇਸਦੀ ਸੇਵਾ ਕੀਤੀ ਹੈ ਤੇ ਹੁਣ ਇਸੇ ਤੋ ਮੁਕਤੀ ਹਾਸਲ ਕਰਦਿਆਂ ਜੇ ਇਸੇ ਦਾ ਹੀ ਰੂਪ ਧਾਰਨਾ ਕਰਨਾ ਚਾਹੁੰਦੀ ਹੈ ਜਾਂ ਇਹ ਦਲਿਤ ਮੁਕਤੀ ਦੀ ਧਾਰਨਾ 'ਚ ਕਿਸੇ ਨਵੇਂ ਵਿਕਲਪ ਨੂੰ ਉਭਾਰਨਾ ਚਾਹੁੰਦੀ ਹੈ ਤਾਂ ਇਸ ਬਾਰੇ ਚਰਚਾ ਹੋਣਾ ਬਹੁਤ ਜ਼ਰੂਰੀ ਹੈ। ਅਜਿਹੀ ਚਰਚਾ ਹੀ ਅਸਲੋਂ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਤਿਕੋਨੇ ਸਵਾਲ ਦੀ ਚਰਚਾ ਹੋਵੇਗੀ।'' (4)

ਸਿੰਧ ਘਾਟੀ ਦੀ ਸਭਿਅਤਾ ਦੇ ਸੱਚ ਨੂੰ ਵੀ ਹੁਣ ਇਕ ਛੜਯੰਤਰ ਰਾਹੀਂ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣੇ ਜਿਹੇ ਚੰਡੀਗੜ੍ਹ ਵਿਚ ਨਵੰਬਰ 2012 ਵਿਚ ਪੁਰਾਤਵਵ ਵਿਭਾਗ ਵੱਲੋਂ ਕਰਵਾਏ ਗਏ ਇਕ ਸੈਮੀਨਾਰ ਵਿਚ ਇਸ ਵਿਚਾਰ ਨੂੰ ਹਵਾ ਦਿੱਤੀ ਗਈ ਕਿ ਸਿੰਧ ਘਾਟੀ ਦੀ ਸਭਿਅਤਾ ਦੀ ਜੋ ਵੀ ਉਨਤੀ ਹੋਈ ਉਹ ਆਰੀਅਨ ਵੱਲੋਂ ਹੀ ਕਰਵਾਈ ਗਈ ਸੀ। ਖ਼ੈਰ, ਸਰਵ ਸੰਪੰਨ ਸ਼ਾਸਕ ਲੋਕ ਆਪਣੇ ਵਿਰੋਧੀ ਸਚਾਈਆਂ ਨੂੰ ਹਰ ਹੀਲੇ ਦਬਾਉਣ ਦਾ ਯਤਨ ਕਰਦੇ ਰਹਿੰਦੇ ਹਨ। ਪਰ ਸਮੇਂ ਨਾਲ ਸਚਾਈ ਫਿਰ ਸਾਹਮਣੇ ਆ ਹੀ ਜਾਂਦੀ ਹੈ। ਅੱਜ ਦੀ ਸਚਾਈ ਤਾਂ ਇਹੀ ਹੈ ਕਿ ਸਿੰਧ ਘਾਟੀ ਦੀ ਸਭਿਅਤਾ ਦੀ ਤਬਾਹੀ ਆਰੀਅਨਾਂ ਵੱਲੋਂ ਕੀਤੀ ਗਈ ਸੀ ਅਤੇ ਇਸ ਖਿੱਤੇ 'ਤੇ ਆਪਣਾ ਦਬਦਬਾ ਅਤੇ ਕਬਜ਼ਾ ਕਾਇਮ ਰੱਖਣ ਲਈ ਸਾਮ, ਦਾਮ, ਦੰਡ, ਭੇਦ ਹਰ ਹਥਿਆਰ ਵਰਤੇ ਗਏ। ਇਸਦੇ ਸਿੱਟੇ ਵਜੋਂ ਦਲਿਤ ਅੱਗ ਦਾ ਸਮੁੰਦਰ ਪਾਰ ਕਰਦਾ, ਜਿਊਣ ਲਈ ਤਰਲੇ ਲੈਂਦਾ, ਤਰ੍ਹਾਂ ਤਰ੍ਹਾਂ ਦੀਆਂ ਬੇਇਜ਼ਤੀਆਂ ਸਹਿੰਦਿਆਂ, ਮਰੇ ਡੰਗਰਾਂ ਦਾ ਮਾਸ ਖਾ ਕੇ ਜਾਂ ਗੰਦੀ ਮੰਦੀ ਸੁੱਟੀ ਗਈ ਜੂਠ ਖਾ ਕੇ, ਉੱਚ ਜਾਤਾਂ ਦੇ ਉਤਰਣ ਪਹਿਨਦਿਆਂ, ਜ਼ਿੰਦਗੀ ਦੇ ਸਫ਼ਰ ਨੂੰ ਜਾਰੀ ਰੱਖਦਾ ਰਿਹਾ। ਇਤਿਹਾਸ-ਮਿਥਿਹਾਸ ਗਵਾਹ ਹੈ ਕਿ ਕਿਤੇ ਧਰਮ ਤੇ ਕਾਨੂੰਨ ਨੇ ਸ਼ੰਭੁਕ ਰਿਸ਼ੀ ਦਾ ਕਤਲ ਕੀਤਾ, ਕਿਤੇ ਗੁਰੂ ਦਕਸ਼ਣਾਂ ਦੇ ਰੂਪ ਵਿਚ ਇਕਲੱਵਿਆਂ ਦੇ ਅੰਗੂਠੇ ਦਾ ਕਤਲ ਕੀਤਾ। ਅੱਜ ਵੀ ਇਹੋ ਜਿਹੇ ਮਨੁੱਖਤਾ ਵਿਰੋਧੀ ਕਾਨੂੰਨਾਂ ਦੀ ਜਨਮਦਾਤੀ ਮੰਨੂੰ ਸਿਮ੍ਰਿਤੀ ਲਹੂ ਵਿਚ ਦੌੜਦੀ ਬਾਬਾ ਸਾਹਿਬ ਦੇ ਸੰਵਿਧਾਨ ਦਾ ਮੂੰਹ ਚਿੜਾ ਰਹੀ ਹੈ। ਅੱਜ ਵੀ ਉੱਚ ਜਾਤੀ ਦੇ ਕੁੱਤੇ ਨੂੰ ਦਲਿਤ ਵੱਲੋਂ ਰੋਟੀ ਖੁਆ ਦਿੱਤੇ ਜਾਣ 'ਤੇ ਕੁੱਤਾ ਭਿੱਟਿਆ ਜਾਂਦਾ ਹੈ ਤੇ ਲੋਕਰਾਜੀ ਸੰਵਿਧਾਨਕ ਪੰਚਾਇਤ ਇਸਦੇ ਬਦਲੇ ਦਲਿਤ ਨੂੰ ਭਰੀ ਜੁਰਮਾਨਾ ਕਰਦੀ ਹੈ। ਅੱਜ ਵੀ ਕਿਤੇ ਕਿਸੇ ਦਲਿਤ ਜੱਜ ਦੀ ਥਾਂ 'ਤੇ ਬਦਲ ਕੇ ਆਇਆ ਕਾਨੂੰਨ ਦਾ ਰਖਵਾਲਾ ਕੋਈ ਉੱਚ ਜਾਤੀ ਜੱਜ ਬੈਠਣ ਤੋਂ ਪਹਿਲਾਂ ਗੰਗਾ ਜਲ ਨਾਲ ਕਮਰਾ ਅਤੇ ਫਰਨੀਚਰ ਧੁਆ ਕੇ 'ਪਵਿੱਤਰ' ਕਰਵਾਉਂਦਾ ਹੈ। ਅੱਜ ਵੀ ਦਲਿਤਾਂ ਵੱਲੋਂ ਆਪਣੇ ਵਾਜਬ ਦਿਹਾੜੀ ਦਾ ਮੁੱਲ ਮੰਗਣ ਬਦਲੇ ਉਹਨਾਂ ਦੇ ਸਮਾਜਿਕ ਬਾਈਕਾਟ ਦਾ ਐਲਾਨ ਰੱਬ ਦਾ ਘਰ ਸਮਝੇ ਜਾਂਦੇ ਗੁਰਦੁਆਰੇ ਵਿਚੋਂ ਬੜੀ ਸ਼ਾਨ ਨਾਲ ਕੀਤਾ ਜਾਂਦਾ ਹੈ। ਇਹ ਘਟਨਾਵਾਂ ਭਾਵੇਂ ਘੱਟ ਹਨ ਪਰ ਮੰਨੂਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਹਨ, ਜਿਹਨਾਂ ਦਾ ਅੱਜ ਵੀ ਕਾਨੂੰਨ ਕੁਝ ਨਹੀਂ ਵਿਗਾੜ ਸਕਦਾ।

ਇਸ ਤਰ੍ਹਾਂ ਦੀਆਂ ਭਿਆਨਕ ਸਥਿਤੀਆਂ ਵਿਚੋਂ ਦਲਿਤ ਸਮੇਂ ਸਮੇਂ ਸਿਰ ਆਪਣੇ ਵਿੱਤ ਮੁਤਾਬਕ ਉਭਰਨ ਦਾ ਯਤਨ ਕਰਦਾ ਰਿਹਾ ਹੈ ਅਤੇ ਅੱਜ ਵੀ ਕਰ ਰਿਹਾ ਹੈ। ਇਹੀ ਯਤਨ ਉਸਦਾ ਸ਼ਕਤੀ ਯੁੱਧ ਕਿਹਾ ਜਾ ਸਕਦਾ ਹੈ। ਇਸ ਸੰਘਰਸ਼ ਵਿਚ ਸਭ ਤੋਂ ਪਹਿਲਾਂ ਤਥਾਗਤ ਬੁੱਧ ਨੇ ਉਸਦੀ ਬਾਂਹ ਫੜੀ ਤੇ ਉਸਨੂੰ ਉਸਦੇ ਦੁਆਲੇ ਬਣਾਏ ਜੰਜਾਲ ਤੋਂ ਮੁਕਤੀ ਦਾ ਰਾਹ ਦੱਸਿਆ। ਅਸ਼ੋਕ ਦੇ ਵੇਲੇ ਵੀ ਬੁੱਧ ਧਰਮ ਦੀ ਛਤਰ ਛਾਇਆ ਹੇਠ ਉਸਨੂੰ ਵੱਡੀ ਰਾਹਤ ਮਿਲੀ ਜੋ ਅਸ਼ੋਕ ਦੇ ਪੋਤਰੇ ਬਰਿੱਦਰਥ ਦੇ ਇਕ ਬ੍ਰਾਹਮਣ ਸੈਨਾਪਤੀ ਪੁਸ਼ਿਆਮਿੱਤਰ ਵੱਲੋਂ ਕਤਲ ਕੀਤੇ ਜਾਣ ਨਾਲ ਖਤਮ ਹੋ ਗਈ। ਇਸ ਤੋਂ ਬਾਅਦ ਦਲਿਤਾਂ 'ਤੇ ਹੋਰ ਪ੍ਰਚੰਡ ਰੂਪ ਵਿਚ ਦੁੱਖਾਂ ਦਾ ਪਹਾੜ ਟੁੱਟ ਪਿਆ। ਮੁਗਲਾਂ ਵੇਲੇ ਦਲਿਤਾਂ ਨੇ ਵੱਡੀ ਗਿਣਤੀ ਵਿਚ ਮੁਸਲਿਮ ਧਰਮ ਇਸ ਆਸ ਨਾਲ ਵੀ ਅਪਣਾਇਆ ਕਿ ਉਸ ਵਿਚ ਜਾਤ ਪਾਤੀ ਕੋਹੜ ਨਹੀਂ ਸੀ। ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਉਸਨੇ ਉਸੇ ਧਰਮ ਵੱਲ ਵਹੀਰਾਂ ਘੱਤ ਦਿੱਤੀਆਂ ਜਿਸਨੇ ਵੀ ਇਸ ਬਿਮਾਰੀ ਤੋਂ ਨਿਜਾਤ ਪਾਉਣ ਦੀ ਗੱਲ ਕੀਤੀ। ਬੁੱਧ ਧਰਮ, ਮੁਸਲਿਮ ਧਰਮ ਤੋਂ ਬਾਅਦ ਸਿੱਖ ਧਰਮ ਤੇ ਫਿਰ ਇਸਾਈ ਧਰਮ ਵਿਚ ਦਲਿਤਾਂ ਦੀ ਵੱਡੀ ਪੱਧਰ ਤੇ ਸ਼ਮੂਲੀਅਤ ਇਸਦੀ ਗਵਾਹੀ ਭਰਦੀ ਹੈ।

ਪੰਜਾਬ ਵਿਚ ਸਿੱਖ ਧਰਮ ਨੇ ਵੀ ਦਲਿਤਾਂ ਨੂੰ ਪੂਰੀ ਬਰਾਬਰਤਾ ਨਹੀਂ ਦਿੱਤੀ ਸਗੋਂ ਇਸਦੇ ਫ਼ਲਸਫ਼ੇ ਵਿਚ ਜਾਤ ਪਾਤ ਨੂੰ ਕੋਈ ਮਾਨਤਾ ਨਹੀਂ ਹੈ। ਇਸ ਤੋਂ ਉਪਰਾਮ ਹੋ ਕੇ ਦਲਿਤਾਂ ਦੇ ਇਕ ਵੱਡੇ ਜਾਤੀ ਗਰੁੱਪ ਨੇ ਆਪਣੇ ਪੁਰਾਣੇ ਖਾਸੇ ਵੱਲ ਮੁੜਨ ਦਾ ਤਹੱਈਆ ਕਰਕੇ ਇਕ ਵੱਖਰੇ ਰਵੀਦਾਸੀਆ ਧਰਮ ਨੂੰ ਜਨਮ ਦਿੱਤਾ ਹੈ। ਹੁਣ ਉਹ ਆਪਣੀ ਜਾਤ ਜਿਸ ਨੂੰ ਹੁਣ ਤੱਕ ਕਲੰਕ ਸਮਝਦਾ ਰਿਹਾ ਸੀ, ਉਸ ਨੂੰ ਬੜੇ ਮਾਣ ਨਾਲ ਉਚਾਰਨ ਲੱਗ ਪਿਆ ਹੈ। 'ਪੁੱਤ ਚਮਾਰਾਂ ਦੇ', 'ਚਮਾਰ ਪੁੱਤ', 'ਚੜ੍ਹਤ ਚਮਾਰਾਂ ਦੀ' ਆਦਿ ਸਕੂਟਰਾਂ, ਕਾਰਾਂ ਤੇ ਲਿਖਵਾਈ ਫਿਰਨਾ ਤੇ ਚਮਾਰਾਂ ਦੇ ਗਾਣਿਆਂ ਨਾਲ ਦੁਆਬੇ ਵਿਚ ਇਕ ਵੱਖਰੀ ਤਰ੍ਹਾਂ ਦੇ ਸਭਿਆਚਾਰ ਦਾ ਹੜ੍ਹ ਜਿਹਾ ਆ ਗਿਆ ਹੈ। ਇਹ ਗੁਰੂ ਰਵਿਦਾਸ ਦੀ ਬਾਣੀ ਤੋਂ ਪ੍ਰੇਰਿਤ ਕਦਮ ਹੈ, ਜਿਹਨਾਂ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਬਾਰ ਬਾਰ ਇਹਨਾਂ ਨਾਵਾਂ ਨਾਲ ਸੰਬੋਧਿਤ ਕੀਤਾ ਹੈ। ਗੁਰੂ ਰਵਿਦਾਸ ਨਾਲ ਸਬੰਧਿਤ ਡੇਰੇ ਅਤੇ ਵੱਖਰੇ ਰਵਿਦਾਸੀਆ ਧਰਮ ਦਾ ਉਦੈ ਹੋਣਾ ਦਲਿਤਾਂ ਦੇ ਇਕ ਹਿੱਸੇ ਦੀ ਵੱਖਰੀ ਪਛਾਣ ਬਣਾਉਣ ਦਾ ਵੀ ਚਿੰਨ੍ਹ ਹੈ ਅਤੇ ਬ੍ਰਾਹਮਣਵਾਦ ਵੱਲੋਂ ਕਲੰਕਿਤ ਕੀਤੀ ਆਪਣੀ ਜਾਤ ਨੂੰ ਇਕ ਆਦਰਯੋਗ ਰੁਤਬਾ ਦੇ ਕੇ ਉਸਨੂੰ ਅਪਣਾਉਣ ਨਾਲ ਆਪਣੀ ਮੁਕਤੀ ਭਾਲਣ ਦਾ ਵੀ ਸੰਦੇਸ਼ ਹੈ। ਇਹੀ ਤਜਰਬਾ ਪਹਿਲਾਂ ਆਦਿ ਧਰਮ ਲਹਿਰ ਨਾਲ ਵੀ ਕੀਤਾ ਜਾ ਚੁੱਕਿਆ ਸੀ।



**Prof (Dr.) Ronki Ram**
Ex. Fellow & Dean (Faculty of Arts),
Shaheed Bhagat Singh Chair Professor,
Panjab University, Chandigarh (India)
E-mail: <ronkiram@yahoo.co.in>
Mob: +91-97791-42308

ਆਪਣੀ ਜਾਤ ਨੂੰ ਉਭਾਰਨਾ, ਉਸਦੇ ਗੁਣ ਗਾਇਨ ਕਰਨੇ ਹੀ ਉਹ ਵਰਤਾਰਾ ਹੈ, ਜਿਸ 'ਤੇ ਲੇਖਕ ਡਾ. ਰੌਣਕੀ ਰਾਮ ਨੇ ਸਵਾਲੀਆ ਚਿੰਨ੍ਹ ਲਾ ਕੇ ਸ਼ੱਕ ਪ੍ਰਗਟ ਕੀਤਾ ਹੈ ਕਿ ਇਹ ਜਾਤ ਪਾਤ ਦੇ ਖਾਤਮੇ ਵੱਲ ਇਕ ਕਦਮ ਹੈ ਜਾਂ ਬ੍ਰਾਹਮਣਵਾਦ ਦਾ ਹੀ ਪਸਾਰਾ ਤਾਂ ਨਹੀਂ ਬਣ ਜਾਵੇਗਾ? ਇਸ ਨਾਲ ਦਲਿਤ ਆਪਣੀ ਮੁਕਤੀ ਭਾਲ ਰਿਹਾ ਹੈ? ਜਾਂ ਫਿਰ ਬ੍ਰਾਹਮਣਵਾਦ ਨੂੰ ਪਾਲ ਰਿਹਾ ਹੈ? ਇਸ ਸਬੰਧ ਵਿਚ ਲੇਖਕ, ਡਾ. ਰਜਨੀਸ਼ ਬਹਾਦੁਰ ਦੇ ਇਹਨਾਂ ਸ਼ਬਦਾਂ ਨਾਲ ਸਹਿਮਤ ਹੈ, "ਦਲਿਤ ਰਾਜਨੀਤੀ ਵਿਚ ਜਾਤੀ ਧਰੁਵੀਕਰਨ ਨਵੇਂ ਬ੍ਰਾਹਮਣਵਾਦ ਦੇ ਰੂਪ ਵਿਚ ਉਭਰ ਰਿਹਾ ਹੈ।'' (4) ਇਹ ਸ਼ੱਕ ਉਹਨਾਂ ਦਾ ਇਕ ਨਜ਼ਰੀਏ ਤੋਂ ਦਰੁੱਸਤ ਵੀ ਜਾਪਦਾ ਹੈ ਕਿਉਂਕਿ ਬ੍ਰਾਹਮਣਵਾਦ ਅਤੇ ਜਾਤ ਪਾਤ ਦਾ ਨਹੁੰ ਮਾਸ ਵਾਲਾ ਰਿਸ਼ਤਾ ਹੈ। ਜਾਤ ਪਾਤ ਬ੍ਰਾਹਮਣਵਾਦ ਦੇ ਕਿਲ੍ਹੇ ਦਾ ਇਕ ਮਜ਼ਬੂਤ ਥੰਮ੍ਹ ਹੈ। ਜਦੋਂ ਤੱਕ ਜਾਤ ਪਾਤ ਹੈ ਬ੍ਰਾਹਮਣਵਾਦ ਨੂੰ ਕੋਈ ਖ਼ਤਰਾ ਨਹੀਂ। ਦਲਿਤਾਂ ਦਾ ਆਪਣੀ ਜਾਤੀ ਨੂੰ ਉਭਰਨਾ ਤੇ ਉਸਨੂੰ ਪੱਕਿਆਂ ਕਰਨਾ ਕਿਸੇ ਵੇਲੇ ਜੇ ਚੌਕਸੀ ਨਾ ਵਰਤੀ ਗਈ ਤਾਂ ਇਹ ਬ੍ਰਾਹਮਣਵਾਦ ਨੂੰ ਪੱਕਿਆਂ ਕਰਨਾ ਬਣ ਸਕਦਾ ਹੈ। ਲੇਖਕ ਵੱਲੋਂ ਇਸਦਾ ਹੱਲ ਇਹ ਦੱਸਿਆ ਗਿਆ ਹੈ ਕਿ ਪੰਜਾਬ ਵਿਚ ਸਾਰਿਆਂ ਨੂੰ ਫਿਰਕੇ, ਜਾਤਾਂ ਤੇ ਮਜ਼ਹਬਾਂ ਤੋਂ ਉਪਰ ਉੱਠ ਕੇ ਇਕ ਪੰਜਾਬੀ ਕੌਮ ਬਣਾਉਣੀ ਚਾਹੀਦੀ ਹੈ। ਉਹ ਲਿਖਦੇ ਹਨ, "ਪੰਜਾਬੀ ਕੌਮ ਦੀ ਵੱਡੀ ਪਛਾਣ ਹੀ ਬਹੁਤ ਤਰ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਪਹਿਚਾਣਾਂ ਵਿਚ ਵੰਡੀ ਪੰਜਾਬ ਦੀ ਲੋਕਾਈ ਨੂੰ ਆਪਸੀ ਫੁੱਟ ਅਤੇ ਵਿਤਕਰੇ ਤੋਂ ਮੁਕਤ ਕਰਵਾ ਕੇ ਦਲਿਤਾਂ ਨੂੰ ਉਹਨਾਂ ਦੀ ਸਦੀਵੀ ਗ਼ੁਲਾਮੀ ਤੋਂ ਹਮੇਸ਼ਾ ਲਈ ਨਿਜਾਤ ਦਿਵਾ ਸਕਦੀ ਹੈ। ਇਹ ਪਛਾਣ ਪੰਜਾਬ ਦੇ ਬਾਸ਼ਿੰਦਿਆਂ ਨੂੰ 'ਪੁੱਤ ਜੱਟਾਂ ਦੇ' ਜਾਂ ਫਿਰ 'ਪੁੱਤ ਚਮਾਰਾਂ ਦੇ' ਅੱਡ ਅੱਡ ਪਛਾਣ ਚਿੰਨ੍ਹਾਂ ਤੋਂ ਮੁਕਤੀ ਦਿਵਾ ਕੇ ਉਹਨਾਂ ਨੂੰ ਆਪਸੀ ਪ੍ਰੇਮ ਅਤੇ ਸਮਾਜਿਕ ਬਰਾਬਰਤਾ ਦਾ ਸਬਕ ਸਿਖ਼ਾਵੇਗੀ।'' (89)

ਪੰਜਾਬੀ ਕੌਮ ਬਣਾਉਣ ਵਿਚ ਸਮੱਸਿਆ ਇਹ ਹੈ ਕਿ ਬ੍ਰਾਹਮਣਵਾਦ ਨੇ ਜਾਤ ਨੂੰ ਖ਼ੂਨ ਵਿਚ ਇਸ ਕਦਰ ਦਾਖਲ ਕਰ ਦਿੱਤਾ ਹੈ ਕਿ ਇਹ ਦਲਿਤਾਂ ਦੀ ਇਕ ਕੌਮ ਨਹੀਂ ਬਣਨ ਦਿੰਦਾ ਕਿਉਂਕਿ ਇਸ ਵਿਚ ਉਸਦੀ ਹੋਂਦ ਬਰਕਰਾਰ ਰਹਿੰਦੀ ਹੈ ਅਤੇ ਹੋਰ ਦੂਜੀਆਂ ਉੱਚ ਜਾਤੀਆਂ ਸਮੇਤ ਜਿਹਨਾਂ ਦੀ ਇਕ ਜਮਾਤ ਬਣੀ ਹੋਈ ਹੈ, ਉਸਦੀ ਸਰਦਾਰੀ ਕਾਇਮ ਰਹਿੰਦੀ ਹੈ। ਇਸਦੇ ਕਾਇਮ ਰਹਿਣ ਨਾਲ ਉਸਦੀ ਉੱਚ ਜਾਤੀ ਜਮਾਤ ਦੀ ਸਰਦਾਰੀ ਤਾਂ ਕਾਇਮ ਰਹਿੰਦੀ ਹੈ ਪਰ ਹੇਠਲੀਆਂ ਨੀਵੀਆਂ ਜਾਤਾਂ ਦੀਆਂ ਦੁਸ਼ਵਾਰੀਆਂ ਹੋਰ ਵਧਦੀਆਂ ਹਨ, ਜਿਹਨਾਂ ਦੀ ਇਕ ਜਮਾਤ ਨਹੀਂ ਹੈ ਜਦੋਂ ਤੱਕ ਹੇਠਲੀਆਂ ਨੀਵੀਆਂ ਜਾਤਾਂ ਜੋ ਬ੍ਰਾਹਮਣਵਾਦ ਦੀ ਪੈਦਾਇਸ਼ ਹਨ ਅਤੇ ਬ੍ਰਾਹਮਣਵਾਦ ਤੋਂ ਹੀ ਬੁਰੀ ਤਰ੍ਹਾਂ ਮਾਰ ਖਾ ਰਹੀਆਂ ਹਨ, ਉਹ ਇਸ ਗੱਲ ਨੂੰ ਸਮਝ ਕੇ ਆਪਣੀ ਇਕ ਜਮਾਤ ਨਹੀਂ ਬਣਾਉਂਦੀਆਂ, ਉਦੋਂ ਤੱਕ ਉਹ ਉੱਚ ਜਾਤੀ ਸਮਾਜ ਦੇ ਬਰਾਬਰ ਵੀ ਧਿਰ ਨਹੀਂ ਬਣ ਸਕਦੀਆਂ। ਉਹਨਾਂ ਦੀ ਜਮਾਤ ਬਣਨੀ ਅਤਿਅੰਤ ਜ਼ਰੂਰੀ ਹੈ। ਇਸੇ ਵਿਚ ਉਹਨਾਂ ਦੀ ਮੁਕਤੀ ਹੈ ਤੇ ਇਸੇ ਵਿਚ ਸ਼ਕਤੀਕਰਣ। ਇਸ ਵਰਤਾਰੇ ਨੂੰ ਕਾਂਸ਼ੀ ਰਾਮ ਜੀ ਦੀ 'ਪੈਨ ਥਿਊਰੀ' ਨਾਲ ਹੋਰ ਸਪਸ਼ਟ ਤੌਰ ਤੇ ਸਮਝਿਆ ਜਾ ਸਕਦਾ ਹੈ। ਕਾਂਸ਼ੀ ਰਾਮ ਜੀ ਅਕਸਰ ਸਮਾਜਿਕ ਬਣਤਰ ਅਤੇ ਦਲਿਤਾਂ ਦੀ ਮੁਕਤੀ ਲਈ ਦਿੱਤੇ ਜਾਣ ਵਾਲੇ ਸਮਾਜਿਕ ਘੋਲ ਨੂੰ ਇਕ ਖੜ੍ਹੇ ਰੁਖ ਪੈਨ ਦੀ ਸਥਿਤੀ ਵਾਂਗ ਮੰਨਦੇ ਸਨ। ਖੜ੍ਹੇ ਪੈਨ ਦੀ ਟੋਪੀ ਜੋ ਸਭ ਤੋਂ ਉਪਰ ਹੈ ਇਹ 15 ਫੀਸਦੀ ਸਵਰਣ ਉੱਚ ਜਾਤੀਆਂ ਹਨ ਜੋ ਸਮਾਜਿਕ ਬਣਤਰ ਵਿਚ ਸਭ ਤੋਂ ਉਪਰ ਹਨ ਅਤੇ ਨੀਵੀਆਂ ਜਾਤਾਂ ਨਾਲੋਂ ਸਭ ਤੋਂ ਵੱਧ ਸੰਪੰਨ ਅਤੇ ਉਨਤ ਹਨ। ਨਾ-ਮਾਤਰ ਅਪਵਾਦ ਹੋ ਸਕਦਾ ਹੈ। ਸਾਰੇ ਉਤਪਾਦਨ ਸਾਧਨਾਂ, ਆਰਥਿਕਤਾ, ਰਾਜਨੀਤੀ ਅਤੇ ਧਰਮਾਂ 'ਤੇ ਇਹਨਾਂ ਦਾ ਏਕਾਧਿਕਾਰ ਹੈ। ਪੈਨ ਦਾ ਹੇਠਲਾ ਹਿੱਸਾ ਜੋ ਆਕਾਰ ਵਿਚ ਵੱਡਾ ਹੈ, ਇਹ ਬਾਕੀ ਦੀਆਂ ਬਚੀਆਂ ਨੀਵੀਆਂ ਜਾਤੀਆਂ ਨੂੰ ਦਰਸਾਉਂਦਾ ਹੈ ਜੋ ਗਿਣਤੀ ਵਿਚ 85 ਫੀਸਦੀ ਹਨ। ਇਹ ਜਾਤੀਆਂ ਖਿੰਡੀਆਂ ਪੁੰਡੀਆਂ ਛੇ ਹਜ਼ਾਰ ਟੁਕੜਿਆਂ ਵਿਚ ਵੰਡੀਆਂ ਹੋਈਆਂ ਹਨ। ਕਾਂਸ਼ੀ ਰਾਮ ਜੀ ਦਾ ਕਹਿਣਾ ਸੀ ਜਦੋਂ ਤੱਕ ਇਹਨਾਂ 85 ਫੀਸਦੀ ਦੀ ਇਕ ਜਮਾਤ ਨਹੀਂ ਬਣ ਜਾਂਦੀ, ਉਦੋਂ ਤੱਕ ਦੇਸ਼ ਵਿਚ ਜਮਾਤੀ ਘੋਲ ਸੰਭਵ ਹੀ ਨਹੀਂ ਹੋ ਸਕਦਾ। ਜਦੋਂ ਇਹਨਾਂ ਦੀ ਵੀ ਇਕ ਜਮਾਤ ਬਣ ਗਈ ਤਾਂ ਸਮਾਜਿਕ ਸਥਿਤੀ ਲੇਟੇ ਹੋਏ ਪੈਨ ਵਰਗੀ ਬਣ ਜਾਵੇਗੀ, ਜਿਸ ਵਿਚ ਦੋਵੇਂ ਜਮਾਤਾਂ ਆਹਮੋ ਸਾਹਮਣੇ ਹੋਣਗੀਆਂ। ਅਜਿਹੀ ਸਥਿਤੀ ਵਿਚ ਜਮਾਤੀ ਘੋਲ ਸੰਭਵ ਹੈ ਅਤੇ ਇਸ ਵਿਚ ਵੱਡੀ ਜਮਾਤ ਦੀ ਜਿੱਤ ਯਕੀਨੀ ਹੈ। ਇਸ ਤੋਂ ਉਪਰੰਤ ਹੀ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਵਾਲਾ ਸਮਾਜ ਹੋਂਦ ਵਿਚ ਆਉਣ ਦੀ ਸੰਭਾਵਨਾ ਹੈ।

ਇਸ ਤਰ੍ਹਾਂ ਲੇਖਕ ਦੀ ਪੰਜਾਬੀ ਕੌਮ ਬਣਾਉਣ ਦੀ ਸੋਚ ਸਿਧਾਂਤਕ ਤੌਰ ਤੇ ਠੀਕ ਹੈ ਸਗੋਂ ਪੰਜਾਬੀ ਕੌਮ ਦੇ ਨਾਲ ਨਾਲ ਭਾਰਤੀ ਕੌਮ ਵੀ ਬਣਨੀ ਚਾਹੀਦੀ ਹੈ ਪਰ ਇਸ ਤੱਕ ਜਾਣ ਦਾ ਰਾਹ ਜਾਤ ਪਾਤ ਉਤਪੰਨ ਕਰਕੇ ਬ੍ਰਾਹਮਣਵਾਦ ਨੇ ਬਹੁਤ ਔਖਾ ਬਣਾ ਦਿੱਤਾ ਹੈ ਕਿਉਂਕਿ ਕੌਮ ਜਾਂ ਜਮਾਤ ਬਣਨ ਨਾਲ ਉਸਦੀ ਮੌਤ ਹੈ। ਪਰ ਸਹੀ ਹੱਲ ਵੀ ਇਹੀ ਹੈ। ਸੋ ਜਾਤੀ ਉਭਾਰ ਨੂੰ ਬ੍ਰਾਹਮਣਵਾਦ ਤੋਂ ਬਚਾਉਂਦੇ ਹੋਏ ਉਸਨੂੰ ਜਮਾਤੀ ਸੰਕਲਪ ਵੱਲ ਸੇਧ ਕਰਨਾ ਚਾਹੀਦਾ ਹੈ। ਡਾ. ਅੰਬੇਡਕਰ ਨੇ ਬ੍ਰਾਹਮਣਵਾਦ ਅਤੇ ਪੂੰਜੀਵਾਦ ਸਮਾਜ ਦੇ ਦੋ ਦੁਸ਼ਮਣ ਮੰਨੇ ਹਨ। ਬ੍ਰਾਹਮਣਵਾਦ ਨੂੰ ਉਹ ਵਧੇਰੇ ਖ਼ਤਰਨਾਕ ਮੰਨਦੇ ਹਨ। ਜੋ ਲੇਖਕ ਰੌਣਕੀ ਰਾਮ ਦਾ ਇਹ ਮੰਨਣਾ ਭਾਵੇਂ ਸਹੀ ਕਿਹਾ ਜਾ ਸਕਦਾ ਹੈ ਕਿ "... ਜਿੱਥੇ ਪੰਜਾਬੀ ਕੌਮ ਦਲਿਤ ਮੁਕਤੀ ਅਤੇ ਖੇਤਰੀ ਸ਼ਾਂਤੀ ਦਾ ਰਾਹ ਦਰਸਾਉਂਦੀ ਹੈ, ਉਥੇ ਇਹ ਸਰਮਾਏਦਾਰਾਂ, ਜ਼ਿਮੀਦਾਰਾਂ ਅਤੇ ਰਾਜਨੀਤੀ ਦੇ ਜੱਦੀ ਖਿਡਾਰੀਆਂ ਦੇ ਮਨ ਵਿਚ ਕਈ ਸੰਸੇ ਅਤੇ ਡਰ ਵੀ ਪਾਉਂਦੀ ਹੈ। ਇਹਨਾਂ ਸਾਰਿਆਂ ਨੂੰ ਇਸ ਡੂੰਘੀ ਘੁੰਡੀ ਦਾ ਇਲਮ ਹੈ ਕਿ ਜੇ ਪੰਜਾਬੀਆਂ ਨੂੰ ਜੱਟ, ਆਦਿ ਧਰਮੀ, ਸਿੱਖ, ਹਿੰਦੂ, ਸ਼ਹਿਰੀ, ਪੇਂਡੂ ਆਦਿ ਧੜਿਆਂ ਵਿਚ ਪਾੜ ਕੇ ਤੇ ਵੰਡ ਕੇ ਨਾ ਰੱਖਿਆ ਗਿਆ ਤਾਂ ਉਹਨਾਂ ਦੀ ਕਾਣੀ ਵੰਡ ਦਾ ਸਫਾਇਆ ਹੁੰਦਿਆਂ ਬਹੁਤਾ ਚਿਰ ਨਹੀਂ ਲੱਗੇਗਾ।'' (88) ਪਰ ਇਸ ਬ੍ਰਾਹਮਣ ਵਾਦੀ ਢਾਂਚੇ ਵਿਚ ਇਹ ਸੰਭਵ ਨਹੀਂ ਹੈ ਕਿਉਂਕਿ ਵਿਡੰਬਨਾ ਇਹ ਹੈ ਕਿ ਪੰਜਾਬ ਵਿਚ ਜੱਟ ਹੀ ਬ੍ਰਾਹਮਣਵਾਦ ਦਾ ਸਭ ਤੋਂ ਵੱਡਾ ਝੰਡਾ ਬਰਦਾਰ ਬਣਿਆ ਬੈਠਾ ਹੈ, ਭਾਵੇਂ ਉਹ ਬੇਸਮਝੀ ਵਿਚ ਆਪ ਵੀ ਉਸਦੇ ਹੱਥੋਂ ਮਾਰ ਖਾ ਰਿਹਾ ਹੈ। ਸਥਿਤੀ ਇਹ ਹੈ ਕਿ ਜੱਟਾਂ ਦੀ ਕੁੱਲ ਗਿਣਤੀ ਵਿਚੋਂ 15 ਪ੍ਰਤੀਸ਼ਤ ਹੀ ਤਾਂ ਸਰਮਾਏਦਾਰ, ਜ਼ਿਮੀਦਾਰ ਅਤੇ ਰਾਜਨੀਤੀ ਦੇ ਜੱਦੀ ਖਿਡਾਰੀਆਂ ਦਾ ਰੋਲ ਨਿਭਾਅ ਰਹੇ ਹਨ, ਬਾਕੀ ਦੇ 85 ਫੀਸਦੀ ਅਣਥੱਕ, ਸਖ਼ਤ ਮਿਹਨਤ ਕਰਦਿਆਂ ਵੀ ਗਰੀਬੀ ਦੇ ਝੰਬੇ ਹੋਏ ਸਾਲਾਂ ਤੋਂ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਖੇਤੀ ਵਿਗਿਆਨੀਆਂ ਅਨੁਸਾਰ ਦੋ-ਤਿੰਨ ਦਹਾਕਿਆਂ ਵਿਚ ਉਸਦੀ ਬਹੁਤੀ ਜ਼ਮੀਨ ਬੰਜਰ ਅਤੇ ਰੇਗਿਸਤਾਨ ਵਿਚ ਬਦਲਣ ਵਾਲੀ ਹੈ। ਬਾਕੀ ਬਚਦੀ ਗੈਰ ਕਾਸ਼ਤੀ ਕੰਮਾਂ ਹੇਠ ਆ ਰਹੀ ਹੈ ਜਾਂ ਛੋਟੇ ਕਿਸਾਨਾਂ ਤੋਂ ਵੱਡੇ ਜ਼ਿਮੀਦਾਰ ਕੋਲ ਇਕੱਠੀ ਹੋ ਰਹੀ ਹੈ। ਦਿਨ ਬ ਦਿਨ ਵਿਹਲਾ ਹੋ ਰਿਹਾ ਕਿਸਾਨ ਤੰਗੀ ਦੇ ਦੌਰ ਵਿਚੋਂ ਲੰਘਦਿਆਂ ਹੁਣ ਰਾਖਵਾਂਕਰਨ ਦੀ ਮੰਗ ਕਰਨ ਲੱਗ ਪਿਆ ਹੈ।

ਰਾਜਸਥਾਨ ਸਰਕਾਰ ਨੇ ਤਾਂ ਜੱਟ ਸਿੱਖ ਨੂੰ ਹੁਣੇ ਜਿਹੇ ਪਿਛੜੀਆਂ ਜਾਤਾਂ ਵਿਚ ਰੱਖ ਕੇ ਰਾਖਵਾਂਕਰਨ ਦੇ ਵੀ ਦਿੱਤਾ ਹੈ (ਅਖ਼ਬਾਰਾਂ 21. 11.12)। ਹੋਰ ਕਈ ਰਾਜ ਵੀ ਰਾਖਵਾਂਕਰਨ ਦੇਣ ਲਈ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ। ਇਸੇ ਤਰ੍ਹਾਂ ਆਪੋ ਵਿਚ ਪਾਟ ਕੇ ਪੰਜਾਬ ਦੇ ਦੋ ਮੁੱਖ ਜਾਤੀ ਗਰੁੱਪ (ਮਜ਼ਹਬੀ+ ਬਾਲਮੀਕੀ ਅਤੇ ਚਮਾਰ ਆਦਿ ਧਰਮੀ) ਵੀ ਬ੍ਰਾਹਮਣਵਾਦ ਦਾ ਸ਼ਿਕਾਰ ਹੋ ਕੇ ਇਕ ਦੂਜੇ ਦੇ ਵਿਰੋਧੀ ਬਣੇ ਪਏ ਹਨ ਜਿਸ ਕਰਕੇ ਭਾਰਤ ਦੀ ਸਭ ਤੋਂ ਵੱਧ ਦਲਿਤ ਆਬਾਦੀ ਵਾਲੇ ਸੂਬੇ ਦੇ ਹੁੰਦਿਆਂ ਵੀ ਇਸ ਵਿਚ ਆਪਣੀ ਸਰਕਾਰ ਨਹੀਂ ਬਣਾ ਸਕਦੇ। ਇਸ ਸਥਿਤੀ ਤੋਂ ਹੁਣ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਜਾਤੀ ਨੂੰ ਸਮਾਪਤ ਕਰਕੇ ਜਾਤੀਹੀਣ ਸਮਾਜ ਦੀ ਸਿਰਜਣਾ ਲਈ ਜਾਤੀ ਨੂੰ ਇਕ ਸੀਮਾ ਤੱਕ ਵਰਤਣਾ ਹੀ ਪਵੇਗਾ। ਡਾ. ਰੌਣਕੀ ਰਾਮ ਨੇ ਇਸ ਸਬੰਧ ਵਿਚ ਕਾਂਸ਼ੀ ਰਾਮ ਜੀ ਦਾ ਕਥਨ ਦੁਹਰਾਇਆ ਹੈ। ਉਹ ਕਹਿੰਦੇ ਹਨ "ਮੇਰਾ ਇਹ ਮੰਨਣਾ ਹੈ ਕਿ ਜਦ ਤੱਕ ਅਸੀਂ ਇਕ 'ਜਾਤੀਹੀਣ' ਸਮਾਜ ਦੀ ਸਥਾਪਨਾ ਕਰਨ ਵਿਚ ਸਫਲ ਨਹੀਂ ਹੋ ਜਾਂਦੇ ਤਦ ਤੱਕ ਜਾਤੀ ਦਾ ਉਪਯੋਗ ਕਰਨਾ ਹੋਵੇਗਾ। ਜੇਕਰ ਬ੍ਰਾਹਮਣ ਜਾਤੀ ਦੀ ਵਰਤੋਂ ਆਪਣੇ ਫਾਇਦੇ ਲਈ ਕਰ ਸਕਦੇ ਹਨ ਤਾਂ ਮੈਂ ਉਸਦਾ ਇਸਤੇਮਾਲ ਆਪਣੇ ਸਮਾਜ ਦੇ ਹਿੱਤ ਵਿਚ ਕਿਉਂ ਨਹੀਂ ਕਰ ਸਕਦਾ?'' (27) ਇਸੇ ਤਰ੍ਹਾਂ ਬ੍ਰਾਹਮਣਵਾਦ ਦੇ ਸਤਾਇਆਂ ਦੀ ਇਕ ਜਮਾਤ ਕੌਮ ਬਣਾ ਕੇ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਡਾ. ਰੌਣਕੀ ਰਾਮ ਨੇ ਅੱਗੇ ਚੱਲ ਕੇ ਡਾ. ਅੰਬੇਡਕਰ ਦੇ ਸਮੁੱਚੇ ਅੰਦੋਲਨ ਨੂੰ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦਾ ਘੋਲ ਦਾ ਨਾਂ ਦਿੱਤਾ ਹੈ ਜੋ ਬਿਲਕੁਲ ਸਹੀ ਹੈ। ਉਹਨਾਂ ਦੇ ਚੌਦਾਰ ਤਲਾਬ ਅੰਦੋਲਨ ਨੂੰ ਦਲਿਤ ਮੁਕਤੀ ਅੰਦੋਲਨ ਦਾ ਪਹਿਲਾ ਕਦਮ ਦੱਸਿਆ ਹੈ (141)। ਉਹ ਦੱਸਦੇ ਹਨ ਕਿ ਡਾ. ਅੰਬੇਡਕਰ ਦੀ ਲੇਬਰ ਪਾਰਟੀ ਦੇ ਚੋਣ ਮਨੋਰਥ ਪੱਤਰ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਦਲਿਤ ਮੁਕਤੀ ਅੰਦੋਲਨ ਦਾ ਮੁੱਖ ਟੀਚਾ ਭਾਰਤੀ ਸਮਾਜ ਵਿਚਲੀ ਸਮਾਜਿਕ ਅਸਮਾਨਤਾ ਅਤੇ ਗੁਰਬਤ ਨੂੰ ਖਤਮ ਕਰਕੇ ਇਕ ਵਧੀਆ ਅਤੇ ਸਭ ਨੂੰ ਇੱਜ਼ਤ ਪ੍ਰਦਾਨ ਕਰਨ ਵਾਲੇ ਸਮਾਜ ਦਾ ਨਿਰਮਾਣ ਕਰਨਾ ਸੀ (160)। ਲੇਖਕ ਨੇ ਡਾ. ਅੰਬੇਡਕਰ ਦੇ ਜੀਵਨ ਅਤੇ ਫਲਸਫੇ ਦਾ ਬੜੀ ਡੂੰਘਾਈ ਨਾਲ ਅਧਿਐਨ ਕੀਤਾ ਹੈ ਤੇ ਸਹੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਉਹਨਾਂ ਨੇ ਮਹਾੜ ਅੰਦੋਲਨ ਤੋਂ ਜੋ ਸਿੱਟੇ ਕੱਢੇ ਹਨ, ਉਹਨਾਂ ਦੀ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਨੂੰ ਸਮਝਣ ਵਿਚ ਅਹਿਮ ਭੂਮਿਕਾ ਹੈ। ਉਹ ਹਨ ਸਮਾਜਿਕ ਬਰਾਬਰਤਾ ਲਈ ਸਮਾਜ ਦਾ ਸੰਗਠਨ, ਧਾਰਮਿਕ ਕੱਟੜਤਾ ਤੋਂ ਛੁਟਕਾਰਾ ਅਤੇ ਟੀਚਿਆਂ ਦੀ ਪੂਰਤੀ ਲਈ ਸੰਵਿਧਾਨਕ ਤੌਰ ਤਰੀਕੇ ਅਪਣਾਉਣੇ (151)। ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੀਆਂ ਬਹੁਪੱਖੀ ਡਾਇਮੈਨਸ਼ਨਜ਼ ਦਾ ਜਾਇਜ਼ਾ ਲੈਂਦੇ ਹੋਏ ਡਾ. ਰੌਣਕੀ ਰਾਮ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਇਹ ਅੰਦੋਲਨ ਸਿਰਫ ਦਲਿਤ ਸਮਾਜ ਦੀ ਉਨਤੀ ਤੱਕ ਹੀ ਸੀਮਤ ਨਾ ਹੋ ਕੇ ਪੂਰੇ ਭਾਰਤੀ ਰਾਸ਼ਟਰ ਦੀ ਉਨਤੀ ਦੀ ਸਾਰ ਛੁਪਾਈ ਬੈਠਾ ਹੈ। ਉਹ ਲਿਖਦੇ ਹਨ ਕਿ ਇਹ ਦਲਿਤ ਮੁਕਤੀ ਅੰਦੋਲਨ ਦੇਸ਼ ਭਗਤੀ ਅੰਦੋਲਨ ਤੋਂ ਕਿਸੇ ਤਰ੍ਹਾਂ ਵੀ ਅਲੱਗ ਨਹੀਂ (147)। ਉਹ ਅੱਗੇ ਹੋਰ ਖੋਲ੍ਹ ਕੇ ਦੱਸਦੇ ਹਨ ਕਿ ਹੁਣ ਤੱਕ ਦੀਆਂ ਹੋਈਆਂ ਚੋਣਾਂ ਦਾ ਵਿਸ਼ਲੇਸ਼ਣ ਸਾਬਤ ਕਰਦਾ ਹੈ ਕਿ ਦਲਿਤਾਂ ਨੇ ਸਭ ਤੋਂ ਵੱਧ ਸ਼ਿੱਦਤ ਨਾਲ ਹਿੱਸਾ ਲੈ ਕੇ ਭਾਰਤ ਦੀ ਲੋਕਤੰਤਰਿਕ ਪ੍ਰਣਾਲੀ ਵਿਚ ਵਿਸ਼ਵਾਸ ਜਤਾਇਆ ਹੈ, ਜਿਸਦੀ ਗੁੜ੍ਹਤੀ ਉਹਨਾਂ ਨੂੰ ਡਾ. ਅੰਬੇਡਕਰ ਨੇ ਦਿੱਤੀ ਸੀ (147)। ਇੰਝ ਡਾ. ਰੌਣਕੀ ਰਾਮ ਨੇ ਉਸ ਮਿੱਥ ਨੂੰ ਤੋੜਿਆ ਹੈ ਜੋ ਅੰਬੇਡਕਰ ਵਿਰੋਧੀ ਅੰਬੇਡਕਰ 'ਤੇ ਦੋਸ਼ ਲਾਉਂਦੇ ਹਨ ਕਿ ਉਹਨਾਂ ਦਾ ਅੰਦੋਲਨ ਸਿਰਫ ਦਲਿਤਾਂ ਲਈ ਸੀ ਦੇਸ਼ ਲਈ ਨਹੀਂ। ਪਰ ਡਾ. ਰੌਣਕੀ ਰਾਮ ਨੇ ਅੰਬੇਡਕਰ ਅੰਦੋਲਨ ਨੂੰ ਸਹੀ ਪਰਿਪੇਖ ਵਿਚ ਲੈ ਕੇ ਉਸ ਨੂੰ ਦੇਸ਼ ਭਗਤੀ ਅੰਦੋਲਨ ਗਰਦਾਨ ਕੇ ਇਸਦੇ ਕਲਾਵੇ ਵਿਚ ਪੂਰੇ ਦੇਸ਼ ਨੂੰ ਲਿਆ ਹੈ। ਇਹ ਉਹਨਾਂ ਦੀ ਵੱਡੀ ਪ੍ਰਾਪਤੀ ਹੈ। ਉਂਝ ਤਾਂ ਸਿੱਖ ਲਹਿਰ ਵੀ ਦਲਿਤਾਂ ਦੇ ਉਥਾਨ ਲਈ ਹੀ ਸੀ। ਬੁੱਧ ਧਰਮ ਤੋਂ ਬਾਅਦ ਪਹਿਲੀ ਵਾਰੀ ਇਸ ਲਹਿਰ ਨੇ ਬੜੇ ਯੋਜਨਾਪੂਰਨ ਢੰਗ ਨਾਲ ਦਲਿਤਾਂ ਵਿਚ ਇਕ ਨਵੀਂ ਤਾਨ, ਨਵੀਂ ਸੋਚ ਭਰਨ ਦਾ ਕੰਮ ਕੀਤਾ। ਜੋ ਦਲਿਤਾਂ ਲਈ ਮੁਕਤੀ ਅਤੇ ਸ਼ਕਤੀਕਰਨ ਲਈ ਦਿਸ਼ਾ-ਨਿਰਦੇਸ਼ ਹੋ ਨਿੱਬੜਦੀ ਹੈ। 'ਬਲ ਹੋਆ ਬੰਧਨ ਛੁੱਟ, ਸਭ ਕਿਛੁ ਹੋਤ ਉਪਾਇ। ਅਨੁਸਾਰ ਤਾਕਤ ਨਾਲ ਮੁਕਤੀ ਮਿਲਦੀ ਹੈ ਤੇ ਸਭ ਸਮੱਸਿਆਵਾਂ ਦੇ ਹੱਲ ਮਿਲ ਜਾਂਦੇ ਹਨ। ਦਲਿਤ ਸਮਾਜ ਦੇ ਮਹਾਂਪੁਰਸ਼ਾਂ ਨੂੰ ਗ੍ਰੰਥ ਸਾਹਿਬ ਵਿਚ ਸਨ-ਮਾਨਯੋਗ ਥਾਂ ਦਿੱਤੀ ਗਈ। ਦਲਿਤਾਂ ਨੇ ਵੀ ਇਸ ਲਹਿਰ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ। ਲਹਿਰ ਦੇ ਮੋਢੀ ਗੁਰੂ ਨਾਨਕ ਨੇ 'ਨੀਚਾਂ ਅੰਦਰ ਨੀਚੁ ਜਾਤ ਨੀਚੀ ਹੂੰ ਅਤਿ ਨੀਚ, ਨਾਨਕ ਤਿਨ ਕੇ ਸੰਗ ਸਾਥ ਵਡਿਆਂ ਸਿਉਂ ਕਿਆ ਰੀਸ।'' ਆਖ ਕੇ ਇਹਨਾਂ ਦੇ ਨਾਲ ਖਲੋਏ। ਗੁਰੂ ਗੋਬਿੰਦ ਸਿੰਘ ਨੇ ਗਿੱਦੜਾਂ ਤੋਂ ਸ਼ੇਰ ਬਣਾਉਣ ਅਤੇ ਚਿੜੀਆਂ ਤੋਂ ਬਾਜ਼ ਤੁੜਾਉਣ ਦੀ ਗੱਲ ਕਹੀ ਤਾਂ ਇਹ ਦਲਿਤਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਗੱਲ ਹੀ ਸੀ। ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਜਿੱਤੇ ਹੋਏ ਇਲਾਕਿਆਂ ਦੇ ਮੁਖੀ ਬਹੁਤ ਕਰਕੇ ਦਲਿਤ ਬਣੇ। ਪਰ ਅਜੋਕੇ ਸਮੇਂ ਵਿਚ ਸਿੱਖ ਧਰਮ ਅਸਲੀ ਰੂਪ ਵਿਚ ਆਪਣੇ ਸਿਧਾਂਤਕ ਖਾਸੇ ਨੂੰ ਭੁਲਾ ਕੇ ਬ੍ਰਾਹਮਣ ਵਾਦੀ ਬਣ ਚੁੱਕਾ ਹੈ, ਜਿਸ ਕਰਕੇ ਦਲਿਤ ਹੁਣ ਇਸਤੋਂ ਆਕੀ ਹੋਇਆ ਬੈਠਾ ਹੈ।

ਪੰਜਾਬ ਵਿਚ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਆਦਿ ਧਰਮ ਅੰਦੋਲਨ ਨੇ ਵੀ ਦਲਿਤ ਚੇਤਨਾ ਜਗ੍ਹਾ ਕੇ ਮੁਕਤੀ ਅਤੇ ਸ਼ਕਤੀਕਰਨ ਦੀ ਪ੍ਰਾਪਤੀ ਲਈ ਸਮਾਜ ਅਤੇ ਰਾਜਨੀਤਿਕ ਪਿੜ ਵਿਚ ਭਰਪੂਰ ਹਾਜ਼ਰੀ ਲੁਆਈ। ਇਸੇ ਤਰ੍ਹਾਂ ਰਿਪਬਲਿਕਨ ਪਾਰਟੀ ਨੇ ਵੀ ਰਾਜਨੀਤਿਕ ਪਿੜ ਮੱਲ੍ਹੀਂ ਰੱਖਿਆ ਤੇ ਇਕ ਮੌਕੇ ਤੇ ਸਰਕਾਰ ਵਿਚ ਵੀ ਭਾਈਵਾਲ ਬਣੀ। ਇਸੇ ਤਰ੍ਹਾਂ ਆਦਿ ਧਰਮ ਅਤੇ ਸ਼ਡਿਊਲਡ ਕਾਸਟ ਫੈਡਰੇਸ਼ਨ ਨੇ ਵੀ ਅਸੈਂਬਲੀ ਦੀਆਂ ਸੀਟਾਂ ਜਿੱਤੀਆਂ। ਡਾ.

**(ਬਾਕੀ ਅਗਲੇ ਸਫੇ ਤੇ)**

# ਡਾ. ਰੌਣਕੀ ਰਾਮ ਦੀ ਪੁਸਤਕ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ' ਨੂੰ ਵਾਚਦਿਆਂ

ਰੌਣਕੀ ਰਾਮ ਨੇ ਇਹਨਾਂ ਦਾ ਜ਼ਿਕਰ ਬੜਾ ਵਿਸਥਾਰ ਪੂਰਵਕ ਕੀਤਾ ਹੈ ਕਿਉਂਕਿ ਇਹਨਾਂ ਦਾ ਦਲਿਤ ਜਾਗਰਣ ਵਿਚ ਬਹੁਤ ਯੋਗਦਾਨ ਹੈ।

ਸੱਤਰਵਿਆਂ ਵਿਚ ਰਿਪਬਲਿਕਨ ਪਾਰਟੀ ਦੇ ਠੰਢਾ ਪੈ ਜਾਣ ਤੋਂ ਲੱਗਭੱਗ ਇਕ ਦਹਾਕੇ ਬਾਅਦ ਪੰਜਾਬ ਦੇ ਸਮਾਜਿਕ ਪਿੜ ਵਿਚ ਕਾਂਸ਼ੀ ਰਾਮ ਜੀ 'ਬਾਮਸੇਫ' ਨਾਲ ਦਲਿਤਾਂ ਲਈ ਇਕ ਨਵਾਂ ਸੁਨੇਹਾ ਲੈ ਕੇ ਹਾਜ਼ਰ ਹੋਏ। ਬਾਮਸੇਫ ਪੜ੍ਹੇ ਲਿਖੇ ਦਲਿਤ ਕਰਮਚਾਰੀਆਂ ਦਾ ਗੈਰ-ਰਾਜਨੀਤਿਕ ਅਤੇ ਗੈਰ-ਧਾਰਮਿਕ ਸੰਗਠਨ ਸੀ ਜੋ ਡਾ. ਅੰਬੇਡਕਰ ਦੀ ਵਿਚਾਰਧਾਰਾ ਲੈ ਕੇ ਸਮਾਜ ਵਿਚ ਜਾਗਰਤੀ ਲਿਆਉਣਾ ਚਾਹੁੰਦੇ ਸਨ।

ਬਾਮਸੇਫ ਬਣਾ ਕੇ ਕਾਂਸ਼ੀ ਰਾਮ ਜੀ ਨੇ ਡਾ. ਅੰਬੇਡਕਰ ਦਾ ਉਹ ਸ਼ਿਕਵਾ ਦੂਰ ਕਰਨ ਦਾ ਯਤਨ ਕੀਤਾ ਜਿਸ ਵਿਚ ਉਹਨਾਂ ਨੇ ਕਿਹਾ ਸੀ ਕਿ ਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ। ਉਹਨਾਂ ਦਾ ਇਸ਼ਾਰਾ ਇਹ ਸੀ ਕਿ ਦਲਿਤ ਸਮਾਜ ਦੇ ਲੋਕ ਪੜ੍ਹ ਲਿਖ ਕੇ ਆਪਣੇ ਕੰਮਾਂ-ਕਾਰਾਂ ਦੇ ਨਾਲ ਸਮਾਜਿਕ ਉਥਾਨ ਲਈ ਵੀ ਕੰਮ ਕਰਨਗੇ। ਪਰ ਜਦੋਂ ਉਹ ਆਪਣੀ ਪੇਟ ਪੂਜਾ ਵਿਚ ਹੀ ਲੀਨ ਹੋ ਕੇ ਸਮਾਜ ਨੂੰ ਵਿਸਾਰ ਬੈਠੇ ਤਾਂ ਉਹਨਾਂ ਨੇ ਨਿਰਾਸ਼ਤਾ ਵਿਚ ਇਹ ਲਫਜ਼ ਆਖੇ ਸਨ। ਕਾਂਸ਼ੀ ਰਾਮ ਜੀ ਨੇ ਇਹਨਾਂ ਹੀ ਨਿਰਾਸ਼ ਕਰਨ ਵਾਲੇ ਲੋਕਾਂ ਨੂੰ ਅੱਗੇ ਲਾ ਕੇ ਇਹਨਾਂ ਦੇ ਦਿਮਾਗ, ਪੈਸੇ ਅਤੇ ਸਮੇਂ ਦੀ ਵਰਤੋਂ ਕਰਕੇ ਜਾਗ੍ਰਿਤੀ ਦੀ ਅਜਿਹੀ ਲਹਿਰ ਚਲਾਈ ਕਿ ਵਿਰੋਧੀਆਂ ਦੀਆਂ ਅੱਖਾਂ ਚੁੰਧਿਆ ਗਈਆਂ। ਇਕ ਸਮੇਂ ਤੇ ਪੰਜਾਬ ਦੇ 70-75 ਫੀਸਦੀ ਦਲਿਤ ਇਸ ਲਹਿਰ ਤੋਂ ਪ੍ਰਭਾਵਿਤ ਹੋਏ ਸਨ। ਦੇਸ਼ ਪੱਧਰ 'ਤੇ ਬਾਮਸੇਫ ਦੇ ਦੋ ਲੱਖ ਮੈਂਬਰ ਬਣ ਗਏ ਸਨ, ਜਿਹਨਾਂ ਵਿਚ ਇੰਜੀਨੀਅਰ, ਡਾਕਟਰ, ਪੀ. ਐਚ. ਡੀ., ਉੱਚ ਅਫਸਰਾਂ ਸਮੇਤ ਹੋਰ ਕਾਰਵਾਈ ਸ਼ਾਮਲ ਸਨ। ਇਹ ਸੰਗਠਨ ਸਮਾਜ ਦਾ ਮਨੀ ਬੈਂਕ, ਬਰੇਨ ਬੈਂਕ ਅਤੇ ਟੇਲੈਂਟ ਬੈਂਕ ਹੋ ਨਿੱਬੜਿਆ ਸੀ। ਕਾਂਸ਼ੀ ਰਾਮ ਜੀ ਇਸਨੂੰ ਅਲਾਦੀਨ ਦਾ ਚਿਰਾਗ ਵੀ ਕਹਿੰਦੇ ਸਨ। ਜੋ ਸਹੀ ਜਾਪਦਾ ਹੈ ਕਿਉਂਕਿ ਇਸੇ ਸੰਗਠਨ ਨੇ ਆਪਣੇ ਜਨਮ ਤੋਂ ਠੀਕ ਤਿੰਨ ਸਾਲਾਂ ਬਾਅਦ ਦਲਿਤਾਂ ਅਤੇ ਸ਼ੋਸ਼ਿਤਾਂ ਦਾ ਸੰਘਰਸ਼ਾਤਮਕ ਸੰਗਠਨ ਡੀ. ਐਸ. ਫੋਰ ਅਤੇ ਇਸ ਤੋਂ ਠੀਕ ਦੋ ਸਾਲ ਚਾਰ ਮਹੀਨਿਆਂ ਦੇ ਘੱਟ ਸਮੇਂ ਵਿਚ ਬਹੁਜਨਾਂ (85 ਫੀਸਦੀ) ਦੀ ਰਾਜਨੀਤਿਕ ਪਾਰਟੀ 'ਬਹੁਜਨ ਸਮਾਜ ਪਾਰਟੀ' ਭਾਰਤ ਦੇ ਨਕਸ਼ੇ 'ਤੇ ਲਿਆ ਖੜ੍ਹੀ ਕੀਤੀ। ਜਲਦੀ ਹੀ ਬੀ. ਐਸ. ਪੀ. ਦੇਸ਼ ਪੱਧਰ ਦੀ ਤੀਜੇ ਨੰਬਰ ਤੇ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਬਣ ਗਈ। ਇਹਨਾਂ ਤਿੰਨਾਂ ਸੰਗਠਨਾਂ ਵੱਲੋਂ ਆਪਣੇ ਆਪਣੇ ਖੇਤਰ ਵਿਚ ਦਲਿਤਾਂ ਦੀ ਪਛਾਣ, ਮੁਕਤੀ ਅਤੇ ਸ਼ਕਤੀਕਰਨ ਲਈ ਜਾਗਰਤੀ ਦਾ ਕੰਮ ਇੰਨੇ ਯੋਜਨਾਬੱਧ ਤਰੀਕੇ ਨਾਲ ਕੀਤਾ ਕਿ ਡਾ. ਅੰਬੇਡਕਰ ਤੋਂ ਬਾਅਦ ਇੰਨਾ ਕੰਮ ਕਦੇ ਨਹੀਂ ਹੋਇਆ। ਯੂ. ਪੀ. ਵਰਗੇ ਵਿਸ਼ਾਲ ਸੂਬੇ ਵਿਚ ਇਕ ਦਲਿਤ ਔਰਤ ਵੱਲੋਂ ਚਾਰ ਵਾਰੀ ਮੁੱਖ ਮੰਤਰੀ ਬਣਨਾ ਇਸਦਾ ਸਿਖਰ ਕਿਹਾ ਜਾ ਸਕਦਾ ਹੈ।

ਇਸ ਸਾਰੇ ਵਰਤਾਰੇ ਦਾ ਜ਼ਿਕਰ ਡਾ. ਰੌਣਕੀ ਰਾਮ ਨੇ ਭਾਵੇਂ ਕਾਫੀ ਵਿਸਥਾਰ ਵਿਚ ਕੀਤਾ ਹੈ ਪਰ ਇਹ ਹਿੱਸਾ ਹੋਰ ਵਿਸਥਾਰ ਮੰਗਦਾ ਸੀ। ਕਾਂਸ਼ੀ ਰਾਮ ਜੀ ਦੀ ਇਸ ਲਹਿਰ ਕਾਰਨ ਦਲਿਤਾਂ ਅਤੇ ਪਿਛੜੇ ਵਰਗਾਂ ਵਿਚ ਜਾਗਰਤੀ ਦੀ, ਖਾਸ ਕਰਕੇ ਰਾਜਨੀਤਿਕ ਪਿੜ ਵਿਚ ਅਜਿਹੀ ਲਾਗ ਲੱਗੀ ਕਿ ਪਿਛੜੇ ਵਰਗ ਦੇ ਮੁੱਖ ਮੰਤਰੀ ਕਈ ਰਾਜਾਂ ਵਿਚ ਬਣ ਚੁੱਕੇ ਹਨ ਅਤੇ ਬਣ ਰਹੇ ਹਨ। ਇਸ ਉਭਾਰ ਨਾਲ ਕੋਈ ਵੀ ਪਾਰਟੀ ਆਪਣੇ ਇਕੱਲੇ ਬਲਬੂਤੇ ਰਾਜ ਸੱਤਾ ਸੰਭਾਲਣ ਜੋਗੀ ਨਾ ਰਹੀ।

ਸਮਾਜਿਕ ਖੇਤਰ ਵਿਚ ਦਲਿਤਾਂ/ਬਹੁਜਨਾਂ ਨੂੰ ਜਾਗਰਿਤ ਰੱਖਣ ਲਈ ਹਾਲੇ ਵੀ ਬਾਮਸੇਫ ਬੜੇ ਵਿਆਪਕ ਢੰਗ ਨਾਲ ਸ਼ਕਤੀਕਰਨ ਦਾ ਕੰਮ ਕਰ ਰਹੀ ਹੈ। ਇਸ ਵੱਲੋਂ ਚਲਾਏ ਜਾ ਰਹੇ ਕਈ ਰੋਜ਼ਾਨਾ/ਸਪਤਾਹਿਕ ਅਖ਼ਬਾਰ, ਕਿਤਾਬਾਂ, ਰਸਾਲਿਆਂ ਅਤੇ ਸੀ. ਡੀਜ਼ ਰਾਹੀਂ ਅੰਬੇਡਕਰ ਸਾਹਿਤ ਵੰਡਿਆ/ਵੇਚਿਆ ਜਾ ਰਿਹਾ ਹੈ ਅਤੇ ਕੈਡਰ ਕੈਂਪ, ਸੈਮੀਨਾਰ ਅਤੇ ਦੇਸ਼ ਪੱਧਰ ਦੀਆਂ ਕਾਨਫਰੰਸਾਂ ਰਾਹੀਂ ਬਹੁਜਨ/ਮੂਲ ਨਿਵਾਸੀ ਨੂੰ ਹਰ ਪੱਧਰ ਤੇ ਜਾਗਰਿਤ ਕੀਤਾ ਜਾ ਰਿਹਾ ਹੈ। ਹੋਰ ਬਾਮਸੇਫ ਸੰਗਠਨ ਵੀ ਮੈਦਾਨ ਵਿਚ ਹਨ। ਇਹ ਸਾਰੀਆਂ ਕੋਸ਼ਿਸ਼ਾਂ ਦਲਿਤਾਂ ਦੀ ਸ਼ਕਤੀ ਅਤੇ ਸ਼ਕਤੀਕਰਨ ਲਈ ਹੀ ਹਨ, ਜਿਹਨਾਂ ਦਾ ਜ਼ਿਕਰ ਵੀ ਲੇਖਕ ਵੱਲੋਂ ਹੋਣਾ ਚਾਹੀਦਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਲੇਖਕ ਨੇ ਇਹ ਪੁਸਤਕ ਤਿਆਰ ਕਰਨ ਵਿਚ ਅੰਤਾਂ ਦੀ ਮਿਹਨਤ ਕੀਤੀ ਹੈ। ਆਪਣੇ ਵਿਚਾਰਾਂ ਦੇ ਖੰਡਨ ਜਾਂ ਮੰਡਨ ਲਈ ਕਿੰਨੀਆਂ ਹੀ ਕਿਤਾਬਾਂ, ਰਸਾਲੇ, ਅਖ਼ਬਾਰਾਂ, ਲੇਖਾਂ ਦੇ ਲੱਗਭੱਗ ਡੇਢ ਕੁ ਹਜ਼ਾਰ ਹਵਾਲੇ ਦਿੱਤੇ ਹਨ। ਉਹਨਾਂ ਦੀ ਤਿੱਖੀ ਨਜ਼ਰ ਤੋਂ ਛੋਟੇ ਤੋਂ ਛੋਟਾ ਅਖ਼ਬਾਰ ਜਾਂ ਰਸਾਲਾ ਬਚ ਨਹੀਂ ਸਕੇ। ਪਰ ਉਹਨਾਂ ਨੇ ਕਾਂਸ਼ੀ ਰਾਮ ਜੀ ਦੀ ਲਹਿਰ ਵੇਲੇ ਬੜੀ ਕਾਮਯਾਬੀ ਨਾਲ ਚੱਲ ਰਹੇ ਸਪਤਾਹਿਤ ਅਖ਼ਬਾਰ 'ਬਹੁਜਨ ਸੰਦੇਸ਼' ਦਾ ਜ਼ਿਕਰ ਨਹੀਂ ਕੀਤਾ। ਬਹੁਜਨ ਨਾਲ ਸਬੰਧਿਤ ਸਾਹਿਤ ਦੀ ਉਨਤੀ ਲਈ 'ਬਹੁਜਨ ਸਾਹਿਤ' ਮਾਸਿਕ ਦਾ ਜ਼ਿਕਰ ਵੀ ਰਹਿ ਗਿਆ ਹੈ। 'ਬਹੁਜਨ ਸੰਦੇਸ਼' ਸੱਤਰਵਿਆਂ ਦੇ ਅਖੀਰ ਤੋਂ ਸ਼ੁਰੂ ਹੋ ਕੇ ਲੱਗਭੱਗ ਇਕ ਦਹਾਕਾ ਇਸ ਲਹਿਰ ਦਾ ਇਕ ਅਟੁੱਟ ਅੰਗ ਬਣਿਆ ਰਿਹਾ। ਇਸ ਅਖ਼ਬਾਰ ਵੱਲੋਂ ਦਲਿਤਾਂ ਦੀ ਮੁਕਤੀ ਅਤੇ ਸ਼ਕਤੀਕਰਣ ਲਈ ਸਮਾਜਿਕ, ਧਾਰਮਿਕ ਤੇ ਰਾਜਨੀ-ਤਿਕ ਖੇਤਰ ਵਿਚ ਦਿੱਤੀ ਅਗਵਾਈ ਭੁਲਾਉਣਯੋਗ ਨਹੀਂ। ਇਸੇ ਤਰ੍ਹਾਂ ਕਾਂਸ਼ੀ ਰਾਮ ਜੀ ਵੱਲੋਂ ਲਿਖੀ ਇਕੋ ਇਕ ਅੰਗਰੇਜ਼ੀ ਪੁਸਤਕ 'ਦੀ ਚਮਚਾ ਏਜ' ਜਿਸਦਾ ਪੰਜਾਬੀ ਅਨੁਵਾਦ 'ਬਹੁਜਨ ਸੰਦੇਸ਼' ਵਿਚ ਛਪਦਾ ਰਿਹਾ। ਇਸਦਾ ਜ਼ਿਕਰ ਵੀ ਲੇਖਕ ਵੱਲੋਂ ਨਹੀਂ ਕੀਤਾ ਗਿਆ। ਡਾ. ਅੰਬੇਡਕਰ ਅਤੇ ਮਹ-ਾਤਮਾ ਗਾਂਧੀ ਵਿਚਕਾਰ ਹੋਏ 'ਪੂਨਾ ਪੈਕਟ' ਤੋਂ ਬਾਅਦ ਜੋ ਯੁੱਗ ਸ਼ੁਰੂ ਹੋਇਆ, ਉਸਨੂੰ ਕਾਂਸ਼ੀ ਰਾਮ ਜੀ ਨੇ ਚਮਚਾ-ਯੁੱਗ ਦਾ ਨਾਂ ਦਿੱਤਾ। ਇਹ ਕਿਤਾਬ ਇਸ ਘੁੰਡੀ ਨੂੰ ਖੋਲ੍ਹਦੀ ਹੈ ਕਿ ਦਲਿਤਾਂ ਦੇ ਰਾਖਵਾਂਕਰਨ ਅਨੁਸਾਰ ਪੂਰੇ ਐਮ. ਪੀ., ਐਮ. ਐਲ. ਏ. ਜਾਂ ਸਿਵਲ ਸਰਵਿਸ ਅਫਸਰ ਹੁੰਦਿਆਂ ਵੀ ਦਲਿਤਾਂ ਦਾ ਉਥਾਨ ਕਿਉਂ ਨਹੀਂ ਹੋ ਰਿਹਾ?

ਸਮਾਜ ਵਿਚ ਕਿਉਂ ਉਹਨਾਂ ਨੂੰ ਬਣਦਾ ਆਦਰ ਸਤਿਕਾਰ ਨਹੀਂ ਦਿੱਤਾ ਜਾਂਦਾ? ਡਾ. ਰੌਣਕੀ ਰਾਮ ਦੀ ਕਿਤਾਬ ਦੇ ਵਿਸ਼ੇ 'ਤੇ ਇਸ ਕਿਤਾਬ ਨੇ ਹੋਰ ਵੀ ਵਧੇਰੇ ਜਾਣਕਾਰੀ ਦੇਣੀ ਸੀ। ਇਸੇ ਤਰ੍ਹਾਂ ਕਾਂਸ਼ੀ ਰਾਮ ਜੀ ਵੱਲੋਂ ਅੰਗਰੇਜ਼ੀ ਵਿਚ ਲਿਖੇ ਇਕ ਕਿਤਾਬਚੇ, 'ਐਨ ਇੰਟਰੋਡਕਸ਼ਨ ਟੂ ਬਾਮਸੇਫ' ਜਿਸਦਾ ਹਿੰਦੀ ਅਤੇ ਪੰਜਾਬੀ ਵਿਚ 'ਬਾਮਸੇਫ ਇਕ ਜਾਣਕਾਰੀ' ਨਾਂ ਹੇਠ ਅਨੁਵਾਦ ਹੋਇਆ, ਇਸਦਾ ਵੀ ਜ਼ਿਕਰ ਹੋਣੋਂ ਰਹਿ ਗਿਆ ਹੈ। ਇਸ ਕਿਤਾਬਚੇ ਵਿਚ ਸਪਸ਼ਟ ਸੀ ਕਿ ਬਾਮਸੇਫ ਨੇ ਕਿੰਨੀ ਵਿਧੀ ਪੂਰਵਕ ਯੋਜਨਾ ਤਿਆਰ ਕਰਕੇ ਦਲਿਤ ਬਹੁਜਨਾਂ ਵਿਚ ਜਾਗਰਣ ਦਾ ਕੰਮ ਕੀਤਾ ਸੀ, ਜਿਸ ਉਤੇ ਬੀ. ਐਸ. ਪੀ. ਦੀ ਨੀਂਹ ਰੱਖੀ ਗਈ ਸੀ। ਬੀ. ਐਸ. ਪੀ. ਅਤੇ ਮਾਇਆਵਤੀ ਦੇ ਜ਼ਿਕਰ ਦੇ ਸੰਦਰਭ ਵਿਚ ਡਾ. ਰੌਣਕੀ ਰਾਮ, ਮਾਇਆਵਤੀ ਵੱਲੋਂ ਲਿਖੀ ਤਿੰਨ ਸੈਂਚੀਆਂ ਵਿਚ ਛਪੀ ਪੁਸਤਕ ਲੜੀ "ਮੇਰੇ ਸੰਘਰਸ਼ਮਈ ਜੀਵਨ ਏਵੰ ਬਹੁਜਨ ਮੂਵਮੈਂਟ ਕਾ ਸਫ਼ਰਨਾਮਾ'' ਦਾ ਵੀ ਜ਼ਿਕਰ ਕਰ ਸਕਦੇ ਸੀ, ਜਿਸ ਵਿਚ ਬੀ. ਐਸ. ਪੀ. ਵੱਲੋਂ ਸਮਾਜਿਕ ਬਰਾਬਰਤਾ ਅਤੇ ਸ਼ਕਤੀਕਰਨ ਲਈ ਕੀਤੇ ਘੋਲ ਦਾ ਵਿਸਥਾਰ ਪੂਰਵਕ ਜ਼ਿਕਰ ਹੈ।

ਬਸਪਾ ਸਰਕਾਰ ਵੱਲੋਂ ਬਹੁਜਨ ਸਮਾਜ ਸਮੇਤ ਪੂਰੇ ਸਮਾਜ ਲਈ ਕੀਤੇ ਕੰਮਾਂ ਦਾ ਸਬੂਤਾਂ ਸਹਿਤ ਵੇਰਵਾ ਹੈ। ਇਸੇ ਤਰ੍ਹਾਂ ਡਾ. ਰੌਣਕੀ ਰਾਮ ਨੇ ਰਿਪਬਲਿਕਨ ਪਾਰਟੀ ਆਦਿ ਧਰਮ ਅਤੇ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਛੋਟੇ ਤੋਂ ਵੱਡੇ ਤੱਕ ਕਈ ਆਗੂਆਂ ਦਾ ਜ਼ਿਕਰ ਕੀਤਾ ਹੈ ਪਰ ਕਾਂਸ਼ੀ ਰਾਮ ਦੀ ਲਹਿਰ ਵੇਲੇ ਬਾਮਸੇਫ ਤੋਂ ਲੈ ਕੇ ਡੀ. ਐਸ. ਫੋਰ ਅਤੇ ਬਸਪਾ ਬਣਨ ਤੱਕ ਪੰਜਾਬ ਸਮੇਤ ਉੱਤਰੀ ਜ਼ੋਨ ਦੀ ਇਕ ਲੰਮੇ ਸਮੇਂ ਤੱਕ ਭਰਪੂਰ ਅਗਵਾਈ ਕਰਨ ਵਾਲੇ ਆਗੂ ਸ. ਤਜਿੰਦਰ ਸਿੰਘ ਝੱਲੀ ਦਾ ਕਿਤੇ ਵੀ ਬਿਲਕੁਲ ਜ਼ਿਕਰ ਨਹੀਂ ਹੈ। ਇਹ ਬਾਅਦ ਵਿਚ ਭਾਵੇਂ ਅਲੱਗ ਹੋ ਗਏ ਸਨ ਪਰ ਬਸਪਾ ਬਣਨ ਤੱਕ ਇਹਨਾਂ ਦਾ ਬਹੁਤ ਮਹੱਤਵਪੂਰਨ ਰੋਲ ਰਿਹਾ।

ਜਾਪਦਾ ਹੈ ਉਪਰੋਕਤ ਵਿਚੋਂ ਕੁਝ ਕਮੀਆਂ ਦਾ ਡਾ. ਰੌਣਕੀ ਰਾਮ ਨੂੰ ਅਹਿਸਾਸ ਹੈ। ਉਹ ਲਿਖਦੇ ਹਨ, "ਬਾਬੂ ਕਾਂਸ਼ੀ ਰਾਮ ਨੂੰ ਇਸ ਅੰਦੋਲਨ ਦੌਰਾਨ ਪੰਜਾਬ ਦੇ ਦਲਿਤ ਸਮਾਜ 'ਚੋਂ ਵੀ ਭਰਵਾਂ ਹੁੰਗਾਰਾ ਮਿਲਿਆ, ਜਿਸ ਬਾਰੇ ਕੋਈ ਠੋਸ ਖੋਜ ਨਹੀਂ ਹੋਈ। ਪੰਜਾਬ ਵਿਚ ਦਲਿਤ ਸਮਾਜ ਦੀ ਬਹੁਗਿਣਤੀ ਹੋਣ ਅਤੇ ਬਾਬੂ ਕਾਂਸ਼ੀ ਰਾਮ ਦੇ ਇਸੇ ਸਮਾਜ ਵਿਚੋਂ ਪੈਦਾ ਹੋਣ ਦੇ ਬਾਵਜੂਦ ਯੂ. ਪੀ. ਦਾ ਇਸ ਅੰਦੋਲਨ ਦੀ ਮੁੱਖ ਕਰਮ ਭੂਮੀ ਬਣਨਾ, ਦਲਿਤ ਬਹੁਜਨ ਸਮਾਜ ਦੀ ਬਣਤਰ ਅਤੇ ਉਸਦੇ ਵੱਖ ਵੱਖ ਪਹਿਲੂਆਂ ਦੀ ਅਹਿਮੀਅਤ ਸਮਝਣ ਵਾਸਤੇ ਇਕ ਮੁੱਖ ਨੁਕਤੇ ਵਜੋਂ ਪੇਸ਼ ਹੁੰਦਾ ਹੈ, ਜਿਸ ਬਾਰੇ ਚਰਚਾ ਹੋਣਾ ਬਾਕੀ ਹੈ।" (23-24) ਇਸ ਕਥਨ ਨਾਲ ਸਹਿਮਤ ਹੁੰਦਿਆਂ ਆਸ ਹੈ ਉਹ ਜਲਦੀ ਹੀ ਆਪ ਇਹ ਖੋਜ ਕਾਰਜ ਵੀ ਸੰਭਾਲਣਗੇ। ਇਹ ਡਾ. ਰੌਣਕੀ ਰਾਮ ਵਰਗੇ ਖੋਜੀ ਵਿਦਵਾਨ ਅਤੇ ਸਮਰਪਿਤ ਲੇਖਕ ਦਾ ਹੀ ਕੰਮ ਹੋ ਸਕਦਾ ਹੈ।

ਇਸ ਪੁਸਤਕ ਵਿਚ ਡਾ. ਰੌਣਕੀ ਰਾਮ ਨੇ ਅਛੂਤ 'ਤੇ ਚਰਚਾ ਕਰਦਿਆਂ ਸ. ਭਗਤ ਸਿੰਘ ਅਤੇ ਗਦਰੀ ਬਾਬਿਆਂ ਸਬੰਧੀ ਇਕ ਮਹੱਤਵਪੂਰਨ ਨੁਕਤਾ ਸਾਂਝਾ ਕੀਤਾ ਹੈ, ਜਿਸ ਨੂੰ ਅੰਬੇਡਕਰ ਵਾਦੀਆਂ ਨੇ ਵੀ ਅਪਣਾਇਆ ਨਹੀਂ ਅਤੇ ਮਾਰਕਸੀਆਂ ਨੇ ਬਹੁਤਾ ਉਭਾਰਿਆ ਨਹੀਂ। ਮਾਰਕਸੀ, ਭਗਤ ਸਿੰਘ ਦੀ ਸੋਚ ਦੇ ਅਲੰਬਰਦਾਰ ਤਾਂ ਅਖਵਾਉਂਦੇ ਰਹੇ, ਉਸਦੇ ਨਾਂ 'ਤੇ ਨੌਜਵਾਨ ਸਭਾਵਾਂ ਬਣਾਈਆਂ, ਕਿਰਤੀਆਂ ਨੂੰ ਸੰਗਠਿਤ ਕਰਨ ਦਾ ਨਾਅਰਾ ਲਾਇਆ। ਪਰ ਅਛੂਤ/ਜਾਤ ਪਾਤ ਸਬੰਧੀ ਉਸਦੀ ਸੋਚ 'ਤੇ ਪਹਿਰਾ ਨਾ ਦਿੱਤਾ। 'ਅਛੂਤ ਦਾ ਸਵਾਲ' ਅਤੇ 'ਮੈਂ ਨਾਸਤਕ ਕਿਉਂ ਹਾਂ?' ਲੇਖਾਂ ਵਿਚ ਭਗਤ ਸਿੰਘ ਜਾਤ ਪਾਤੀ ਪ੍ਰਬੰਧ ਅਧੀਨ ਘਿਰਣਾਜਨਕ ਬਣਾਏ ਅਛੂਤ ਲੋਕਾਂ ਨੂੰ ਆਪਣੇ ਹੱਕ ਲੈਣ ਲਈ ਸੰਗਠਿਤ ਹੋ ਕੇ ਹੰਭਲਾ ਮਾਰਨ ਲਈ ਲਲਕਾਰਦੇ ਹਨ। ਉਹਨਾਂ ਨੂੰ ਨੀਚ ਸਮਝਣ ਵਾਲਿਆਂ ਨੂੰ ਵੰਗਾਰਦੇ ਹਨ, "... ਕਿੱਡੀ ਸ਼ਰਮ ਦੀ ਗੱਲ ਹੈ, ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰ ਸਕਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ। ਫਿਰ ਤੇ ਪੰਡਤ, ਮੌਲਵੀ ਜੀ ਜੈਸੇ ਬੜੇ ਸਮਾਜ ਸੁਧਾਰਕ ਅਛੂਤਾਂ ਦੇ ਬੜੇ ਪ੍ਰੇਮੀ, ਹੋਰ ਵੀ ਨਾ ਜਾਣੇ ਕੀ ਕੀ- ਪਹਿਲੋਂ ਇਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤੇ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਹੈ ਇਹ ਚਾਲ।'' (181)

ਇਸੇ ਤਰ੍ਹਾਂ ਗਦਰ ਪਾਰਟੀ ਬਾਰੇ ਗੱਲ ਕਰਦਿਆਂ ਡਾ. ਰੌਣਕੀ ਰਾਮ ਨੇ ਇਹੀ ਨੁਕਤਾ ਉਭਾਰਿਆ ਹੈ ਕਿ ਗਦਰੀ ਸਿਧਾਂਤਕ ਅਤੇ ਅਮਲੀ ਤੌਰ ਤੇ ਜਾਤ ਪਾਤੀ ਵਿਤਕਰੇ ਦੇ ਖਿਲਾਫ ਸਨ ਤੇ ਇਸਨੂੰ ਸਮਾਜ ਦਾ ਕੋਹੜ ਮੰਨਦੇ ਸਨ। ਜਾਤ ਪਾਤ ਵਿਚ ਯਕੀਨ ਰੱਖਣ ਵਾਲਾ ਗਦਰ ਪਾਰਟੀ ਦਾ ਮੈਂਬਰ ਨਹੀਂ ਸੀ ਬਣ ਸਕਦਾ। ਲੇਖਕ ਰੌਣਕੀ ਰਾਮ ਨੇ ਇਹਨਾਂ ਦਾ ਵਿਸਥਾਰ ਪੂਰਵਕ ਵਰਣਨ ਕਰਕੇ ਭਗਤ ਸਿੰਘ ਅਤੇ ਗਦਰੀ ਬਾਬਿਆਂ ਨੂੰ ਦਲਿਤਾਂ ਦੇ ਨੇੜੇ ਲਿਆਂਦਾ ਹੈ।

ਸਮਾਜ ਵਿਚੋਂ ਜਦੋਂ ਕੋਈ ਲਹਿਰ ਜਾਂ ਅੰਦੋਲਨ ਜਨਮ ਲੈਂਦਾ ਹੈ ਤਾਂ ਇਹ ਸਮਾਜ ਦੇ ਹਰ ਖੇਤਰ ਵਿਚ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤ ਦਾ ਖੇਤਰ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਕਈ ਵਾਰੀ ਉੱਚ ਪਾਏ ਦਾ ਸਾਹਿਤ ਅੰਦੋਲਨ ਨੂੰ ਜਨਮ ਦੇਣ ਦਾ ਕਾਰਨ ਵੀ ਬਣ ਜਾਂਦਾ ਹੈ। ਤੇ ਫਿਰ ਇਸਦੇ ਵਿਗਸਣ ਤੇ ਪਨਪਣ ਵਿਚ ਵੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਪੰਜਾਬੀ ਸਾਹਿਤ ਵਿਚ ਭਗਤੀ ਲਹਿਰ ਵੇਲੇ ਧਾਰਮਿਕ ਤੇ ਸਮਾਜਿਕ ਸਾਹਿਤ, ਜੰਗਾਂ ਲੜਾਈਆਂ ਵੇਲੇ ਵੀਰ ਰਸੀ ਸਾਹਿਤ ਹੋਂਦ ਵਿਚ ਆਇਆ। ਮਾਰਕਸਵਾਦ ਦੀ ਚੜ੍ਹਤ ਨਾਲ ਮਾਰਕਸਵਾਦੀ ਸਾਹਿਤ ਭਾਰੀ ਗਿਣਤੀ ਵਿਚ ਰਚਿਆ ਗਿਆ। ਆਦਿ ਧਰਮ ਲਹਿਰ ਵੇਲੇ ਅਤੇ ਫਿਰ ਅੰਬੇਡਕਰ-ਕਾਂਸ਼ੀ ਰਾਮ ਦੀ ਲਹਿਰ ਵੇਲੇ ਅੰਬੇਡਕਰੀ ਸਾਹਿਤ ਹੋਂਦ ਵਿਚ ਆਇਆ।

ਮਾਰਕਸਵਾਦੀ ਲੇਖਕ ਆਪਣੇ ਆਪ ਨੂੰ ਮੁੱਖ ਧਾਰਾ ਨਾਲ ਜੋੜ ਕੇ ਅੰਬੇਡਕਰਵਾਦੀ ਲੇਖਕਾਂ ਨਾਲ ਪੂਰੀ ਤਰ੍ਹਾਂ ਦੂਰੀ ਬਣਾਈ ਰੱਖਦੇ ਰਹੇ ਅਤੇ ਉਹਨਾਂ ਦੇ ਸਾਹਿਤ ਨੂੰ ਆਰਥਿਕ ਪੱਖੀ ਨਾ ਹੋ ਕੇ ਜਾਤ ਪਾਤੀ ਉਭਾਰਨ ਵਾਲਾ ਆਖ ਕੇ ਉਸ ਦਾ ਕੋਈ ਨੋਟਿਸ ਨਾ ਲਿਆ ਜੋ ਅੱਜ ਤੱਕ ਵੀ ਕਾਫੀ ਹੱਦ ਤੱਕ ਇਸੇ ਤਰ੍ਹਾਂ ਜਾਰੀ ਹੈ। ਦੂਜੇ ਪਾਸੇ ਦਲਿਤ ਚਿੰਤਕਾਂ ਤੇ ਵਿਦਵਾਨਾਂ ਦੇ ਹਵਾਲੇ ਨਾਲ ਡਾ. ਗੁਰਮੀਤ ਕਲਰਮਾਜਰੀ ਲਿਖਦੇ ਹਨ, ..." ਮਾਰਕਸਵਾਦੀ ਸਾਹਿਤ ਵਿਚ ਕੋਈ ਅਜਿਹਾ ਪ੍ਰਵਚਨ ਮੌਜੂਦ ਨਹੀਂ ਹੈ, ਜਿਸ ਨੂੰ ਵਰਤੋਂ ਵਿਚ ਲਿਆਉਂਦੇ ਹੋਏ ਭਾਰਤੀ ਸਮਾਜ ਦੀ ਜਾਤ ਪਾਤੀ ਸਥਿਤੀ ਤੋਂ ਮੁਕਤੀ ਪਾਈ ਜਾ ਸਕੇ।'' (199)। ਡਾ. ਰੌਣਕੀ ਰਾਮ ਵੀ ਮੰਨਦੇ ਹਨ ਕਿ ਆਦਿ ਧਰਮ ਲਹਿਰ/ਅੰਬੇਡਕਰੀ ਦਲਿਤ ਕਵਿਤਾ ਨੂੰ ਮੁੱਖ ਧਾਰਾ ਵਿਚ ਪੰਜਾਬੀ ਕਵਿਤਾ ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਅਤੇ ਨਾ ਹੀ ਇਸ ਬਾਰੇ ਆਲੋਚਨਾਤਮਕ ਨਜ਼ਰੀਏ ਤੋਂ ਕੋਈ ਪੁਣਛਾਣ ਕੀਤੀ ਗਈ ਹੈ। (226)। ਡਾ. ਰੌਣਕੀ ਰਾਮ ਨੇ ਇਸ ਪ੍ਰਵਿਰਤੀ ਨੂੰ ਗਲਤ ਮੰਨਿਆ। ਉਹਨਾਂ ਨੇ ਛੋਟੇ ਤੋਂ ਲੈ ਕੇ ਵੱਡੇ ਦਲਿਤ ਜਾਂ ਅੰ-ਬੇਡਕਰਵਾਦੀ ਲੇਖਕਾਂ ਨੂੰ ਇਕ ਮਾਲਾ ਵਿਚ ਪਰੋਅ ਕੇ ਅਤੇ ਉਹਨਾਂ ਦੀਆਂ ਰਚਨਾਵਾਂ ਦੀ ਪੜਚੋਲ ਕਰਕੇ ਮੁੱਖ ਧਾਰਾ ਵਾਲੇ ਲੇਖਕਾਂ ਦੇ ਬਰਾਬਰ ਲਿਆ ਖੜ੍ਹਾ ਕੀਤਾ ਅਤੇ ਦੱਸਿਆ ਕਿ ਇਸ ਧਾਰਾ ਦੇ ਲੇਖਕ ਵੀ ਕਿਸੇ ਪਾਸਿਉਂ ਘੱਟ ਨਹੀਂ ਹਨ। ਪੁਸਤਕ ਦੇ ਇਸ ਕਾਵਿ ਭਾਗ ਵਿਚ ਡਾ. ਰੌਣਕੀ ਰਾਮ ਨੇ ਵਿਸਥਾਰ ਪੂਰਵਕ ਹਰ ਕਿਸਮ ਦੀ ਰਚਨਾ ਦਾ ਆਲੋਚਨ-ਾਤਮਕ ਵਰਣਨ ਕੀਤਾ ਹੈ।

ਅਖੀਰ ਵਿਚ ਉਹ ਇਸ ਨਤੀਜੇ ਤੇ ਪਹੁੰਚਦੇ ਹਨ ਕਿ, ".. ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਅਤੇ ਭਵਿੱਖੀ ਦਲਿਤ ਕਵਿਤਾ ਵਿਚ ਉਸ ਕਾਵਿ ਦੀ ਸਾਰਥਿਕਤਾ ਬਣਨ ਦੀ ਸੰਭਾਵਨਾ ਹੈ, ਜਿਸਨੇ ਦਲਿਤ ਪਛਾਣ ਦੇ ਸਵਾਲ ਨੂੰ ਬਹੁ ਸੰਦਰਭਾਂ ਵਿਚ ਭਾਂਪਦੇ ਹੋਏ ਭਾਰਤੀ ਸਮਾਜ ਦੇ ਗੁੰਝਲਦਾਰ ਜਾਤ ਪਾਤੀ ਤਾਣੇ-ਬਾਣੇ ਦੀਆਂ ਤੰਦਾਂ ਨੂੰ ਜਮਾਤ ਅਤੇ ਇਸਦੇ ਨਾਲ ਸਬੰਧਿਤ ਵਿਕਾਸ ਦੇ ਤਮਾਮ ਸੰਦਰਭਾਂ ਵਿਚ ਸਮਝਦੇ ਹੋਏ ਇਸਦੇ ਪੁਖਤਾ ਹੱਲ ਦੀ ਗੱਲ ਕਰਨੀ ਹੈ।'' (268)

ਡਾ. ਰੌਣਕੀ ਰਾਮ ਨੇ ਜਾਤ ਪਾਤੀ ਵਿਵਸਥਾ ਦੀਆਂ ਪਰਤਾਂ ਨੂੰ ਚੰਗੀ ਤਰ੍ਹਾਂ ਫਰੋਲਿਆ ਹੈ ਅਤੇ ਉੱਚ ਜਾਤੀਆਂ ਵੱਲੋਂ ਨੀਵੀਆਂ ਜਾਤੀਆਂ ਨਾਲ ਕੀਤੀਆਂ ਗਈਆਂ ਵਧੀਕੀਆਂ ਨੂੰ ਸਮਝਿਆ ਹੀ ਨਹੀਂ ਦਿਲੋਂ ਮਹਿਸੂਸ ਵੀ ਕੀਤਾ ਹੈ। ਇਹਨਾਂ ਵਧੀਕੀਆਂ ਨੂੰ ਅੰਤਰ ਰਾਸ਼ਟਰੀ ਨਜ਼ਰ ਤੋਂ ਵੇਖਦਿਆਂ ਉਹ ਲਿਖਦੇ ਹਨ, "ਅੱਜ ਉੱਚ ਜਾਤੀ ਲੋਕਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਵਿਤਕਰੇ ਦਲਿਤਾਂ ਨਾਲ ਕੀਤੇ। ਉਹ ਗਲਤ ਸਨ। ਉਹਨਾਂ ਨੂੰ ਪਸ਼ਚਾਤਾਪ ਕਰਨਾ ਚਾਹੀਦਾ ਹੈ। ਮੁਆਫ਼ੀ ਮੰਗਣੀ ਚਾਹੀਦੀ ਹੈ ਜਿਵੇਂ ਕਿ ਆਸਟ੍ਰੇਲੀਆ ਦੇ ਵਾਈਟ ਹੁਕਮਰਾਨਾਂ ਨੇ ਉਥੋਂ ਦੇ ਆਦਿ ਵਾਸੀਆਂ ਤੋਂ ਅਤੇ ਕੈਨੇਡਾ ਦੇ ਅੰਗਰੇਜ਼ਾਂ ਨੇ ਉਥੋਂ ਦੇ ਰੈਡ ਇੰਡੀਅਨਾਂ ਤੋਂ ਲੋਕ ਸਭਾ ਵਿਚ ਮੁਆਫ਼ੀ ਮੰਗੀ।'' (297) ਇਥੇ ਹੀ ਬੱਸ ਨਹੀਂ ਉਹ ਦਲਿਤਾਂ ਨੂੰ ਨਤਮਸਤਕ ਹੋ ਕੇ ਪੂਜਣ ਤੱਕ ਜਾਣਾ ਚਾਹੁੰਦੇ ਹਨ ਜੋ ਡਾ. ਰੌਣਕੀ ਰਾਮ ਜੀ ਦੀ ਸਮਝ, ਇਮਾਨਦਾਰੀ, ਦਲੇਰੀ, ਇਨਸਾਫੀ ਫਿਤਰਤ ਅਤੇ ਕਲਮ ਦੇ ਤਕਾਜ਼ੇ ਦਾ ਸਿਖਰ ਕਿਹਾ ਜਾ ਸਕਦਾ ਹੈ। ਉਹ ਲਿਖਦੇ ਹਨ, "ਦਲਿਤ ਲੋਕ ਤਾਂ ਉਤਪਾਦਨ ਨਾਲ ਜੁੜੇ ਹੋਏ ਹਨ।

ਇਹ ਲੋਕ ਸਾਨੂੰ ਵਸਤਾਂ ਬਣਾ ਕੇ ਦਿੰਦੇ ਹਨ। ਇਨ੍ਹਾਂ ਨੂੰ ਪੂਜਣ ਨੂੰ ਦਿਲ ਕਰਦਾ ਹੈ। ਜੁੱਤੀਆਂ ਇਹ ਬਣਾਉਂਦੇ ਹਨ, ਸਫਾਈ ਇਹ ਕਰਦੇ ਹਨ, ਵੱਡੀਆਂ ਵੱਡੀਆਂ ਇਮਾਰਤਾਂ ਖੜ੍ਹੀਆਂ ਕਰਦੇ ਹਨ, ਸੜਕਾਂ, ਫਲਾਈ ਓਵਰ, ਪੁਲ ਅਤੇ ਡੈਮ ਉਸਾਰਦੇ ਹਨ, ਕੱਪੜਾ ਮੁਹੱਈਆ ਕਰਵਾਉਂਦੇ ਹਨ, ਸੀਵਰੇਜ਼ ਦੇ ਅੰਦਰ ਘੁਸ ਕੇ ਆਪਣੀ ਜਾਨ ਤੇ ਖੇਲ੍ਹ ਕੇ ਸ਼ਹਿਰ ਅਤੇ ਕਸਬਿਆਂ ਨੂੰ ਗੰਦਗੀ ਤੋਂ ਰਾਹਤ ਦਿਵਾਉਂਦੇ ਹਨ, ਖੇਤਾਂ ਵਿਚ ਤਮਾਮ ਮਜ਼ਦੂਰੀ ਦਾ ਕੰਮ ਕਰਦੇ ਹਨ, ਸ਼ਹਿਰਾਂ ਮਿਊਂਸਪਲਟੀਆਂ ਵਿਚ ਚੌਕੀਦਾਰੀ ਕਰਦੇ ਹਨ। ਇੰਨੇ ਮਿਹਨਤਕਸ਼ ਇਨਸਾਨਾਂ ਦੇ ਪੈਰਾਂ ਤੇ ਸਿਰ ਰੱਖਣ ਨੂੰ ਦਿਲ ਕਰਦਾ ਹੈ।'' (299)

ਡਾ. ਰੌਣਕੀ ਰਾਮ ਨੇ ਦਲਿਤਾਂ ਨਾਲ ਸਬੰਧਿਤ ਹੋਰ ਮੁੱਦੇ/ਵੇਰਵੇ ਵੀ ਨਾਲ ਦੀ ਨਾਲ ਬਿਆਨ ਕੀਤੇ ਹਨ ਅਤੇ ਉਹਨਾਂ ਸਬੰਧੀ ਨਿਰਣੇ ਵੀ ਕੀਤੇ ਹਨ। ਰਾਖਵਾਂਕਰਨ ਦੇ ਮੁੱਦੇ ਨੂੰ ਉਹਨਾਂ ਨੇ ਸਹੀ ਦੱਸਿਆ ਹੈ ਅਤੇ ਇਸਨੂੰ ਲਾਗੂ ਕਰਨ ਲਈ ਕ੍ਰੀਮੀ ਲੇਅਰ ਦੇ ਵਿਵਾਦ ਨੂੰ ਫਜ਼ੂਲ ਦੱਸਿਆ ਹੈ। (290) ਇਸਦੇ ਭਵਿੱਖ ਬਾਰੇ ਅਤੇ ਨਵੇਂ ਯੁੱਗ ਦੇ ਸੰਦਰਭ ਵਿਚ ਚਿੰਤਾ ਕਰਦਿਆਂ ਉਹ ਲਿਖਦੇ ਹਨ ਕਿ ਵਿਸ਼ਵੀਕਰਨ ਅਤੇ ਮੰਡੀਕਰਨ ਦੇ ਯੁੱਗ ਵਿਚ ਨਿੱਜੀਕਰਨ ਦੇ ਬੋਲਬਾਲੇ ਹੇਠ ਰਾਖਵੇਂਕਰਨ ਦਾ ਬੜੀ ਹੁਸ਼ਿਆਰੀ ਨਾਲ ਖਾਤਮਾ ਕੀਤਾ ਜਾ ਰਿਹਾ ਹੈ। (257) ਲੇਖਕ ਵੱਲੋਂ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਦਲਿਤ ਕਾਨਫਰੰਸਾਂ ਵਿਚ ਹਿੱਸਾ ਲੈਣ ਉਪਰੰਤ ਉਹਨਾਂ ਵਿਚ ਉਠਾਏ ਮੁੱਦਿਆਂ ਦਾ ਵੇਰਵਾ ਦਿੱਤਾ ਗਿਆ ਹੈ ਜੋ ਦਲਿਤਾਂ ਲਈ ਬੜਾ ਮਹੱਤਵਪੂਰਨ ਹੈ। ਜਿਵੇਂ, ਕਿਤੇ ਦਲਿਤਾਂ ਦੀ ਵਪਾਰ ਵਿਚ ਹਿੱਸੇਦਾਰੀ ਦੀ ਗੱਲ ਹੋਈ, ਕਿਤੇ ਸਰਕਾਰੀ ਜ਼ਮੀਨ ਦਲਿਤਾਂ ਵਿਚ ਵੰਡਣ ਦੀ ਗੱਲ ਹੋਈ, ਕਿਤੇ ਮਲਟੀਨੈਸ਼ਨਲ ਕੰਪਨੀਆਂ ਦੇ ਵਪਾਰ ਵਿਚ ਹਿੱਸੇਦਾਰੀ ਦੀ ਗੱਲ ਉੱਠੀ ਅਤੇ ਕਿਤੇ ਜਾਤੀ ਨੂੰ ਨਸਲ ਦੇ ਤੌਰ ਤੇ ਲਏ ਜਾਣ ਦਾ ਮੁੱਦਾ ਉਠਿਆ। ਇਹ ਸਾਰੇ ਮੁੱਦੇ, ਦਲਿਤਾਂ ਦੀ ਮੁਕਤੀ ਅਤੇ ਸ਼ਕਤੀਕਰਨ ਦੇ ਸਵਾਲ ਨੂੰ ਵਿਚਾਰਦਿਆਂ ਅਤੇ ਇਸਨੂੰ ਅਮਲੀ ਜਾਮਾ ਪਹਿਨਾਉਂਦਿਆਂ ਬਹੁਤ ਸਹਾਈ ਹੋ ਸਕਦੇ ਹਨ। ਇਸੇ ਤਰ੍ਹਾਂ ਲੇਖਕ ਦਲਿਤ ਸਮਾਜ ਦਾ ਅਧਿਐਨ ਕਰਦਿਆਂ ਹੋਇਆਂ, ਇਸਦੀਆਂ ਜੜ੍ਹਾਂ ਫਰੋਲਦਿਆਂ ਹੋਇਆਂ ਦੂਰ ਤੱਕ ਜਾਂਦਿਆਂ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਜੇ ਦਲਿਤ ਸਮਾਜ ਦਾ ਡੂੰਘਾ ਅਧਿਐਨ ਕਰਨਾ ਹੈ ਤਾਂ ਉਸਦੀ ਲੋਕਲ/ਮਾਂ ਬੋਲੀ ਪੰਜਾਬੀ ਦੇ ਇਤਿਹਾਸ ਦਾ ਅਧਿਐਨ ਕਰਨਾ ਜ਼ਰੂਰੀ ਹੈ ਜੋ ਆਪਣੀ ਬੁੱਕਲ ਵਿਚ ਬੜਾ ਕੁਝ ਮਹੱਤਵਪੂਰਨ ਛੁਪਾਈ ਬੈਠਾ ਹੈ।

ਇਸੇ ਲਈ ਉਸਨੇ ਆਪਣੇ ਛੋਹੇ ਹੋਏ ਵਿਸ਼ੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮਾਂ ਬੋਲੀ ਪੰਜਾਬੀ ਦੇ ਇਤਿਹਾਸ ਨੂੰ ਬੜੀ ਬਰੀਕੀ ਨਾਲ ਬਿਆਨਿਆ ਹੈ, ਕਿਉਂਕਿ ਉਸਦਾ ਮੰਨਣਾ ਹੈ, "ਜੇਕਰ ਸਾਨੂੰ ਪੰਜਾਬੀ ਸਮਾਜ ਵਿਚਲੀ ਜਾਤ ਪ੍ਰਣਾਲੀ ਨੂੰ ਸਮਝਣਾ ਹੈ ਤਾਂ ਸਾਨੂੰ ਪੰਜਾਬੀ ਸਭਿਆਚਾਰ ਦੀ ਸਮਝ ਹੋਣੀ ਚਾਹੀਦੀ ਹੈ ਅਤੇ ਇਹ ਪੰਜਾਬੀ ਭਾਸ਼ਾ ਤੋਂ ਬਿਹਤਰ ਹੋਰ ਕਿਸੇ ਭਾਸ਼ਾ ਦੇ ਮਾਧਿਅਮ ਰਾਹੀਂ ਨਹੀਂ ਆ ਸਕਦੀ।'' ਇਸ ਸਾਰੀ ਵਿਆਪਕ ਵਿਚਾਰ ਚਰਚਾ ਤੋਂ ਬਾਅਦ ਸਹਿਜੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਡਾ. ਰੌਣਕੀ ਰਾਮ ਦਾ ਇਸ ਪੁਸਤਕ ਨੂੰ ਸਾਕਾਰ ਰੂਪ ਦੇਣ ਦਾ ਯਤਨ ਹਰ ਨੁਕਤੇ ਤੋਂ ਬਹੁਤ ਹੀ ਸ਼ਲਾਘਾਯੋਗ ਹੈ। ਦਲਿਤਾਂ ਨੂੰ ਪਛਾਣ, ਸ਼ਕਤੀ ਅਤੇ ਸ਼ਕਤੀਕਰਨ ਦੇ ਨਜ਼ਰੀਏ ਤੋਂ ਵਿਸਥਾਰ ਪੂਰਵਕ ਵਾਚਣਾ, ਬਿਆਨਣਾ ਅਤੇ ਇਸ ਸੰਦਰਭ ਵਿਚ ਛੋਟੇ ਤੋਂ ਛੋਟੇ ਨੁਕਤੇ ਤੋਂ ਲੈ ਕੇ ਵੱਡੇ ਮੁੱਦੇ ਤੱਕ ਨੂੰ ਅੰਤਰ ਰਾਸ਼ਟਰੀ ਪੱਧਰ ਤੱਕ ਰੱਖ ਕੇ ਅਧਿਐਨ ਕਰਨਾ ਅਤੇ ਨਤੀਜੇ ਕੱਢਣੇ ਆਪਣੇ ਆਪ ਵਿਚ ਇਕ ਪਹਿਲਾ ਅਤੇ ਅਤੀ ਜ਼ਰੂਰੀ ਸਫਲ ਹੰਭਲਾ ਹੈ। ਪਹਿਲੀ ਵਾਰੀ ਕਿਸੇ ਵਿਦਵਾਨ ਚਿੰਤਕ ਨੇ ਇੰਨੀ ਡੂੰਘੀ ਆਲੋਚਨਾਤਮਕ ਦ੍ਰਿਸ਼ਟੀ ਨਾਲ ਦਲਿਤ ਸਾਹਿਤ ਅਤੇ ਹੋਰ ਦਲਿਤ ਸਰੋਕਾਰਾਂ ਨੂੰ ਵੱਡੀ ਪੱਧਰ ਤੇ ਆਪਣੇ ਚਿੰਤਨ ਦਾ ਵਿਸ਼ਾ ਬਣਾਇਆ ਹੈ। ਮੁੱਖ ਧਾਰਾ ਵੱਲੋਂ ਦਲਿਤ ਜਾਂ ਅਛੂਤ ਸਮਝੇ ਜਾਂਦੇ ਦਲਿਤ ਸਾਹਿਤ ਦੇ ਨਾਲ ਪਹਿਲੀ ਵਾਰੀ ਕਿਸੇ ਸੂਝਵਾਨ ਲੇਖਕ ਨੇ ਖਲੋਅ ਕੇ ਉਸਨੂੰ ਲੋਕਾਂ ਦੀ ਕਚਹਿਰੀ ਵਿਚ ਪੇਸ਼ ਕਰਕੇ ਅਤੇ ਵਿਦਵਾਨ ਚਿੰਤਕਾਂ ਦੇ ਰੂਬਰੂ ਕਰਕੇ ਇਕ ਚਿਰਸਥਾਈ ਸਲਾਹੁਣਯੋਗ ਕੰਮ ਕੀਤਾ ਹੈ। ਜਿਸਦੀ ਲੋੜ, ਮਹੱਤਤਾ ਆਉਣ ਵਾਲੇ ਸਮੇਂ ਵਿਚ ਸਦਾ ਹੀ ਬਣੀ ਰਹੇਗੀ ਅਤੇ ਵਿਦਵਾਨ, ਚਿੰਤਕ, ਲੇਖਕ ਅਤੇ ਖੋਜੀ ਇਸ ਤੋਂ ਲਾਭ ਉਠਾਉਂਦੇ ਰਹਿਣਗੇ। ਇਹ ਪੁਸਤਕ ਜਿੱਥੇ ਹਰ ਦਲਿਤ ਪਾਠਕ ਨੂੰ ਦਿਸ਼ਾ ਪ੍ਰਦਾਨ ਕਰੇਗੀ, ਉਥੇ ਗੈਰ ਦਲਿਤ ਦੀਆਂ ਵੀ ਅੱਖਾਂ ਖੋਲ੍ਹਣ ਦੇ ਸਮਰੱਥ ਹੈ। ਪੰਜਾਬੀ ਯੂਨੀਵਰਸਿਟੀ ਨੇ ਇਹ ਪੁਸਤਕ ਛਾਪ ਕੇ ਮਾਅਰਕੇ ਦਾ ਕੰਮ ਕੀਤਾ ਹੈ। ਉਸਦਾ ਇਹ ਕਦਮ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਨਾ ਭੁਲਾਇਆ ਜਾ ਸਕਣ ਵਾਲਾ ਇਤਿਹਾਸਕ ਕੰਮ ਹੈ। ਜੋ ਦਲਿਤ ਇਤਿਹਾਸ ਵਿਚ ਇਕ ਮੀਲ ਪੱਥਰ ਸਾਬਤ ਹੋਵੇਗਾ। ਸ੍ਰੀ ਕੇ. ਸੀ. ਸੁਲੇਖ ਜੋ ਕਿਸੇ ਵੇਲੇ ਡਾ. ਅੰਬੇਡਕਰ ਜੀ ਦੇ ਸਹਿਯੋਗੀ ਰਹੇ ਹਨ ਤੇ 85-86 ਸਾਲ ਦੀ ਉਮਰ ਵਿਚ ਵੀ ਲਗਾਤਾਰ ਸਾਹਿਤ ਰਚ ਰਹੇ ਹਨ, ਉਹਨਾਂ ਨੇ ਆਪਣੀ ਅੰਬੇਡਕਰੀ ਐਨਕ ਵਿਚੋਂ ਤਿੱਖੀ ਨਜ਼ਰ ਨਾਲ ਇਸ ਕਿਤਾਬ ਨੂੰ ਘੋਖਿਆ ਵੀ ਹੈ, ਕੰਮ ਦੀ ਸਰਾਹਨਾ ਵੀ ਕੀਤੀ ਹੈ ਅਤੇ ਦਿਸ਼ਾ ਵੀ ਪ੍ਰਦਾਨ ਕੀਤੀ ਹੈ। ਉਹਨਾਂ ਵੱਲੋਂ ਲਿਖੇ ਮੁੱਖ ਬੰਦ ਵਿਚ ਪੂਰੀ ਕਿਤਾਬ ਨੂੰ ਪਾਰਖੂ ਦ੍ਰਿਸ਼ਟੀ ਨਾਲ ਵਾਚਦਿਆਂ ਕੁਝ ਕੁ ਸਫ਼ਿਆਂ ਵਿਚ ਪੂਰੀ ਕਿਤਾਬ ਹੀ ਸਮੇਟ ਦਿੱਤੀ ਹੈ। ਇਹ ਖੋਜ ਭਰਪੂਰ ਕਾਰਜ ਕਾਫੀ ਦੇਰ ਪਹਿਲਾਂ ਹੋਣਾ ਚਾਹੀਦਾ ਸੀ ਪਰ ਸ਼ਾਇਦ ਇਸਦਾ ਸਿਹਰਾ ਉਪ ਕੁਲਪਤੀ ਡਾ. ਜਸਪਾਲ ਸਿੰਘ ਦੀਆਂ ਕੋਸ਼ਿਸ਼ਾਂ ਸਿਰ ਬੰਨ੍ਹਣਾ ਸੀ, ਜਿਹਨਾਂ ਵਿਚ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਸਮੇਤ ਇਸਦੀ ਮੁਖੀ ਅਮਰਜੀਤ ਕੌਰ ਦੀਆਂ ਕੋਸ਼ਿਸ਼ਾਂ ਵੀ ਸਮਿਲਤ ਹਨ। ਇਸ ਪੱਧਰ ਦੇ ਇਹੋ ਜਿਹੇ ਮਹੱਤਵਪੂਰਨ ਪ੍ਰਾਜੈਕਟ ਲਈ ਸਾਂਝੀਆਂ ਕੋਸ਼ਿਸ਼ਾਂ ਹੀ ਕੋਈ ਸਿੱਟਾ ਕੱਢ ਸਕਦੀਆਂ ਹਨ।

ਨਿਸ਼ਚੇ ਹੀ ਇਹ ਪੁਸਤਕ ਜਿੱਥੇ ਸਮਾਜ ਸ਼ਾਸਤਰੀਆਂ ਨੂੰ ਖੋਜ ਲਈ ਇਕ ਨਵੀਂ ਦ੍ਰਿਸ਼ਟੀ ਅਤੇ ਨਵਾਂ ਪੈਂਤੜਾ ਪ੍ਰਦਾਨ ਕਰੇਗੀ, ਉਥੇ ਖੋਜਾਰਥੀਆਂ, ਸਾਹਿਤ ਪ੍ਰੇਮੀਆਂ ਅਤੇ ਆਲੋਚਕਾਂ ਲਈ ਵੀ ਇਕ ਚਾਨਣ ਮੁਨਾਰਾ ਬਣੇਗੀ। ਇੰਝ ਇਹ ਇਕ ਸਾਂਭਣਯੋਗ ਨਿਵੇਕਲੀ ਪੁਸਤਕ ਹੋ ਨਿੱਬੜੇਗੀ। ਲੇਖਕ ਸਮੇਤ ਇਸ ਟੀਮ ਤੋਂ ਇਸ ਖੇਤਰ ਵਿਚ ਭਵਿੱਖ ਵਿਚ ਹੋਰ ਵੀ ਬਹੁਤ ਉਮੀਦਾਂ ਹਨ।

# ਪੰਜਾਬੀ ਭਾਸ਼ਾ ਵਿਚ ਬੋਧੀ ਸਾਹਿਤ



ਹਰਮੇਸ਼ ਜੱਸਲ
91-94644-83080

**ਪ੍ਰਾਚੀਨ** ਬੋਧੀ ਸਾਹਿਤ, ਪਾਲੀ ਭਾਸ਼ਾਂ ਵਿਚ ਰਚਿਆ ਗਿਆ ਸੀ। ਫਿਰ ਮਗਧੀ, ਸੰਸਕ੍ਰਿਤ ਅਤੇ ਹਿੰਦੀ ਵਿਚ ਬੋਧੀ ਸਾਹਿਤ ਦੀ ਰਚਨਾ ਸ਼ੁਰੂ ਹੋਈ। ਪੰਜਾਬੀ ਭਾਸ਼ਾ ਤਾਂ ਖੁਦ ਹੀ ਬਹੁਤੀ ਪ੍ਰਾਚੀਨ ਨਹੀਂ ਤਾਂ ਪ੍ਰਾਚੀਨ ਸਾਹਿਤ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੋ ਸਕਦਾ। ਪੰਜਾਬ 'ਚੋਂ ਬੁੱਧ ਧਰਮ ਅਤੇ ਉਸਦੇ ਪੈਰੋਕਾਰ ਤਾਂ ਸਦੀਆਂ ਪਹਿਲਾਂ ਹੀ ਅਲੋਪ ਹੋ ਚੁੱਕੇ ਸਨ ਤਾਂ ਸਾਹਿਤ ਰਚਨਾ ਕਿਸਨੇ ਕਰਨੀ ਸੀ। ਕੁਝ ਸਿੱਖ ਵਿਦਵਾਨਾਂ ਨੇ ਬੁੱਧ ਧੱਮ ਵਿਚ ਰੁਚੀ ਦਿਖਾਈ ਅਤੇ ਪੰਜਾਬੀ ਭਾਸ਼ਾ ਵਿਚ ਬੋਧੀ ਵਿਚਾਰਧਾਰਾ ਨੂੰ ਪ੍ਰਗਟ ਕਰਨਾ ਸ਼ੁਰੂ ਕੀਤਾ। ਡਾ. ਅੰਬੇਡਕਰ ਦੇ ਸੰਘਰਸ਼ ਸਦਕਾ ਦਲਿਤ ਚੇਤਨਾ ਉਤਪੰਨ ਹੋਈ। ਫਿਰ 1956 ਵਿਚ ਜਦੋਂ ਡਾ. ਅੰਬੇਡਕਰ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ ਤਾਂ ਭਾਰਤ 'ਚ ਬੁੱਧ ਧਰਮ ਮੁੜ ਕੇ ਸੁਰਜੀਤ ਹੋ ਗਿਆ। ਉਸ ਤੋਂ ਬਾਅਦ ਬੁੱਧ ਦੇ ਪੈਰੋਕਾਰਾਂ ਦੀ ਗਿਣਤੀ, ਪੰਜਾਬ 'ਚ ਵੀ ਵਧਣੀ ਸ਼ੁਰੂ ਹੋਈ ਅਤੇ ਪੰਜਾਬੀ ਭਾਸ਼ਾ ਵਿਚ ਬੋਧੀ ਸਾਹਿਤ ਰਚਿਆ ਜਾਣ ਲੱਗਾ। ਬਹੁਤ ਸਾਰੇ ਅਨੁਵਾਦ ਵੀ ਹੋਏ। ਅਸੀਂ ਇਸ ਲੇਖ ਵਿਚ, ਪੰਜਾਬੀ ਭਾਸ਼ਾ ਵਿਚ ਰਚੇ ਗਏ ਅਤੇ ਅਨੁਵਾਦ ਹੋਏ ਬੋਧੀ ਸਾਹਿਤ ਦੀ ਇਕ ਝਲਕ ਹੀ ਦਿਆਂਗੇ। ਵਿਸਥਾਰ ਦੇਣਾ ਸਾਡਾ ਮਕਸਦ ਨਹੀਂ ਹੈ। ਵਿਸਥਾਰ ਲਈ ਪਾਠਕ ਇੱਥੇ ਉਠਾਏ ਗਏ ਨੁਕਤਿਆਂ ਦੀ ਪੈੜ ਨੱਪਦੇ ਹੋਏ, ਸਰੋਤ ਤੱਕ ਪਹੁੰਚ ਕੇ ਖੁਦ ਪੜ੍ਹ ਸਕਦੇ ਹਾਂ।

ਪੰਜਾਬੀ ਵਿਚ ਦੋ ਤਰ੍ਹਾਂ ਦਾ ਬੋਧੀ ਸਾਹਿਤ ਰਚਿਆ ਗਿਆ ਹੈ। ਇਕ ਵਾਰਤਕ, ਦੂਜਾ ਕਾਵਿ ਰੂਪ। ਬੋਧੀ ਸਾਹਿਤ ਦੇ ਦੋ ਹੋਰ ਭੇਦ ਹਨ, ਇਕ ਬੋਧੀ ਵਿਦਵਾਨਾਂ ਵੱਲੋਂ ਰਚਿਆ ਗਿਆ ਸਾਹਿਤ ਹੈ, ਦੂਜਾ ਗੈਰ-ਬੋਧੀ ਵਿਦਵਾਨਾਂ ਵੱਲੋਂ ਰਚਿਆ ਗਿਆ ਬੋਧੀ ਸਾਹਿਤ ਹੈ। ਬੋਧੀ ਵਿਦਵਾਨਾਂ ਵੱਲੋਂ ਰਚੇ ਗਏ, ਸਾਹਿਤ ਦੇ ਹਵਾਲੇ ਤਾਂ ਇਸ ਪੁਸਤਕ ਵਿਚ ਜਗ੍ਹਾ-ਜਗ੍ਹਾ ਆਉਣਗੇ। ਇਸ ਲਈ, ਹੱਥਲੇ ਲੇਖ ਵਿਚ ਸਿਰਫ ਗੈਰ-ਬੋਧੀ ਵਿਦਵਾਨਾਂ ਵੱਲੋਂ ਰਚੇ ਸਾਹਿਤ ਦੇ ਹਵਾਲੇ ਹੀ ਹੋਣਗੇ:

**(1) ਪੁੰਡ੍ਰੀਕ: ਲੇਖਕ-ਕਪੂਰ ਸਿੰਘ**, ਪ੍ਰਕਾਸ਼ਕ ਅਤਰ ਚੰਦ ਕਪੂਰ ਐਂਡ ਸੰਨਜ਼, ਸੰਨ 1952

ਇਹ ਉਹੀ ਸਿੱਖ ਵਿਦਵਾਨ ਲੇਖਕ ਹਨ, ਜਿਹਨਾਂ ਦੀ 'ਸਾਚੀ ਸਾਖੀ' ਜਗਤ ਪ੍ਰਸਿੱਧ ਪੁਸਤਕ ਹੈ। ਇਹਨਾਂ ਨੇ ਬੁੱਧ ਧਰਮ ਬਾਰੇ ਕਾਫੀ ਕੁਝ ਲਿਖਿਆ ਹੈ। ਪੁੰਡ੍ਰੀਕ, ਇਹਨਾਂ ਦੀ ਬੇਹੱਦ ਪ੍ਰਸਿੱਧ ਕਿਤਾਬ ਹੈ। ਪੁੰਡ੍ਰੀਕ ਦਾ ਮਤਲਬ ਹੁੰਦਾ ਹੈ- ਕਮਲ ਦਾ ਫੁੱਲ। ਕਮਲ ਦਾ ਫੁੱਲ ਬੁੱਧ ਦਾ ਪ੍ਰਤੀਕ ਹੈ। ਬੁੱਧ ਦੀਆਂ ਤਸਵੀਰਾਂ ਅਤੇ ਮੂਰਤੀਆਂ ਕਮਲ ਦੇ ਫੁੱਲ ਉਪਰ ਹੀ ਬਣਾਈਆਂ ਜਾਂਦੀਆਂ ਹਨ। ਇਸ ਕਿਤਾਬ ਵਿਚ 'ਧੱਮਪਦ' ਨਾਮਕ ਲੇਖ, ਪੰਨਾ 261 ਤੋਂ ਲੈ ਕੇ 368 ਪੰਨੇ ਤੱਕ ਹੈ। ਇਸ ਲੇਖ ਦਾ ਆਧਾਰ, ਬੋਧੀਆਂ ਦੀ ਵਿਸ਼ਵ ਪ੍ਰਸਿੱਧ ਧਾਰਮਿਕ ਪੁਸਤਕ 'ਧੱਮਪਦ' ਹੀ ਹੈ। ਸ਼ਲਾਘਾਯੋਗ ਗੱਲ ਇਹ ਹੈ ਕਿ ਇਹ ਲੇਖ ਉਦੋਂ ਲਿਖਿਆ ਗਿਆ, ਜਦੋਂ ਬੁੱਧ ਧਰਮ ਬਾਰੇ, ਕੋਈ ਸਾਹਿਤ ਨਹੀਂ ਸੀ। ਬੁੱਧ ਦੀਆਂ ਗਾਥਾਵਾਂ ਨੂੰ ਸਭ ਤੋਂ ਪਹਿਲਾਂ, ਪੰਜਾਬੀ ਵਿਚ ਵਿਆਖਿਆ ਸਾਹਿਤ ਉਲਥਾ ਕੀਤਾ ਹੈ। ਇਹ ਪੰਜਾਬ ਦੇ ਬੋਧੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਬਾਅਦ ਵਿਚ ਕਿਸੇ ਸੱਚਣ ਨੇ ਇਸੇ ਪੁਸਤਕ ਦੇ 'ਧੱਮਪਦ' ਨਾਮਕ ਲੇਖ ਨੂੰ 'ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਸਿਰਲੇਖ ਹੇਠ ਵੱਖਰੀ ਪੁਸਤਕ ਦੇ ਰੂਪ ਵਿਚ ਛਾਪਿਆ ਹੈ। ਕਈ ਵਿਦਵਾਨ ਕਹਿੰਦੇ ਹਨ ਕਿ ਗਾਥਾਵਾਂ ਵਿਚ ਲਗਾ-ਮਾਤ੍ਰਾ ਦੀਆਂ ਕਮੀਆਂ ਰਹਿ ਗਈਆਂ ਹਨ, ਪਰ ਫਿਰ ਵੀ ਪ੍ਰਸੰਸਾਯੋਗ ਹੈ। ਪੜ੍ਹਨਯੋਗ ਹੈ। ਇਸ ਲੇਖ ਉਤੇ ਵੱਖਰੀ ਕਿਤਾਬ ਲਿਖੀ ਜਾ ਸਕਦੀ ਹੈ, ਜਦਕਿ ਸਾਡਾ ਮਕਸਦ, ਪਾਠਕਾਂ ਨੂੰ ਸਿਰਫ ਕਿਤਾਬ ਬਾਰੇ ਜਾਣਕਾਰੀ ਦੇਣਾ ਹੀ ਹੈ। ਇਸ ਲੇਖ ਵਿਚ 'ਧੱਮਪਦ' ਦੀਆਂ ਸਿਰਫ 101 ਗਾਥਾਵਾਂ ਦਾ ਹਵਾਲਾ ਦਿੱਤਾ ਗਿਆ ਹੈ, ਜਦਕਿ ਧੱਮਪਦ ਵਿਚ ਕੁੱਲ 423 ਗਾਥਾਵਾਂ ਹਨ। ਇਸ ਲੇਖ ਦਾ ਮੁੱਖ ਮਕਸਦ, ਬੁੱਧ ਧਰਮ ਅਤੇ ਸਿੱਖ ਧਰਮ ਦੀ ਵਿਚਾਰਕ ਸਮਰੂਪਤਾ ਨੂੰ ਦਰਸਾਉਣਾ ਹੈ। ਲੇਖਕ ਦਾ ਵਿਚਾਰ ਹੈ, "ਸਿੱਖ ਧਰਮ ਜੋ ਕਿ ਆਪਣੀ ਆਤਮਾ ਤੇ ਬੁਨਿਆਦੀ ਰੂਪ-ਰੇਖਾ ਦੇ ਪਹਿਲੂ ਤੋਂ ਬੁੱਧ ਧਰਮ ਦਾ ਹੀ ਨਵ-ਜਨਮਕ ਰੂਪ ਕਿਹਾ ਜਾ ਸਕਦਾ ਹੈ।"
(ਪੰਨਾ 270)।

**(2) ਸਪਤ ਸ਼੍ਰਿੰਗ:** ਸ: ਕਪੂਰ ਸਿੰਘ (ਆਈ. ਸੀ. ਐਸ.) ਦੀ ਦੂਜੀ ਪੁਸਤਕ ਹੈ, ਜਿਸ ਵਿਚ ਸੱਤ ਮਹਾਨ ਪੁਰਸ਼ਾਂ ਦੇ ਜੀਵਨ ਚਰਿੱਤ੍ਰ ਹਨ। ਇਕ ਲੇਖ (ਗੌਤਮ ਬੁੱਧ' ਪੰਨਾ 119 ਤੋਂ 143 ਪੰਨੇ ਤੱਕ ਹੈ। ਪਹਿਲੀ ਵਾਰ 1952 ਵਿਚ ਹਿੰਦ ਪਬਲਿਸ਼ਰਜ਼ ਅਤੇ ਚੌਥੀ ਵਾਰ, ਲਾਹੌਰ ਬੁੱਕ ਸ਼ਾਪ ਲੁਧਿਆਣਾ ਨੇ 1980 ਵਿਚ ਛਾਪੀ। ਬੁੱਧ ਦਾ ਸੰਖੇਪ ਜੀਵਨ ਸਾਰ ਦਿੱਤਾ ਗਿਆ ਹੈ। ਇਸ ਲੇਖ ਵਿਚ ਵੀ, ਲੇਖਕ 'ਬੁੱਧ ਧਰਮ ਅਤੇ ਸਿੱਖ ਧਰਮ' ਵਿਚਲੀਆਂ ਸਮਾਨਤਾਵਾਂ ਦਾ ਵਰਣਨ ਕਰਦੇ ਹੋਏ ਲਿਖਦੇ ਹਨ ਕਿ "ਗੌਤਮ ਬੁੱਧ ਦੇ ਜਵੀਨ ਦੀਆਂ ਇਹ ਘਟਨਾਵਾਂ ਪੜ੍ਹੀਦੀਆਂ ਹਨ ਤਾਂ ਸਿੱਖ ਗੁਰੂਆਂ ਦੀਆਂ ਜੀਵਨ ਘਟਨਾਵਾਂ, ਵਿਸ਼ੇਸ਼ ਕਰਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਪ੍ਰਿਥੀ ਚੰਦ ਅਤੇ ਧੀਰਮੱਲ ਦੇ ਕੁਟਲ ਕਰਮ ਆਪਹੁਦਰੇ ਅੱਖਾਂ ਅੱਗੇ ਆ ਜਾਂਦੇ ਹਨ ਅਤੇ ਅਚੰਭਿਤ ਹੋਈਦਾ ਹੈ ਕਿ ਤਵਾਰੀਖ ਕਿਵੇਂ ਕਿਸੇ ਵਚਿੱਤ੍ਰ ਤੇ ਗੁਪਤ ਸ਼ਕਤੀ ਦੇ ਅਧੀਨ ਹੋ ਕੇ ਪੁਰਾਣੀਆਂ ਬੀਤ ਚੁੱਕੀਆਂ ਘਟਨਾਵਾਂ ਸਮਾਂ ਪਾ ਕੇ ਮੁੜ ਵਰਤਾ ਦਿੰਦੀ ਹੈ।"
(ਪੰਨਾ 139)।

(3) **Parashar Prasna (ਪਰਾਸ਼ਰ ਪ੍ਰਾਸ਼ਨਾ):** ਸ: ਕਪੂਰ ਸਿੰਘ ਦੀ ਹੀ ਇਕ ਹੋਰ ਪੁਸਤਕ ਹੈ। ਇਸ ਵਿਚ ਵੀ ਸਿੱਖ ਧਰਮ ਅਤੇ ਬੁੱਧ ਧਰਮ ਵਿਚ ਸਮਾਨਤਾ ਦਾ ਵਰਣਨ ਕੀਤਾ ਹੈ।

**(4) ਧੱਮਪਦ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੰਨ 1969 ਵਿਚ ਪੰਜਾਬੀ ਵਿਚ 'ਧੱਮਪਦ' ਛਾਪਿਆ, ਜਿਸਨੂੰ ਵਿਦਵਾਨ- ਐਲ. ਐਮ. ਜੋਸ਼ੀ ਅਤੇ ਸ਼ਾਰਦਾ ਗਾਂਧੀ ਨੇ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਵਿਚ 55 ਪੇਜ ਦੀ ਭੂਮਿਕਾ ਦੇ ਨਾਲ 'ਧੱਮਪਦ' ਦੀਆਂ 423 ਗਾਥਾਵਾਂ ਦਾ ਅਰਥ ਸਹਿਤ ਵਰਣਨ ਹੈ। ਧੱਮਪਦ ਦੇ 26 ਵੱਗ (ਭਾਗ) ਹਨ। ਇਹ ਬਹੁਤ ਮਹੱਤਵਪੂਰਨ ਅਤੇ ਉਪਯੋਗੀ ਪੁਸਤਕ ਹੈ। ਬੁੱਧ ਦੇ ਉਪਦੇਸ਼ਾਂ ਦਾ ਖਜ਼ਾਨਾ ਹੈ। ਧੱਮਪਦ, ਇਕ ਵੱਖਰੀ ਖੋਜ ਦਾ ਵਿਸ਼ਾ ਹੈ। ਧੱਮ ਪੱਦ, ਤਕਰੀਬਨ, ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਛਪ ਚੁੱਕਿਆ ਹੈ। ਇਸ ਪੁਸਤਕ ਨੇ ਬੁੱਧ ਧਰਮ ਨੂੰ ਵਿਸ਼ਵ ਪੱਧਰ ਉਪਰ ਫੈਲਾਉਣ ਦਾ ਕੰਮ ਕੀਤਾ ਹੈ। ਮਾਨਵੀ ਜੀਵਨ ਵਿਚ ਚੰਗੇ ਗੁਣਾਂ ਨੂੰ ਪੈਦਾ ਕਰਨ ਲਈ, ਇਹ ਬਹੁਤ ਉਪਯੋਗੀ ਪੁਸਤਕ ਹੈ। ਮੈਂ ਪਾਲੀ ਦਾ ਵਿਦਵਾਨ ਨਹੀਂ ਪਰ ਵਿਦਵਾਨ ਕਹਿੰਦੇ ਹਨ ਕਿ ਗਾਥਾਵਾਂ ਦੀਆਂ ਤਰੁੱਟੀਆਂ, ਇਸ ਵਿਚ ਵੀ ਰਹਿ ਗਈਆਂ ਹਨ। ਫਿਰ ਵੀ ਪ੍ਰਸੰਸਾਯੋਗ ਹੈ। ਇੱਥੇ ਪਹਿਲੀ ਅਤੇ ਆਖਰੀ ਗਾਥਾਵਾਂ ਦਾ ਜ਼ਿਕਰ ਕਰ ਰਿਹਾ ਹਾਂ। ਪਹਿਲਾ ਵੱਗ, ਯਮਨ ਵੱਗੋ, ਗਾਥਾ ਪਹਿਲੀ:

ਮਨੋਪੁੱਬੰਗੰਮਾ ਧੱਮਾ, ਮਨੋਸੇਟਠਾ ਮਨੋਮਯਾ।
ਮਨਸਾ ਚੇ ਪੁਦੁੱਠੇਨ, ਭਾਸਿਤ ਵਾ ਕਰੋਤਿ ਵਾ।
ਤਤੋ ਨੰ ਦੁਕਖੰ ਅਨਵਤਿ, ਚੱਕੇ ਵਾ ਵਹਤੋ ਪਦੰ॥1॥

ਅਰਥਾਤ : ਮਨ ਹੀ ਸਾਰੀਆਂ ਮਾਨਸਿਕ ਕਿਰਿਆਵਾਂ ਦੀ ਪ੍ਰਧਾਨਗੀ ਕਰਦਾ ਹੈ। ਮਨ ਹੀ ਸ੍ਰੇਸ਼ਠ ਹੈ। ਮਨ ਤੋਂ ਹੀ ਸਾਰੀਆਂ ਮਾਨਸਿਕ ਕਿਰਿਆਵਾਂ ਦੀ ਸਿਰਜਣਾ ਹੋਈ ਹੈ। ਜਿਹੜਾ ਵਿਅਕਤੀ ਦੂਸ਼ਿਤ ਮਨ ਨਾਲ ਬੋਲਦਾ ਹੈ ਜਾਂ ਕੰਮ ਕਰਦਾ ਹੈ, ਉਸ ਦੇ ਪਿੱਛੇ ਦੁੱਖ ਉਸੇ ਤਰ੍ਹਾਂ ਪੈਂਦਾ ਹੈ, ਜਿਵੇਂ ਰੱਥ ਦਾ ਪਹੀਆ, ਰੱਥ ਖਿੱਚਣ ਵਾਲੇ ਬਲਦ ਦੇ। (ਪੰਨਾ 61)



**ਆਖਰੀ ਵੱਗ-** ਬ੍ਰਾਹਮਣ ਵੱਗ ਹੈ। ਇਸ ਵਿਚ, ਕੌਣ ਬ੍ਰਾਹਮਣ ਹੈ, ਕੌਣ ਨਹੀਂ, ਦੀ ਵਿਆਖਿਆ ਕੀਤੀ ਗਈ ਹੈ। ਗਾਥਾ 396 ਇਉਂ ਹੈ:

ਨ ਚਾਹੰ ਬ੍ਰਾਹਮਣੰ ਬਰੂਮਿ,
ਯੋਨਿਜੰ ਮੱਤਿਸੰਭਵੰ।
ਭੋਵਾਦਿ ਨਾਮ ਸੋ ਹੋਤਿ, ਸਚੇ ਹੋਤਿ ਸਕਿੰਚਨੇ।
ਅਕਿੰਚਨੰ ਅਨਾਦਾਨੰ, ਤਮਹੰ ਬਰੂਮਿ ਬ੍ਰਾਹਮਣੰ॥ 396॥

ਅਰਥਾਤ : ਜਨਮ ਤੋਂ ਜਾਂ ਬ੍ਰਾਹਮਣੀ ਦੀ ਕੁੱਖ ਤੋਂ ਪੈਦਾ ਹੋਣ ਵਾਲੇ ਨੂੰ ਮੈਂ ਬ੍ਰਾਹਮਣ ਨਹੀਂ ਕਹਿੰਦਾ, ਕਿਉਂਕਿ ਉਹ 'ਭੋ ਵਾ ਦਿ' ਹੈ ਔਰ ਪਦਾਰਥਾਂ ਨੂੰ ਇਕੱਠਾ ਕਰਨ ਵਾਲਾ ਹੈ। ਜੋ ਧੰਨ ਦੌਲਤ ਦਾ ਸੰਗ੍ਰਹੀ ਨਹੀਂ ਹੈ, ਜਾਂ ਜੋ ਸੰਸਾਰਕ ਪਦਾਰਥਾਂ ਨਾਲ ਲਗਾਓ ਨਹੀਂ ਰੱਖਦਾ, ਉਸਨੂੰ ਮੈਂ ਬ੍ਰਾਹਮਣ ਕਹਿੰਦਾ ਹਾਂ। 'ਧੱਮਪਦ' ਦੀ ਆਖਰੀ ਗਾਥਾ 423 ਇਉਂ ਹੈ:

ਪੁੱਬੇ ਨਿਵਾਸੰ ਯੋ ਵੇਦਿ, ਸੱਗਾਪਾਯੰ ਚ ਪੱਸਤਿ।
ਅਥੋ ਜਾਤਿਕਖਯੰ ਪੱਤੋ, ਅਭਿੱਵਾਵੋਸਿਤ ਮੁਨਿ।
ਸੱਬਵੋਸਿਤਵੋਸਾਨੰ, ਤਮਹੰ ਬਰੂਮਿ ਬ੍ਰਾਹਮਣੰ॥ 423॥

ਅਰਥਾਤ: ਜੋ ਆਪਣੇ ਪੂਰਬ ਜਨਮ ਨੂੰ ਜਾਣਦਾ ਹੈ, ਸਵਰਗ ਤੇ ਨਰਕ ਨੂੰ ਜਿਸਨੇ ਵੇਖ ਲਿਆ ਹੈ, ਜਿਸਦਾ ਪੁਨਰ ਜਨਮ ਖਤਮ ਹੋ ਗਿਆ ਹੈ। ਜੋ ਪੂਰਨ ਗਿਆਨੀ ਹੈ, ਮੁਨੀ ਹੈ, ਜਿਸ ਵਿਚ ਸਾਰੀਆਂ ਪੂਰਣਤਾਵਾਂ ਹਨ, ਉਸਨੂੰ ਮੈਂ ਬ੍ਰਾਹਮਣ ਕਹਿੰਦਾ ਹਾਂ। (ਪੰਨਾ 176)। ਗਾਥਾਵਾਂ ਤੇ ਉਹਨਾਂ ਦੇ ਅਰਥ ਉਹੀ ਹਨ, ਜੋ ਇਸ ਪੁਸਤਕ ਵਿਚ ਦਿੱਤੇ ਗਏ ਹਨ। ਕਿਸੇ ਦੂਸਰੇ, ਪਾਲੀ ਵਿਦਵਾਨ ਦੇ ਅਰਥ, ਇਸ ਤੋਂ ਭਿੰਨ ਵੀ ਹੋ ਸਕਦੇ ਹਨ।

**(5) ਹਰਸ਼:** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 1985 ਵਿਚ, ਡਾ. ਫੌਜਾ ਸਿੰਘ ਦੁਆਰਾ ਲਿਖਤ 'ਹਰਸ਼' ਛਾਪੀ ਸੀ। ਹਰਸ਼ਵਰਧਨ, ਇਕ ਪ੍ਰਸਿੱਧ ਬੋਧੀ ਰਾਜਾ ਸੀ। ਇਹ ਹਿਊਨਸਾਂਗ ਦਾ ਸਮਕਾਲੀ ਰਾਜਾ ਸੀ। ਹਿਊਨਸਾਂਗ ਨੇ 'ਹਰਸ਼' ਬਾਰੇ ਬਹੁਤ ਕੁਝ ਲਿਖਿਆ ਹੈ। ਇਸ ਸਮੇਂ ਭਾਰਤ-ਚੀਨ ਦੇ ਸਬੰਧ ਬਹੁਤ ਚੰਗੇ ਸਨ। ਬਹੁਤ ਸਾਰੇ ਚੀਨੀ ਵਿਦਿਆਰਥੀ ਭਾਰਤ ਵਿਚ ਸਿੱਖਿਆ ਗ੍ਰਹਿਣ ਕਰਨ ਲਈ ਆਉਂਦੇ ਸਨ। ਨਾਲੰਦਾ ਦੇ ਨਾਲ ਨਾਲ 'ਜਲੰਧਰ' ਵੀ ਵਿੱਦਿਆ ਦਾ ਪ੍ਰਮੁੱਖ ਕੇਂਦਰ ਸੀ। ਜਲੰਧਰ ਉਸ ਸਮੇਂ 'ਧੱਮ ਦਾ ਕੇਂਦਰ' ਵੀ ਸੀ। ਜਲੰਧਰ ਬਾਰੇ ਲਿਖਦਾ ਹੈ ਕਿ 'ਜਲੰਧਰ ਦੇ ਇਲਾਕੇ ਵਿਚ ਇਕ ਰਾਜਾ ਉਦੀਤੋ ਦਾ ਰਾਜ ਪ੍ਰਬੱਧ ਸੀ। ਇਹ ਰਾਜਾ ਪਹਿਲਾਂ ਹਿੰਦੂ ਧਰਮੀ ਸੀ, ਮਗਰੋਂ ਇਕ ਬੋਧੀ ਅਰਹਤ ਨੇ ਇਸਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬੁੱਧ ਧਰਮ ਦਾ ਅਨੁਯਾਈ ਹੀ ਨਹੀਂ ਸਗੋਂ ਸਰਗਰਮ ਪ੍ਰਚਾਰਕ ਵੀ ਬਣ ਗਿਆ। ਉਸਨੇ ਭਾਰਤ ਵਿਚ ਦੂਰ-ਦੂਰ ਤੱਕ ਸਫਰ ਅਤੇ ਸਤੂਪਾਂ ਦਾ ਨਿਰਮਾਣ ਕੀਤਾ।" ਜਲੰਧਰ ਦਾ ਰਾਜਾ ਹਰਸ਼ਵਰਧਨ ਦੇ ਅਧੀਨ ਸੀ, ਹਰਸ਼ਵਰਧਨ ਦੇ ਪ੍ਰਭਾਵ ਥੱਲੇ ਹੀ ਜਲੰਧਰ ਦਾ ਰਾਜਾ ਬੋਧੀ ਬਣਿਆ ਸੀ। ਹਰਸ਼ ਵਰਧਨ ਨੇ 'ਆਪਣੇ ਸਾਰੇ ਰਾਜਕਾਲ ਵਿਚ ਬੋਧੀ ਸੱਤਵ ਅਵਲੋਕ ਤੇਸ਼ਵਰ ਦੀ ਸਿੱਖਿਆ 'ਤੇ ਯਥਾ ਯੁਕਤ ਅਮਲ ਕੀਤਾ। ਉਸਨੇ ਬੁੱਧ ਧਰਮ ਦੇ ਪ੍ਰਚਾਰ ਲਈ, ਕਈ ਉਚੇਚੇ ਪ੍ਰਬੰਧ ਕੀਤੇ। ਜਲੰਧਰ ਦਾ ਰਾਜਾ, ਜੋ ਇਸ ਧਰਮ ਵਿਚ ਦ੍ਰਿੜ੍ਹ ਵਿਸ਼ਵਾਸ ਰੱਖਦਾ ਸੀ, ਉਸਨੂੰ ਇਸ ਕੰਮ ਦੀ ਸਰਵੋਤਮ ਜ਼ਿੰਮੇਵਾਰੀ ਸੌਂਪੀ। ਬੋਧੀ ਮਠਾਂ ਨੂੰ ਦਿਲ ਖੋਲ੍ਹਕੇ ਦਾਨ ਦਿੱਤਾ ਤਾਂ ਜੋ ਉਹਨਾਂ ਨੂੰ ਰਿਹਾਇਸ਼ ਰੱਖਣ ਵਾਲੇ ਭਿਖਸ਼ੂ ਤੇ ਭਿਖਸ਼ੂਣੀਆਂ ਆਪਣੇ ਧਾਰਮਿਕ ਕਰਤੱਵਾਂ ਨੂੰ ਬਿਨਾਂ ਕਿਸੇ ਮਾਇਕ ਔਕੜ ਦੇ ਨਿਭਾ ਸਕਣ।" (ਪੰਨਾ 84)

ਹਿਊਨਸਾਂਗ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ "ਹਰਸ਼ ਕਾਲ ਵਿਚ ਆਮ ਲੋਕਾਂ ਦੀ ਆਰਥਿਕ ਦਸ਼ਾ ਕਾਫੀ ਚੰਗੀ ਸੀ। ਚੀਨੀ ਯਾਤਰੀ ਦੇ ਵੇਖਣ ਵਿਚ ਮਹਾਤਮਾ ਬੁੱਧ ਦੀਆਂ ਬਹੁਤ ਸਾਰੀਆਂ ਸੋਨੇ ਦੀਆਂ ਮੂਰਤੀਆਂ ਆਈਆਂ। ਉਸਨੇ ਇਹ ਵੀ ਵੇਖਿਆ ਕਿ ਬੋਧੀ ਸੰਘ ਦੇ ਮੱਠਾਂ ਲਈ ਕੇਵਲ ਅਮੀਰ ਆਦਮੀ ਹੀ ਨਹੀਂ ਸਗੋਂ ਸਧਾਰਨ ਆਦਮੀ ਵੀ ਦਾਨ ਦਿੰਦੇ ਸਨ। ਜਿੱਥੇ ਵੀ ਭਾਰਤ ਵਿਚ ਇਹ ਚੀਨੀ ਯਾਤਰੀ ਗਿਆ, ਉਸਨੂੰ ਲੋਕਾਂ ਵੱਲੋਂ ਬੜੀਆਂ ਸੁਗਾਤਾਂ ਦਿੱਤੀਆਂ ਗਈਆਂ। ਉਸਦੀ ਪ੍ਰਾਹੁਣਾਚਾਰੀ ਵਿਚ ਬੜੀ ਉਦਾਰਤਾ ਨਾਲ ਪੈਸਾ ਖਰਚ ਕੀਤਾ ਜਾਂਦਾ ਰਿਹਾ। ਹਿੰਦੂ ਧਰਮ ਤੇ ਬੁੱਧ ਧਰਮ ਦੇ ਮੰਦਰਾਂ ਦੀ ਹਾਲਤ ਵੀ ਬਹੁਤ ਚੰਗੀ ਸੀ। ਉਹਨਾਂ ਵਿਚ ਖਾਣ-ਪੀਣ ਦਾ ਸਮਾਨ ਇੰਨਾ ਜ਼ਿਆਦਾ ਹੁੰਦਾ ਸੀ ਕਿ ਕਈ ਵਾਰ ਉਹ ਪਿਆ-ਪਿਆ ਖਰਾਬ ਹੋ ਜਾਂਦਾ ਸੀ। ਉਹਨਾਂ ਕੋਲ ਰੁਪਏ ਦੀ ਕੋਈ ਥੁੜ੍ਹ ਨਹੀਂ ਸੀ। ਇਕ ਹੋਰ ਚੀਨੀ ਯਾਤਰੀ, ਇੰਤਸਿੰਗ, ਜੋ ਹਰਸ਼ ਦੇ ਸਮੇਂ ਤੋਂ ਕੋਈ 50 ਕੁ ਸਾਲ ਮਗਰੋਂ ਭਾਰਤ ਆਇਆ, ਇਸ ਬਾਰੇ ਇਉਂ ਲਿਖਦਾ ਹੈ: "ਇਹ ਉਚਿਤ ਨਹੀਂ ਲੱਗਦਾ ਕਿ ਕਿਸੇ ਮੱਠ ਵਿਚ ਇੰਨਾ ਧੰਨ ਹੋਵੇ ਜਾਂ ਖਰਾਬ ਹੋ ਚੁੱਕੇ ਅਨਾਜ ਦੇ ਇੰਨੇ ਵੱਡੇ ਭੰਡਾਰ ਹੋਣ ਜਾਂ ਇੰਨੇ ਨਰ-ਮਾਦਾ ਨੌਕਰ ਹੋਣ ਜਾਂ ਇਸਦੇ ਖਜ਼ਾਨੇ ਵਿਚ ਇੰਨਾ ਮਾਲ ਤੇ ਰੁਪਿਆ ਪੈਸਾ ਹੋਵੇ ਕਿ ਉਹ ਵਰਤੋਂ ਵਿਚ ਨਾ ਆ ਸਕੇ।" (ਪੰਨਾ 72)। ਇਹ ਛੋਟੀ ਜਿਹੀ ਕਿਤਾਬ, ਬੋਧੀ ਪਾਠਕਾਂ ਦੇ ਗਿਆਨ ਵਿਚ ਚੋਖਾ ਵਾਧਾ ਕਰਦੀ ਹੈ। ਹਰਸ਼ਵਰਧਨ ਬੁੱਧ ਦਾ ਕਿੱਡਾ ਵੱਡਾ ਪੁਜਾਰੀ ਸੀ। ਇਸ ਦਾ ਅੰਦਾਜ਼ਾ ਇਕ ਘਟਨਾ ਤੋਂ ਲਾਇਆ ਜਾ ਸਕਦਾ ਹੈ। ਹਿਊਨਸਾਂਗ ਕਸ਼ਮੀਰ ਵਿਚ ਕੋਈ ਦੋ ਸਾਲ ਭਰ ਰਿਹਾ, ਉਹ ਲਿਖਦਾ ਹੈ ਕਿ 'ਕੋਈ ਰਾਜਾ ਸ਼ੀਲਾ ਦਿੱਤੀਆਂ ਮਹਾਤਮਾ ਬੁੱਧ ਦੇ ਇਕ ਦੰਦ ਦੇ ਦਰਸ਼ਨਾਂ ਲਈ ਆਇਆ ਸੀ। ਇਹ ਇਕ ਅਲੌਕਿਕ ਦੰਦ ਸੀ ਜਿਸ ਵਿਚੋਂ ਰੌਸ਼ਨੀ ਹੁੰਦੀ ਰਹਿੰਦੀ ਸੀ। ਉਸਦੇ ਦਿਲ ਵਿਚ ਇਸ ਪਾਵਨ ਦੰਦ ਨੂੰ ਵੇਖਣ ਦੀ ਬੜੀ ਤਾਂਘ ਸੀ। ਜਦ ਉਹ ਉਥੇ ਅੱਪੜਿਆ ਤਾਂ ਜਿਹਨਾਂ ਲੋਕਾਂ ਕੋਲ ਉਹ ਦੰਦ ਸੀ, ਉਹਨਾਂ ਉਸਨੂੰ ਜ਼ਮੀਨ ਵਿਚ ਦਬਾਅ ਦਿੱਤਾ। ਪਰ ਸ਼ੀਲਾ ਦਿੱਤੀਆਂ ਨੂੰ ਇਵੇਂ ਟਾਲਿਆ ਨਹੀਂ ਸੀ ਜਾ ਸਕਦਾ। ਸੋ, ਕਸ਼ਮੀਰ ਦੇ ਰਾਜਾ ਨੇ ਉਸਦੀ ਤਾਕਤ ਤੋਂ ਭੈਅ ਖਾ ਕੇ ਉਹ ਦੰਦ ਜ਼ਮੀਨ ਵਿਚੋਂ ਪੁਟਵਾਇਆ ਤੇ ਸ਼ੀਲਾ ਦਿੱਤੀਆ ਨੂੰ ਦੇਖਣ ਲਈ ਦਿੱਤਾ। ਸ਼ੀਲਾ ਦਿੱਤੀਆ ਤਾਕਤ ਦੀ ਵਰਤੋਂ ਦੁਆਰਾ ਉਹ ਦੰਦ ਆਪਣੇ ਨਾਲ ਲੈ ਆਇਆ। ਡਾ. ਮੁਕਰਜੀ, ਡਾ. ਤ੍ਰਿਪਾਠੀ, ਡਾ. ਬੈਜਨਾਥ ਸ਼ਰਮਾ ਆਦਿ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਇਹ ਸ਼ੀਲਾ ਦਿੱਤੀਆ ਕਨੌਜ ਦਾ ਰਾਜਾ ਹਰਸ਼ਵਰਧਨ ਹੀ ਸੀ।" (ਪੰਨਾ 47) ਹਰਸ਼ ਨੇ 641 ਤੋਂ 648 ਈਸਵੀ ਦੇ ਵਿਚਕਾਰ ਤਿੰਨ ਮਿਸ਼ਨ ਚੀਨ ਭੇਜੇ। ਇਸੇ ਸਮੇਂ ਇੰਨੇ ਹੀ ਮਿਸ਼ਨ ਚੀਨ ਤੋਂ ਭਾਰਤ ਆਏ। ਇਸ ਤੋਂ ਪਤਾ ਲੱਗਦਾ ਹੈ ਕਿ ਹਰਸ਼ ਕਾਲ ਵਿਚ ਭਾਰਤ ਤੇ ਚੀਨ ਦੇ ਵਿਚਕਾਰ ਕਈ ਰਾਹ ਖੁੱਲ੍ਹੇ ਸਨ, ਜਿਹਨਾਂ ਥਾਣੀ ਲੋਕ ਸਫਰ ਕਰ ਸਕਦੇ ਸਨ। ਇਕ ਰਾਹ ਤਿੱਬਤ ਵਿਚੋਂ ਦੀ ਸੀ, ਇਕ ਕੇਂਦਰੀ ਏਸ਼ੀਆ ਵਿਚੋਂ ਤੇ ਇਕ ਹੋਰ ਦੱਖਣ ਪੱਛਮੀ ਏਸ਼ੀਆ ਵਿਚੋਂ ਦੀ ਲੰਘਦਾ ਸੀ। ਫਾਹਯਾਂਗ, ਹਿਊਨਸਾਂਗ, ਸਿੰਗਯੁੰਨ, ਇੰਤਸਿੰਗ ਤੇ ਹੋਰ ਕਈ ਯਾਤਰੀਆਂ ਨੇ ਇਹਨਾਂ ਰਾਹਾਂ 'ਤੇ ਹੀ ਸਫਰ ਕੀਤਾ ਸੀ। (ਪੰਨਾ 67) ਭਾਰਤ ਦੀ ਵਿੱਦਿਆ ਦੇ ਖੇਤਰ ਵਿਚ ਪ੍ਰਸਿੱਧੀ ਦੇ ਕਾਰਨ ਲੱਗਭੱਗ 162 ਚੀਨੀ ਯਾਤਰੀ ਪੰਜਵੀਂ ਤੋਂ ਅੱਠਵੀਂ ਸ਼ਤਾਬਦੀ ਤੱਕ ਭਾਰਤ ਆਏ (ਪੰਨਾ 64)।

ਹਰਸ਼ਵਰਧਨ, ਮਹਾਂਦਾਨੀ ਸੀ। ਉਹ ਹਰ ਪੰਜਾਂ ਸਾਲਾਂ ਬਾਅਦ ਬੁੱਧ ਧਰਮ ਦੀ ਸ਼ਾਨ ਵਿਚ ਇਕ ਮਹਾਨ ਸਮਾਗਮ ਕਰਦਾ ਸੀ। ਇਸ ਤਰ੍ਹਾਂ ਦੇ ਉਸਨੇ ਛੇ ਸਮਾਗਮ ਕੀਤੇ। ਇਕ ਸਮਾਗਮ ਵਿਚ ਹਿਊਨਸਾਂਗ ਖੁਦ ਵੀ ਹਾਜ਼ਰ ਸੀ। ਉਹ ਲਿਖਦਾ ਹੈ ਕਿ "ਹਰਸ਼ ਨੇ ਫੌਜੀ ਲੋੜਾਂ ਦਾ ਸਮਾਨ ਛੱਡ ਕੇ ਸ਼ਾਹੀ ਖਜ਼ਾਨੇ ਦੀ ਸਾਰੀ ਦੌਲਤ ਤੇ ਹੋਰ ਕੀਮਤੀ ਸਮੱਗਰੀ ਦਾਨ ਵਿਚ ਦੇ ਦਿੱਤੀ। ਇੱਥੋਂ ਤੱਕ ਕਿ ਜੋ ਕੱਪੜੇ ਉਸਨੇ ਪਹਿਨੇ ਹੋਏ ਸਨ, ਉਹ ਵੀ ਦਾਨ ਕਰ ਦਿੱਤੇ ਅਤੇ ਪਿੰਡਾ ਢੱਕਣ ਲਈ ਉਸਨੇ ਆਪਣੀ ਭੈਣ ਰਾਜੇਸ਼ਵਰੀ ਪਾਸੋਂ ਕੱਪੜਾ ਮੰਗਿਆ। ਇਸ ਤਰ੍ਹਾਂ ਦੇ ਦਾਨ ਦੀ ਉਦਾਹਰਣ ਮਾਨਵ ਇਤਿਹਾਸ ਵਿਚ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀ ਹੈ (ਪੰਨਾ 85)। "ਇਹ ਸਮਾਗਮ ਆਮ ਤੌਰ 'ਤੇ ਪ੍ਰਯਾਗ ਵਿਖੇ ਕੀਤੇ ਜਾਂਦੇ ਸਨ, ਜਿੱਥੇ ਕਿ ਸਮਾਗਮ ਦੇ ਅਵਸਰ ਤੇ ਆਰਜ਼ੀ ਤੌਰ ਤੇ ਇਕ ਨਵਾਂ ਸ਼ਹਿਰ ਆਬਾਦ ਹੋ ਜਾਂਦਾ ਸੀ। ਸਮਾਗਮ ਦਾ ਆਰੰਭ ਇਕ ਵੱਡੇ ਜਲੂਸ ਨਾਲ ਕੀਤਾ ਜਾਂਦਾ ਸੀ, ਜਿਸ ਵਿਚ ਮਹਾਤਮਾ ਬੁੱਧ ਦੀ ਸੋਨੇ ਦੀ ਮੂਰਤੀ ਨੂੰ ਪੂਰੇ ਸਨਮਾਨ ਨਾਲ ਲਿਜਾਇਆ ਜਾਂਦਾ ਸੀ।" (ਪੰਨਾ 84)। ਡਾ. ਫੌਜਾ ਸਿੰਘ ਦੀ, ਇਹ ਛੋਟੀ ਜਿਹੀ ਕਿਤਾਬ, ਬੁੱਧ ਧਰਮ ਦੀ ਜਾਣਕਾਰੀ ਲਈ, ਆਮ ਪਾਠਕ ਲਈ, ਕਾਫੀ ਹੈ।

**(6) ਪ੍ਰਾਚੀਨ ਭਾਰਤੀ ਬੁੱਧ ਧਰਮ:** ਉਦਭਵ, ਸੁਭਾਅ ਅਤੇ ਪਤਨ: ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 2007 ਵਿਚ ਲੇਖਕ, ਪ੍ਰੋ: ਕਰਮਤੇਜ ਸਿੰਘ ਸਰਾਓ ਦੁਆਰਾ ਲਿਖੀ ਗਈ ਹੈ। ਇਸਦੇ 6 ਅਧਿਆਏ ਹਨ, ਜਿਹਨਾਂ ਵਿਚੋਂ 5 ਅਧਿਆਏ, ਉਸਦੀ ਅੰਗਰੇਜ਼ੀ ਦੀ ਪੁਸਤਕ Origin and Nature of Ancient Budhdhism ਉਪਰ ਆਧਾਰਿਤ ਹਨ, ਸਿਰਫ ਇਕ ਅਧਿਆਏ "ਬੁੱਧ ਧਰਮ ਦਾ ਪਤਨ" ਲਿਖ ਕੇ ਨਵੀਂ ਕਿਤਾਬ ਬਣਾ ਦਿੱਤੀ ਗਈ। ਮੈਂ ਇਹ ਕਿਤਾਬ ਅਜੇ ਪੜ੍ਹੀ ਨਹੀਂ, ਸਿਰਫ ਪਾਠਕਾਂ ਦੀ ਜਾਣਕਾਰੀ ਲਈ ਹੀ ਦੇ ਰਿਹਾ ਹਾਂ। ਪਰ ਵਿਭਾਗੀ ਸ਼ਬਦ ਵਿਚ 'ਧਨਵੰਤ ਕੌਰ' ਨੇ ਲਿਖਿਆ ਹੈ ਕਿ ਇਹ ਪੁਸਤਕ ਬੁੱਧ ਦੀ ਫਿਲਾਸਫੀ ਨੂੰ ਸਮੱਗਰ ਅਤੇ ਸੰਤੁਲਿਤ ਰੂਪ ਵਿਚ ਪੇਸ਼ ਕਰਦੀ ਹੈ।

(7) **ਸੰਘੋਲ ਇਕ ਭਾਸ਼ਾਈ ਅਤੇ ਸੱਭਿਅਚਾਰਕ ਸਰਵੇਖਣ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 1980 ਵਿਚ ਇਕ ਸੰਘੋਲ ਬਾਰੇ ਸਰਵੇ ਪੁਸਤਕ ਛਾਪੀ, ਜਿਸ ਵਿਚ ਪਿੰਡ ਦੇ ਹਰ ਪਹਿਲੂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸੰਘੋਲ ਵਿਖੇ ਹੋ ਰਹੀ ਖੁਦਾਈ ਦੀਆਂ ਕੁਝ ਤਸਵੀਰਾਂ ਅਤੇ ਪ੍ਰਾਚੀਨ ਸਿੱਕਿਆਂ ਦੇ ਫੋਟੋ ਵੀ ਹਨ। ਇਸ ਪੁਸਤਕ ਤੋ ਬਾਅਦ ਸੰਘੋਲ ਬਾਰੇ ਬਹੁਤ ਸਾਰੀ ਜਾਣਕਾਰੀ ਅਤੇ ਵਿਧੀਵਤ ਤਰੀਕੇ ਨਾਲ ਹੋਈ ਖੁਦਾਈ ਤੋਂ ਬਹੁਤ ਸਾਰਾ ਬੋਧੀ ਵਿਰਸਾ ਮਿਲਿਆ ਹੈ। ਪੁਰਾਤੱਤਵ ਵਿਭਾਗ ਨੇ ਕਈ ਪੁਸਤਕਾਂ ਵੀ ਛਾਪੀਆਂ ਹਨ। ਮੈਂਵੀ ਇਕ ਪੁਸਤਿਕਾ 'ਸੰਘੋਲ ਇਕ ਇਤਿਹਾਸਕ ਬੋਧੀ ਕੇਂਦਰ' ਛਾਪੀ ਸੀ।

ਸੰਘੋਲ ਬਾਰੇ ਵਹਿਮ ਹੈ ਕਿ ਸੰਘੋਲ ਦਾ ਨਾਂ ਲੈਣਾ ਮਾੜਾ ਹੈ ਅਤੇ ਇਕ ਮੁਹਾਵਰਾ ਵੀ ਪ੍ਰਚੱਲਿਤ ਰਿਹਾ ਹੈ- ਸੰਘੋਲ ਦੇ ਪੱਥਰ ਪੈਣੇ। ਇਹ, ਜਾਂ ਤਾਂ ਸੰਘੋਲ ਦੇ ਵਾਰ-ਵਾਰ ਉਜੜਨ ਕਰਕੇ ਜਾਂ ਬੁੱਧ ਧਰਮ ਪ੍ਰਤੀ ਜੋ ਘ੍ਰਿਣਾ ਹੈ, ਉਸ ਦਾ ਪ੍ਰਤੀਕ ਹੈ। ਇਸੇ ਕਰਕੇ ਸੰਘੋਲ ਦੀ ਬਜਾਏ, ਇਸਨੂੰ ਉੱਚਾ ਪਿੰਡ ਕਿਹਾ ਜਾਂਦਾ ਹੈ। ਸੰਘੋਲ ਸ਼ਬਦ ਸੰਘ ਸ਼ਬਦ, ਜੋ ਬੁੱਧ ਸੰਘ ਦਾ ਪ੍ਰਤੀਕ ਹੈ, ਉਸ ਤੋਂ ਬਣਿਆ ਲੱਗਦਾ ਹੈ, ਇਸੇ ਕਰਕੇ ਸੰਘੋਲ ਦਾ ਨਾਂ ਲੈਣਾ ਬੁਰਾ ਸਮਝਿਆ ਜਾਂਦਾ ਹੈ ਅਤੇ ਇਲਾਕੇ ਦੇ ਲੋਕ ਇਸ ਪਿੰਡ ਨੂੰ ਸੰਘੋਲ ਦੀ ਬਜਾਏ 'ਉੱਚਾ ਪਿੰਡ' ਕਹਿਣਾ ਜ਼ਿਆਦਾ ਪਸੰਦ ਕਰਦੇ ਹਨ।

**(8) ਸਾਰਨਾਥ:** ਭਾਸ਼ਾ ਵਿਭਾਗ ਪੰਜਾਬ ਵੱਲੋਂ 1991 ਵਿਚ ਡਾ. ਨਵਰਤਨ ਕਪੂਰ ਦੁਆਰਾ ਲਿਖੀ, ਪੰਜਾਬੀ ਦੀ ਵੱਡਮੁਲੀ ਪੁਸਤਕ ਹੈ, ਜਿਸ ਵਿਚ ਸਾਰਨਾਥ ਦਾ ਇਤਿਹਾਸ ਅੰਕਿਤ ਹੈ। ਇਸ ਪੜ੍ਹਨਯੋਗ ਪੁਸਤਕ ਵਿਚੋਂ ਕੁਝ ਹਵਾਲੇ ਦੇ ਰਹੇ ਹਾਂ: "ਭਿਖਸ਼ੂਓ! ਹੁਣ ਤੁਸੀਂ ਵੱਖ-ਵੱਖ ਦਿਸ਼ਾਵਾਂ ਵੱਲ ਜਾਓ। ਤੁਹਾਡੇ ਵਿਚੋਂ ਕੋਈ ਵੀ ਦੋ ਬੰਦੇ ਇਕੱਠੇ ਨਾ ਜਾਣ। ਬਹੁਤਿਆਂ ਦੇ ਸੁੱਖ ਅਤੇ ਬਹੁਤਿਆਂ ਦੀ ਭਲਾਈ (ਬਹੁਜਨ ਸੁਖਾਯ, ਬਹੁਜਨ ਹਿਤਾਯ), ਦੇਵਤਿਆਂ ਤੇ ਮਨੁੱਖਾਂ ਦੇ ਕਲਿਆਣ ਲਈ ਤੁਸੀਂ ਤੁਰਦੇ ਫਿਰਦੇ ਰਹੋ ਅਤੇ ਸੱਚੇ ਧਰਮ ਦਾ ਉਪਦੇਸ਼ ਦਿੰਦੇ ਰਹੋ। (ਇਹ ਅਜਿਹਾ ਧਰਮ ਹੈ) ਜਿਸਦਾ ਆਦਿ, ਮੱਧ ਤੇ ਅੰਤ ਸਾਰੇ ਹੀ ਕਲਿਆਣਕਾਰੀ ਹਨ। ਤੁਸੀਂ ਲੋਕਾਂ ਨੂੰ ਸ਼ੁੱਧ ਬ੍ਰਹਮਚਰਯ ਪਾਲਣ ਤਨੋ ਹੀ ਨਹੀਂ ਸਗੋਂ ਮਨੋ ਵੀ ਭੋਗ-ਵਿਲਾਸ ਦੇ ਵਿਚਾਰਾਂ ਤੋਂ ਦੂਰ ਰਹਿਣ) ਦੀ ਸਿੱਖਿਆ ਦਿਓ।" (ਪੰਨਾ 14)

"ਫੋ-ਲੋ-ਨਈ ਅਰਥਾਤ 'ਬਨਾਰਸ' (ਵਾਰਾਣਸੀ) ਦੇ ਉੱਤਰੀ ਪਾਸੇ ਫੋ-ਲੋ-ਨਾ (ਵਰੁਣਾ) ਨਦੀ ਵਗਦੀ ਹੈ, ਜਿਸਦੇ ਕੰਢੇ ਉਤੇ 10 ਲੀ (ਲੱਗਭੱਗ 3 ਕਿਲੋਮੀਟਰ) ਦੀ ਦੂਰੀ ਉਤੇ 'ਕਿਆ-ਲਾਨ' ਅਰਥਾਤ ਸਾਰਨਾਥ ਹੈ। ਉਥੇ 1500 ਭਿਕਸ਼ੂ 30 ਸੰਘਾਗਮਾ ਵਿਚ ਰਹਿੰਦੇ ਹਨ। ਇਹ ਬੋਧੀਆਂ ਦੇ ਸੰਮ੍ਰਿਤੀਯ ਸੰਪ੍ਰਦਾਇ ਨਾਲ ਸਬੰਧ ਰੱਖਦੇ ਹਨ। 'ਮ੍ਰਿਗ ਦਾਵ' (ਹਿਰਨਾਂ ਦੇ ਜੰਗਲ) ਦੀਆਂ ਇਮਾਰਤਾਂ ਅੱਠ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ। ਇਹ ਇਕੋ ਚਾਰ ਦੀਵਾਰੀ ਵਿਚ ਬਣੀਆਂ ਹੋਈਆਂ ਹਨ।

ਇਸ ਅਹਾਤੇ ਦੇ ਮੱਧ ਵਿਚ ਇਕ ਵਿਸ਼ਾਲ ਬੋਧੀ ਮੰਦਿਰ ਸੀ। ਉਸਦੀ ਉਚਾਈ 200 ਫੁੱਟ ਸੀ। ਇਸ ਦੇ ਸਿਖਰ ਉਤੇ ਸੋਨੇ ਦਾ ਬਣਿਆ ਹੋਇਆ ਇਕ ਤੀਰ ਲਾਇਆ ਹੋਇਆ ਸੀ। ਮੰਦਿਰ ਦਾ ਹੇਠਲਾ ਹਿੱਸਾ ਪੱਥਰ ਦਾ ਬਣਿਆ ਹੋਇਆ ਸੀ ਅਤੇ ਕੰਧਾਂ ਇੱਟਾਂ ਨਾਲ ਤਿਆਰ ਕੀਤੀਆਂ ਗਈਆਂ ਸਨ। ਮੰਦਿਰ ਦੇ ਆਲੇ-ਦੁਆਲੇ ਇਕ ਸੌ ਚੈਤਯ (CHAPELS) ਉਸਾਰੇ ਗਏ ਸਨ। ਇਹਨਾਂ ਸਭਨਾਂ ਉਤੇ ਸੁਨਹਿਰੀ ਤੀਰ ਧਰੇ ਹੋਏ ਸਨ ਅਤੇ ਇਨ੍ਹਾਂ ਅੰਦਰ ਸਥਾਪਤ ਦੇਵ-ਮੂਰਤੀਆਂ ਗਿਲਟ ਦੀਆਂ ਬਣੀਆਂ ਹੋਈਆਂ ਸਨ।

ਵੱਡੇ ਮੰਦਿਰ ਵਿਚ ਮਹਾਤਮਾ ਬੁੱਧ ਅਤੇ ਬਹੁਤ ਸਾਰੇ ਚੇਲਿਆਂ ਦੀਆਂ ਮੂਰਤੀਆਂ ਪੱਥਰ ਦੀਆਂ ਬਣੀਆਂ ਹੋਈਆਂ ਸਨ। ਹਿਊਨਸਾਂਗ ਦਾ ਇਹ ਵਰਤਾਂਤ, ਪੁਸਤਕ ਦੇ ਪੰਨਾ 24 ਉਪਰ ਦਰਜ ਹੈ।

ਸੰਨ 1794 ਈ. ਵਿਚ ਕਾਸ਼ੀ ਦਾ ਰਾਜਾ ਜਗਤ ਸਿੰਘ ਚੂਨੇ ਦੀਆਂ ਭੱਠੀਆਂ ਲਾਉਣ ਅਤੇ ਇਕ ਬਾਜ਼ਾਰ ਬਣਵਾਉਣ ਦਾ ਚਾਹਵਾਨ ਸੀ। ਇਸ ਲਈ ਉਸਦੇ ਦੀਵਾਨ ਚੇਤ ਸਿੰਘ ਨੇ 'ਧਰਮ-ਰਾਜਿਕਾ ਸਤੂਪ' ਦੀਆਂ ਇੱਟਾਂ ਉਖੜਵਾਈਆਂ ਤਾਂ ਉਸਨੂੰ ਹਰੇ ਰੰਗ ਦੇ ਪੱਥਰ ਦੀ ਇਕ ਸੰਦੂਕੜੀ ਵਿਚ ਹੱਡੀਆਂ ਦੇ ਕੁਝ ਟੁਕੜੇ ਮਿਲੇ। ਉਸਨੇ ਇਹ ਅਸਥੀ-ਫੁੱਲ ਗੰਗਾ ਨਦੀ ਵਿਚ ਰੁੜ੍ਹਵਾ ਦਿੱਤੇ। ਪਰ ਇਸਦੇ ਨਤੀਜੇ ਵਜੋਂ ਲੋਕਾਂ ਦਾ ਧਿਆਨ ਸਾਰਨਾਥ ਵੱਲ ਗਿਆ। ਉਤਸੁਕਤਾ ਕਾਰਨ ਕੁਝ ਲੋਕਾਂ ਨੇ ਹੋਰ ਭਵਨਾਂ ਦੀ ਪੁੱਟ-ਪੁਟਾਈ ਕਰਕੇ ਉਹਨਾਂ ਦਾ ਨਾਸ਼ ਮਾਰ ਦਿੱਤਾ। ਬਹੁਤ ਸਾਰੀਆਂ ਪੱਥਰ ਦੀਆਂ ਪ੍ਰਾਚੀਨ ਮੂਰਤੀਆਂ ਤਾਂ ਸਾਰਨਾਥ ਲਾਗੇ ਵਗਦੀ ਵਰੁਣਾ ਨਦੀ ਦੇ ਪੁਲ ਬਣਵਾਉਣ ਵੇਲੇ ਚਿਣ ਦਿੱਤੀਆਂ ਗਈਆਂ। (ਪੰਨਾ 25)

ਇਸ ਤੋਂ ਬਾਅਦ ਜਦ ਅੰਗਰੇਜ਼ਾਂ ਦਾ ਧਿਆਨ ਸਾਰਥਨਾਥ ਵੱਲ ਗਿਆ ਤਾਂ ਜੌਨਾਥਨ ਡੰਕਨ, ਕਿੱਟੋ, ਕਨਿੰਘਮ

**(ਬਾਕੀ ਅਗਲੇ ਸਫੇ 'ਤੇ)**

# ਰਾਜਸ਼੍ਰੀ ਛਤਰਪਤੀ ਸ਼ਾਹੂ ਜੀ ਮਹਾਰਾਜ

## (26 June 1874 -6 May 1922)



ਚਮਨ ਲਾਲ ਚਣਕੋਆ

ਸ਼ਾਹੂ ਜੀ ਮਹਾਰਾਜ ਮਹਾਰਾਸ਼ਟਰ ਦੇ ਇੱਕ ਮਹਾਨ ਸਮਾਜ ਸੁਧਾਰਕ ਸਨ। ਜਿਹਨਾਂ ਨੇ ਅਛੂਤਾਂ ਅਤੇ ਪਛੜੇ ਵਰਗਾਂ ਨੂੰ ਉਹਨਾਂ ਦੇ ਪੈਰਾਂ ਤੇ ਖੜ੍ਹਾ ਕਰਨ ਲਈ ਆਪਣਾ ਸਾਰਾ ਜੀਵਨ ਲੱਗਾ ਦਿੱਤਾ ਲ ਆਓ ਉਹਨਾਂ ਦੁਆਰਾ ਇੱਕ ਮਹਾਰਾਜਾ ਹੁੰਦੇ ਹੋਏ ਅਛੂਤਾਂ ਅਤੇ ਪਛੜੇ ਵਰਗਾਂ ਲਈ ਕੀਤੇ ਕੁਝ ਕੰਮਾਂ ਤੇ ਨਿਗਾਹ ਮਾਰੀਏ-

1. 26 ਜੁਲਾਈ 1902 ਨੂੰ ਅਛੂਤਾਂ ਅਤੇ ਪਛੜੇ ਵਰਗਾਂ ਲਈ ਆਪਣੀ ਰਿਆਸਤ ਵਿੱਚ 50% ਰਿਜ਼ਰਵੇਸ਼ਨ ਦਿੱਤੀ।

2. 1918 ਵਿੱਚ ਸ਼ਾਹੂ ਜੀ ਮਹਾਰਾਜ ਨੇ ਆਪਣੀ ਰਿਆਸਤ ਵਿੱਚ ਜਗ੍ਹਾ ਜਗ੍ਹਾ ਤੇ ਸਸਤੇ ਅਨਾਜ ਦੇ ਡੀਪੂ ਖੋਲ੍ਹੇ।

3. 2 ਜੂਨ 1897 ਨੂੰ ਕੋਹੜੀਆਂ ਲਈ ਵਿਸ਼ੇਸ਼ ਹਸਪਤਾਲ ਖੋਲ੍ਹੇ।

4. ਹਰ ਪਿੰਡ ਵਿੱਚ ਸਕੂਲ ਖੋਲ ਕੇ 1912 ਵਿੱਚ ਵੇਤਨਦਾਰ ਸਿੱਖਿਆ ਯੋਜਨਾ ਅਤੇ 1917 ਵਿੱਚ ਪਗਾਰੀ ਸਿੱਖਿਅਕ ਯੋਜਨਾ ਬਣਾਈ।

5. 1919 ਨੂੰ ਉਹਨਾਂ ਨੇ ਔਰਤਾਂ ਨਾਲ਼ ਹੁੰਦੇ ਦੁਰਵਿਵਹਾਰ ਨੂੰ ਸਮਾਪਤ ਕਰਨ ਲਈ ਘਰੇਲੂ ਹਿੰਸਾ ਐਕਟ ਪਾਸ ਕੀਤਾ।

6. 3ਅਗਸਤ 1918 ਨੂੰ ਸ਼ਾਹੂ ਜੀ ਮਹਾਰਾਜ ਨੇ ਇੱਕ ਹੋਰ ਕਨੂੰਨ ਪਾਸ ਕਰਕੇ ਅਜਿਹੀਆਂ ਅਛੂਤ ਜਾਤੀਆਂ ਜਿਹਨਾਂ ਨੂੰ ਬ੍ਰਾਹਮਣਵਾਦੀ ਵਿਵਸਥਾ ਵਿੱਚ ਅਪਰਾਧਿਕ ਜਾਤੀਆਂ ਕਿਹਾ ਗਿਆ ਸੀ ਅਤੇ ਉਹਨਾਂ ਨੂੰ ਠਾਣੇ ਵਿੱਚ ਜਾ ਕੇ ਪ੍ਰਤੀ ਦਿਨ ਹਾਜ਼ਰੀ ਦੇਣੀ ਪੈਂਦੀ ਸੀ ਲ ਇਹਨਾਂ ਅਛੂਤ ਜਾਤੀਆਂ ਦੀ ਪ੍ਰਤੀ ਦਿਨ ਦੀ ਹਾਜ਼ਰੀ ਨੂੰ ਖ਼ਤਮ ਕੀਤਾ।

7. 11 ਅਕਤੂਬਰ 1919 ਨੂੰ ਸ਼ਾਹੂ ਜੀ ਮਹਾਰਾਜ ਨੇ ਇੱਕ ਹੁਕਮ ਪਾਸ ਕੀਤਾ ਜਿਸ ਦੁਆਰਾ ਸਵਰਨਾਂ ਦੇ ਵਿਸ਼ੇਸ਼ ਸਕੂਲਾਂ ਤੇ ਰੋਕ ਲਗਾ ਦਿੱਤੀ ਜਿਸ ਵਿੱਚ ਕੇਵਲ ਉੱਚ ਜਾਤੀਆਂ ਨੂੰ ਦਾਖਲਾ ਮਿਲਦਾ ਸੀ ਲ ਪਛੜੇ ਵਰਗ ਦੇ ਲੋਕਾਂ ਨੂੰ ਇਸ ਵਿੱਚ ਦਾਖਲਾ ਨਹੀਂ ਮਿਲਦਾ ਸੀ।

8. 30 ਸਤੰਬਰ 1919 ਨੂੰ ਉਹਨਾਂ ਨੇ ਇੱਕ ਹੁਕਮ ਪਾਸ ਕੀਤਾ ਜਿਸ ਵਿੱਚ ਉਹਨਾਂ ਨੇ ਅਛੂਤਾਂ ਲਈ ਬਣਾਏ ਸਕੂਲ ਬੰਦ ਕਰਵਾ ਦਿੱਤੇ ਅਤੇ ਸਾਰੇ ਸਰਕਾਰੀ ਸਕੂਲਾਂ ਦੇ ਦਰਵਾਜੇ ਅਛੂਤਾਂ ਲਈ ਖੋਲ ਦਿੱਤੇ।

9. 1919 ਵਿੱਚ ਸ਼ਾਹੂ ਜੀ ਨੇ ਜਗੀਰਦਾਰਾਂ ਤੋਂ ਪ੍ਰਬੰਧਕੀ ਸ਼ਕਤੀਆਂ ਵਾਪਸ ਲੈ ਲਈਆਂ।

10. ਸਤੰਬਰ 1911 ਨੂੰ ਸ਼ਾਹੂ ਜੀ ਮਹਾਰਾਜ ਨੇ ਮਹਾਰਾਂ (ਅਛੂਤ ਜਾਤੀ) ਦੀ ਜ਼ਮੀਨ ਪੱਕਿਆਂ ਕਰਨ ਸੰਬੰਧੀ ਕਨੂੰਨ ਬਣਾਇਆ ਕਿ ਉਹ ਜ਼ਮੀਨ ਜਿਹੜੀ ਸਰਕਾਰ ਵਲੋਂ ਮਹਾਰਾਂ ਨੂੰ ਦਿੱਤੀ ਗਈ ਹੈ ਲ ਭਾਵ ਮਹਾਰਾਂ ਦੇ ਨਾਂ ਤੇ ਚੜਾਈ ਜ਼ਮੀਨ ਅੱਗੇ ਲਈ ਉਹਨਾਂ ਦੇ ਨਾਂ 'ਤੇ ਰਹੇ।

11. 29 ਮਾਰਚ 1918 ਨੂੰ ਸ਼ਾਹੂ ਜੀ ਮਹਾਰਾਜ ਨੇ ਹੁਕਮ ਪਾਸ ਕੀਤਾ ਜਿਸ ਵਿੱਚ ਮਾਲੀਏ ਦਾ 6% ਹਿੱਸਾ ਸਿੱਖਿਆ ਤੇ ਖਰਚ ਕੀਤਾ ਜਾਵੇਗਾ।

12. ਪੁਨਰ ਵਿਆਹ ਕਨੂੰਨ ਨੂੰ ਮਨਜ਼ੂਰੀ

13. 1920 ਵਿੱਚ ਬਾਬਾ ਸਾਹਿਬ ਦੇ ਮੂਕ ਨਾਇਕ ਅਖ਼ਬਾਰ ਲਈ ਢਾਈ ਹਜਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ।

14. 1920 ਬਾਬਾ ਸਾਹਿਬ ਅੰਬੇਡਕਰ ਦੀ ਬੈਰਿਸਟਰੀ ਸਿੱਖਿਆ ਲਈ ਆਰਥਿਕ ਸਹਾਇਤਾ।

15. ਆਪਣੀ ਕੋਹਲਾਪੁਰ ਰਿਆਸਤ ਵਿੱਚ 122 ਸਕੂਲ ਖੋਲ੍ਹੇ ਅਤੇ ਇਹਨਾਂ ਨੂੰ ਇੱਕ ਲੱਖ ਰੁਪਏ ਦੀ ਗਰਾਂਟ ਦਿੱਤੀ।

# ਪੰਜਾਬੀ ਭਾਸ਼ਾ ਵਿਚ ਬੋਧੀ ਸਾਹਿਤ

**(ਸਫਾ 27 ਦਾ ਬਾਕੀ ਹਿੱਸਾ)**

ਅਤੇ ਔਰਟੇਲ ਵਰਗੇ ਵਿਦਵਾਨਾਂ ਅਤੇ ਖੋਜੀਆਂ ਨੇ ਸਾਰਨਾਥ ਦੇ ਵਿਰਸੇ ਨੂੰ ਸੰਭਾਲਿਆ। ਸਾਰਨਾਂਥ ਵਿਚ 'ਧਰਮ ਰਾਜਿਕਾ ਸਤੂਪ' ਤੋਂ ਇਲਾਵਾ ਬੁੱਧ ਨਾਲ ਸਬੰਧਤ ਹੋਰ ਥਾਵਾਂ ਜਿਵੇਂ 'ਮੂਲ ਗੰਧ ਕੁਟੀ ਵਿਹਾਰ', ਜਿਸਨੂੰ ਮਹਾਰਾਜਾ ਅਸ਼ੋਕ ਨੇ ਉਸ ਥਾਂ ਬਣਵਾਇਆ ਸੀ, ਜਿੱਥੇ ਤਥਾਗਤ ਬੁੱਧ ਸਮਾਧੀ ਲਾਉਂਦੇ ਸਨ। ਚੌਖੰਡੀ ਸਤੂਪ ਉਹ ਥਾਂ ਉਤੇ ਹੈ, ਜਿੱਥੇ ਬੁੱਧ ਨੂੰ ਆਪਣੇ ਪੁਰਾਣੇ ਹਮਜੋਲੀਆਂ ਨੂੰ ਰਿਸ਼ੀ ਪਤਨ ਵਿਚ ਮਿਲੇ ਸਨ। ਇੱਥੇ ਅਠਕੋਣਾ ਸਤੂਪ ਬਣਾਇਆ ਸੀ, ਜਿਸਦਾ ਉਪਰਲਾ ਹਿੱਸਾ ਢਹਿ ਚੁੱਕਿਆ ਹੈ। ਇਹ 300 ਫੁੱਟ ਤੋਂ ਘੱਟ ਉਚਾ ਨਹੀਂ ਸੀ। ਅਜਿਹਾ ਹਿਊਨਸਾਂਗ ਨੇ ਲਿਖਿਆ ਹੈ। 'ਧਮੇਖ ਸਤੂਪ', ਸਾਰਨਾਥ ਦੇ ਦੱਖਣ-ਪੂਰਬੀ ਪਾਸੇ ਸਥਿਤ ਹੈ। ਧਮੇਖ ਸਤੂਪ ਦੀ ਉਸਾਰੀ ਈਸਾ ਦੇ ਜਨਮ ਤੋਂ 250 ਵਰ੍ਹੇ ਪਹਿਲਾਂ ਕਰਵਾਈ ਗਈ ਸੀ। ਇਹ ਸਤੂਪ 143 ਫੁੱਟ ਉਚਾ ਅਤੇ 100 ਫੁੱਟ ਚੌੜਾ ਹੈ। ਇਥੋਂ ਬਹੁਤ ਸਾਰੀਆਂ ਮੂਰਤੀਆਂ ਮਿਲੀਆਂ ਹਨ, ਜਿਹਨਾਂ ਵਿਚ ਬੋਧ-ਸਿੱਤਵ ਦੀ ਖੜ੍ਹੀ ਮੂਰਤੀ ਅਤੇ ਤਾਰਾ ਦੇਵੀ ਦੇ ਤਿੰਨ ਸਿਰਾਂ ਵਾਲੀ ਮੂਰਤੀ ਵੀ ਮਿਲੀ ਹੈ। ਇਹ ਕਿਤਾਬ ਭਾਵੇਂ ਛੋਟੀ ਹੈ, ਪਰ ਗਿਆਨ ਦਾ ਭੰਡਾਰ ਹੈ। ਇੱਥੇ ਅਸੀਂ ਕੁਝ ਕੁ ਹਵਾਲੇ ਹੀ ਦਿੱਤੇ ਹਨ। ਪੂਰੀ ਕਿਤਾਬ ਪੜ੍ਹਨੀ ਚਾਹੀਦੀ ਹੈ।

**(9) ਬੁੱਧ ਦਾ ਧੱਮਪਦ :** ਭਾਸ਼ਾ ਵਿਭਾਗ ਪੰਜਾਬ ਵੱਲੋਂ ਸੰਨ 2003 ਵਿਚ 'ਬੁੱਧ ਦੇ ਧੱਮਪਦ' ਨਾਮਕ ਕਿਤਾਬ ਛਾਪੀ, ਜਿਸ ਵਿਚ ਪ੍ਰੋ. ਹਰਨਾਮ ਦਾਸ ਨੇ ਧੱਮਪਦ ਦੀਆਂ ਪਾਲੀ ਗਾਥਾਵਾਂ ਨੂੰ 'ਪੰਜਾਬੀ ਕਾਵਿ-ਸ਼ੈਲੀ' ਵਿਚ ਢਾਲ ਕੇ ਪੇਸ਼ ਕੀਤਾ ਹੈ। ਉਹਨਾਂ ਦੀ ਬੇਟੀ ਡਾ. ਅੰਮ੍ਰਿਤ ਕੌਰ ਰੈਣਾ ਨੇ ਇਸ ਦਾ ਸੰਪਾਦਨ ਕਰਦੇ ਹੋਏ ਭੂਮਿਕਾ ਵਿਚ ਲਿਖਿਆ ਹੈ ਕਿ ਧੱਮਪਦ ਦਾ ਇਹ ਪੰਜਾਬੀ ਕਾਵਿ-ਅਨੁਵਾਦ ਹੈ। ਪ੍ਰੋ. ਹਰਨਾਮ ਦਾਸ ਦੇ ਸ਼ਬਦਾਂ ਵਿਚ, "ਪੁਸਤਕ ਨੂੰ ਚੌਬਰਗਿਆਂ ਵਿਚ ਪੇਸ਼ ਕਰਦੇ ਹੋਏ, ਕੇਵਲ ਅੱਖਰੀ ਉਲਥਾ ਨਹੀਂ ਕੀਤਾ ਗਿਆ ਸਗੋਂ ਲੋੜ ਅਨੁਸਾਰ ਸੀਮਿਤ ਹੱਦਾਂ ਦੇ ਅੰਦਰ ਕੁਝ ਨਾ ਕੁਝ ਵਿਆਖਿਆ ਵਾਲੇ ਨੋਟ ਵੀ ਦਿੱਤੇ ਗਏ ਹਨ ਪਰ ਉਹਨਾਂ ਨੂੰ ਅਸਲ ਵਿਸ਼ੇ ਦੀ ਗੁੰਜਾਇਸ਼ ਤੋਂ ਪਰ੍ਹੇ ਨਹੀਂ ਜਾਣ ਦਿੱਤਾ ਗਿਆ।" ਧੱਮਪਦ ਦੇ 26 ਵੱਗ (ਭਾਗ) ਹਨ ਅਤੇ 423 ਗਾਥਾਵਾਂ ਹਨ। ਪਰ ਪਤਾ ਨਹੀਂ ਕਿਉਂ, ਇਸ ਪੁਸਤਕ ਵਿਚ 23 ਵੱਗਾਂ ਅਤੇ 327 ਗਾਥਾਵਾਂ ਦਾ ਹੀ ਜ਼ਿਕਰ ਹੈ। ਹੋ ਸਕਦਾ ਹੈ, ਪ੍ਰੋ. ਹਰਨਾਮ ਦਾਸ ਜੀ ਆਪਣੇ ਜੀਵਨ ਵਿਚ, ਇਹ ਕੰਮ ਪੂਰਾ ਨਾ ਕਰ ਸਕੇ ਹੋਣ। ਕੁਝ ਨਮੂਨੇ ਹੇਠਾਂ ਦਰਜ ਹਨ:

ਸੁਖੰਖ ਵਤ ਜੀਵਾਮ ਆਤੁਰੇਸੁ ਅਨਾਤੁਰਾ
ਆਤੁਰੇਸੁ ਮਨੁੱਮੇਸ਼ ਵਿਹਰਾਮ-ਅਨਾਤੁਰਾ।।198।। (ਪਾਲੀ)
ਸਦਾ ਅਰੋਗੀ ਬਣਕੇ ਰਹੀਏ ਬੀਮਾਰਾਂ ਵਿਚਕਾਰ।
ਸਦਾ ਸਾਂਤ ਮਨ ਬਣ ਕੇ ਰਹੀਏ ਆਤਰ ਜਨ ਵਿਚਕਾਰ।
ਸਦਾ ਉਨ੍ਹਾਂ ਦੀ ਸੇਵਾ ਕਰੀਏ ਛੱਡ ਕੇ ਸਭ ਹੰਕਾਰ।
ਜੱਗ ਦਾ ਬਹੁਤਾ ਕਰ ਲਵਾਂਗੇ ਆਪਣੇ ਆਪ ਸੁਧਾਰ। (ਪੰਜਾਬੀ)
ਫੰਦਨੰ ਚਪਲੰ ਚਿਤੰ, ਦੂਰਕਬੰ ਦੁੱਨਿਵਾਰਯ।
ਉਜੰ ਕਰੋਤਿ ਮੇਧਾਵੀ, ਉਸੁਕਾਰੋ ਵ ਤੇਜਨੰ।।331 (ਪਾਲੀ)
ਤੀਰ ਬਨਾਵਣ ਵਾਲਾ ਜੀਕਣ ਤੀਰ ਨੂੰ ਸਿੱਧਾਂ ਰੱਖਦੈ।
ਬੁੱਧੀਵਾਨ ਚਿੱਤ ਆਪਣੇ ਤਾਈਂ ਈਕਣ ਵੱਸ ਵਿਚ ਕਰਦੇ।
ਬੁੱਧੀਵਾਨ ਚਿੱਤ ਆਪਣੇ ਤਾਈਂ ਰੱਖਦੈ ਸਿਮਰਨ ਵਿਚ ਨਿੱਤ।
ਅਤੇ ਈਕਣ ਉਸਨੂੰ ਚੰਚਲ ਸ਼ੋਖ ਨਾ ਹੋਵਣ ਦਿੰਦੈ। (ਪੰਜਾਬੀ)

ਇਹ ਪੁਸਤਕ ਵੀ ਪੰਜਾਬੀ ਬੋਧੀ ਸਾਹਿਤ ਵਿਚ ਨਿਵੇਕਲਾ ਰੂਪ ਹੈ।

**ਬੁੱਧ ਚਰਿਤ :** ਭਾਸ਼ਾ ਵਿਭਾਗ ਪੰਜਾਬ ਵੱਲੋਂ ਅਸ਼ਵਘੋਸ਼ ਦੁਆਰਾ ਲਿਖੀ 'ਬੁੱਧ ਚਰਿਤ' ਪੁਸਤਕ 1996 ਵਿਚ ਛਾਪੀ ਗਈ ਸੀ। ਸੰਸਕ੍ਰਿਤ ਵਿਚ ਰਚੀ ਗਈ, ਇਸ ਪ੍ਰਾਚੀਨ ਬੁੱਧ ਕਥਾ ਨੂੰ ਪੰਜਾਬੀ ਗਦ ਵਿਚ ਅਨੁਵਾਦ ਕਰਨ ਦਾ ਸਿਹਰਾ ਪ੍ਰੋ. ਪ੍ਰੀਤਮ ਸਿੰਘ 'ਰਾਹੀ' ਨੂੰ ਜਾਂਦਾ ਹੈ। ਮਹਾਂਕਵੀ ਅਸ਼ਵਘੋਸ਼ ਨੇ ਪ੍ਰਾਚੀਨ ਕਾਲ ਵਿਚ ਬੁੱਧ ਦੇ ਜੀਵਨ-ਚਰਿਤ ਅਤੇ ਉਨ੍ਹਾਂ ਦੇ ਉਪਦੇਸ਼ਾ ਨੂੰ ਬਿਆਨਿਆ ਸੀ ਕਿ "ਬੁੱਧ ਦੇ ਸ਼ਾਸਤਰ ਅਨੁਸਾਰ ਚੱਲ ਕੇ, ਬੁੱਧ ਦੇ ਪ੍ਰਤੀ ਸ਼ਰਧਾ ਹੋਣ ਕਾਰਨ ਲੋਕ-ਸ਼ਾਂਤੀ ਅਤੇ ਲੋਕ ਹਿੱਤ ਲਈ ਇਹ ਕਾਵਿ ਰਚਨਾ ਕੀਤੀ ਹੈ ਨਾ ਕਿ ਕਲਾ ਜਾਂ ਪੰਡਤਾਈ ਦੇ ਪ੍ਰਦਰਸ਼ਨ ਲਈ ਕੀਤਾ ਗਿਆ ਹੈ।" (ਪੰਨਾ 227)

**ਜਲੰਧਰ:** ਭਾਸ਼ਾ ਵਿਭਾਗ ਪੰਜਾਬ ਨੇ 1987 ਵਿਚ 'ਜਲੰਧਰ' ਦੀ ਜਾਣਕਾਰੀ ਦੇਣ ਲਈ ਪ੍ਰੋ. ਦਰਸ਼ਨ ਸਿੰਘ ਦੁਆਰਾ ਲਿਖਤ ਇਕ ਪੁਸਤਿਕਾ ਛਾਪੀ ਸੀ। ਇਸ ਵਿਚ ਜਲੰਧਰ ਦਾ ਪ੍ਰਾਚੀਨ ਸੰਖੇਪ ਇਤਿਹਾਸ ਦਿੱਤਾ ਗਿਆ ਹੈ। ਪੁਰਾਣਕ ਕਥਾ ਦੇ ਅਨੁਸਾਰ 'ਜਲੰਧਰ' ਸ਼ਹਿਰ ਦਾ ਨਾਂ ਇਕ ਦੈਂਤ ਦੇ ਨਾਂ ਉਪਰ ਰੱਖਿਆ ਗਿਆ ਹੈ। ਜਿਸਨੇ ਆਪਣਾ ਰਾਜ ਸਥਾਪਤ ਕਰਨ ਲਈ ਇੰਦਰ ਲੋਕ ਜਿੱਤ ਲਿਆ। ਇੰਦਰ ਨੇ ਸ਼ਿਵ ਜੀ ਅਤੇ ਵਿਸ਼ਨੂੰ ਦੀ ਸਹਾਇਤਾ ਨਾਲ ਮੁੜ ਰਾਜ ਪ੍ਰਾਪਤ ਕਰਨ ਲਈ ਜਲੰਧਰ ਦੇ ਰਾਜੇ ਉਪਰ ਹਮਲਾ ਕਰਕੇ ਮਾਰ ਮੁਕਾਇਆ ਅਤੇ ਉਸ ਦੀ ਪਤਨੀ ਵਿੰਦ੍ਰਾ ਦਾ ਸਤ ਭੰਗ ਕਰ ਦਿੱਤਾ। ਅੱਜ ਵੀ ਵਿੰਦ੍ਰਾ ਦਾ ਮੰਦਿਰ ਜਲੰਧਰ ਰੇਲਵੇ ਸਟੇਸ਼ਨ ਦੇ ਨੇੜੇ ਹੈ। ਇੱਥੇ ਇਕ ਪ੍ਰਾਚੀਨ ਤਲਾਬ ਵੀ ਸੀ, ਜੋ ਬਹੁਤ ਨੀਵਾਂ ਸੀ।

**ਏਸ਼ੀਆ ਦਾ ਚਾਨਣ :** ਸਰ ਐਡਵਿਨ ਆਰਨਲਡ ਨੇ ਇਕ ਵਿਸ਼ਵ ਪ੍ਰਸਿੱਧ ਪੁਸਤਕ ਲਿਖੀ 'ਦੀ ਲਾਈਟ ਆਫ ਏਸ਼ੀਆ' ਜਿਸ ਦਾ ਦੋ ਵਿਦਵਾਨਾਂ ਪ੍ਰੋ. ਮੋਹਨ ਸਿੰਘ ਨੇ ਕਾਵਿਤਾ ਦੇ ਰੂਪ ਵਿਚ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਾਵਿ-ਮਈ ਵਾਰਤਕ ਵਿਚ 'ਏਸ਼ੀਆ ਦਾ ਚਾਨਣ' ਨਾਂ ਹੇਠ ਅਨੁਵਾਦ ਕੀਤਾ ਅਤੇ ਛਪਵਾਇਆ। ਸਰ ਐਡਵਿਨ ਆਰਨਲਡ ਦਾ ਸਥਾਨ, ਬੋਧੀ ਪ੍ਰੰਪਰਾ ਵਿਚ ਬਹੁਤ ਉੱਚਾ ਹੈ ਕਿਉਂਕਿ ਉਸ ਦੀ ਇਸ ਕਿਤਾਬ ਨੇ ਵਿਸ਼ਵ ਭਰ ਵਿਚ ਲੋਕਾਂ ਨੂੰ ਬੁੱਧ ਤੇ ਧੱਮ ਪ੍ਰਤੀ ਨਾ ਸਿਰਫ ਜਾਗਰੂਕ ਕੀਤਾ ਬਲਕਿ ਸ਼ਰਧਾਲੂ ਬਣਾ ਦਿੱਤਾ। ਏਨਾ ਹੀ ਨਹੀਂ ਸਰ ਐਡਵਿਨ ਆਰਨਲਡ ਨੇ ਸ੍ਰੀਲੰਕਾ ਦੇ ਬੋਧੀ ਭਿਕਸ਼ੂ ਅਨਾਗਰਿਕ ਧੱਮ ਪਾਲ ਨਾਲ ਮਿਲ ਕੇ ਬੁੱਧ ਗਯਾ ਮੰਦਿਰ ਦੀ ਮੁੜ ਉਸਾਰੀ, ਵਿਕਾਸ ਅਤੇ ਪ੍ਰਬੰਧ ਨੂੰ ਲੈ ਕੇ, ਮਹੱਤਵਪੂਰਨ ਯੋਗਦਾਨ ਪਾਇਆ ਸੀ। ਦੋਵੇਂ ਅਨੁਵਾਦ ਪੜ੍ਹਨਯੋਗ ਹਨ, ਖਾਸ ਕਰਕੇ ਉਨ੍ਹਾਂ ਦੀਆਂ ਭੂਮਿਕਾਵਾਂ। ਹੁਣ ਜਦ ਮੈਂ, ਇਹ ਲੇਖ ਲਿਖ ਰਿਹਾ ਹਾਂ ਤੇਰੇ ਸਾਹਮਣੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਿਤਾਬ 'ਏਸ਼ੀਆ ਦਾ ਚਾਨਣ' ਦਾ ਚੌਥਾ ਐਡੀਸ਼ਨ, ਜੋ 1973 ਵਿਚ ਛਪਿਆ ਸੀ, ਪਿਆ ਹੈ, ਜਿਸ ਦੀ ਭੂਮਿਕਾ, ਮਾਡਲ ਟਾਊਨ, ਲਾਹੌਰ ਵਿਖੇ 1 ਦਸੰਬਰ 1937 ਨੂੰ ਲਿਖੀ ਗਈ ਹੈ, ਉਸ ਵਿਚ ਉਹ ਲਿਖਦੇ ਹਨ ਕਿ 'ਇਹ ਕਿਤਾਬ ਮੈਂ, ਪਹਿਲੀ ਵਾਰੀ, ਕੋਈ ਵੀਹ ਵਰ੍ਹੇ ਹੋਏ (ਯਾਨੀ 1917) ਵਿਚ ਈਰਾਨ ਵਿਚ ਇਕ ਅਮਰੀਕਨ ਪਾਦਰੀ ਕੋਲੋਂ ਮੰਗ ਕੇ ਪੜ੍ਹੀ ਸੀ। ਉਸਦੇ ਬਾਅਦ ਅਮਰੀਕਾ ਵਿਚ ਪ੍ਰੀਤ-ਕਲੱਬ ਦੇ ਮੈਂਬਰਾਂ ਨੂੰ ਪੜ੍ਹ ਕੇ ਸੁਣਾਇਆ ਕਰਦਾ ਸਾਂ। ਕਈ ਅਮਰੀਕਨਾਂ ਨੇ ਮੈਨੂੰ ਇਹ ਆਖਿਆ ਸੀ ਕਿ ਉਹ ਇਸ ਪੁਸਤਕ ਨੂੰ ਆਪਣੀ 'ਅੰਜੀਲ' ਸਮਝਣ ਲੱਗ ਪਏ ਸਨ। ਬੁੱਧ ਮੱਤ ਦੇ ਲੋਕ ਪ੍ਰਵਾਨ ਹੋਣ ਦਾ ਵੱਡਾ ਸਬੂਤ ਇਹ ਹੈ ਕਿ ਅੱਜ ਕਿਸੇ ਥਾਂ ਵੀ ਬੋਧੀ ਗੁਲਾਮ ਨਹੀਂ ਹਨ। ਪਿੱਛੇ ਹਨ ਜਾਂ ਅੱਗੇ, ਪਰ ਕਿਸੇ ਦੇ ਅਧੀਨ ਨਹੀਂ ਹਨ। ਮਹਾਤਮਾ ਬੁੱਧ ਦਾ ਹੇਠਲਾ ਉਪਦੇਸ਼ ਹਿਰਦੇ ਵਿਚ ਪਰੋ ਕੇ ਰੱਖਣ ਵਾਲਾ ਹੈ :-

"ਮੰਗੋ ਕੁਝ ਨਾ! ਹਨੇਰਾ ਲਿਸ਼ਕ ਨਹੀਂ ਸਕਦਾ!
ਖਾਮੋਸ਼ੀ ਅੱਗੇ ਬੇਨਤੀ ਨਾ ਕਰੋ, ਕਿਉਂਕਿ ਇਹ ਬੋਲ ਨਹੀਂ ਸਕਦੀ!
ਆਪਣੇ ਸੋਗੀ ਮਨਾਂ ਨੂੰ ਧਾਰਮਿਕ ਕਸ਼ਟਾਂ ਨਾਲ ਦੁਖੀ ਨਾ ਕਰੋ।
ਆਹ, ਭਰਾਵੋ ਤੇ ਭੈਣੋ!
ਸਹਾਇਤਾ-ਹੀਣ ਦੇਵਤਿਆਂ ਕੋਲੋਂ ਭਜਨਾਂ ਤੇ ਭੇਟਾਂ ਨਾਲ ਮੰਗੋ ਕੁਝ ਨਾ!
ਨਾ ਲਹੂ ਨਾਲ ਰਿਸ਼ਵਤ ਦਿਓ, ਨਾ ਫਲਾਂ ਪ੍ਰਸ਼ਾਦਾਂ ਨਾਲ ਰਿਝਾਓ;
ਆਪਣੇ ਅੰਦਰੋਂ ਮੁਕਤੀ ਲੱਭਣੀ ਹੋਵੇਗੀ:
ਹਰ ਕੋਈ ਆਪਣੇ ਬਣਾਏ, ਬੰਦੀ-ਖਾਨੇ ਵਿਚ ਵਸਦਾ ਹੈ।"

ਕਿਸੇ ਬੋਧੀ ਭਿਕਸ਼ੂ ਦੇ ਮੂੰਹੋਂ ਕਹਿਲਾਈ ਗਈ, ਬੁੱਧ ਵਾਣੀ ਬਹੁਤ ਸੁੰਦਰ ਦ੍ਰਿਸ਼ ਪੇਸ਼ ਕਰਦੀ ਹੈ। ਜਦੋਂ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ, ਉਸ ਸਮੇਂ ਦਾ ਵਾਣੀ-ਚਿਤ੍ਰ ਇਸ ਪ੍ਰਕਾਰ ਹੈ:

"ਹੁਣ ਉਹ ਉੱਠੇ- ਨੂਰੋ ਨੂਰ, ਪ੍ਰਸੰਨ, ਤਕੜੇ-ਬ੍ਰਿਛ ਹੇਠ,
ਤੇ ਆਪਣੀ ਆਵਾਜ਼ ਨੂੰ ਉਚਿਆਂ ਕਰ ਕੇ,
ਸਾਰਿਆਂ ਸਮਿਆਂ ਨੂੰ ਤੇ ਸਾਰੀਆਂ ਦੁਨੀਆਂ ਨੂੰ ਸੁਣਾਨ ਲਈ,
ਉਨ੍ਹਾਂ ਆਖਿਆ :-
ਜਿੰਦਗੀ ਦੇ ਅਨੇਕਾਂ ਘਰਾਂ ਨੇ ਮੈਨੂੰ ਕੈਦ ਰੱਖਿਆ,
ਮੈਂ ਸਦਾ ਉਸੇ ਨੂੰ ਢੂੰਡਦਾ ਰਿਹਾ, ਜਿਸ ਇਹ ਸੁਰਤੀਆਂ ਦਾ ਸੋਗਾਂ ਭਰਿਆ ਬੰਦੀਖਾਨਾ ਸਾਜਿਆ,
ਮੇਰੀ ਅਮੁੱਕ ਘਾਲ ਪੀੜਾਂ ਨਾਲ ਭਰਪੂਰ ਸੀ!
ਪਰ ਹੁਣ,
ਤੂੰ ਏਸ ਪੂਜ ਅਸਥਾਨ ਦੇ ਬਣਾਨ ਵਾਲੇ- ਤੂੰ!
ਮੈਂ ਤੈਨੂੰ ਜਾਣ ਲਿਆ ਹੈ! ਫੇਰ ਕਦੇ ਨਹੀਂ ਤੂੰ ਉਸਾਰ ਸਕੇਂਗਾ,
ਇਹ ਦੁੱਖ ਦੀਆਂ ਕੰਧਾਂ,
ਨਾ ਹੀ ਧੋਖਿਆਂ ਦੀ ਛੱਤ ਉਪਰ ਪਾ ਸਕੇਂਗਾ,
ਤੇ ਨਾ ਹੀ ਮਿੱਟੀ ਉਤੇ ਨਵੀਆਂ ਕੜੀਆਂ;
ਟੁੱਟ ਗਿਆ ਹੈ ਤੇਰਾ ਘਰ,
ਤੇ ਕੜਕ ਗਿਆ ਹੈ ਇਸਦਾ ਸ਼ਤੀਰ! ਮਾਯਾ ਨੇ ਜਿਹੜਾ ਬਣਾਇਆ ਸੀ!
ਸੁਤੰਤਰ ਮੈਂ ਇੱਥੋਂ ਨਿਕਲਦਾ ਹਾਂ- ਮੁਕਤੀ ਪ੍ਰਾਪਤ ਕਰਨ ਲਈ।

ਦੋਵੇਂ ਅਨੁਵਾਦ ਪੜ੍ਹਨਯੋਗ ਹਨ, ਵਾਰ-ਵਾਰ ਪੜ੍ਹਨਯੋਗ ਹਨ।

**ਬੁੱਧ ਧਰਮ ਦਾ ਸਾਰ :** ਦੱਖਣੀ ਭਾਰਤ ਦੇ ਪ੍ਰਸਿੱਧ ਵਿਦਵਾਨ, ਸਮਾਜ ਸੁਧਾਰਕ ਅਤੇ ਬੋਧੀ ਸ਼ਰਧਾਲੂ ਪ੍ਰੋਫੈਸਰ ਲਕਸ਼ਮੀ ਨਰਸੂ ਨੇ The Essence of Buddhism ਪੁਸਤਕ ਲਿਖੀ ਸੀ, ਜਿਸਦੇ ਕਈ ਐਡੀਸ਼ਨ, ਇੰਗਲਿਸ਼, ਹਿੰਦੀ ਅਤੇ ਪੰਜਾਬੀ ਵਿਚ ਛਪ ਚੁੱਕੇ ਹਨ, ਇਸ ਪੁਸਤਕ ਦੀ ਭੂਮਿਕਾ ਲਿਖਦੇ ਹੋਏ, ਬਾਬਾ ਸਾਹਿਬ ਨੇ ਕਿਹਾ ਸੀ, "ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਵੱਖ-ਵੱਖ ਇਲਾਕਿਆਂ ਦੇ ਲੋਕ ਮੈਥੋਂ ਬੁੱਧ ਧਰਮ ਬਾਰੇ ਕਿਸੇ ਚੰਗੇ ਗ੍ਰੰਥ ਦੀ ਜਾਣਕਾਰੀ ਦੀ ਮੰਗ ਕਰ ਰਹੇ ਸਨ। ਉਹਨਾਂ ਦੀ ਇੱਛਾ ਪੂਰੀ ਕਰਨ ਲਈ ਪ੍ਰੋ. ਨਰਸੂ ਦੇ ਇਸ ਗ੍ਰੰਥ ਦੀ ਸਿਫਾਰਸ਼ ਕਰਨ ਲੱਗਿਆਂ ਮੈਨੂੰ ਜ਼ਰਾ ਜਿੰਨਾ ਵੀ ਸੰਕੋਚ ਨਹੀਂ।

ਮੈਂ ਸੋਚਦਾ ਹਾਂ ਕਿ ਹੁਣ ਤੱਕ ਬੁੱਧ ਧਰਮ ਨਾਲ ਸਬੰਧਤ ਲਿਖੇ ਗਏ ਸਾਰੇ ਗ੍ਰੰਥਾਂ ਵਿਚੋਂ ਵਧੀਆ ਹੈ।" ਇਹ ਸ਼ਬਦ, ਉਹਨਾਂ ਨੇ, ਇਸ ਗ੍ਰੰਥ ਦੇ ਤੀਜੇ ਐਡੀਸ਼ਨ ਦੀ ਭੂਮਿਕਾ ਲਿਖਦੇ ਹੋਏ, 10 ਮਾਰਚ 1948 ਨੂੰ ਕਹੇ ਸਨ। ਇਹ ਕਿਤਾਬ ਪੜ੍ਹਨਯੋਗ ਹੈ। ਵਾਰ ਵਾਰ ਪੜ੍ਹਨਯੋਗ ਹੈ। ਤਾਈਵਾਨ ਦੀ ਸੰਸਥਾ The corporate Body of the Buddha educational foundation ਭੰਤੇ ਡਾ. ਅਨੰਦ ਕੌਸੱਲਿਆਯਨ ਦੁਆਰਾ ਕੀਤਾ ਹੋਇਆ, ਅਨੁਵਾਦ ਵੀ ਛਾਪਿਆ ਹੈ। ਯੂ. ਕੇ. ਤੋਂ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਆਫ ਗ੍ਰੇਟ ਬ੍ਰਿਟੇਨ ਦੇ ਸਹਿਯੋਗ ਨਾਲ ਸ੍ਰੀ ਤਰਸੇਮ ਲਾਲ ਚਾਹਲ ਨੇ, ਪੰਜਾਬੀ ਵਿਚ 'ਬੁੱਧ ਧਰਮ ਦਾ ਸਾਰ ਕਿਤਾਬ ਛਾਪੀ ਹੈ। ਬਹੁਤ ਚੰਗਾ ਉਦਮ ਹੈ। ਪਰ ਇਸ ਕਿਤਾਬ ਵਿਚ ਅਨੁਵਾਦ ਅਤੇ ਪਰੂਫ ਰੀਡਿੰਗ ਵਿਚ ਉਕਾਈਆਂ ਰਹਿ ਗਈਆਂ ਹਨ। ਇਸ ਵਿਚੋਂ ਕੁਝ ਹਵਾਲੇ ਦੇ ਰਿਹਾ ਹਾਂ:

ਰਹਿਮ ਅਤੇ ਲੋੜ, ਸਭ ਨੂੰ ਇਕ-ਮਿੱਕ ਕਰਦੇ ਹਨ,
ਖ਼ੂਨ ਦੀ ਕੋਈ ਜਾਤ ਨਹੀਂ, ਇਸਦਾ ਰੰਗ ਇਕੋ ਹੈ,
ਹੰਝੂਆਂ ਦੀ ਕੋਈ ਜਾਤ ਨਹੀਂ, ਜੋ ਲੂਣ ਤੁਬਕਦੇ ਹਨ, ਸਭ ਲਈ,
ਨਾ ਮਨੁੱਖ ਹੀ ਆਉਂਦਾ ਹੈ, ਜਗ ਵਿਚ,
ਮੱਥੇ ਉਪਰ ਠੱਪਾ ਲਗਵਾ ਕੇ, ਤਿਲਕ ਦਾ,
ਨਾ ਹੀ ਗਲੇ ਵਿਚ ਜਨੇਉ ਪਾਈ,
ਕੁਸ਼ਲ ਕਰਮਾਂ ਦਾ ਧਾਰਨੀ ਦਵਿੱਜ ਹੈ,
ਅਕੁਸ਼ਲ ਕਰਮਾਂ 'ਚ ਮਗਨ ਕੁਕਰਮੀ ਹੈ।"

"ਸੁਆਹ ਅਤੇ ਸੋਨੇ ਵਿਚਕਾਰ ਸਪੱਸ਼ਟ ਅੰਤਰ ਹੈ ਲੇਕਿਨ ਇਕ ਬ੍ਰਾਹਮਣ ਤੇ ਚੰਡਾਲਿਕਾ ਵਿਚਕਾਰ ਕੋਈ ਅੰਤਰ ਨਹੀਂ ਹੈ। ਇਕ ਬ੍ਰਾਹਮਣ ਦੋ ਲੱਕੜਾਂ ਨੂੰ ਰਗੜ ਕੇ ਅੱਗ ਪੈਦਾ ਕਰਨ ਵਾਂਗ ਪੈਦਾ ਨਹੀਂ ਹੁੰਦਾ, ਉਹ ਅਸਮਾਨ ਤੋਂ ਨਹੀਂ ਉਤਰਦਾ, ਨਾ ਹੀ ਹਵਾ 'ਚੋਂ ਜਾਂ ਧਰਤੀ ਦੀ ਕੁੱਖ 'ਚੋਂ ਨਿਕਲਦਾ ਹੈ। ਬ੍ਰਾਹਮਣ ਵੀ ਇਕ ਚੰਡਾਲ ਦੀ ਤਰ੍ਹਾਂ ਹੀ ਔਰਤ ਦੀ ਕੁੱਖ 'ਚੋਂ ਜਨਮ ਲੈਂਦਾ ਹੈ। ਤਮਾਮ ਮਨੁੱਖਾਂ ਦੇ ਅੰਗ ਵੀ ਬਿਲਕੁਲ ਇਕੋ ਭਾਂਤ ਦੇ ਹਨ। ਕਿਸੇ ਪੱਖੋਂ ਵੀ ਭੋਰਾ ਫਰਕ ਨਹੀਂ। ਤਾਂ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਉਹ ਅਲੱਗ ਜਿਣਸ ਹੈ?"

ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਹੋ ਸਕਦੀਆਂ ਹਨ ਜਾਂ ਹੋਰ ਵੀ ਬਹੁਤ ਸਾਰੀਆਂ ਰਚਨਾਵਾਂ ਹੋ ਸਕਦੀਆਂ ਹਨ ਜੋ ਪੰਜਾਬੀ ਭਾਸ਼ਾ ਦੇ ਬੋਧੀ ਸਾਹਿਤ ਨੂੰ ਅਮੀਰ ਬਣਾਉਂਦੀਆਂ ਹੋਣ ਜਾਂ ਪੰਜਾਬ ਦੇ ਉਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਵੀ ਇਸੇ ਦਾਇਰੇ ਵਿਚ ਰੱਖਿਆ ਜਾ ਸਕਦਾ ਹੈ। ਉਨ੍ਹਾਂ ਦਾ ਵੇਰਵਾ ਵੀ ਦੇਣਾ ਜ਼ਰੂਰੀ ਹੋ ਜਾਂਦਾ ਹੈ। ਹੇਠਾਂ ਕੁਝ ਰਚਨਾਵਾਂ ਦੀ ਸੂਚੀ ਦਰਜ ਕਰ ਰਹੇ ਹਾਂ :

(1) ਬੁੱਧ ਜੀ ਦਾ ਧਿਆਨੀ ਬੁੱਤ (ਕਵਿਤਾ), ਲੇਖਕ ਪੂਰਨ ਸਿੰਘ, ਪੁਸਤਕ- ਪੂਰਨ ਸਿੰਘ ਜੀਵਨੀ ਅਤੇ ਕਵਿਤਾ।
(2) ਕਪਿਲਵਸਤੂ ਦੀ ਯਸ਼ੋਧਰਾ ਦੇ ਸਵਾਮੀ (ਕਵਿਤਾ), ਲੇਖਕ- ਪ੍ਰੀਤਮ ਸਿੰਘ ਸਫ਼ੀਰ, ਪੁਸਤਕ- ਅਗੰਮ ਅਗੋਚਰ।
(3) ਅਮਨ ਦਾ ਪੈਗੰਬਰ (ਕਵਿਤਾ), ਲੇਖਕ ਪ੍ਰੱਬਜੋਤ ਕੌਰ।
(4) ਸੂਰਜ ਹਿੰਦੋਸਤਾਨ ਦਾ (ਕਵਿਤਾ), ਲੇਖਕ ਸੁੱਖਪਾਲਵੀਰ ਹਸ਼ਰਤ, ਪੁਸਤਕ- ਹਸ਼ਰਤ ਕਾਵਿ।
(5) ਬੁੱਧਮ ਸਰਣਮ ਗਛਾਮਿ (ਰੇਡੀਓ ਨਾਟਕ), ਲੇਖਕ- ਕਰਤਾਰ ਸਿੰਘ ਦੁੱਗਲ।
(6) ਗੋਰੀ ਤੇ ਭਗਵਾਨ ਬੁੱਧ (ਨਿੱਕੀ ਕਹਾਣੀ), ਲੇਖਕ- ਗੁਰਬਖਸ਼ ਸਿੰਘ ਪ੍ਰੀਤਲੜੀ, ਪੁਸਤਕ- ਪ੍ਰੀਤ ਕਹਾਣੀਆਂ।
(7) ਮਹਾਤਮਾ ਬੁੱਧ (ਜੀਵਨੀ), ਲੇਖਕ- ਗੁਰਾਂਦਿੱਤਾ ਖੰਨਾ, ਕੁਲਦੀਪ ਪ੍ਰੈਸ, ਅੰਮ੍ਰਿਤਸਰ।
(8) ਸਿਧਾਰਥ ਦੀ ਵਾਪਸੀ (ਕਵਿਤਾ), ਲੇਖਕ- ਸਹਰਯਾਰ।
(9) ਸਿਧਾਰਥ ਕੀ ਵਾਪਸੀ (ਕਵਿਤਾ), ਲੇਖਕ- ਗੁਲਜ਼ਾਰ, ਪੁਸਤਕ- ਰਾਤ ਪਸ਼ਮੀਨੇ ਕੀ।
(10) ((ੳ) ਪਾਲੀ ਤੇ ਪੰਜਾਬੀ (ਲੇਖ), ਲੇਖਕ- ਰੋਸ਼ਨ ਲਾਲ ਅਹੂਜਾ,
(ਅ) ਕਲਿੰਗਾਂ ਦਾ ਦੁਖਾਂਤ- ਲੇਖਕ- ਰੋਸ਼ਨ ਲਾਲ ਅਹੂਜਾ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ।
(11) ਬੁੱਧ ਦੀ ਕਹਾਣੀ- ਲੇਖਕ- ਅਜਾਇਬ ਚਿੱਤ੍ਰਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
(12) ਬੁੱਧ ਜਾਤਕ ਕਥਾਵਾਂ (ਪੰਜਾਬੀ ਕਵਿਤਾ ਵਿਚ ਸਾਰ-ਸੰਗ੍ਰਹਿ), ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ।
(13) ਨੌਜੁਆਨ ਵਰਗ ਲਈ ਬੁੱਧ- (ਅਨੁਵਾਦ), ਦਲਵੀਰ ਸਿੰਘ, ਨੈਸ਼ਨਲ ਬੁੱਕ ਟਰੱਸਟ ਇੰਡੀਆ ( ਦਿੱਲੀ)
(14) ਗੌਤਮ ਦੀ ਵਾਪਸੀ (ਕਵਿਤਾ), ਲੇਖਕ- ਸੁਖਵਿੰਦਰ, ਪੁਸਤਕ- ਲੱਕੜ ਦੀਆਂ ਮੱਛੀਆਂ।

ਮੇਰੇ ਖਿਆਲ ਅਨੁਸਾਰ ਅਜੇ ਵੀ ਇਹ ਅਧਿਆਇ ਅਧੂਰਾ ਹੈ ਅਤੇ ਸਦਾ ਅਧੂਰਾ ਰਹੇਗਾ। ਬੁੱਧ ਉਪਰ ਏਨਾ ਸਾਹਿਤ ਰਚਿਆ ਗਿਆ ਹੈ ਅਤੇ ਰਚਿਆ ਜਾ ਰਿਹਾ ਹੈ ਕਿ ਇਹ ਸੂਚੀ ਦਿਨ-ਬ-ਦਿਨ ਲੰਬੀ ਹੁੰਦੀ ਜਾਵੇਗੀ। ਹਰੇਕ ਪਾਠਕ ਨੂੰ ਇਹ ਲਿਸਟ ਖੁਦ ਪੂਰੀ ਕਰਨੀ ਪਵੇਗੀ, ਇਹੀ ਮੇਰਾ ਸੁਝਾਓ ਹੈ।

# ਆਦਿ ਧਰਮ ਲਹਿਰ ਤੇ ਡਾ: ਅੰਬੇਡਕਰ


**ਮੂਲ ਲੇਖਕ: ਡੀ. ਸੀ. ਅਹੀਰ**

1915 ਵਿਚ ਜਦੋਂ ਡਾ. ਬੀ. ਆਰ. ਅੰਬੇਦਕਰ ਨਿਊਯਾਰਕ ਵਿਚ ਕੋਲੰਬੀਆ ਯੂਨੀਵਰਸਿਟੀ ਵਿਖੇ ਆਪਣੇ ਪੀ. ਐਚ. ਡੀ. ਥੀਸਿਸ ਨੂੰ ਅੰਤਿਮ ਛੋਹਾਂ ਦੇ ਰਹੇ ਸਨ ਤਾਂ ਇਕ ਪੰਜਾਬੀ ਨੌਜਵਾਨ ਜਿਹੜਾ ਕੁਝ ਸਾਲ ਪਹਿਲਾਂ ਅਮਰੀਕਾ ਗਿਆ ਸੀ, ਭਾਰਤ ਵਿਚ ਗਦਰ ਮਚਾਉਣ ਲਈ ਕੈਲੀਫੋਰਨੀਆ ਤੋਂ ਪੰਜਾਬ ਵਾਸਤੇ ਹਥਿਆਰਾਂ ਦੀ ਸਮਗਲਿੰਗ ਦੇ ਖਤਰਨਾਕ ਮਿਸ਼ਨ ਵਿਚ ਸ਼ਾਮਲ ਸੀ। ਇਹ ਪੰਜਾਬੀ ਨੌਜਵਾਨ ਮਗਰੋਂ ਬਾਬੂ ਮੰਗੂ ਰਾਮ, ਬਾਨੀ ਆਦਿ ਧਰਮ ਲਹਿਰ ਵਜੋਂ ਮਸ਼ਹੂਰ ਹੋਇਆ। ਮੰਗੂ ਰਾਮ ਦਾ ਜਨਮ 14 ਜਨਵਰੀ 1886 ਈ. ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਛੋਟੇ ਜਿਹੇ ਪਿੰਡ ਮੁੱਗੋਵਾਲ ਵਿਚ ਇਕ ਅਛੂਤ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਚਮੜੇ ਦਾ ਵਪਾਰੀ ਸੀ। ਉਦੋਂ ਬਰਤਾਨਵੀ ਹਕੂਮਤ ਨੇ ਸਾਰੇ ਲੋਕਾਂ ਵਾਸਤੇ ਸਿੱਖਿਆ ਲਈ ਦਰਵਾਜ਼ੇ ਖੋਲ੍ਹ ਦਿੱਤੇ ਸਨ। ਮੰਗੂ ਰਾਮ ਨੂੰ ਪਿੰਡ ਦੇ ਨੇੜੇ ਮਾਹਿਲਪੁਰ ਵਿਚਲੇ ਸਕੂਲੇ ਪੜ੍ਹਨ ਪਾਇਆ ਗਿਆ ਪਰ ਉਨ੍ਹਾਂ ਨਾਲ ਹਿੰਦੂ ਅਧਿਆਪਕ ਨੇ ਅਣਮਨੁੱਖੀ ਸਲੂਕ ਕੀਤਾ। ਸਤਾਰਾ ਵਿਚ ਭੀਮ ਰਾਓ ਵਾਂਗ, ਮੰਗੂ ਰਾਮ ਨੂੰ ਵੀ ਕਲਾਸ ਤੋਂ ਬਾਹਰ ਬੈਠਣਾ ਪੈਂਦਾ ਸੀ। ਇੱਥੇ ਹੀ ਬੱਸ ਨਹੀਂ, ਅਧਿਆਪਕ ਉਨ੍ਹਾਂ ਨੂੰ ਸਿੱਧਿਆਂ ਨਹੀਂ ਪੜ੍ਹਾਉਂਦਾ ਸੀ, ਉਨ੍ਹਾਂ ਨੂੰ ਹਮੇਸ਼ਾ ਇਕ ਮੁਸਲਿਮ ਵਿਦਿਆਰਥੀ ਰਾਹੀਂ ਸਬਕ ਦਿੱਤਾ ਜਾਂਦਾ ਸੀ। ਫਿਰ ਵੀ ਮੰਗੂ ਰਾਮ ਮਿਡਲ ਦਾ ਇਮਤਿਹਾਨ ਪਾਸ ਕਰ ਗਏ ਤੇ ਨੇੜੇ ਦੇ ਕਸਬੇ, ਬਜਵਾੜਾ ਵਿਚਲੇ ਸਕੂਲ ਵਿਚ ਦਾਖਲਾ ਲੈ ਲਿਆ। ਇੱਥੇ ਵੀ, ਉਨ੍ਹਾਂ ਨਾਲ ਅਪਮਾਨ ਜਨਕ ਸਲੂਕ ਹੋਇਆ ਤੇ ਉਨ੍ਹਾਂ ਨੂੰ ਕਲਾਸ ਰੂਮ ਤੋਂ ਬਾਹਰ ਬੈਠਣਾ ਪੈਂਦਾ ਸੀ। ਇਕ ਦਿਨ, ਇੰਨੀ ਭਾਰੀ ਵਰਖਾ ਹੋਈ ਕਿ ਦਰੱਖਤ ਦੀ ਓਟ ਦੇ ਬਾਵਜੂਦ, ਮੰਗੂ ਰਾਮ ਪਾਣੀ ਨਾਲ ਬੁਰੀ ਤਰ੍ਹਾਂ ਭਿੱਜ ਗਏ। ਜਦੋਂ ਨ੍ਹੇਰੀ-ਝੱਖੜ ਨਾਲ ਅਹਿਣ ਉਨ੍ਹਾਂ ਉਤੇ ਮਿਸਾਇਲਾਂ ਵਾਂਗ ਡਿੱਗੀ ਤਾਂ ਉਹਨਾਂ ਤੋਂ ਹੋਰ ਬਹੁਤਾ ਬਰਦਾਸ਼ਤ ਨਾ ਹੋ ਸਕਿਆ। ਸੋ, ਉਹ ਭੱਜ ਕੇ ਕਲਾਸ ਰੂਮ ਅੰਦਰ ਜਾ ਵੜੇ। ਉਹ ਜਿਉਂ ਹੀ ਕਮਰੇ ਅੰਦਰ ਦਾਖਲ ਹੋਏ, ਅਧਿਆਪਕ ਨੇ ਉਨ੍ਹਾਂ ਨੂੰ ਦੇਖ ਲਿਆ। ਕੋਈ ਹਮਦਰਦੀ ਦਿਖਾਉਣ ਦੀ ਬਜਾਏ ਉਸ ਨੇ ਉਹਨਾਂ ਉਤੇ ਡੰਡੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਕਿ ਉਹ ਅੰਦਰ ਕਿਉਂ ਆਏ ਹਨ। ਰੋਂਦਿਆਂ-ਵਿਲਕਦਿਆਂ ਮੰਗੂ ਰਾਮ ਬਾਹਰ ਆਏ ਤੇ ਜਿਵੇਂ-ਕਿਵੇਂ ਆਪਣੇ ਘਰ ਪਹੁੰਚ ਗਏ।

ਬੇਇੱਜ਼ਤੀ ਤੇ ਕੁੱਟਮਾਰ ਨੂੰ ਨਜ਼ਰ ਅੰਦਾਜ਼ ਕਰਦਿਆਂ, ਮੰਗੂ ਰਾਮ ਅਗਲੇ ਦਿਨ ਫਿਰ ਸਕੂਲ ਗਏ। ਉਹ ਜਿਉਂ ਹੀ ਉਥੇ ਪਹੁੰਚੇ, ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਅਧਿਆਪਕ ਪਾਣੀ ਦੇ ਛਿੱਟੇ ਮਾਰ ਕੇ ਕਲਾਸ ਰੂਮ ਵਿਚਲੇ ਮੇਜ਼-ਕੁਰਸੀ ਤੇ ਟਾਟ ਜਿਹਨਾਂ ਉਤੇ ਵਿਦਿਆਰਥੀ ਬਹਿੰਦੇ ਸਨ, ਨੂੰ ਭਿੱਟ ਦੂਰ ਕਰਕੇ ਪਵਿੱਤਰ ਕਰ ਰਿਹਾ ਸੀ। ਮੰਗੂ ਰਾਮ ਵੱਲ ਦੇਖਦਿਆਂ ਬ੍ਰਾਹਮਣ ਅਧਿਆਪਕ ਉੱਚੀ ਦੇਣੀ ਬੋਲਿਆ, 'ਤੂੰ ਫਿਰ ਆ ਗਿਆ ਉਏ ਚੰਡਾਲ।'

ਹੋਰ ਕੁਟਾਪੇ ਤੋਂ ਡਰਦਿਆਂ ਮੰਗੂ ਰਾਮ ਉਨ੍ਹੀਂ ਪੈਰੀਂ ਵਾਪਸ ਮੁੜ ਗਏ ਤੇ ਫਿਰ ਕਦੇ ਸਕੂਲ ਨਾ ਗਏ। ਇਹ ਉਨ੍ਹਾਂ ਦੀ ਪੜ੍ਹਾਈ ਦਾ ਅੰਤ ਸੀ।

ਆਪਣੀ ਪੜ੍ਹਾਈ ਦੇ ਅਚਨਚੇਤ ਖਾਤਮੇ ਨਾਲ ਮੰਗੂ ਰਾਮ ਵਿਹਲੇ ਹੋ ਗਏ ਤੇ ਪ੍ਰੇਸ਼ਾਨ ਵੱਖਰਾ। ਸਾਲ 1909 ਵਿਚ ਪਿੰਡ ਦੇ ਹੋਰ ਮੁੰਡਿਆਂ ਨਾਲ ਉਹ ਅਮਰੀਕਾ ਵਿਚਲੇ ਕੈਲੀਫੋਰਨੀਆ ਨੂੰ ਕਮਾਈਆਂ ਕਰਨ ਲਈ ਚਲੇ ਗਏ। ਉਹ ਫਰੈਜ਼ਨੋ ਦੇ ਪੀਚ ਔਰਚਰਡ ਤੇ ਕੇਂਦਰੀ ਕੈਲੀਫੋਰਨੀਆ ਦੀ ਸਾਂ ਜੋਆਕੁਇਨ ਵਿਚ ਕੰਮ ਕਰਦੇ ਰਹੇ। ਪੈਸੇ ਕਮਾਉਣ ਦੀ ਬਜਾਏ, ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਪਾਰਟੀ ਦੀ ਅਗਵਾਈ ਅੰਤਰ-ਰਾਸ਼ਟਰੀ ਪੱਧਰ ਉਤੇ ਲਾਲਾ ਹਰਦਿਆਲ ਕਰ ਰਹੇ ਸਨ। ਭਾਰਤ ਦੀ ਆਜ਼ਾਦੀ ਦੇ ਮਨੋਰਥ ਪ੍ਰਤੀ ਮੰਗੂ ਰਾਮ ਦੀ ਲਗਨ ਤੇ ਸੁਹਿਰਦਤਾ ਨੂੰ ਦੇਖਦਿਆਂ ਉਹਨਾਂ ਉਤੇ ਬਹੁਤ ਭਰੋਸਾ ਕੀਤਾ ਗਿਆ ਤੇ ਪਾਰਟੀ ਦਾ ਵਫ਼ਾਦਾਰ ਮੰਨਿਆ ਗਿਆ, ਸਾਲ 1915 ਵਿਚ, ਮੰਗੂ ਰਾਮ ਪੰਜ ਗਦਰੀਆਂ ਵਿਚੋਂ ਇਕ ਸਨ, ਜਿਹਨਾਂ ਨੂੰ ਹਥਿਆਰ ਤੇ ਤਰਥੱਲੀ ਮਚਾਉਣ ਵਾਲਾ ਸਾਹਿਤ ਦੇ ਕੇ ਭਾਰਤ ਭੇਜਿਆ ਗਿਆ। ਉਹ ਜਹਾਜ਼, ਬਦਕਿਸਮਤੀ ਨੂੰ ਬਰਤਾਨਵੀ ਹਕੂਮਤ ਵੱਲੋਂ ਬਤਾਵੀਆ ਵਿਚ ਫੜਿਆ ਗਿਆ ਤੇ ਸੀਲ ਕਰ ਦਿੱਤਾ ਗਿਆ। ਇਹ ਤਕਰੀਬਨ ਇਕ ਸਾਲ ਸੀਲ ਰਿਹਾ ਤੇ ਉਹ ਪੰਜ ਗਦਰੀ ਕੈਦੀਆਂ ਵਜੋਂ ਉਸ ਦੇ ਅੰਦਰ ਹੀ ਰਹੇ। ਇਸੇ ਦੌਰਾਨ, ਉਨ੍ਹਾਂ ਉਤੇ ਮੁਕੱਦਮਾ ਚਲਾਇਆ ਗਿਆ ਤੇ ਜਹਾਜ਼ ਰਾਹੀਂ ਗੈਰ-ਕਾਨੂੰਨੀ ਤੌਰ ਤੇ ਹਥਿਆਰਾਂ ਨੂੰ ਲਿਜਾਉਣ ਬਦਲੇ ਮੌਤ ਦੀ ਸਜ਼ਾ ਸੁਣਾਈ ਗਈ। ਸਜ਼ਾ ਸੁਣਾਏ ਜਾਣ ਮਗਰੋਂ ਕਈ ਦੇਸ਼-ਭਗਤ ਹਿੰਦੁਸਤਾਨੀ, ਜੋ ਜਰਮਨ ਵਿਚ ਰਹਿੰਦੇ ਸਨ, ਨੇ ਇਹਨਾਂ ਗਦਰੀਆਂ ਦੀ ਮਦਦ ਕਰਨ ਦਾ ਫੈਸਲਾ ਕੀਤਾ। ਕਿਸੇ ਤਰ੍ਹਾਂ, ਉਹ ਸੀਲ ਕੀਤੇ ਜਹਾਜ਼ ਵਿਚੋਂ ਕੈਦੀਆਂ ਨੂੰ ਕੱਢ ਕੇ ਲੈ ਗਏ। ਫਿਰ ਉਨ੍ਹਾਂ ਨੂੰ ਵੱਖ-ਵੱਖ ਦਿਸ਼ਾਵਾਂ ਵਿਚ ਭੇਜ ਦਿੱਤਾ। ਮੰਗੂ ਰਾਮ ਨੂੰ ਮਨੀਲਾ ਜਾਣ ਵਾਲੇ ਜਹਾਜ਼ ਵਿਚ ਬਿਠਾ ਦਿੱਤਾ ਗਿਆ। ਤੇ ਫਿਰ ਗਲਤੀ ਨਾਲ (ਕੰਪਾਸ ਖਰਾਬ ਹੋਣ ਕਾਰਨ- ਅਨੁ-ਵਾਦਕ) ਜਹਾਜ਼ ਸਿੰਗਾਪੁਰ ਪਹੁੰਚ ਗਿਆ। ਬਦਕਿਸਮਤੀ ਨੂੰ, ਮੰਗੂ ਰਾਮ ਨੂੰ ਇੱਥੇ ਕੁਝ ਦੇਸ਼-ਧਰੋਹੀਆਂ ਨੇ ਪਛਾਣ ਜੋ ਪਹਿਲਾਂ ਗਦਰ ਪਾਰਟੀ ਲਈ ਕੰਮ ਕਰਦੇ ਸਨ। ਉਨ੍ਹਾਂ ਪੁਲਿਸ ਨੂੰ ਸੂਹ ਦੇ ਦਿੱਤੀ। ਹੁਣ ਬਤਾਵੀਆ ਤੋਂ ਭਗੌੜੇ ਹੋਇਆਂ ਦਾ ਡੈਥ ਵਾਰੰਟ ਬਰਤਾਨਵੀ ਸਰਕਾਰ ਵੱਲੋਂ ਜਾਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਪੰਜਾਂ ਵਿਚੋਂ ਕੋਈ ਵੀ ਫੜਿਆ ਜਾਵੇ ਤਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਉਸੇ ਅਨੁਸਾਰ, ਸਿੰਗਾਪੁਰ ਪੁਲਿਸ ਮੌਤ ਦੇ ਘਾਟ ਉਤਾਰਨ ਦੀ ਤਿਆਰੀ ਕਰ ਰਹੀ ਸੀ ਕਿ ਸਬੱਬੀਂ ਇਕ ਚਮਤਕਾਰ ਹੋਇਆ। ਮੌਤ ਦੇ ਮੂੰਹ ਵਿਚ ਜਾਣ ਤੋਂ ਅੱਧਾ ਘੰਟਾ ਪਹਿਲਾਂ, ਬਰਡੇ ਨਾਂ ਦਾ ਇਕ ਬੰਦਾ ਆਇਆ, ਜਿਸ ਨੂੰ ਮੰਗੂ ਰਾਮ ਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ, ਬਾਹੋਂ ਫੜ ਕੇ ਥਾਣੇ ਤੋਂ ਬਾਰ ਲੈ ਗਿਆ ਤੇ ਮੁੜ ਉਸੇ ਜਹਾਜ਼ ਵਿਚ ਬਿਠਾ ਦਿੱਤਾ, ਜਿਸ ਵਿਚ ਮੰਗੂ ਰਾਮ ਆਏ ਸਨ, ਤੇ ਉਸ ਨੇ ਕੈਪਟਨ ਨੂੰ ਕਿਹਾ ਕਿ ਜਹਾਜ਼ ਮਨੀਲਾ ਨੂੰ ਲੈ ਜਾਵੇ। ਇੰਨੇ ਨੂੰ ਪੁਲਿਸ ਹਰਕਤ ਵਿਚ ਆ ਗਈ ਤੇ ਜਹਾਜ਼ ਸਿੰਗਾਪੁਰ ਦੀ ਹੱਦ ਪਾਰ ਕਰ ਗਿਆ ਸੀ। ਜਹਾਜ਼ ਨੂੰ ਫੜ ਨਾ ਸਕਣ ਕਾਰਨ, ਪੁਲਿਸ ਨੇ ਆਪਣੀ ਨਲਾਇਕੀ ਨੂੰ ਛੁਪਾਉਣ ਖਾਤਰ ਕਿਸੇ ਸ਼ਰਾਬੀ (ਹਿੰਦੁਸਤਾਨੀ) ਨੂੰ ਫੜ ਕੇ ਫਾਂਸੀ ਚੜ੍ਹਾ ਦਿੱਤਾ। ਮਗਰੋਂ ਇਹ ਖ਼ਬਰ ਭਾਰਤੀ ਅਖ਼ਬਾਰਾਂ ਵਿਚ ਛਪੀ।



ਡੀ. ਸੀ. ਅਹੀਰ

ਇਸ ਘਟਨਾ ਉਪਰੰਤ ਮੰਗੂ ਰਾਮ 7-8 ਸਾਲ ਫਿਲਪੀਨਜ਼ ਵਿਚ ਲੁਕ-ਛਿਪ ਕੇ ਰਹਿੰਦੇ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਕੋਈ ਸੰਪਰਕ ਨਾ ਰਿਹਾ। ਫੜੇ ਜਾਣ ਦੇ ਡਰੋਂ ਉਹਨਾਂ ਕੋਈ ਚਿੱਠੀ-ਪੱਤਰ ਵੀ ਨਹੀਂ ਲਿਖਿਆ ਸੀ। ਉਹਨਾਂ ਨੂੰ ਮਰ-ਮੁੱਕੇ ਸਮਝ ਕੇ ਉਹਨਾਂ ਦੀ ਪਤਨੀ ਨੂੰ ਮੰਗੂ ਰਾਮ ਦੇ ਵੱਡੇ ਭਰਾ ਜੋ ਰੰਡਾ ਸੀ, ਦੇ ਬਿਠਾ ਦਿੱਤਾ। ਸਾਲ 1924 ਵਿਚ ਬਰਤਾਨਵੀ ਹਕੂਮਤ ਵੱਲੋਂ ਜਾਰੀ ਡੈਥ ਵਾਰੰਟ ਦੀ ਮਿਆਦ ਪੁੱਗ ਗਈ। ਫਿਰ ਮੰਗੂ ਰਾਮ ਨੇ ਭਾਰਤ ਪਰਤਣ ਲਈ ਸੋਚਿਆ। ਸਾਲ 1925 ਵਿਚ ਉਹ ਵਾਪਸ ਪੰਜਾਬ ਆ ਗਏ। ਛੇਤੀ ਹੀ ਮਗਰੋਂ, ਮੰਗੂ ਰਾਮ ਇਕ ਹੋਰ ਸੁਤੰਤਰਤਾ ਸੰਗਰਾਮ ਵਿਚ ਸ਼ਾਮਲ ਹੋ ਗਏ, ਉਹ ਸੀ ਅਛੂਤਾਂ ਦੀ ਮੁਕਤੀ। ਉਹ ਲੋਕ ਜਿਨ੍ਹਾਂ ਵਿਚਾਲੇ ਉਹ ਪੈਦਾ ਹੋਏ- ਜਿਹੜੇ ਹਿੰਦੂਆਂ ਦੇ ਅੱਤਿਆਚਾਰਾਂ ਦਾ ਅਕਸਰ ਸ਼ਿਕਾਰ ਹੁੰਦੇ ਰਹਿੰਦੇ ਸਨ। ਬਾਬੂ ਮੰਗੂ ਰਾਮ ਦੇ ਗਦਰ ਪਾਰਟੀ ਨਾਲ ਗਹਿਗੱਚ ਮੇਲ ਜੋਲ ਸਦਕਾ ਉਹਨਾਂ ਦਾ ਨਜ਼ਰੀਆ ਵਿਆਪਕ ਤੇ ਵਿਸ਼ਾਲ ਹੋ ਗਿਆ ਸੀ ਤੇ ਇਕ ਜਥੇਬੰਦਕ ਵਜੋਂ ਉਨ੍ਹਾਂ ਦੀ ਮਹਾਰਤ ਤੇਜ਼-ਤਿੱਖੀ ਹੋ ਗਈ ਸੀ। ਛੇਤੀ ਹੀ ਉਹਨਾਂ ਆਪਣੀ ਸੋਚ ਵਾਲੇ ਸਾਥੀਆਂ ਨੂੰ ਤਲਾਸ਼ਿਆ ਤੇ ਹਿੰਦੂ ਸਮਾਜਿਕ ਗੁਲਾਮੀ ਦੇ ਸ਼ਿਕੰਜੇ ਵਿਚੋਂ ਦੱਬੇ-ਕੁਚਲੇ ਲੋਕਾਂ ਨੂੰ ਮੁਕਤੀ ਕਰਾਉਣ ਲਈ ਉਹਨਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ।

ਆਪਣੇ ਵਿਚਾਰਾਂ ਨੂੰ ਵੱਡੇ ਹੁਲਾਰੇ ਤੇ ਹੁੰਗਾਰੇ ਤੋਂ ਉਤਸ਼ਾਹਿਤ ਹੁੰਦਿਆਂ, ਬਾਬੂ ਮੰਗੂ ਰਾਮ ਨੇ 11-12 ਜੂਨ 1926 ਨੂੰ ਆਪਣੇ ਪਿੰਡ ਮੁੱ-ਗੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਕਾਨਫਰੰਸ ਬੁਲਾਈ। ਕਾਨਫਰੰਸ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਅਛੂਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਅਛੂਤ ਇਕ ਵੱਖਰੀ ਕੌਮ ਹਨ, ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਵਾਂਗ। ਅਛੂਤ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਖੈਰ, ਲਹਿਰ ਦਾ ਨਾਂ ਆਦਿ ਧਰਮ ਰੱਖਿਆ ਗਿਆ। ਲੀਡਰਾਂ ਨੇ ਵੱਖਰਾ ਤੇ ਨਿਆਰਾ ਪਹਿਰਾਵਾ ਪਹਿਨਿਆ ਜਿਵੇਂ ਗੂਹੜੀ ਲਾਲ ਪੱਗੜੀ ਤੇ ਨਵਾਂ ਪਵਿੱਤਰ ਮੰਤਰ ਜਾਂ ਪ੍ਰਤੀਕ (ਬੈਜ), ਸੋਂਹ ਸ਼ਬਦ ਅਪਣਾਇਆ। ਲੋਕਾਂ ਨੂੰ ਆਪਣੇ-ਆਪ ਨੂੰ ਆਦਿ ਧਰਮੀ ਕਹਿਣ-ਕਹਾਉਣ ਲਈ ਆਖਿਆ।

ਆਦਿ ਧਰਮ ਦਾ ਮੁਢਲਾ ਮਨੋਰਥ ਅਛੂਤਾਂ ਨੂੰ ਇਕ ਬਦਲਵਾਂ ਧਰਮ ਮੁਹੱਈਆ ਕਰਵਾਉਣਾ ਸੀ। ਇਸ ਦਾ ਇਕ ਹੋਰ ਮਨੋਰਥ ਆਪਣੇ ਸਮਾਜ ਨੂੰ ਅੰਦਰੋਂ ਸੁਧਾਰਨਾ ਸੀ। ਆਦਿ ਧਰਮ ਨੇ ਲੋਕਾਂ ਨੂੰ ਅਮਰ ਅਭਿਆਸਾਂ ਤੋਂ ਮੁਕਤ ਕੀਤਾ ਤੇ ਸਾਫ-ਸੁਥਰੀ ਜ਼ਿੰਦਗੀ ਜਿਊਣ ਲਈ ਆਖਿਆ। ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਦੀ ਮਨਾਹੀ ਕੀਤੀ। ਲੜਕੇ ਤੇ ਲੜਕੀਆਂ ਨੂੰ ਪੜ੍ਹਾਉਣ ਤੇ ਸਮਾਜ ਦੇ ਸਾਰੇ ਮਰਦਾਂ ਤੇ ਔਰਤਾਂ ਨਾਲ ਬਰਾਬਰੀ ਦਾ ਸਲੂਕ ਕਰਨ ਲਈ ਹਦਾਇਤਾਂ ਕੀਤੀਆਂ। ਸਮੁੱਚੇ ਤੌਰ ਤੇ ਲਹਿਰ ਦਾ ਮਨੋਰਥ ਅਛੂਤਾਂ ਨੂੰ ਆਦਿ ਧਰਮ ਦੇ ਮੈਂਬਰਾਂ ਵਜੋਂ ਮਾਣ-ਸਤਿਕਾਰ ਦੀ ਭਾਵਨਾ ਦੇਣਾ ਸੀ। ਆਦਿ ਧਰਮ ਮੰਡਲ ਦਾ ਹੈਡਕੁਆਰਟਰ ਜਲੰਧਰ ਸ਼ਹਿਰ ਵਿਚ ਸਥਾਪਤ ਕੀਤਾ ਗਿਆ, ਜਿੱਥੋਂ ਲਹਿਰ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਇਆ ਗਿਆ ਤੇ ਸਮਰਪਿਤ ਮਿਸ਼ਨਰੀਆਂ ਨੇ ਪੰਜਾਬ (ਲਹਿੰਦੇ ਪੰਜਾਬ ਸਮੇਤ) ਦੇ ਦੂਰ-ਦੁਰਾਡੇ ਇਲਾਕਿਆਂ ਤੇ ਉਸ ਤੋਂ ਵੀ ਬਾਹਰ ਦੇ ਇਲਾਕਿਆਂ ਵਿਚ ਲਹਿਰ ਦੇ ਸੰਦੇਸ਼ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਮੰਡਲ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਆਪਣਾ ਅਧਿਆਤਮਕ ਰਹਿਬਰ ਮੰਨਿਆ ਤੇ ਲਹਿਰ ਚਮਾਰਾਂ (ਤੇ ਬਾਲਮੀਕੀਆਂ) ਦਰਮਿਆਨ ਸ਼ੁਰੂ ਵਿਚ ਹਰਮਨ ਪਿਆਰੀ ਹੋ ਗਈ।

ਉਸ ਵੇਲੇ, ਬਾਬੂ ਮੰਗੂ ਰਾਮ ਆਦਿ ਧਰਮ ਦੇ ਝੰਡੇ ਹੇਠ ਅਛੂਤਾਂ ਨੂੰ ਜਥੇਬੰਦ ਕਰ ਰਹੇ ਸਨ ਤੇ ਉਧਰ ਡਾ. ਅੰਬੇਦਕਰ ਦੇਸ਼ ਦੇ ਇਕ ਹੋਰ ਹਿੱਸੇ ਵਿਚ ਅਜਿਹੀ ਹੀ ਲੜਾਈ ਲੜ ਰਹੇ ਸਨ। ਭਾਵੇਂ ਉਹਨਾਂ ਦੇ ਕੰਮ ਦਾ ਖੇਤਰ ਸੈਂਕੜੇ-ਹਜ਼ਾਰਾਂ ਮੀਲ ਦੂਰ ਸੀ ਪਰ ਉਹਨਾਂ ਦੇ ਵਿਚਾਰ ਤੇ ਸੰਘਰਸ਼ ਦੇ ਤਰੀਕੇ ਤਕਰੀਬਨ ਇਕੋ-ਜਿਹੇ ਸਨ। ਦੋਵਾਂ ਦਾ ਵਿਸ਼ਵਾਸ ਸੀ ਕਿ ਅਨੁਸੂਚਿਤ ਜਾਤੀਆਂ ਹਿੰਦੂ ਨਹੀਂ ਹਨ ਅਤੇ ਉਹਨਾਂ ਦੀ ਗੁਲਾਮੀ ਦਾ ਛੁਟਕਾਰਾ ਹਿੰਦੂ ਧਰਮ ਤੋਂ ਮੁਕਤ ਹੋਣ ਵਿਚ ਹੈ।

ਦੋਵਾਂ ਆਗੂਆਂ ਦਾ ਵਿਸ਼ਵਾਸ ਆਪਣੀ ਮਦਦ ਆਪ ਕਰਨ ਵਿਚ ਸੀ ਅਤੇ ਆਪਣੇ ਮੰਤਵ-ਮਨੋਰਥ ਦੀ ਪ੍ਰਾਪਤੀ ਲਈ ਸ਼ਾਂਤਮਈ ਤਰੀਕਿਆਂ ਦੀ ਵਕਾਲਤ ਸੀ। ਦੋਵਾਂ ਨੇ ਸਿੱਖਿਆ ਉਤੇ ਭਰਵਾਂ ਜ਼ੋਰ ਦਿੱਤਾ। ਬਾਬਾ ਸਾਹਿਬ ਨੇ ਸਿੱਖਿਆ ਨੂੰ ਸਮੁੱਚੀ ਤਰੱਕੀ ਦੀ ਚਾਬੀ ਵਜੋਂ ਵਿਚਾਰਿਆ ਜਦਕਿ ਮੰਗੂ ਰਾਮ ਦਾ ਕਹਿਣਾ ਸੀ ਕਿ 'ਸਿੱਖਿਆ ਸਾਨੂੰ ਸੱਚਖੰਡ (ਸਚਾਈ ਦਾ ਮੰਡਲ) ਵੱਲ ਲਿਜਾਂਦੀ ਹੈ।' ਹੋਰ ਅੱਗੇ, ਬਾਬਾ ਸਾਹਿਬ ਨੇ ਸਿੱਖਿਆ, ਸੰਘਰਸ਼ ਤੇ ਸੰਗਠਨ' ਦੀਆਂ ਤਿੰਨ ਪ੍ਰਮੁੱਖ ਗੱਲਾਂ ਲੋਕਾਂ ਨੂੰ ਮੰਨਣ ਲਈ ਆਖਿਆ ਜਦਕਿ ਮੰਗੂ ਰਾਮ ਅਨੁਸਾਰ ਗਰੀਬਾਂ ਕੋਲ ਤਿੰਨ ਕਿਸਮ ਦੀਆਂ ਤਾਕਤਾਂ ਹਨ: ਕੌਮੀਅਤ (ਸਮੂਹਿਕ ਇਕਮੁੱਠਤਾ), ਮਜ਼ਹਬ (ਅਧਿਆਤਮਕਤਾ) ਤੇ ਮਜਲਿਸ (ਸੰਗਠਨ)।'

ਆਦਿ ਧਰਮ ਦੀ ਸਥਾਪਨਾ ਤੋਂ ਇਕ ਸਾਲ ਮਗਰੋਂ ਲਹਿਰ ਨੇ ਲਗਾਤਾਰ ਰੈਲੀਆਂ ਤੇ ਕਾਨਫਰੰਸਾਂ ਸਦਕਾ ਪੰਜਾਬ ਵਿਚ ਇਕ ਵਿਆਪਕ ਲਹਿਰ ਖੜ੍ਹੀ ਕਰ ਦਿੱਤੀ ਜਿਸ ਕਾਰਨ ਉਸ ਵੇਲੇ ਦੀ ਸਰਕਾਰ ਅਛੂਤਾਂ ਦੀਆਂ ਸਮੱਸਿਆਵਾਂ ਉਤੇ ਧਿਆਨ ਦੇਣ ਲੱਗ ਪਈ। ਅਛੂਤਾਂ ਦੀ ਗਰੀਬੀ ਤੇ ਸ਼ੋਸ਼ਣ ਦੇ ਕਾਰਨਾਂ ਵਿਚੋਂ ਇਕ ਬੇਗਾਰ ਦੀ ਪ੍ਰਥਾ ਸੀ ਯਾਨਿ ਉਹ ਪ੍ਰਥਾ ਜਿਸ ਅਧੀਨ ਉਹ ਰਹਿਣ ਲਈ ਮਜਬੂਰ ਸਨ, ਉਹ ਸੀ ਜਬਰੀ ਕੰਮ ਕਰਾਉਣਾ ਤੇ ਇਵਜ਼ ਵਿਚ ਉਜ਼ਰਤ ਕੋਈ ਨਹੀਂ। ਆਦਿ ਧਰਮ ਮੰਡਲ ਨੇ ਬੇਗਾਰ ਪ੍ਰਥਾ ਵਿਰੁੱਧ ਸੰਘਰਸ਼ ਕੀਤਾ ਤੇ ਉਹਨਾਂ ਨੂੰ ਖਤਮ ਕਰਵਾਇਆ। ਮੰਡਲ ਨੇ ਪੰਜਾਬ ਇੰਤਕਾਲ ਇਰਾਜ਼ੀ ਕਾਨੂੰਨ ਵਿਰੁੱਧ ਜ਼ਬਰਦਸਤ ਸੰਘਰਸ਼ ਕੀਤਾ ਜਿਸ ਰਾਹੀਂ ਅਛੂਤਾਂ ਨੂੰ ਜ਼ਮੀਨ ਦਾ ਇਕ ਛੋਟਾ ਜਿੰਨਾ ਟੁਕੜਾ ਖਰੀਦਣ ਦੀ ਵੀ ਮਨਾਹੀ ਸੀ। ਆਦਿ ਧਰਮ ਮੰਡਲ 1931 ਦੀ ਮਰਦਮਸ਼ੁਮਾਰੀ ਸਮੇਂ ਆਪਣੀ ਪੂਰੀ ਚੜ੍ਹਤ ਉਤੇ ਸੀ। ਲਗਾਤਾਰ ਪ੍ਰਚਾਰ ਦੇ ਨਤੀਜੇ ਵਜੋਂ, ਤਕਰੀਬਨ 5 ਲੱਖ ਲੋਕਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਐਲਾਨਿਆ। ਇਹ ਹਕੀਕਤ ਆਦਿ ਧਰਮ ਦੇ ਆਗੂਆਂ ਦੀ ਜਥੇਬੰਦਕ ਮਹਾਰਤ ਨੂੰ ਦਰਸਾਉਂਦੀ ਹੈ। ਜਿਵੇਂ ਕਿ ਮਾਰਕ ਜੁਰਗਨਮੇਅਰ ਲਿਖਦਾ ਹੈ, ''ਵੱਡੀ ਗਿਣਤੀ ਵਿਚ ਲੋਕਾਂ ਦੇ ਸਮਰਥਨ ਨੇ ਰਾਜਨੀਤਿਕ ਸਰਮਾਇਆ ਪੈਦਾ ਕੀਤਾ ਤੇ ਮੰਗੂ ਰਾਮ ਨੇ ਇਸ ਸਰਮਾਏ ਨੂੰ ਰਾਜਸੀ ਤਰੀਕਿਆਂ ਨਾਲ ਵਰਤਿਆ।'' ਆਦਿ ਧਰਮ ਉਮੀਦਵਾਰ ਜਨਤਕ ਮਹਿਕਮਿਆਂ ਲਈ ਖੜ੍ਹੇ ਹੋਏ ਤੇ ਯੂਨੀਅਨਿਸਟ ਪਾਰਟੀ ਨਾਲ ਗੱਠਜੋੜ ਕੀਤਾ। ਦੋਹਾਂ ਮਿਸਾਲਾਂ ਵਿਚ ਆਦਿ ਧਰਮ ਮੰਡਲ ਦੁਆਰਾ ਅਨੁਸੂਚਿਤ ਜਾਤੀਆਂ ਦੇ ਆਗੂਆਂ ਨੇ ਲੋਕ-ਰੁਤਬਿਆਂ ਨੂੰ ਪ੍ਰਾਪਤ ਕੀਤਾ। -

*Ad Dharm Movement & Dr. Ambedkar*
*ਵਿਚੋਂ ਧੰਨਵਾਦ ਸਹਿਤ।*

**ਅਨੁਵਾਦ: ਬਲਬੀਰ ਮਾਧੋਪੁਰੀ**

---

## ਇਤਿਹਾਸ ਦੇ ਝਰੋਖੇ 'ਚੋਂ

# ਅਪੀਲ ਅਤੇ ਐਲਾਨ

## ਪੇਸ਼ਕਰਤਾ- ਡਾ. ਜੀ. ਸੀ. ਕੌਲ

ਕੌਮਾਂ ਦੀ ਉਨਤੀ, ਕੌਮਾਂ ਦਾ ਨਵ-ਨਿਰਮਾਣ ਉਹਨਾਂ ਦੀ ਜਥੇਬੰਦੀ ਤੇ ਆਧਾਰਿਤ ਹੋਇਆ ਕਰਦੇ ਹਨ। ਜਿਸ ਕੌਮ ਦੀ ਜਥੇਬੰਦੀ ਨਹੀਂ ਜਾਂ ਉਸ ਦੀ ਸਮਾਜਿਕ ਅਤੇ ਧਾਰਮਿਕ ਪੱਖੋਂ ਸਭਾ ਸੁਸਾਇਟੀ ਨਹੀਂ, ਉਹ ਕੌਮ ਹਮੇਸ਼ਾ ਹੀ ਆਪਣੇ ਸਵੈ ਤੇ ਸਵਰੂਪ ਨੂੰ ਗੁਆ ਬੈਠਦੀ ਹੈ। ਇਸੇ ਹੀ ਗੱਲ ਨੂੰ ਮੁੱਖ ਰੱਖ ਕੇ ਅਸੀਂ ਅੱਜ ਤੋਂ ਅੱਧੀ ਸਦੀ ਪਹਿਲਾਂ ਇਹਨਾਂ ਪੱਛੜੀਆਂ ਹੋਈਆਂ ਅਛੂਤ ਬਰਾਦਰੀਆਂ ਨੂੰ ਇਹਨਾਂ ਦੀ ਆਪਣੀ ਹੋਂਦ ਤੋਂ ਜਾਣੂ ਕਰਾਉਣ ਅਤੇ ਹਰ ਪੱਖੋਂ ਸੱਖਣੇ ਵੇਖ ਕੇ ਦੂਜੀਆਂ ਕੌਮਾਂ ਦੇ ਬਰਾਬਰ ਦੀ ਸਤਹਿ ਤੇ ਲਿਆਉਣ ਲਈ 'ਆਦਿ ਧਰਮ' ਨਾਂ ਦੀ ਇਕ ਸੰਸਥਾ ਕਾਇਮ ਕੀਤੀ ਸੀ, ਸਾਨੂੰ ਇਸ ਸੰਸਥਾ ਦਾ ਪ੍ਰਚਾਰ ਕਰਨ ਸਮੇਂ ਜਿਹੜੀਆਂ ਮੁਸੀਬਤਾਂ ਦਾ ਟਾਕਰਾ ਕਰਨਾ ਪਿਆ, ਉਹਨਾਂ ਬਾਰੇ ਮੈਂ ਵੀ ਜਾਣੂ ਹਾਂ ਅਤੇ ਮੇਰੀ ਆਦਿ-ਧਰਮੀ ਕੌਮ ਵੀ ਭੁੱਲੀ ਹੋਈ ਨਹੀਂ। ਇਹ ਆਦਿ ਧਰਮ ਮੰਡਲ ਦੇ ਪ੍ਰਬੰਧਕਾਂ ਦਾ ਹੀ ਸਦਕਾ ਕਿ ਮੇਰੀ ਕੌਮ ਦੇ ਨੌਜਵਾਨ ਪੜ੍ਹ-ਲਿਖ ਕੇ ਅੱਜ ਦੇਸ਼ ਦੇ ਕੋਨੇ-ਕੋਨੇ ਵਿਚ ਰਾਜ ਦਰਬਾਰ ਵਿਚ ਉੱਚ-ਪਦਵੀਆਂ ਹਾਸਲ ਕਰੀ ਬੈਠੇ ਹਨ।

ਭਰਾਵੋ, ਇਹ ਕੁਝ ਮੇਰੀ ਕੌਮ ਲਈ ਅਜੇ ਕਾਫੀ ਨਹੀਂ। ਸਾਡਾ ਨਿਸ਼ਾਨਾ ਅਜੇ ਹੋਰ ਅਗੇਰੇ ਵਧਣਾ ਤੇ ਖੁਸੇ ਹੋਏ ਹੱਕਾਂ ਦੀ ਮੁਕੰਮਲ ਤੌਰ 'ਤੇ ਪ੍ਰਾਪਤੀ ਲਈ ਇਸ ਤੋਂ ਵੀ ਵੱਧ ਸਿਆਸੀ ਤੇ ਜਮਾਤੀ ਘੋਲ ਕਰਨਾ ਹੈ। ਮੇਰੀ ਤੇ ਮੇਰੇ ਸਾਥੀਆਂ ਦੀ ਜਿਤਨੀ ਸਮਰੱਥਾ ਸੀ, ਉਸਦੇ ਅਨੁਸਾਰ ਵਿੱਤੋਂ ਵੱਧ ਕੰਮ ਕੀਤਾ, ਕੁਝ ਸਾਥੀ ਧੜਿਆਂ 'ਚ ਵਟ ਗਏ ਤੇ ਕੁਝ ਮੇਰੇ ਸਾਥੀ ਵਿਛੜ ਗਏ। ਉਮਰ ਦੇ ਪੱਖੋਂ ਅਤੇ ਸਰੀਰਕ ਤੌਰ ਤੇ ਕਮਜ਼ੋਰ ਹੋਣ ਦੇ ਕਾਰਨ ਮੈਂ ਤੁਰਨ ਫਿਰਨ ਤੋਂ ਅਸਮਰੱਥ ਹਾਂ। ਇਸ ਲਈ ਭਰਾਵੋ, ਮੈਂ ਤੁਹਾਡਾ ਬਹੁਤ-ਬਹੁਤ ਰਿਣੀ ਹਾਂ, ਜਿਹਨਾਂ ਨੇ ਮੈਨੂੰ ਕੌਮੀ ਸੰਘਰਸ਼ ਕਰਦੇ ਸਮੇਂ ਤਨ ਮਨ ਅਤੇ ਧਨ ਨਾਲ ਸਹਾਇਤਾ ਦਿੱਤੀ। ਮੇਰੀ ਦਿਲੀ ਤਮੰਨਾ ਹੈ ਕਿ ਆਦਿ-ਧਰਮ ਮੰਡਲ ਨਾਂ ਦੀ ਸੰਸਥਾ ਸਦਾ ਵਧਦੀ ਫੁੱਲਦੀ ਰਹੇ ਅਤੇ ਇਹ ਸੋਹੰ ਦਾ ਝੰਡਾ ਦੇਸ਼ ਦੇ



ਬਾਬੂ ਮੰਗੂ ਰਾਮ ਮੁੱਗੋਵਾਲੀਆ

ਕੋਨੇ6ਕੋਨੇ ਵਿਚ ਝੁਲਦਾ ਦਿਖਾਈ ਦੇਵੇ।

ਭਰਾਵੋ! ਇਹ ਤਦ ਹੀ ਹੋ ਸਕਦਾ ਹੈ ਕਿ ਜੇ ਮੇਰੀ ਕੌਮ ਦੇ ਸੂਝਵਾਨ ਪੜ੍ਹੇ ਲਿਖੇ ਤੇ ਨੌਜਵਾਨ ਸਾਥੀ ਇਸ ਸੰਸਥਾ ਦੀ ਵਾਗਡੋਰ ਆਪਣੇ ਹੱਥਾਂ ਵਿਚ ਸੰਭਾਲਣ। ਮੈਨੂੰ ਆਸ ਹੈ ਕਿ ਉਹਨਾਂ ਵਰਕਰ ਸਾਥੀਆਂ ਤੇ ਸਾਹਿਤਕਾਰਾਂ ਉਤੇ ਜਿਵੇਂ ਉਹਨਾਂ ਨੇ ਮੇਰੇ ਨਾਲ ਕੰਮ ਕਰਦਿਆਂ ਆਪਣਾ ਬਚਪਨ ਬਤੀਤ ਕੀਤਾ, ਅੱਗੋਂ ਤੋਂ ਵੀ ਇਸ ਕੌਮ ਲਈ ਤੇ ਆਦਿ-ਧਰਮ ਲਹਿਰ ਨੂੰ ਪ੍ਰਫੁੱਲਿਤ ਕਰਨ ਵਿਚ ਆਪਣੇ ਜੀਵਨ ਦਾ ਰਹਿੰਦਾ ਹਿੱਸਾ ਵੀ ਬਤੀਤ ਕਰਨਗੇ।

ਇਸ ਲਈ ਮੈਂ ਕੌਮ ਦਾ ਸੇਵਾਦਾਰ ਹੁੰਦਾ ਹੋਇਆ ਹੇਠ ਲਿਖੇ ਸੱਜਣਾਂ ਦੀ ਐਡਹਾਕ ਕਮੇਟੀ ਦਾ ਐਲਾਂਨ ਕਰਦਾ ਹੋਇਆ ਆਦਿ-ਧਰਮ ਕੌਮ ਅੱਗੇ ਬੇਨਤੀ ਕਰਦਾ ਹਾਂ ਕਿ ਅੱਗੋਂ ਤੋਂ ਇਹਨਾਂ ਸਾਥੀਆਂ ਨੂੰ ਪੂਰਾ-ਪੂਰਾ ਸਹਿਯੋਗ ਦੇ ਕੇ ਇਹਨਾਂ ਨਿਮਾਣੇ ਸੇਵਕਾਂ ਦਾ ਹੌਸਲਾ ਵਧ-ਾਉਣਗੇ। ਮੇਰੀਆਂ ਸ਼ੁਭ ਇੱਛਾਵਾਂ ਤੇ ਅਸੀਸਾਂ ਇਹਨਾਂ ਦੇ ਅਤੇ ਕੌਮ ਦੇ ਸਮਰਪਣ ਹਨ। ਇਸ ਐਡਹਾਕ ਕਮੇਟੀ ਨੂੰ ਪੂਰਨ ਹੱਕ ਹਨ ਜੋ ਕਿ ਆਪਣੇ ਅਧਿਕਾਰਾਂ ਦੀ ਪੂਰੀ-ਪੂਰੀ ਵਰਤੋਂ ਕਰੇਗੀ ਤੇ ਅੱਗੋਂ ਤੋਂ ਮੈਂਬਰਸ਼ਿਪ ਕਰਕੇ ਨਵੀਆਂ ਚੋਣਾਂ ਕਰਾ ਸਕੇ। ਅੱਜ ਤੋਂ ਪਹਿਲਾਂ ਜੋ ਬੋਰਡ ਦਸੰਬਰ, 1970 ਵਿਚ ਬਣਾਇਆ ਗਿਆ ਸੀ। ਉਸਦੀ ਥਾਂ ਇਹ ਹੇਠ ਲਿਖੀ ਐਡਹਾਕ ਕਮੇਟੀ ਕੰਮ ਕਰੇਗੀ।

ਸ੍ਰੀ ਮੰਗੂ ਰਾਮ 'ਜਸਪਾਲ', ਚਾਨਣ ਲਾਲ ਮਾਣਕ, ਠਾਕਰ ਦਾਸ, ਗਿਆਨ ਚੰਦਰ ਕੌਲ, ਸਵਰਨ ਚੰਦ, ਸ਼ਾਮ ਚੰਦ ਪਾਲ, ਹਰਬੰਸ ਸਿੰਘ, ਗੁਰਮੀਤ ਚੰਦ ਸੁੰਮਣ, ਧੈਂਕਰ ਲਾਲ ਧਰਭੰਗਾ ਚੁਣੇ ਗਏ ਹਨ।

ਇਹਨਾਂ ਤੋਂ ਇਲਾਵਾ 5 ਮੈਂਬਰ ਹੋਰ ਸਥਾਪਤ ਕੀਤੇ ਜਾਣਗੇ, ਫਿਲਹਾਲ ਇਹ ਕਮੇਟੀ ਕੰਮ ਚਾਲੂ ਕਰੇਗੀ।

**ਮੰਗੂ ਰਾਮ ਬਾਨੀ ਆਦਿ-ਧਰਮ**
**ਸ਼ਡਿਊਲਡ ਕਾਸਟ ਫੈਡਰੇਸ਼ਨ (ਪੰਜਾਬ)**

ਧੰਨਵਾਦ ਸਹਿਤ 'ਰਵਿਦਾਸ ਪਤ੍ਰਿਕਾ' ਜਲੰਧਰ 23 ਅਪ੍ਰੈਲ 1974

# ਜਾਤੀ ਮਰਦਮਸ਼ੁਮਾਰੀ ਦੇ ਆਸੇ-ਪਾਸੇ ਘੁੰਮਦੀ ਰਾਜਨੀਤੀ



ਗੁਰਮੀਤ ਪਲਾਹੀ
91-98158-02070

ਜਿੱਥੋਂ ਤੱਕ ਆਮ ਆਦਮੀ ਦਾ ਸਵਾਲ ਹੈ,ਉਹ ਤਾਂ ਪਤਾ ਨਹੀਂ ਕਦੋਂ ਤੋਂ ਮੂੰਹ 'ਤੇ ਜੰਦਰਾ ਲਾ ਕੇ ਬੈਠਾ ਹੈ। ਪਿਛਲੇ ਕਈ ਦਹਾਕਿਆਂ ਤੋਂ ਬੌਧਿਕ ਸੰਸਥਾਵਾਂ ਸਮਾਜਕ-ਸੱਭਿਆਚਾਰਕ ਸੰਗਠਨ, ਬੁੱਧੀਜੀਵੀ, ਰੰਗਕਰਮੀ, ਸਿਆਸੀ ਦਲਾਂ ਦੇ ਪਰਛਾਵੇਂ ਹੇਠ ਹਨ। ਸਿੱਟਾ ਇਹ ਕਿ ਲੋਕ-ਮੁੱਦੇ, ਲੋਕ- ਮਸਲੇ, ਲੋਕ-ਚੇਤਨਾ, ਲੋਕ-ਸਰੋਕਾਰ, ਲੋਕ-ਸੋਚ ,ਲੋਕ ਰਾਏ ਦਾ ਕੰਮ 50 ਵਿਆਂ, 60ਵਿਆਂ ਦੇ ਬਾਅਦ ਲਗਭਗ ਬੰਦ ਹੋ ਕੇ ਰਹਿ ਗਿਆ ਹੈ। ਇਹ ਸਭ ਕੁਝ ਲੋਕ ਮਸਲਿਆਂ ਤੋਂ ਲੈ ਕੇ ਲੋਕ ਰਾਏ ਤੱਕ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ। ਅਸਲ 'ਚ ਸਿਰੇ ਦੀ ਗੱਲ ਤਾਂ ਇਹ ਹੈ ਕਿ ਅਸੀਂ ਲੋਕਤੰਤਰ ਨੂੰ ਸਿਆਸੀ ਦਲਾਂ ਦਾ ਅਖਾੜਾ ਮੰਨ ਲਿਆ ਹੈ। ਫਿਰ ਇਹ ਕਲਪਨਾ ਵੀ ਕਿਵੇਂ ਕਰੀਏ ਕਿ ਜਨਤੰਤਰ,ਲੋਕਤੰਤਰ ਸਿਆਸੀ ਅਖਾੜੇ ਦੇ ਨਿਯਮਾਂ ਬਿਨਾਂ ਚੱਲ ਸਕੇਗਾ?

ਸਿਆਸਤ ਅਤੇ ਲੋਕ ਮੁੱਦੇ ਹਥਿਆਉਣ ਦਾ ਤਾਜ਼ਾ ਮਾਮਲਾ ਜਾਤੀ ਮਰਦਮਸ਼ੁਮਾਰੀ ਦਾ ਹੈ। ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਉੱਤੇ ਭਾਜਪਾ ਨੇ ਜਿਵੇਂ ਬਿੱਲੀ ਝਪੱਟਾ ਮਾਰਿਆ, ਸਰਜੀਕਲ ਸਟਰਾਈਕ ਕੀਤੀ, ਉਸ ਨੇ ਦੇਸ਼ 'ਤੇ ਕਾਬਜ਼ ਸਿਆਸੀ ਧਿਰ ਦਾ ਚਿਹਰਾ-ਮੋਹਰਾ ਨੰਗਾ ਕਰ ਦਿੱਤਾ। ਕੱਲ ਤੱਕ ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਨੂੰ ਦੇਸ਼ ਨੂੰ ਵੰਡਣ ਵਾਲਾ ਮੁੱਦਾ ਦੱਸਣ ਵਾਲੇ ਭਾਜਪਾ ਨੇਤਾ ਹੀ ਅੱਜ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੇ ਹੱਕ ਵਿੱਚ ਕਸੀਦੇ ਪੜ੍ਹ ਰਹੇ ਹਨ,ਜਿਸ ਵੱਲੋਂ ਇਸ ਵਾਰ ਦੇਸ਼ ਦੀ ਮਰਦਮਸ਼ੁਮਾਰੀ ਵਿੱਚ ਜਾਤੀ ਮਰਦਮਸ਼ੁਮਾਰੀ ਵੀ ਕਰਵਾਈ ਜਾਵੇਗੀ।

ਦੇਸ਼ ਵਿੱਚ ਪਿਛਲੀ ਮਰਦਮਸ਼ੁਮਾਰੀ 2011 ਵਿੱਚ ਹੋਈ ਸੀ। ਮੁੜ ਇਹ 2021 ਵਿੱਚ ਹੋਣੀ ਸੀ, ਪਰੰਤੂ ਕੋਵਿਡ ਕਾਰਨ ਇਸ ਨੂੰ ਅੱਗੇ ਪਾਉਣਾ ਪਿਆ। ਹੁਣ ਇਹ ਸਤੰਬਰ 2025 'ਚ ਕੀਤੀ ਜਾਵੇਗੀ ਤੇ ਇਸ ਤੋਂ ਅਗਲੀ ਮਰਦਮਸ਼ੁਮਾਰੀ 2035 ਵਿੱਚ। ਦੇਸ਼ ਵਿੱਚ ਮਰਦਮਸ਼ੁਮਾਰੀ ਹਰ 10 ਸਾਲਾਂ ਬਾਅਦ ਹੁੰਦੀ ਰਹੀ ਹੈ। ਹੁਣ ਦੇਸ਼ ਵਿੱਚ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਹੀ ਭਵਿੱਖ ਲਈ ਯੋਜਨਾਵਾਂ ਬਣਦੀਆਂ ਹਨ ਅਤੇ ਇਸੇ ਅਧਾਰ 'ਤੇ ਅਨੁਮਾਨ ਲਗਾਏ ਜਾਂਦੇ ਹਨ।

ਜਨਗਣਨਾ ਅਰਥਾਤ ਮਰਦਮਸ਼ੁਮਾਰੀ ਦਾ ਅਸਲ ਮੰਤਵ ਸਮਾਜ ਦੀਆਂ ਨੈਤਿਕ ਅਤੇ ਭੌਤਿਕ ਦੋਵਾਂ ਸਥਿਤੀਆਂ ਦਾ ਮੁਲਾਂਕਣ ਹੈ। ਉਂਵ ਲੋਕਤੰਤਰ ਵਿੱਚ ਜਨਗਣਨਾ ਦਾ ਖ਼ਾਸ ਮਹੱਤਵ ਹੈ। ਇਹ ਜਾਣਕਾਰੀਆਂ ਨੂੰ ਸਮਾਜਿਕ-ਆਰਥਕ ਅਤੇ ਸੱਭਿਆਚਾਰਕ ਪ੍ਰਕਿਰਿਆਵਾਂ,ਅਸਲੀਅਤ ਅਤੇ ਬਦਲਦੇ ਹਲਾਤਾਂ ਨੂੰ ਪਾਰਦਰਸ਼ੀ ਢੰਗ ਨਾਲ ਸਾਹਮਣੇ ਲਿਆਉਂਦੀ ਹੈ। ਇਸ ਨਾਲ ਅਸੀਂ ਉਸ ਅਸਲੀਅਤ ਨੂੰ ਜਾਣ ਅਤੇ ਸਮਝ ਸਕਦੇ ਹਾਂ,ਜੋ ਅੱਖੋਂ-ਪਰੋਖੇ ਰਹਿੰਦੀ ਹੈ।ਇਹ ਸਾਡੀ ਸੋਚ ਦਾ ਦਾਇਰਾ ਵਧਾਉਣ, ਸੋਚ ਨੂੰ ਵਿਸ਼ਾਲ ਕਰਨ ਅਤੇ ਬਦਲਣ 'ਚ ਵੀ ਸਹਾਈ ਹੁੰਦੀ ਹੈ। 1921 ਵਿੱਚ ਮਰਦਮਸ਼ੁਮਾਰੀ ਨੇ ਜਦੋਂ ਇਹ ਵਿਖਾਇਆ ਕਿ ਇੱਕ ਸਾਲ ਤੋਂ ਹੇਠ ਦੀ ਉਮਰ ਦੀਆਂ 597, ਇੱਕ ਸਾਲ ਤੋਂ ਦੋ ਸਾਲ ਦੇ ਵਿਚਕਾਰਲੀ ਉਮਰ ਦੀਆਂ 494 ਬੱਚੀਆਂ ਵਿਧਵਾ ਸਨ ਤਾਂ ਇਸ ਤਰ੍ਹਾਂ ਦੇ ਅੰਕੜਿਆਂ ਨੇ ਸਮਾਜ ਨੂੰ ਝੰਜੋੜਿਆ ਅਤੇ ਸਮਾਜ ਦੀ ਚੇਤਨਾ ਵਿੱਚ ਬਾਲ-ਵਿਆਹ ਅਤੇ ਵਿਧਵਾ-ਵਿਆਹ ਸੰਬੰਧੀ ਜਾਗਰੂਕਤਾ ਪੈਦਾ ਹੋਈ।

ਲੋਕਤੰਤਰ ਦੀ ਖ਼ੂਬਸੂਰਤੀ ਅਤੇ ਖ਼ਾਸੀਅਤ ਖੁੱਲ੍ਹਾਪਨ ਹੈ। ਜਿਸ ਨੂੰ ਸਾਡੀਆਂ ਸਿਆਸੀ ਪਾਰਟੀਆਂ ਨੇ ਤੰਗ-ਸੰਕੀਰਨ ਸੋਚ 'ਚ ਬਦਲ ਦਿੱਤਾ ਹੈ। ਜਾਤੀ ਮਰਦਮ ਸ਼ੁਮਾਰੀ ਵੀ ਇਸ ਸਿਆਸੀ ਤੰਗਦਿਲੀ ਦਾ ਸ਼ਿਕਾਰ ਹੋ ਰਹੀ ਹੈ। ਅਸਲੀਅਤ 'ਚ ਦੇਸ਼ ਵਿੱਚ ਧਾਰਮਿਕ ਧਰੁਵੀਕਰਨ ਦੀ ਸਮਾਜਿਕ ਸਿਉਂਕ, ਜਾਤੀ ਮਰਦਮਸ਼ੁਮਾਰੀ ਤੱਕ ਵੀ ਪੁੱਜ ਗਈ ਹੈ ਅਤੇ ਇਸ ਤੋਂ ਵੀ ਅੱਗੇ ਮੌਜੂਦਾ ਸਰਕਾਰ ਵੱਲੋਂ ਵੋਟਾਂ ਦੀ ਸਿਆਸਤ ਦਾ ਸਾਧਨ ਬਣਾ ਦਿੱਤੀ ਗਈ ਹੈ।

ਜਾਤੀ ਮਰਦਮਸ਼ੁਮਾਰੀ ਨੂੰ ਲੈ ਕੇ ਟਾਲ-ਮਟੋਲ, ਨਾਂਹ-ਨੁੱਕਰ ਅਤੇ ਅਣਗਹਿਲੀ ਕਰਨ ਵਾਲੀ ਭਾਜਪਾ ਨੂੰ ਜਾਤੀ ਮਰਦਮਸ਼ੁਮਾਰੀ ਨਾਲ ਹੁਣ ਅਚਾਨਕ ਹੀ ਇੰਨਾ ਤੇਹ-ਪਿਆਰ ਕਿਉਂ ਜਾਗ ਪਿਆ? ਕੀ ਇਹ ਪਹਿਲਗਾਮ ਅੱਤਵਾਦੀ ਹਮਲੇ ਵੱਲੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀ ਰਾਜਨੀਤੀ ਹੈ ਜਾਂ ਜਾਤੀ ਮਰਦਮਸ਼ੁਮਾਰੀ ਦਾ ਵਿਰੋਧੀ ਪਾਰਟੀਆਂ ਦਾ ਮੁੱਦਾ ਹਥਿਆ ਕੇ ਉਹਨਾਂ ਨੂੰ ਕਮਜ਼ੋਰ ਕਰਨ ਦੀ ਰਾਜਨੀਤੀ ਹੈ? ਸਵਾਲ ਇਹ ਵੀ ਉੱਠ ਰਿਹਾ ਹੈ ਕਿ ਅਜ਼ਾਦੀ ਦੇ ਲਗਭਗ ਅੱਠ ਦਹਾਕਿਆਂ ਬਾਅਦ ਜਾਤੀ ਮਰਦਮਸ਼ੁਮਾਰੀ!ਆਖਰ ਕਿਉਂ?

ਯਾਦ ਕਰੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦਿੱਤੇ ਪਿਛਲੇ ਸਾਲ ਦੇ ਬਿਆਨ, ਜਿਹਨਾਂ ਵਿੱਚ ਉਹਨਾਂ ਨੇ ਕਿਹਾ ਸੀ,"ਮੇਰੇ ਲਈ ਚਾਰ ਹੀ ਜਾਤਾਂ ਹਨ- ਔਰਤਾਂ, ਨੌਜਵਾਨ, ਗ਼ਰੀਬ ਅਤੇ ਕਿਸਾਨ।" ਫਿਰ ਇਹ ਜਾਤ ਅਧਾਰਤ ਗਿਣਤੀਆਂ-ਮਿਣਤੀਆਂ ਦੀ ਲੋੜ ਕਿਉਂ ਅਤੇ ਇਸ ਤਰ੍ਹਾਂ ਅਚਾਨਕ ਹੀ ਕਿਉਂ?

ਕਿਹਾ ਜਾਂਦਾ ਹੈ ਕਿ 2011 ਦੀ ਮਰਦਮਸ਼ੁਮਾਰੀ ਵਿੱਚ ਇਹ ਪਤਾ ਲੱਗਾ ਸੀ ਕਿ ਭਾਰਤ ਵਿੱਚ 46 ਲੱਖ ਜਾਤੀਆਂ ਹਨ। ਸਿਆਸੀ ਰੂਪ 'ਚ ਦੇਖਿਆ ਜਾਵੇ ਤਾਂ 2025 ਦੀ ਜਾਤੀ ਗਣਨਾ ਦਾ ਮੰਤਵ ਪੱਛੜੀਆਂ ਸ਼੍ਰੇਣੀਆਂ ਦੀ ਸਥਿਤੀ ਪਤਾ ਕਰਨ ਅਤੇ ਉਹਨਾਂ ਦਾ ਸਮਰਥਨ ਲੈਣ ਲਈ ਅਗਾਊਂ ਸਿਆਸੀ ਪਹਿਲਕਦਮੀ ਕਰਨਾ ਹੈ। ਭਾਜਪਾ ਇਸ ਸਿਆਸੀ ਬ੍ਰਹਮਅਸਤਰ ਦੀ ਵਰਤੋਂ ਕਰਕੇ ਬਿਹਾਰ ਅਤੇ ਹੋਰ ਰਾਜਾਂ ਦੀਆਂ ਚੋਣਾਂ ਜਿੱਤਣਾ ਚਾਹੇਗੀ ਅਤੇ ਅਗਲੀਆਂ ਚੋਣਾਂ ਲਈ ਵੀ ਇਸ ਨੂੰ ਅਧਾਰ ਬਣਾਉਣ ਦਾ ਯਤਨ ਕਰੇਗੀ, ਕਿਉਂਕਿ ਕਾਂਗਰਸ ਅਤੇ ਵਿਰੋਧੀ ਧਿਰਾਂ ਜਾਤ ਅਧਾਰਤ ਮਰਦਮਸ਼ੁਮਾਰੀ ਦਾ ਹਥਿਆਰ ਵਰਤ ਕੇ, ਭਾਜਪਾ ਤੋਂ ਸੱਤਾ ਖੋਹਣ ਲਈ ਲਗਾਤਾਰ "ਜਾਤੀ ਅਧਾਰਤ ਮਰਦਮਸ਼ੁਮਾਰੀ" ਦੀ ਮੰਗ ਕਰ ਰਹੀਆਂ ਸਨ ਅਤੇ ਚੋਣਾਂ ਸਮੇਂ ਇਸ ਦਾ ਪੂਰਾ ਪ੍ਰਚਾਰ ਕਰ ਰਹੀਆਂ ਸਨ।

ਕੇਂਦਰ ਸਰਕਾਰ ਨੇ ਮਰਦਮਸ਼ੁਮਾਰੀ ਵਿੱਚ ਜਾਤੀ ਸੰਖਿਆ ਕਰਨ ਦਾ ਜੋ ਐਲਾਨ ਕੀਤਾ ਹੈ, ਉਸ ਨੂੰ ਮੁਕੰਮਲ ਕਰਨ ਲਈ ਲਗਭਗ ਦੋ ਸਾਲ ਲੱਗਣਗੇ।ਇਸ ਦੇ ਨਤੀਜੇ 2027 ਦੇ ਅੰਤ ਤੱਕ ਪ੍ਰਾਪਤ ਹੋਣਗੇ। 2028 ਦਾ ਅੱਧਾ ਸਾਲ ਸਿਆਸੀ ਦਲ ਇਸ ਦੇ ਆਧਾਰ 'ਤੇ ਵੋਟਾਂ ਦੀ ਗੁਣਾ-ਘਟਾ ਕਰਨਗੇ। ਤਦ 2029 'ਚ ਲੋਕ ਸਭਾ ਚੋਣਾਂ ਹੋਣਗੀਆਂ। ਸਾਲ 2029 ਦੀਆਂ ਚੋਣਾਂ ਪਾਰਟੀਆਂ ਇਸੇ ਆਧਾਰ 'ਤੇ ਲੜਨਗੀਆਂ ਅਤੇ ਜਿੱਤਣਗੀਆਂ। ਜਿਹੜੀ ਪਾਰਟੀ ਇਸ ਮੁੱਦੇ ਨੂੰ ਵਧੇਰੇ ਪ੍ਰਚਾਰੇਗੀ, ਪੱਛੜੀਆਂ ਸ਼੍ਰੇਣੀਆਂ ਲਈ ਵੱਧ ਵਾਇਦੇ ਕਰੇਗੀ, ਉਹ ਪਾਰਟੀ ਹੀ ਫ਼ਾਇਦੇ 'ਚ ਰਹੇਗੀ।

ਬਿਹਾਰ, ਤਿਲੰਗਾਨਾ ਅਤੇ ਕਰਨਾਟਕ ਜਿਹੇ ਰਾਜਾਂ ਵਿੱਚ ਜਾਤੀ ਮਰਦਮਸ਼ੁਮਾਰੀ ਉਥੋਂ ਦੀਆਂ ਸੂਬਾ ਸਰਕਾਰਾਂ ਨੇ ਕਰਵਾਈ, ਜਿਸ ਤੋਂ ਪਤਾ ਲੱਗਿਆ ਕਿ ਪੱਛੜੀਆਂ ਸ਼੍ਰੇਣੀਆਂ ਦੀ ਗਿਣਤੀ ਵਧੀ ਹੈ। 2023 'ਚ ਬਿਹਾਰ 'ਚ ।ਬੀ।ਸੀ। ਅਬਾਦੀ 63 ਫੀਸਦੀ ਸੀ। ਸਾਲ 1931 ਵਿੱਚ ।ਬੀ.ਸੀ. ਦੀ ਰਾਸ਼ਟਰੀ ਔਸਤ 52 ਫੀਸਦੀ ਸੀ। 63% ਤੱਕ ।ਬੀ.ਸੀ. ਪਹੁੰਚਣ ਨਾਲ ਆਰਥਿਕ ਅਤੇ ਸਿਆਸੀ ਖੇਤਰ 'ਚ ਇਹ ਧਿਰਾਂ ਨੌਕਰੀਆਂ, ਸਿੱਖਿਆ ਸੰਸਥਾਵਾਂ 'ਚ ਵੱਧ ਰਾਖਵਾਂਕਰਨ ਮੰਗਣ-ਗੀਆਂ, ਜਿਸ ਦੇ ਸਿੱਟੇ ਦੂਰਗਾਮੀ ਹੋਣਗੇ। 63% .ਬੀ.ਸੀ. ਅਬਾਦੀ ਬਿਹਾਰ 'ਚ ਹੋਣ ਨਾਲ, ਬਿਹਾਰ ਚੋਣਾਂ 'ਚ ਰਾਜਦ ਅਤੇ ਕਾਂਗਰਸ "ਜਿਸ ਦੀ ਜਿੰਨੀ ਅਬਾਦੀ, ਉਸ ਦੀ ਓਨੀ ਹਿੱਸੇਦਾਰੀ" ਦਾ ਨਾਅਰਾ ਬੁਲੰਦ ਕਰ ਰਹੀਆਂ ਹਨ। ਫ਼ਿਲਹਾਲ ਦੱਖਣ ਦੇ ਕੁਝ ਰਾਜਾਂ ਨੂੰ ਛੱਡ ਕੇ ।ਬੀ।ਸੀ। ਦਾ ਕੋਟਾ 27.5 ਫ਼ੀਸਦੀ ਹੈ।

1891, 1901, 1911 ਅਤੇ 1931 ਵਿੱਚ ਭਾਰਤ 'ਚ ਮਰਦਮਸ਼ੁਮਾਰੀ ਹੋਈ। ਇਹਨਾਂ ਮਰਦਮਸ਼ੁਮਾਰੀਆਂ ਨੂੰ ਕਰਵਾਉਣ ਵਾਲੇ ਪ੍ਰਸ਼ਾਸਨਿਕ ਅਧਿਕਾਰੀ ਸੂਝਵਾਨ, ਚੰਗੇਰੀ ਸਿੱਖਿਆ ਵਾਲੇ ਅਤੇ ਵਿਸ਼ੇਸ਼ ਯੋਗਦਾਨ ਦੇਣ ਵਾਲੇ ਸਨ। ਜਿਹਨਾਂ ਵਿੱਚੋਂ ਐਚ. ਐਚ. ਰੋਸਲੀ, ਈ.ਏ. ਗੇਟ ਅਤੇ ਜੇ. ਐਚ. ਹਟਨ ਜਿਹੇ ਸਿਆਣੇ ਲੋਕ ਸਨ।

ਇਹ ਅਧਿਕਾਰੀ ਭਾਰਤੀ ਵਿਸ਼ਿਆਂ 'ਚ ਰੁਚੀ ਲੈਣ ਵਾਲੇ ਸਨ। ਪਰ ਜਦੋਂ ਅਜ਼ਾਦ ਭਾਰਤ 'ਚ ਮਰਦਮਸ਼ੁਮਾਰੀ ਹੋਈ ਤਾਂ ਸਵਾਲ ਉੱਠੇ ਕਿ ਮਰਦਮਸ਼ੁਮਾਰੀ ਸਿਰਫ਼ ਭੌਤਿਕ ਪ੍ਰਸਥਿਤੀਆਂ ਤੱਕ ਸਮੇਟ ਦਿੱਤੀ ਗਈ ਹੈ। ਅੱਜ ਸਮਾਜਿਕ ਲੋਕਤੰਤਰ ਨੂੰ ਭਾਸ਼ਣਾਂ ਤੱਕ ਨਿਪਟਾ ਦਿੱਤਾ ਗਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਧਾਰਮਿਕ ਧਰੁਵੀਕਰਨ ਨੂੰ ਖੁੱਲ੍ਹਾ ਮੈਦਾਨ ਮਿਲ ਗਿਆ ਹੈ। ਜਾਤੀ ਅਤੇ ਜਾਤੀ ਸਿਆਸਤ ਭਾਰਤ 'ਚ ਵੱਡੇ ਸੱਚ ਵਜੋਂ ਉੱਭਰੀ ਹੈ। ਕੀ ਇਸ ਨਾਲ "ਅਸੀਂ ਭਾਰਤ ਦੇ ਲੋਕ" ਦਾ ਅਕਸ ਅਤੇ ਮੰਤਵ ਹਾਸਲ ਹੋ ਸਕਦਾ ਹੈ? ਜਾਤੀਹੀਣਤਾ ਤਾਂ ਭਾਰਤ ਵਿੱਚ ਅਪਰਾਧ ਬਣਦੀ ਜਾ ਰਹੀ ਹੈ। ਇਹ ਅਢੁੱਕਵੀਂ ਵੀ ਨਹੀਂ ਰਹੀ। ਲੋਕਤੰਤਰ ਦੀ ਸਫ਼ਲਤਾ ਤਾਂ ਸੰਪਰਦਾਵਾਂ, ਖੇਤਰੀ ਅਤੇ ਨਸਲੀ ਸੋਚ ਨੂੰ ਖ਼ਤਮ ਕਰਨ ਨਾਲ ਹਾਸਲ ਹੋਵੇਗੀ ਅਤੇ ਜਾਤੀਹੀਣ ਬਣਨਾ ਅਤੇ ਬਣਾਉਣਾ ਨੈਤਿਕ ਪ੍ਰਾਪਤੀ ਹੋਵੇਗੀ।

ਪਰ ਦੇਸ਼ ਵਿੱਚ ਜਿਸ ਕਿਸਮ ਦੀ ਸਿਆਸਤ ਹੋ ਰਹੀ ਹੈ, ਉਸ ਨਾਲ ਸੰਸਾਰ ਵਿਚ ਦੇਸ਼ ਦਾ ਅਕਸ ਧੁੰਦਲਾ ਬਣ ਰਿਹਾ ਹੈ। ਕਿਸਾਨ, ਮਜ਼ਦੂਰ ਹਾਸ਼ੀਏ 'ਤੇ ਹਨ। ਉਹਨਾਂ ਲਈ ਬਣਾਈਆਂ ਯੋਜਨਾਵਾਂ ਦੀਆਂ ਸੂਚੀਆਂ ਤਾਂ ਵੱਡੀਆਂ ਹਨ ,ਪਰ ਇਹ ਉਹਨਾਂ ਦੀ ਪਹੁੰਚ ਤੋਂ ਬਹੁਤ ਦੂਰ ਹਨ। ਕਿੰਨੇ ਕੁ ਲੋਕ ਹਨ ਜਿਹਨਾਂ ਤੱਕ ਆਯੁਸ਼ਮਾਨ, ਸ਼ੌਚਾਲਿਆ, ਅਵਾਸ ਅਤੇ ਦਵਾਈ ਕੇਂਦਰਾਂ ਜਿਹੀਆਂ ਯੋਜਨਾਵਾਂ ਪਹੁੰਚਦੀਆਂ ਹਨ। ਕਿੰਨੇ ਕੁ ਗ਼ਰੀਬ ਲੋਕ ਹਨ ਜਿਹਨਾਂ ਤੱਕ ਸਹੀ ਸਿੱਖਿਆ-ਸੋਚ ਪਹੁੰਚਦੀ ਹੈ।

ਲੋੜ ਹੈ ਕਿ ਮਰਦਮਸ਼ੁਮਾਰੀ ਦੇਸ਼ ਦੇ ਅਸਲ ਹਾਲਾਤ ਦੀ ਜਾਣਕਾਰੀ ਦਾ ਸਾਧਨ ਬਣੇ। ਮਰਦਮਸ਼ੁਮਾਰੀ ਅਧਾਰਤ ਯੋਜਨਾਵਾਂ ਆਮ ਲੋਕਾਂ ਦੇ ਪੱਲੇ ਪੈਣ। ਉਹਨਾਂ ਦਾ ਸਮਾਜਿਕ, ਆਰਥਿਕ ਕਲਿਆਣ ਕਰ ਸਕਣ। ਵਿਕਾਸ ਦੇ ਨਾਲ-ਨਾਲ ਸਮੂਹਿਕ ਚੇਤਨਾ ਵੀ ਪੈਦਾ ਕਰੇ। ਤਦੇ ਇਹ ਸਾਰਥਕ ਗਿਣੀ ਜਾਏਗੀ ।

ਪਰ ਸਭ ਤੋਂ ਬੁਨਿਆਦੀ ਸਵਾਲ ਇਹ ਹੈ ਕਿ ਸੱਤਾ ਧਿਰਾਂ ਜਾਤੀ ਮਰਦਮਸ਼ੁਮਾਰੀ ਤੋਂ ਬਾਅਦ ਉਹਨਾਂ ਦੇ ਸਮਾਜਿਕ ਅਤੇ ਆਰਥਿਕ ਕਲਿਆਣ ਲਈ ਕੰਮ ਕਰਨਗੀਆਂ ਜਾਂ ਇਸ ਮੁੱਦੇ ਦੇ ਆਸੇ ਪਾਸੇ ਸਿਰਫ਼ ਰਾਜਨੀਤੀ ਹੀ ਕਰਦੀਆਂ ਰਹਿਣਗੀਆਂ

# ਪੰਜਾਬ ਪਾਣੀਆਂ ਤੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦਾ ਇਕੱਠੇ ਹੋਣਾ ਸ਼ੁਭ ਸੰਕੇਤ !



ਜੰਗ ਸਿੰਘ
91 94170 95965

ਕੇਂਦਰ ਵਿੱਚ ਰਾਜ ਕਰ ਰਹੀ ਪਾਰਟੀ ਭਾਜਪਾ ਤੇ ਹਰਿਆਣੇ ਦੀ ਡਬਲ ਇੰਜਣ ਸਰਕਾਰ ਦੇ ਅਧਿਕਾਰੀਆਂ ਜਿਨ੍ਹਾਂ ਨੇ ਬੀ ਬੀ ਐਮ ਬੀ ਦੇ ਅਧਿਕਾਰੀਆਂ ਨਾਲ ਮਿਲੀ ਭੁਗਤ ਕਰਕੇ ਜਬਰੀ ਤੌਰ 'ਤੇ ਪੰਜਾਬ ਦੇ ਪਾਣੀਆਂ ਤੇ ਡਾਕਾ ਮਾਰਨ ਦੀ ਕੋਝੀ ਹਰਕਤ ਕਰਨੀ ਚਾਹੀ ਸੀ ਜਿਸ ਨੂੰ ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਦੀ ਅਗਵਾਈ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਕਰ ਰਹੇ ਹਨ ਨੇ ਸਮੇਂ ਸਿਰ ਕਾਰਵਾਈ ਕਰਦਿਆਂ ਇਸ ਚਾਲ ਨੂੰ ਅਸਫਲ ਕਰ ਦਿੱਤਾ ਹੈ। ਇਸ ਤੋਂ ਵੀ ਜਿਆਦਾ ਖੁਸ਼ੀ ਵਾਲੀ ਗੱਲ ਇਹ ਹੋਈ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਸੱਦੀ ਹੰਗਾਮੀ ਮੀਟਿੰਗ ਵਿੱਚ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਪੰਜਾਬ ਦੀ ਸਰਕਾਰ ਨੂੰ ਸਪਸ਼ਟ ਕਰ ਦਿੱਤਾ ਕਿ ਉਹ ਪਾਣੀਆਂ ਦੇ ਇਸ ਮੁੱਦੇ ਤੇ ਪੰਜਾਬ ਸਰਕਾਰ ਨਾਲ ਡੱਟ ਕੇ ਖੜ੍ਹੇ ਹਨ। ਇਸ ਮੀਟਿੰਗ ਵਿੱਚ ਭਾਜਪਾ ਵਲੋਂ ਪਾਰਟੀ ਪ੍ਰਧਾਨ ਸ੍ਰੀ ਸੁਨੀਲ ਜਾਖੜ, ਸ੍ਰੀ ਮਨੋਰੰਜਨ ਕਾਲੀਆ, ਅਕਾਲੀ ਦਲ ਵਲੋਂ ਸ੍ਰ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਕਾਂਗਰਸ ਪਾਰਟੀ ਵਲੋਂ ਸੂਬਾ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ, ਰਾਣਾ ਕੇ ਪੀ ਸਿੰਘ, ਖੱਬੀਆਂ ਪਾਰਟੀਆਂ ਤੇ ਬਹੁਜਨ ਸਮਾਜ ਪਾਰਟੀ ਦੇ ਆਗੂ ਵੀ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਭਾਜਪਾ ਆਗੂਆਂ ਨੇ ਪੰਜਾਬ ਦੇ ਪਾਣੀਆਂ ਨੂੰ ਕਿਸੇ ਹਾਲਤ ਵਿੱਚ ਹਰਿਆਣੇ ਨੂੰ ਨਾ ਦਿੱਤੇ ਜਾਣ ਦੀ ਗੱਲ ਵੀ ਬੜੇ ਜੋਰ ਸ਼ੋਰ ਨਾਲ ਉਠਾਈ। ਕਿੰਨਾ ਹੀ ਚੰਗਾ ਹੁੰਦਾ ਜੇਕਰ ਭਾਜਪਾ ਦੇ ਪ੍ਰਧਾਨ ਸ੍ਰੀ ਸੁਨੀਲ਼ ਜਾਖੜ ਤੇ ਸ੍ਰੀ ਮਨੋਰੰਜਨ ਕਾਲੀਆ ਆਪਣੀ ਵੱਖਰੀ ਪ੍ਰੈੱਸ ਕਾਨਫਰੰਸ ਵਿੱਚ ਇਹ ਨਾ ਆਖਦੇ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੂੰ ਚਾਹੀਦਾ ਸੀ ਕਿ ਉਹ ਹਰਿਆਣੇ ਦੇ ਆਗੂਆਂ ਨਾਲ ਬੈਠ ਕੇ ਇਸ ਦਾ ਕੋਈ ਹੱਲ ਕਰ ਲੈਂਦੇ ਹੁਣ ਵੀ ਤਾਂ ਪੰਜਾਬ ਦੇ ਮੁੱਖ ਮੰਤਰੀ 4300 ਕਿਊਸਿਕ ਪਾਣੀ ਹਰਿਆਣੇ ਨੂੰ ਦੇ ਰਹੇ ਹਨ।

ਪੰਜਾਬ ਦੇ ਮੁੱਖ ਮੰਤਰੀ ਨੇ ਇਸ ਮਸਲੇ ਦੇ ਠੋਸ ਹੱਲ ਲਈ ਵਿਧਾਨ ਸਭਾ ਦਾ ਹੰਗਾਮੀ ਸੈਸ਼ਨ ਵੀ ਬੁਲਾ ਲਿਆ ਹੈ ਤਾਂ ਕਿ ਉਸ ਵਿੱਚ ਕੋਈ ਹੋਰ ਵਾਜਬ ਕਾਰਵਾਈ ਕੀਤੇ ਜਾਣ ਦਾ ਪ੍ਰੋਗਰਾਮ ਉਲੀਕਿਆ ਜਾ ਸਕੇ। ਪੰਜਾਬ ਤੇ ਸੰਸਾਰ ਭਰ ਦੇ ਲੋਕਾਂ ਨੇ ਵੇਖ ਲਿਆ ਕਿ ਕਿਵੇਂ ਕੇਂਦਰ ਤੇ ਹਰਿਆਣੇ ਨੇ ਬੀ ਬੀ ਐਮ ਬੀ ਰਾਹੀਂ ਹਰਿਆਣੇ ਨੂੰ ਆਪਣੇ ਬਣਦੇ ਹਿੱਸੇ ਤੋਂ ਵੱਧ ਦਾ ਪਾਣੀ ਦੁਆਉਣ ਦਾ ਯਤਨ ਕੀਤਾ । ਇਥੇ ਇਹ ਗੱਲ ਦੱਸਣੀ ਬੜੀ ਵਾਜਬ ਹੋਏਗੀ ਕਿ ਪੰਜਾਬ ਦੇ ਪਾਣੀਆਂ ਤੇ ਜਿਸ ਤਰਾਂ ਦਾ ਸਟੈਂਡ ਪੰਜਾਬ ਦੇ ਇਰੀਗੇਸ਼ਨ ਮੁੱਖ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਤੇ ਹੋਰ ਅਧਿਕਾਰੀਆਂ ਸ੍ਰ ਅਰਸ਼ਦੀਪ ਸਿੰਘ, ਸ੍ਰ ਚਰਨਪ੍ਰੀਤ ਸਿੰਘ ਤੇ ਸ੍ਰੀ ਅਮਿਤ ਸਹੋਤਾ ਨੇ ਲਿਆ ਇਨ੍ਹਾਂ ਅਧਿਕਾਰੀਆਂ ਦੀ ਬਦੌਲਤ ਬੀ. ਬੀ. ਐਮ. ਬੀ. ਜਿਹੜਾ ਜਬਰੀ ਸਾਰੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਹਰਿਆਣੇ ਨੂੰ ਪਾਣੀ ਦੇਣਾ ਚਾਹੁੰਦਾ ਸੀ ਉਸ ਦੇ ਸਾਰੇ ਮਨਸੂਬੇ ਹਾਲ ਦੀ ਘੜੀ ਮਲੀਆ ਮੇਟ ਕਰ ਦਿੱਤੇ ਗਏ ਹਨ। ਸੰਸਾਰ ਭਰ ਦੇ ਲੋਕਾਂ ਨੇ ਇਹ ਵੀ ਵੇਖ ਲਿਆ ਕਿ ਬੀ. ਬੀ. ਐਮ. ਬੀ. ਦੇ ਸੀਨੀਅਰ ਅਧਿਕਾਰੀ ਜਿਨ੍ਹਾਂ ਵਿੱਚ ਇਕ ਪੰਜਾਬ ਕੇਡਰ ਦਾ ਤੇ ਇਕ ਹਰਿਆਣੇ ਕੇਡਰ ਦਾ ਹੁੰਦਾ ਹੈ ਜਦੋਂ ਪੰਜਾਬ ਕੇਡਰ ਦੇ ਅਧਿਕਾਰੀ ਨੇ ਗਲਤ ਢੰਗ ਨਾਲ ਹਰਿਆਣੇ ਨੂੰ ਪਾਣੀ ਦਿੱਤੇ ਜਾਣ ਵਿਰੁੱਧ ਸਖ਼ਤ ਸਟੈਂਡ ਲਿਆ ਤਾਂ ਕਿਵੇਂ ਉਸ ਪੰਜਾਬ ਕੇਡਰ ਦੇ ਮੈਂਬਰ ਨੂੰ ਹਟਾ ਕੇ ਨਿਯਮਾਂ ਦੇ ਵਿਰੁੱਧ ਦੋਵੇਂ ਅਧਿਕਾਰੀ ਹਰਿਆਣੇ ਦੇ ਲਗਾ ਕੇ ਪਾਣੀ ਦੇਣ ਦੀ ਯੋਜਨਾ ਬਣਾਈ। ਹਰਿਆਣੇ ਦੇ ਇਨ੍ਹਾਂ ਅਧਿਕਾਰੀਆਂ ਵਲੋਂ ਹਰਿਆਣੇ ਨੂੰ ਪਾਣੀ ਛੱਡਣ ਲਈ ਜੋਰ ਪਾਉਣ ਤੇ ਹੇਠਲੇ ਜਿਹੜੇ ਪੰਜਾਬ ਦੇ ਅਧਿਕਾਰੀ ਸਨ ਉਹ ਡੱਟ ਗਏ ਕਿ ਪਾਣੀ ਦੇਣ ਵਾਲੀਆਂ ਚਾਬੀਆਂ ਤਾਂ ਉਨ੍ਹਾਂ ਕੋਲ ਹਨ "ਹੁਣ ਦੇ ਲਓ ਪਾਣੀ ਕਿੰਝ ਦੇਂਦੇ ਹੋ! ਜਿਸ ਦੇ ਅਸਰ ਵਜੋਂ ਕੇਂਦਰ ਦੇ ਹੋਮ ਤੇ ਇਰੀਗੇਸ਼ਨ ਦੇ ਅਧਿਕਾਰੀਆਂ ਨੂੰ ਆਪਣਾ ਸਟੈਂਡ ਤਬਦੀਲ ਕਰਨਾ ਪਿਆ ਤੇ ਉਹ ਫਿਰ ਕਹਿਣ ਲਗ ਪਏ ਕਿ ਦੋਵੇਂ ਪ੍ਰਾਂਤ ਆਪਸ ਵਿੱਚ ਸਹਿਮਤੀ ਨਾਲ ਫੈਸਲਾ ਕਰ ਲੈਣ । ਉਹ ਇਹ ਵੀ ਕਹਿਣ ਲਗ ਪਏ ਕਿ ਹਰਿਆਣੇ ਵਾਲੇ ਪੰਜਾਬ ਕੋਲੋਂ ਉਧਾਰ ਪਾਣੀ ਮੰਗ ਲੈਣ ਜਦੋਂ ਉਨ੍ਹਾਂ (ਹਰਿਆਣੇ) ਦੀ ਲੋੜ ਪੂਰੀ ਹੋ ਜਾਵੇ ਉਹ ਪੰਜਾਬ ਕੋਲੋਂ ਵਾਧੂ ਲਿਆ ਪਾਣੀ ਵਾਪਿਸ ਕਰ ਦੇਣ। ਪਾਣੀ ਦੇ ਇਸ ਮਸਲੇ ਤੇ ਆਮ ਆਦਮੀ ਪਾਰਟੀ ਵਲੋਂ ਲਏ ਸਟੈਂਡ ਬਾਰੇ ਕਈ ਟੀ ਵੀ ਚੈਨਲਾਂ ਨੇ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਾਣੀ ਬਾਰੇ ਸ਼ਾਨਦਾਰ ਸਟੈਂਡ ਲੈ ਕੇ ਉਨ੍ਹਾਂ ਨੇ ਇਕ ਤਰਾਂ ਨਾਲ ਆਪਣੀ ਪਾਰਟੀ ਦੀ ਚੋਣ ਮੁਹਿੰਮ ਅਰੰਭ ਕਰ ਦਿੱਤੀ ਹੈ ਕਿਉਂ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਹੋਣ ਨੂੰ ਦੋ ਸਾਲ ਤੋਂ ਘਟ ਦਾ ਸਮਾਂ ਰਹਿ ਗਿਆ ਹੈ। ਕੁਝ ਵੀ ਹੋਵੇ। ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੇ ਪਾਣੀ ਦੇ ਮਸਲੇ ਤੇ ਜਿਹੜਾ ਸਮੇਂ ਸਿਰ ਸਟੈਂਡ ਲਿਆ ਹੈ ਉਸ ਬਾਰੇ ਕੋਈ ਕੁਝ ਵੀ ਕਹੇ ਪਰ ਹੈ ਉਹ ਪ੍ਰਸੰਸਾਯੋਗ! ਪੰਜਾਬ ਵਿੱਚ ਇਹ ਵੀ ਚਰਚਾ ਹੁੰਦੀ ਆ ਰਹੀ ਹੈ ਕਿ ਹਰਿਆਣਾ ਪਾਣੀ ਦੇ ਹੋਏ ਸਮਝੌਤਿਆਂ ਤੋਂ ਕਿਤੇ ਵਧੇਰੇ ਪਾਣੀ ਗੁਪਤ ਤੌਰ ਤੇ ਸਰਹੰਦ ਆਦਿ ਨਹਿਰਾਂ ਰਾਹੀਂ ਲੈਂਦਾ ਆ ਰਿਹਾ ਹੈ। ਪੰਜਾਬ ਦੇ ਉਕਤ ਅਧਿਕਾਰੀਆਂ ਨੂੰ ਇਸ ਦੀ ਵੀ ਘੋਖ ਪੜਤਾਲ ਕਰਕੇ ਉਸ ਨੂੰ ਜਨਤਕ ਕਰਨਾ ਚਾਹੀਦਾ ਹੈ ਤੇ ਉਸ ਦਿੱਤੇ ਜਾ ਰਹੇ ਪਾਣੀ ਨੂੰ ਰੋਕਣ ਦੇ ਯਤਨ ਵੀ ਕਰਨੇ ਚਾਹੀਦੇ ਹਨ ਕਿਉਂਕਿ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਕੱਢ ਕੱਢ ਕੇ ਬੰਜਰ ਬਣ ਰਹੀ ਹੈ। ਕਿਸਾਨਾਂ ਨੇ ਝੋਨਾ ਬੀਜ ਬੀਜ ਕੇ ਟਿਊਬਵੈਲਾਂ ਰਾਹੀਂ ਜਮੀਨ ਹੇਠੋਂ ਪਾਣੀ ਕੱਢ ਕੱਢ ਕੇ ਪੰਜਾਬ ਨੂੰ ਪਾਣੀ ਮੁਕਾਉਣ ਦੇ ਕੰਢੇ ਤੇ ਲਿਆ ਖੜਾ ਕਰ ਦਿੱਤਾ ਹੈ ਜੇ ਇਹ ਆਖ ਲਿਆ ਜਾਵੇ ਕਿ ਪੰਜਾਬ ਰੇਗਸਿਤਾਨ ਬਣ ਰਿਹਾ ਹੈ ਤਾਂ ਗਲਤ ਨਹੀਂ ਹੋਵੇਗਾ।



ਇਸ ਨੂੰ ਰੋਕਣ ਦੀ ਵੱਡੀ ਲੋੜ੍ਹ ਹੈ। ਪੰਜਾਬ ਵਿੱਚ ਰਾਜ ਕਰ ਚੁੱਕੀਆਂ ਪਾਰਟੀਆਂ ਜਿਨ੍ਹਾਂ ਵਿੱਚ ਇਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਜਿਹੜੀ ਆਪਣੇ ਆਪ ਨੂੰ ਪੰਜਾਬ ਦੀ ਖੇਤਰੀ ਪਾਰਟੀ ਅਖਵਾਉਂਦੀ ਸੀ ਉਹ ਪੰਜਾਬ ਵਿੱਚ ਰਾਜ ਕਰਨ ਦੇ ਨਾਲ ਕੇਂਦਰ ਦੀ ਸਰਕਾਰ ਵਿੱਚ ਵੀ ਭਾਈਵਾਲ ਸੀ।ਉਹ ਵੀ ਆਪਣੇ ਰਾਜ ਕਰਨ ਤਕ ਹੀ ਸੀਮਤ ਰਹੀ ਉਸ ਨੇ ਵੀ ਪੰਜਾਬ ਦੇ ਕਿਸੇ ਮਸਲੇ ਨੂੰ ਹੱਲ ਨਹੀਂ ਸੀ ਕਰਵਾਇਆ ਇਹੋ ਕੁਝ ਕਾਂਗਰਸ ਪਾਰਟੀ ਕਰਦੀ ਰਹੀ ਉਹ ਵੀ ਬਸ ਰਾਜ ਕਰਨ ਤਕ ਸੀਮਤ ਰਹੀ। ਇਸੇ ਕਰਕੇ ਪੰਜਾਬੀਆਂ ਦੇ ਮਨਾਂ ਵਿੱਚੋਂ ਇਨ੍ਹਾਂ ਪਾਰਟੀਆ ਪ੍ਰਤੀ ਮੋਹ ਖਤਮ ਹੋ ਗਿਆ ਹੈ। ਉਨ੍ਹਾਂ ਨੇ ਇਨ੍ਹਾਂ ਪਾਰਟੀਆਂ ਨੂੰ ਮੂੰਹ ਲਗਾਉਣਾ ਬੰਦ ਕਰ ਦਿੱਤਾ ਹੈ। ਜੇਕਰ ਉਹ ਆਪਣੀ ਸ਼ਾਖ ਨੂੰ ਪੰਜਾਬ ਵਿੱਚ ਮੁੜ ਬਹਾਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪੰਜਾਬ ਦੇ ਲਟਕ ਰਹੇ ਮਸੱਲਿਆਂ ਨੂੰ ਹੱਲ ਕਰਵਾਉਣ ਵਲ ਪਹਿਲ ਦੇਣੀ ਪਵੇਗੀ।

ਅੱਜ ਜਿਵੇਂ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਜਿਹਨਾਂ ਨੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਆਪਣੀ ਇਕਮੁੱਠਤਾ ਦਾ ਇਜਹਾਰ ਕੀਤਾ ਹੈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੇ ਬਹੁਤ ਸਾਰੇ ਮਸਲੇ ਜਿਵੇਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਲੈਣਾ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦਾ ਮਸਲਾ, ਬੰਦੀ ਸਿੰਘਾਂ ਦੀ ਰਿਹਾਈ ਆਦਿ ਇਨ੍ਹਾਂ ਸਾਰੇ ਪੰਜਾਬ ਦੇ ਮੱਸਲਿਆਂ ਤੇ ਵੀ ਆਪਣੇ ਸਾਰੇ ਗੁੱਸੇ ਗਿਲੇ ਭੁੱਲਾ ਕੇ ਪੰਜਾਬੀ ਹੋਣ ਦਾ ਪ੍ਰਮਾਣ ਦੇ ਕੇ ਆਪਣਾ ਏਕਾ ਉਸਾਰ ਕੇ ਸਾਰੇ ਮਸਲੇ ਹੱਲ ਕਰਾਉਣ ਲਈ ਇਕਮੁੱਠ ਹੋ ਕੇ ਜਦੋਜਹਿਦ ਕਰਨ ਦੀ ਜਰੂਰਤ ਹੈ ਇਸ ਵਿੱਚ ਉਨ੍ਹਾਂ ਦੀ ਆਪਣੀ ਤੇ ਪੰਜਾਬ ਦੀ ਬੇਹਤਰੀ ਵੀ ਸਮਾਈ ਹੋਈ ਹੈ।

## 12 ਮਈ 1780 ਸਰਹਿੰਦ ਫਤਿਹ ਦਿਵਸ ’ਤੇ ਵਿਸ਼ੇਸ਼

# ਜੰਗ ਸਰਹਿੰਦ



BANDA SINGH BAHADUR

ਸਿੱਖ ਧਰਮ ਦੀ ਨੀਂਹ ਸਤ ਤੇ ਰੱਖੀ ਗਈ ਹੈ। ਜਿਸ ਵਿਚ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਹੈ। ਸਾਵੀਂ-ਪੱਧਰੀ ਜੀਵਨ ਜਾਚ ਵਿਚ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦਾ ਸਿਧਾਂਤ ਹੈ। ਸਿੱਖ ਗੁਰੂਆਂ ਦੇ ਸੱਚੇ ਉਪਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਸਵੈ-ਇੱਛਾ ਨਾਲ ਸਿੱਖ ਧਰਮ ਨਾਲ ਜੁੜਦੇ ਗਏ। ਸੰਗਤ-ਪੰਗਤ ਵਿਚ ਬੈਠ ਕੇ, ਸਾਂਝੇ ਲੰਗਰ ਛਕਣਾ, ਬਰਾਬਰਤਾ, ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਜਿਸ ਵਿਚ ਪ੍ਰਚੱਲਿਤ ਝੂਠੇ ਕਰਮਕਾਂਡਾਂ ਬੇਲੋੜੇ ਰੀਤੀ-ਰਿਵਾਜ਼ਾਂ ਦਾ ਖੰਡਨ ਕਰਕੇ ਸਮਾਜ ਨੂੰ ਇਕ ਸੱਚੇ-ਮਾਰਗ ਵਿਚ ਪ੍ਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੱਚ ਲਈ ਜੂਝ ਮਰਨ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ-ਕਰ ਜੋੜਿਆ। ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਚੇਤਨਾ ਵਿਚੋਂ ਨਰੋਆ ਸਮਾਜ ਉਸਾਰਨਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ-ਮਾਣ ਅਤੇ ਸਵੈ-ਰੱਖਿਆ ਦਾ ਐਲਾਨ ਕੀਤਾ। ਗੁਰੂ ਸਾਹਿਬ ਜੀ ਨੇ ਜ਼ੁਲਮ ਵਿਰੁੱਧ ਡਟਣ ਲਈ ਫੌਜੀ ਖਾਲਸਾ ਤਿਆਰ ਕੀਤਾ। ਮੁਗਲ ਸਾਮਰਾਜ ਦੇ ਜ਼ੁਲਮਾਂ ਦਾ ਟਾਕਰਾ ਕਰਦਿਆਂ ਬੇਸ਼ੁਮਾਰ ਲਾਸਾਨੀ ਸ਼ਹੀਦੀਆਂ ਹੋਈਆਂ। ਇਥੋਂ ਤਕ ਕਿ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਸਰਬੰਸ ਖਾਲਸਾ ਪੰਥ ਲਈ ਵਾਰ ਦਿੱਤਾ। ਗੁਰੂ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਲਿਆ ਸੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿਚ ਇਕ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਖਾਲਸਾ ਫੌਜ ਨੂੰ ਬਕਾਇਦਾ ਜੁਝਾਰੂ ਰੂਪ ਦਿੱਤਾ। ਉਹਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ਼ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ-ਕਸ਼ਮੀਰ ਦੇ ਪੁਛਣ ਜ਼ਿਲ੍ਹੇ ਦੇ ਪਿੰਡ ਰਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਂ ਲਛਮਣ ਦਾਸ ਸੀ। ਉਨ੍ਹਾਂ ਕੋਲ ਦੁਨਿਆਵੀ ਹਿੰਸਾਝੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿਚ ਸ਼ਿਕਾਰ ਖੇਡਣ ਅਤੇ ਸ਼ਸਤਰ ਵਿੱਦਿਆ ਸਿੱਖਣ ਦਾ ਰੁਝਾਨ ਸੀ। ਇਸੇ ਅਭਿਆਸ ਵਿਚ ਲਛਮਣ ਦਾਸ ਵੀ ਇਕ ਚੰਗਾ ਸ਼ਿਕਾਰੀ, ਨਿਸ਼ਾਨੇਬਾਜ਼, ਘੋੜ ਸਵਾਰ ਬਣ ਗਿਆ। ਛੇਤੀ ਹੀ ਉਸਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਹੋ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਜਿਨ੍ਹਾਂ ਨੇ ਉਹਨਾਂ ਨੂੰ ਮਾਧੋਦਾਸ ਦਾ ਨਾਂ ਦਿੱਤਾ। ਉਹ ਸਾਧੂ ਮੰਡਲੀਆਂ ਵਿਚ ਘੁੰਮਦਾ ਨਾਸਿਕ ਪੁੱਜਾ ਅਤੇ ਯੌਗੀ ਔਘੜ ਨਾਥ ਦਾ ਚੇਲਾ ਬਣ ਗਿਆ। ਜਿੱਥੇ ਉਸਨੇ ਹਠ ਯੋਗ ਤੇ ਤਾਂਤਰਿਕ ਵਿੱਦਿਆ ਤੇ ਕਰਾਮਾਤਾਂ ਦੇ ਸਾਧਨ ਕਮਾਏ। ਯੋਗੀ ਔਘੜ ਨਾਥ ਦੇ ਮਰਨ ਤੋਂ ਬਾਅਦ ਉਸਨੇ ਨੰਦੇੜ ਵਿਖੇ ਆਪਣਾ ਰਮਣੀਕ ਸੁੰਦਰ ਟਿਕਾਣਾ ਬਣਾ ਲਿਆ। ਆਪਣੀ ਯੋਗ ਵਿਦਿਆ ਨਾਲ ਉਹ ਲੋਕਾਂ ਨੂੰ ਭਰਮਾਉਣ ਲੱਗਾ ਤੇ ਉਨ੍ਹਾਂ ਦਾ ਮਖੌਲ ਉਡਾਉਂਦਾ। ਮਾਧੋਦਾਸ ਦੀਆਂ ਚਲਾਕੀਆਂ ਦੀ ਖ਼ਬਰ ਗੁਰੂ ਸਾਹਿਬ ਜੀ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸਦੇ ਡੇਰੇ ਜਾ ਮਿਲੇ। ਗੁਰੂ ਸਾਹਿਬ ਜੀ ਨੂੰ ਖਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਸੀ ਕਿ ਉਨ੍ਹਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋਦਾਸ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਉਸਦਾ ਨਾਂ ’ਬੰਦਾ ਸਿੰਘ’ ਰੱਖਿਆ ਜੋ ਆਪਣੀ ਬਹਾਦਰੀ ਸਦਕਾ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਵਜੋਂ ਪ੍ਰਸਿੱਧ ਹੋਇਆ। ਬਾਬਾ ਜੀ ਦੀ ਉਮਰ 38 ਸਾਲ ਸੀ। ਉਨ੍ਹਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇਂ ਸਨ ਪਰ ਅੰਤਾਂ ਦੇ ਫੁਰਤੀਲੇ ਸਨ। ਇਹੀ ਉਹਨਾਂ ਦੀ ਬਹਾਦਰੀ ਦਾ ਕਰਤੱਬ ਸੀ। ਉਹਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਤੇ ਪ੍ਰਪੱਕ ਸੀ। ਜਿਸਦੀ ਸ਼ਕਤੀ ਨਾਲ ਜੰਗਾਂ ਵਿਚ ਕਮਾਲ ਕਰ ਵਿਖਾਈ। ਉਨ੍ਹਾਂ ਨੇ ਜੀਅ-ਜਾਨ ਨਾਲ ਖਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ।

ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ। ਉਹ ਮਾਨਸਿਕ ਤੌਰ ’ਤੇ ਆਪਣੇ ਕੌਮੀ ਫਰਜ਼ ਲਈ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਉਪਦੇਸ਼ ਦਿੱਤਾ ਕਿ ਸਿੱਖ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਵਾਸਤੇ ਉੱਤਮ ਕਾਰਜ ਹੈ। ਮੁਗਲ ਸਾਮਰਾਜ ਦੇ ਜ਼ੁਲਮਾਂ ਵਿਰੁੱਧ ਮਨੁੱਖਤਾ ਦੀ ਭਲਾਈ ਲਈ ਜ਼ੁਲਮ ਦਾ ਨਾਸ ਕਰਨਾ ਹੈ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਜਥੇਦਾਰ ਬਣਾ ਕੇ ਪੰਜਾਬ ਵੱਲ ਤੋਰਿਆ। ਉਨ੍ਹਾਂ ਨੂੰ ਸੰਗਤਾਂ ਲਈ ਹੁਕਮਨਾਮੇ ਲਿਖ ਕੇ ਦਿੱਤੇ ਕਿ ਸੰਗਤਾਂ ਮੁਗਲਾਂ ਵਿਰੁੱਧ ਜੰਗਾਂ ਵਿਚ ਬਾਬਾ ਜੀ ਦਾ ਸਾਥ ਦੇਣ। ਉਨ੍ਹਾਂ ਨੂੰ ਪੰਜ ਤੀਰ, ਦੋਧਾਰੀ ਖੰਡਾ, ਨਿਸ਼ਾਨ (ਝੰਡਾ), ਨਗਾਰਾ ਅਤੇ ਸਲਾਹਕਾਰ ਵਜੋਂ ਸਿੰਘ ਭੇਜੇ, ਜਿਨ੍ਹਾਂ ਵਿਚ ਭਾਈ ਦਯਾ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਬਾਬਾ ਬਾਜ਼ ਸਿੰਘ ਤੇ ਭਾਈ ਰਣ ਸਿੰਘ ਸ਼ਾਮਲ ਸਨ। ਨਾਲ ਹੀ 25 ਸਿੰਘਾਂ ਦਾ ਜਥਾ ਵੀ ਤੋਰਿਆ।

16 ਨਵੰਬਰ 1708 ਨੂੰ ਜੰਗੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਸੋਨੀਪਤ, ਸਮਾਣਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ ਅਤੇ ਬਨੂੜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਉਨ੍ਹਾਂ ਨੇ ਆਪਣੇ ਅਸਲੀ ਨਿਸ਼ਾਨੇ ਵੱਲ ਵਜੀਰ ਖਾਨ ਉਤੇ ਹਮਲਾ ਕਰਨ ਲਈ ਖਾਲਸਾ ਫੌਜ ਦੀ ਅਗਵਾਈ ਕੀਤੀ। ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਉਹ ਸਰਹਿੰਦ ਵੱਲ ਕੂਚ ਕਰਨ। ਸਿਦਕੀ ਹੁੰਮ ਹੁੰਮਾ ਕੇ ਅਨੰਦਪੁਰ ਤੇ ਕੀਰਤਪੁਰ ਇਕੱਠੇ ਹੋਣ ਲੱਗੇ। ਬਾਬਾ ਜੀ ਸਢੌਰਾ ਤੇ ਮੁਖਲਿਸ ਨੂੰ ਫਤਿਹ ਕਰਕੇ ਸਰਹਿੰਦ ਵੱਲ ਵਧੇ ਤਾਂ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਜਥਾ ਵੀ ਕੀਰਤਪੁਰ ਤੋਂ ਤੁਰ ਪਿਆ। ਵਜ਼ੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਭਿੜਨ ਲਈ ਕਿਹਾ। ਰੋਪੜ ਦੇ ਕੋਲ ਸਿੰਘਾਂ ਦੀ ਪਠਾਣਾਂ ਨਾਲ ਦੋ ਦਿਨ ਝੜੱਪ ਹੋਈ। ਸਿੰਘ ਗਿਣਤੀ ਵਿਚ ਥੋੜ੍ਹੇ ਸਨ ਪਰ ਫਰ ਵੀ ਮੈਦਾਨ ਮਾਰ ਲਿਆ। ਅੱਗੇ ਸੰਘੋਲ ਜਿੱਤ ਕੇ ਖਾਲਸਾ ਦਲ ਖਰੜ ਵੱਲ ਵਧਿਆ। ਬਾਬਾ ਜੀ ਵੀ ਬਨੂੜ ਜਿੱਤ ਕੇ ਖਰੜ ਵੱਲ ਆ ਰਹੇ ਸਨ। ਖਾਲਸੇ ਦੀ ਵਧਦੀ ਹੋਈ ਤਾਕਤ ਸਰਹਿੰਦ ਵੱਲ ਵਧ ਗਈ।

ਵਜ਼ੀਰ ਖਾਂ ਨੇ ਜੰਗ ਨੂੰ ਹੈਦਰੀ ਝੰਡੇ ਹੇਠ ਜਹਾਦ ਦਾ ਧਾਰਮਿਕ ਰੂਪ ਦੇ ਦਿੱਤਾ। ਉਸਨੇ ਸਿੱਖ ਕਾਫਰਾਂ ਵਿਰੁੱਧ ਇਸਲਾਮ ਨੂੰ ਸਹਾਇਤਾ ਲਈ ਵੰਗਾਰਿਆ। ਉਸਨੇ ਪੰਜਾਬ ਭਰ ਵਿਚੋਂ ਮੁਸਲਮਾਨੀ ਫੌਜ ਮੰਗਵਾਈ। ਪੰਜਾਬ ਭਰ ਦੇ ਪਠਾਣ, ਸੱਯਦ, ਰੰਗੜ ਤੇ ਮੁਸਲਮਾਨ ਵੱਡੀ ਗਿਣਤੀ ਵਿਚ ਸ਼ਾਮਲ ਹੋ ਗਏ। ਸੁੱਚਾ ਨੰਦ ਦਾ ਗਦਾਰ ਭਤੀਜਾ ਖਾਲਸਾ ਫੌਜ ਵਿਚ ਭੇਜ ਦਿੱਤਾ ਕਿ ਜਦ ਜੰਗ ਸਿਖਰ ’ਤੇ ਪੁੱਜੇ ਤਾਂ ਉਹ ਮੁਗਲ ਫੌਜ ਵਿਚ ਪਰਤ ਆਵੇ। ਇਸ ਤਰ੍ਹਾਂ ਖਾਲਸਾ ਭਾਜੜ ਵਿਚ ਪੈ ਜਾਵੇਗਾ। ਉਹ ਇਕ ਹਜਾਰ ਦੀ ਫੌਜ ਨਾਲ ਖਾਲਸਾ ਫੌਜ ਵਿਚ ਜਾ ਘੁਸਿਆ। ਜੇ ਦਾਉ ਲੱਗੇ ਤਾਂ ਬਾਬਾ ਜੀ ਨੂੰ ਵੀ ਮਾਰ ਮੁਕਾਏ। ਪਰ ਬਾਬਾ ਜੀ ਤਾਂ ਕੌਤਕ ਵੇਖ ਰਹੇ ਸਨ, ਉਸਦੀ ਮਾੜੀ ਨੀਅਤ ਨੂੰ ਤਾੜ ਗਏ ਅਤੇ ਵਿਸਾਹ ਨਾ ਖਾਧਾ।

ਦੋਵੇਂ ਫੌਜਾਂ ਟਾਕਰੇ ਲਈ ਅਗਾਂਹ ਵਧੀਆਂ। ਮੁਗਲ ਫੌਜ ਵੱਡੀ ਗਿਣਤੀ ਵਿਚ ਤੇ ਵੱਡੀਆਂ ਤੋਪਾਂ (ਜੰਬੂਰੇ) ਹਾਥੀ ਘੋੜੇ ਅਤੇ ਹਰ ਪ੍ਰਕਾਰ ਦਾ ਜੰਗੀ ਅਸਲਾ ਸੀ। ਦੂਸਰੇ ਪਾਸੇ ਖਾਲਸੇ ਕੋਲ ਨਾ ਤੋਪਾਂ ਨਾ ਹਾਥੀ ਅਤੇ ਨਾ ਹੀ ਬਹੁਤਾ ਜੰਗੀ ਸਮਾਨ ਸੀ। ਸਰਹਿੰਦ ਤੋਂ 10-12 ਕੋਹ ਦੀ ਵਿੱਥ ਤੇ ਚਪੜਚਿੜੀ ਵਿਚ 12 ਮਈ, 1710 ਨੂੰ ਬੜੀ ਸਖਤ ਜੰਗ ਹੋਈ। ਮੁੱਖ ਜੰਗ ਚਪੜਚਿੜੀ ਦੇ ਮੈਦਾਨ ਵਿਚ ਲੜੀ ਗਈ ਜੋ ਬਨੂੜ-ਖਰੜ ਸੜਕ ਉਤੇ ਖਰੜ ਤਹਿਸੀਲ ਵਿਚ ਹੈ। ਬਾਬਾ ਜੀ ਵਾਸਤੇ ਸਰਹਿੰਦ ਨਾਲ ਭਿੜਨਾ ਸੌਖਾ ਕੰਮ ਨਹੀਂ ਸੀ। ਇਹ ਸੂਬਾਈ ਰਾਜਧਾਨੀ ਸੀ। ਨਵਾਬ ਵਜ਼ੀਰ ਖਾਂ ਮੁਗਲ ਸਾਮਰਾਜ ਦਾ ਸ਼ਕਤੀਸ਼ਾਲੀ ਨਵਾਬ ਸੀ, ਜਿਸ ਕੋਲ ਬਹੁਤ ਵੱਡੀ ਫੌਜ ਸੀ। ਉਹ ਕਈ ਸਾਲਾਂ ਤੋਂ ਸੱਤਾ ’ਤੇ ਕਾਬਜ਼ ਸੀ। ਉਸ ਕੋਲ ਕਾਫੀ ਧੰਨ ਅਤੇ ਉਚੀ ਪਦਵੀ ਸੀ। ਉਸਨੇ ਬੜੀ ਤਿਆਰੀ ਕਰ ਰੱਖੀ ਸੀ।

ਬਾਬਾ ਜੀ ਨੇ ਆਪਣੀ ਫੌਜ ਨੂੰ ਸੰਗਠਿਤ ਕੀਤਾ। ਬਾਬਾ ਜੀ ਕੋਲ ਨਾ ਤੋਪਖਾਨਾ ਸੀ, ਨਾ ਕੋਈ ਹਾਥੀ, ਘੋੜੇ। ਖਾਲਸਾ ਫੌਜ ਕੋਲ ਲੰਬੇ ਬਰਛੇ, ਤੀਰ ਅਤੇ ਤਲਵਾਰਾਂ ਹੀ ਸਨ। ਬਾਬਾ ਜੀ ਆਪਣੀ ਫੌਜ ਨੂੰ ਦੋ ਦਲਾਂ ਵਿਚ ਵੰਡਿਆ। ਪਹਿਲੇ ਜਥੇ ਵਿਚ ਮਾਲਵੇ ਤੋਂ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਅਲੀ ਸਿੰਘ ਨੇ ਅਗਵਾਈ ਕੀਤੀ। ਮਝੈਲ ਸਿੰਘਾਂ ਵਿਚ ਬਾਬਾ ਬਿਨੋਦ ਸਿੰਘ, ਭਾਈ ਬਾਜ਼ ਸਿੰਘ, ਰਣ ਸਿੰਘ ਅਤੇ ਸ਼ਾਮ ਸਿੰਘ ਸਨ, ਜਿਨ੍ਹਾਂ ਦਾ ਦੂਸਰਾ ਜਥਾ ਸੀ। ਬਾਬਾ ਜੀ ਆਪ ਜੰਗੀ ਨਿਗਰਾਨੀ ਲਈ ਇਕ ਟਿੱਲੇ ’ਤੇ ਬੈਠ ਗਏ। ਜੰਗ ਦੀ ਪਹਿਲੀ ਮਾਰ ਹੇਠ ਹੀ ਖਾਲਸੇ ਦੇ ਉਹ ਸਾਥੀ ਭੱਜ ਗਏ ਜੋ ਸਿਰਫ ਲੁੱਟਮਾਰ ਲਈ ਹੀ ਆਣ ਰਲੇ ਸਨ।

_ਸ ਵੇਲੇ ਸੁੱਚਾ ਨੰਦ ਦਾ ਭਤੀਜਾ ਵੀ ਸਾਥੀਆਂ ਸਮੇਤ ਭੱਜ ਗਿਆ। ਸਿੰਘਾਂ ਨੇ ਛੇਤੀ ਹੀ ਉਸਨੂੰ ਘੇਰ ਕੇ ਸਾਥੀਆਂ ਸਮੇਤ ਮਾਰ ਮੁਕਾਇਆ।

ਤੁਰਕਾਂ ਦਾ ਜ਼ੋਰ ਪੈਂਦਾ ਵੇਖ ਕੇ ਬਾਬਾ ਜੀ ਨੇ ਤਲਵਾਰ ਧੂ ਲਈ। ਬਾਬਾ ਜੀ ਦੀ ਅਗਵਾਈ ਹੇਠ ਤੁਰਕਾਂ ਦੇ ਆਹੂ ਲੱਥੇ। ਸਿੰਘ ਵੀ ਬਹੁਤ ਸ਼ਹੀਦ ਹੋਏ। ਤੁਰਕੀ ਸੈਨਾ ਦਾ ਵੱਡਾ ਨੁਕਸਾਨ ਹੋਇਆ। ਵਜੀਰ ਖਾਂ ਨੇ ਬਾਬਾ ਬਾਜ ਸਿੰਘ ਤੇ ਹਮਲਾ ਕੀਤਾ। ਬਾਬਾ ਬਾਜ਼ ਸਿੰਘ ਨੇ ਵਜ਼ੀਰ ਖਾਂ ਦਾ ਨੇਜਾ ਖੋਹ ਕੇ ਉਸਦੇ ਘੋੜੇ ਨੂੰ ਜ਼ਖਮੀ ਕਰ ਦਿੱਤਾ। ਵਜੀਰ ਖਾਂ ਨੇ ਤੀਰ ਬਾਬਾ ਬਾਜ਼ ਸਿੰਘ ਦੀ ਬਾਂਹ ਵਿਚ ਖੋਭ ਦਿੱਤਾ। ਉਹ ਤਲਵਾਰ ਨਾਲ ਅੱਗੇ ਵਧਿਆ। ਭਾਈ ਫਤਿਹ ਸਿੰਘ ਕੋਲ ਖੜ੍ਹਾ ਸੀ। ਉਸਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਮੋਢੀ ਚੀਰ ਕੇ ਕਮਰ ਤੱਕ ਜਾ ਵੜਿਆ। ਉਹ ਉਥੇ ਹੀ ਡਿੱਗ ਗਿਆ। ਤੁਰਕੀ ਸੈਨਾ ਵਿਚ ਭਾਜੜ ਪੈ ਗਈ ਤੇ ਭੱਜ ਗਈ। ਘੋੜ ਸਵਾਰ ਅਤੇ ਪੈਦਲ ਬਹੁਤ ਸਾਰੇ ਲੋਕ ਖਾਲਸੇ ਦੀ ਤਲਵਾਰ ਹੇਠ ਆ ਗਏ। ਖਾਲਸੇ ਨੇ ਸਰਹਿੰਦ ਤੀਕ ਪਿੱਛਾ ਕੀਤਾ।

ਚਪੜਚਿੜੀ ਦੀ ਜਿੱਤ ਤੋਂ ਬਾਅਦ ਖਾਲਸਾ ਸਰਹਿੰਦ ਵੱਲ ਵਧਿਆ। ਬਾਬਾ ਜੀ ਨੇ 14 ਮਈ, 1710 ਨੂੰ ਰਸਮੀ ਤੌਰ ’ਤੇ ਸਰਹਿੰਦ ਇਲਾਕੇ ਦਾ ਨਿਯੰਤਰਣ ਲੈ ਲਿਆ। ਉਸ ਸਮੇਂ ਹੋਈਆਂ ਵਾਰਦਾਤਾਂ ਵਿਚ ਸ਼ਹਿਰ ਨੂੰ ਲੁੱਟਿਆ ਗਿਆ। ਹਕੂਮਤ ਦੇ ਸਿੰਘਾਂ ਵਿਰੁੱਧ ਵੈਰੀਆਂ ਨੂੰ ਵੱਢਿਆ ਗਿਆ। ਪਾਪੀ ਸੁੱਚਾ ਨੰਦ ਨੂੰ ਕਤਲ ਕੀਤਾ ਗਿਆ। ਬਹੁਤ ਸਾਰਿਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਪਰ ਆਮ ਜਨ ਜੀਵਨ ਨੂੰ ਪ੍ਰਭਾਵਿਤ ਨਹੀਂ ਕੀਤਾ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਅਟਾਰੀਆਂ ਅਤੇ ਸ਼ਾਹੀ ਮਹੱਲ ਢਾਹੇ ਗਏ। ਸੁੱਚਾ ਨੰਦ ਦੀ ਹਵੇਲੀ ਦਾ ਸਫਾਇਆ ਕੀਤਾ। ਉਹਨਾਂ ਕੰਧਾਂ ਨੂੰ ਵੀ ਤਹਿ ਕੀਤਾ, ਜਿਹਨਾਂ ਵਿਚ ਛੋਟੇ ਦੋ ਸਾਹਿਬਜਾਦੇ ਚਿਣੇ ਗਏ ਸਨ। ਸਿੰਘਾਂ ਨੇ ਅਜਿਹੇ ਸੰਜਮ ਦਾ ਸਬੂਤ ਦਿੱਤਾ ਕਿ ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ ਦੇ ਮੰਜਾਰ ਅਤੇ ਹੋਰ ਯਾਦਗਾਰਾਂ ਨੂੰ ਛੇੜਿਆ ਵੀ ਨਾ ਗਿਆ। ਇਹ ਸਿੱਖਾਂ ਦੀ ਪਹਿਲੀ ਖੇਤਰੀ ਜਿੱਤ ਸੀ। ਜਿਸਨੇ ਉਨ੍ਹਾਂ ਨੂੰ ਸਤਲੁਜ ਦੇ ਦੱਖਣ ਵਿਚ ਪੂਰੇ ਦੇਸ਼ ਦਾ ਕਬਜਾ ਦਿੱਲੀ ਦੇ ਨੇੜੇ ਤੱਕ ਦਿੱਤਾ। ਮਈ 24, 1710 ਨੂੰ ਬਾਬਾ ਜੀ ਨੇ ਪਟਿਆਲੇ ਨੂੰ ਇਕ ਸੁਤੰਤਰ ਰਾਜ ਦਾ ਪਹਿਲਾ ਕੇਂਦਰ ਬਣਾਇਆ। ਮਈ 27, 1710 ਨੂੰ ਸਰਹਿੰਦ ਸ਼ਹਿਰ ਵਿਚ ਇਕ ਵਿਸ਼ਾਲ ਇਕੱਤਰਤਾ ਵਿਚ ਬਾਬਾ ਜੀ ਨੇ ਸਰਹਿੰਦ ਸ਼ਹਿਰ ਵਿਚ ਸਿੱਖ ਰਾਜ ਸਥਾਪਤ ਕਰਨ ਅਤੇ ਮੁਗਲਾਂ ਦੇ ਸ਼ਾਸਨ ਨੂੰ ਖਤਮ ਕਰਨ ਦਾ ਐਲਾਨ ਕੀਤਾ। ਜਿਸਨੇ ਇਲਾਕੇ ਵਿਚ ਆਪਣੇ ਜ਼ੁਲਮਾਂ ਨਾਲ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਮੁਖਲਿਸਪੁਰ ਦੇ ਪੁਰਾਣੇ ਸ਼ਾਹੀ ਕਿਲੇ ਦੀ ਮੁਰੰਮਤ ਕੀਤੀ, ਇਸਨੂੰ ਲੋਹਗੜ੍ਹ ਦਾ ਨਾਂ ਦਿੱਤਾ। ਉਥੇ ਆਪਣੀ ਰਾਜਧਾਨੀ ਸਥਾਪਤ ਕੀਤੀ।

ਬਾਬਾ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬਾ ਅਤੇ ਅਲੀ ਸਿੰਘ ਸਲੌਦੀ ਨੂੰ ਸਹਾਇਕ ਨਿਯੁਕਤ ਕੀਤਾ। ਭਾਈ ਫਤਿਹ ਸਿੰਘ ਨੂੰ ਸਮਾਣਾ ਸੌਂਪਿਆ। ਥਾਨੇਸਰ ਦਾ ਪ੍ਰਬੰਧ ਬਾਬਾ ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਅਤੇ ਬਾਬਾ ਬਿਨੋਦ ਸਿੰਘ ਨੂੰ ਦਿੱਤਾ। ਇਲਾਕੇ ਦੇ ਪਰਗਨਿਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕਰਨਾਲ ਤੋਂ ਲੁਧਿਆਣਾ ਤੱਕ ਸਾਰਾ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ ਸੀ। ਇਸਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ।

ਸਰਹਿੰਦ ਦੀ ਜਿੱਤ ਦੀ ਯਾਦ ਵਿਚ ਫਤਹਿ ਬੁਰਜ਼ ਚਪੜਚਿੜੀ ਦੇ ਸਥਾਨ ਤੇ ਸਥਾਪਤ ਹੈ।

## (10 ਮਈ ਨੂੰ ਵਿਸ਼ੇਸ਼ ਸਨਮਾਨਿਤ ਹੋਣ ਤੇ)

# ਗੀਤਕਾਰੀ, ਸਾਹਿਤ ਅਤੇ ਇੰਜੀਨੀਅਰਿੰਗ ਦਾ ਸੁਮੇਲ -ਇੰਜੀ: ਸਤਨਾਮ ਸਿੰਘ ਮੱਟੂ



ਮੇਜਰ ਸਿੰਘ ਨਾਭਾ
91-94635-53962

ਜਿਸ ਇਨਸਾਨ ਨੇ ਬਚਪਨ ਤੋਂ ਗੁਰਬਤ ਦੀ ਜ਼ਿੰਦਗੀ ਹੰਢਾਉਂਦਿਆਂ ਹਿੰਮਤ ਨੂੰ ਯਾਰ ਬਣਾ ਕੇ ਮਿਹਨਤ ਦਾ ਪੱਲਾ ਫੜ ਲਿਆ ਹੁੰਦਾ ਹੈ,ਉਹ ਇੱਕ ਦਿਨ ਜ਼ਰੂਰ ਬੁਲੰਦੀਆਂ ਦੀਆਂ ਮੰਜ਼ਿਲਾਂ ਸਰ ਕਰਦਾ ਹੈ। ਅਜਿਹੇ ਹੀ ਇਨਸਾਨਾਂ ਵਿੱਚ ਹਿੰਮਤੀ ,ਦ੍ਰਿੜ ਇਰਾਦੇ ਵਾਲਾ ਅਤੇ ਕਰੜੀ ਮਿਹਨਤ ਦਾ ਮੁਦੱਈ ਇੰਜੀ ਸਤਨਾਮ ਸਿੰਘ ਮੱਟੂ ਹੈ। ਉਸਨੇ ਆਪਣੀਆਂ ਲਿਖਤਾਂ ਰਾਹੀਂ ਹਰ ਪਾਠਕ ਦੇ ਮਨ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬੀ ਲੋਕ ਗਾਇਕ ਹਾਕਮ ਬਖਤੜੀਵਾਲਾ ਦੇ ਇਹ ਲਾਡਲੇ ਸ਼ਗਿਰਦ ਇੰਜੀ ਸਤਨਾਮ ਸਿੰਘ ਮੱਟੂ ਨੂੰ ਗੀਤਕਾਰੀ ਅਤੇ ਸਾਹਿਤਕ ਖੇਤਰ ਵਿੱਚ ਕੀਤੇ ਪ੍ਰਸੰਸਾਯੋਗ ਕੰਮਾਂ ਸਦਕਾ 10 ਮਈ 2025 ਨੂੰ ਪੰਜਾਬੀ ਫਿਲਮ ਮਿਊਜ਼ਿਕ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ।

ਸਨਮਾਨ ਲਈ ਚੁਣੇ ਜਾਣਾ ਇੱਕ ਇਨਸਾਨ ਦੀ ਜ਼ਿੰਦਗੀ ਵਿੱਚ ਬਹੁਤ ਹੀ ਵੱਡੀ ਖੁਸ਼ੀ ਅਤੇ ਉਪਲਬਧੀ ਹੁੰਦੀ ਹੈ।ਜਲ ਸਪਲਾਈ ਅਤੇ ਸੈਨੀ-ਟੇਸ਼ਨ ਵਿਭਾਗ ਪੰਜਾਬ ਵਿੱਚ ਬਤੌਰ ਉੱਪ ਮੰਡਲ ਇੰਜੀਨੀਅਰ ਦੀ ਸੇਵਾਵਾਂ ਨਿਭਾ ਰਹੇ ਇੰਜੀ ਸਤਨਾਮ ਸਿੰਘ ਮੱਟੂ ਨੇ ਪੰਜਾਬ ਦੇ ਮਾਲਵੇ ਜ਼ਿਲੇ ਸੰਗਰੂਰ ਦੇ ਚੜਦੇ ਵੱਲ੍ਹ ਮਾਰੂਥਲ ਵਰਗੇ ਰੇਤੀਲੇ ਟਿੱਬਿਆਂ ਚ ਵਸੇ ਪਿੰਡ ਬੀਂਬੜ ਵਿਚ (ਨੇੜੇ ਭਵਾਨੀਗੜ੍ਹ ) ਇੱਕ ਗਰੀਬ ਪਰਿਵਾਰ 'ਚ ਪਿਤਾ ਸ੍ਰ ਸੇਵਾ ਸਿੰਘ ਅਤੇ ਮਾਤਾ ਸ੍ਰੀਮਤੀ ਬਲਵੀਰ ਕੌਰ ਦੇ ਘਰ 25 ਫਰਵਰੀ 1970 ਨੂੰ ਜਨਮ ਹੋਇਆ। ਹੱਡ ਭੰਨਵੀ ਮਿਹਨਤ ਕਰਦੇ ਪਿਤਾ ਨੂੰ ਇੱਕ ਸਰਕਾਰੀ ਵਕੀਲ ਨੇ ਬੱਚਿਆਂ ਨੂੰ ਪੜਾਈ ਕਰਵਾਉਣ ਦੀ ਨਸੀਹਤ ਦੇ ਕੇ



ਦ੍ਰਿੜਚਿੱਤ ਕਰ ਦਿੱਤਾ। ਪਿਤਾ ਦੀ ਖ਼ੂਨ ਪਸੀਨੇ ਦੀ ਕਮਾਈ,ਮਾਂ ਦੀਆਂ ਸਿਖਰ ਦੁਪਹਿਰੇ ਚੁੱਲ੍ਹੇ ਉੱਪਰ ਮੰਜਾ ਖੜ੍ਹਾ ਕਰਕੇ ਚੋਂਦੇ ਪਸੀਨੇ ਨਾਲ ਪਕਾ ਕੇ ਖਵਾਈਆਂ ਰੋਟੀਆਂ ਦਾ ਸਿੱਟਾ ਇਹ ਨਿਕਲਿਆ ਕਿ ਸਤਨਾਮ ਸਿੰਘ ਮੱਟੂ ਨੇ ਮਾਪਿਆਂ ਦੀ ਆਸ ਨੂੰ ਸਕੂਲੀ ਪੜ੍ਹਾਈ ਦੌਰਾਨ ਹੀ ਬੂਰ ਪਾਉਣਾ ਸ਼ੁਰੂ ਕਰ ਦਿੱਤਾ ਜਦੋਂ ਉਸਨੇ ਮੁਸਤੈਦੀ ਨਾਲ ਕੀਤੀ ਅਣਥੱਕ ਮਿਹਨਤ ਨਾਲ ਸਾਰੀਆਂ ਜਮਾਤਾਂ ਪਹਿਲੇ ਦਰਜੇ ਵਿੱਚ ਪਾਸ ਕੀਤੀਆਂ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗ੍ਰੈਜੂਏਸ਼ਨ, ਜ਼ਿਲਾ ਸਿੱਖਿਆ ਅਤੇ ਸਿਖਲਾਈ ਸੰਸਥਾ ਨਾਭਾ ਤੋਂ ਈਟੀਟੀ, ਥਾਪਰ ਇੰਜੀਨੀਅਰਿੰਗ ਕਾਲਜ ਪਟਿਆਲਾ ਤੋਂ ਸਿਵਲ ਇੰਜੀਨੀਅਰਿੰਗ ਵਿਚ ਡਿਪਲੋਮਾ ਅਤੇ ਇੰਜੀਨੀਅਰਿੰਗ ਵਿਚ ਗ੍ਰੈਜੂਏਸ਼ਨ ਕੀਤੀ। ਉਹ 1998 ਤੋਂ ਤਿੰਨ ਸਾਲ ਕੁਝ ਮਹੀਨੇ ਅਧਿਆਪਨ ਕਿੱਤੇ ਨੂੰ ਸਮਰਪਿਤ ਰਿਹਾ ਅਤੇ ਦਸੰਬਰ 2001 ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿੱਚ ਬਤੌਰ ਜੂਨੀਅਰ ਇੰਜੀਨੀਅਰ ਭਰਤੀ ਹੋ ਗਿਆ। ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਸੇਵਾਵਾਂ ਨਿਭਾਉਂਦਿਆਂ ਜੁਲਾਈ 2023 ਵਿੱਚ ਉੱਪ ਮੰਡਲ ਇੰਜੀਨੀਅਰ ਪ੍ਰਮੋਟ ਹੋ ਕੇ ਅੱਜਕਲ੍ਹ ਹਿਮਾਲਿਆ ਪਰਬਤ ਦੀ ਬੁੱਕਲ ਚ ਵਸੇ ਸ਼ਹਿਰ ਰੋਪੜ ਵਿਖੇ ਇਮਾਨਦਾਰੀ ਨਾਲ ਸੇਵਾਵਾਂ ਨਿਭਾ ਰਿਹਾ ਹੈ।

ਸਾਹਿਤਕ ਸਰਗਰਮੀਆਂ ਵਿੱਚ ਦਿਲਚਸਪੀ ਦੀ ਸ਼ੁਰੂਆਤ ਉਸਨੇ 1992 ਵਿੱਚ ਸੰਪਾਦਕ ਦੀ ਡਾਕ ਤੋਂ ਕੀਤੀ।ਬੱਸ ਫਿਰ ਉਸਦੀਆਂ ਰਚਨਾਵਾਂ, ਕਵਿਤਾਵਾਂ,ਗੀਤ ,ਲੇਖ ਪੰਜਾਬੀ, ਕਹਾਣੀਆਂ ਪੰਜਾਬੀ ਦੇ ਨਾਮਵਰ ਅਖ਼ਬਾਰਾਂ ਅਤੇ ਰਸਾਲਿਆਂ ਦੀਆਂ ਸੁਰਖੀਆਂ ਬਣਨ ਲੱਗ ਪਏ। ਉਸ ਨੂੰ ਸਾਥੀ ਲੇਖਕਾਂ ਨੇ ਉਤਸ਼ਾਹੀ ਹੁੰਗਾਰਾ ਦੇ ਕੇ ਸਾਹਿਤ ਵੱਲ ਹੋਰ ਵਧੇਰੇ ਪ੍ਰੇਰਤ ਕੀਤਾ। ਸਰਕਾਰੀ ਡਿਊਟੀ 'ਚ ਆਉਣ ਤੋਂ ਪਹਿਲਾਂ ਉਸ ਨੇ ਨਾਮਵਰ ਅਖ਼ਬਾਰਾਂ ਚ ਧੜੱਲੇਦਾਰ ਪੱਤਰਕਾਰੀ ਵੀ ਕੀਤੀ । ਪਰ ਜ਼ਿਆਦਾਤਰ ਝੁਕਾਅ ਸਾਹਿਤ ਰਚਨਾ ਵਿਚ ਕੇਂਦ੍ਰਿਤ ਰਿਹਾ।

(ਬਾਕੀ ਅਗਲੇ ਸਫੇ ‘ਤੇ)

ਅਵਤਾਰ ਪੁਰਬ ਨੂੰ ਸਮਰਪਿਤ

# ਸ੍ਰੀ ਗੁਰੂ ਅੰਗਦ ਦੇਵ ਦੀ ਸਿੱਖ ਧਰਮ ਤੇ ਪੰਜਾਬੀ ਭਾਸ਼ਾ ਨੂੰ ਦੇਣ



ਸ੍ਰੀ ਗੁਰੂ ਅੰਗਦ ਦੇਵ ਜੀ ਨੇ 5 ਵੈਸਾਖ ਸੰਮਤ 1561 ਬਿਕਰਮੀ ਮੁਤਾਬਿਕ 31 ਮਾਰਚ ਸੰਨ 1504 ਈ. ਨੂੰ ਮੱਤੇ ਦੀ ਸਰਾਂ (ਪ੍ਰਚਲਤ ਨਾਂ ਨਾਗੇ ਦੀ ਸਰਾਂ) ਜ਼ਿਲ੍ਹਾ ਫਰੀਦਕੋਟ ਵਿਖੇ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਫੇਰੂ ਮੱਲ ਸੀ ਤੇ ਮਾਤਾ ਦਾ ਨਾਂ ਸਭਰਾਈ ਸੀ।ਇਨ੍ਹਾਂ ਦਾ ਮੁੱਢਲਾ ਨਾਂ ਭਾਈ ਲਹਿਣਾ ਸੀ। ਆਪ ਦਾ ਵਿਆਹ ਸੰਮਤ 1576 ਬਿਕਰਮੀ ਮੁਤਾਬਿਕ ਸੰਨ 1519 ਨੂੰ ਖਡੂਰ ਸਾਹਿਬ ਵਿੱਖੇ ਭਾਈ ਦੇਵੀ ਚੰਦ ਜੀ ਖੱਤਰੀ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸੁਪੁੱਤਰ ਸ੍ਰੀ ਦਾਸੂ ਅਤੇ ਸ੍ਰੀ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਣੋਖੀ ਜੀ ਸਨ।

ਉਸ ਸਮੇਂ ਪੰਜਾਬ ਵਿਚ ਹਫ਼ੜਾ ਦਫੜੀ ਮੱਚੀ ਹੋਈ ਸੀ। ਜਦ ਮੱਤੇ ਦੀ ਸਰ੍ਹਾਂ ਮੁਗ਼ਲਾਂ ਅਤੇ ਬਲੋਚਾਂ ਨੇ ਉਜਾੜ ਦਿੱਤੀ, ਤਾਂ ਫੇਰੂ ਜੀ ਅਤੇ ਭਾਈ ਲਹਿਣਾ ਜੀ ਦੇ ਪਰਿਵਾਰ ਖਡੂਰ ਵਿੱਚ ਰਹਿਣ ਲਈ ਚਲੇ ਗਏ। ਗੋਇੰਦਵਾਲ ਅਜੇ ਵਸਿਆ ਨਹੀਂ ਸੀ।ਖਡੂਰ ਆਪ ਦੀ ਭੂਆ ਵਿਆਹੀ ਹੋਈ ਸੀ, ਉਸੇ ਦੀ ਰਾਹੀਂ ਆਪ ਦਾ ਰਿਸ਼ਤਾ ਖਡੂਰ ਹੋਇਆ।ਖਡੂਰ ਆ ਕੇ ਬਾਬਾ ਫੇਰੂ ਨੇ ਪ੍ਰਚੂਨ ਦੀ ਦੁਕਾਨ ਪਾ ਲਈ।ਆਪ ਦੀ ਉਸ ਸਮੇਂ ਉਮਰ ਵੀਹ ਸਾਲ ਦੀ ਸੀ।

ਬਾਬਾ ਫੇਰੂ ਜੀ ਵੈਸ਼ਨੋ ਦੇਵੀ ਦੇ ਭਗਤ ਸਨ ਤੇ ਹਰ ਸਾਲ ਵੈਸਨੋ ਦੇਵੀ ਦੇ ਦਰਸ਼ਨਾਂ ਲਈ ਪੈਦਲ ਜੰਮੂ ਕਟੜਾ ਜਾਂਦੇ ਸਨ। ਸੰਮਤ 1583 (1526 ਈ.) ਵਿਚ ਬਾਬਾ ਫੇਰੂ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਪਿੱਛੋਂ ਆਪ ਨੇ ਇਹ ਸੇਵਾ ਸੰਭਾਲ ਲਈ। ਖਡੂਰ ਵਿੱਚ ਇੱਕ ਸਿੱਖ ਭਾਈ ਜੋਧਾ ਰਹਿੰਦਾ ਸੀ। ਭਾਈ ਜੋਧਾ ਹਰ ਰੋਜ਼ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉੱਠਦਾ ਸੀ ਅਤੇ ਜਪੁਜੀ ਤੇ ਆਸਾ ਕੀ ਵਾਰ ਦਾ ਪਾਠ ਕਰਦਾ ਸੀ। ਉਸ ਰਾਹੀਂ ਆਪ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਰਾਵੀ ਦੇ ਕੰਢੇ ਕਰਤਾਰਪੁਰ ਵਿੱਚ ਹੋਇਆ। ਭਾਈ ਲਹਿਣਾ ਨੇ ਬਹੁਤ ਮਨ ਲਾ ਕੇ 6-7 ਸਾਲ ਗੁਰੂ ਜੀ ਦੀ ਸੇਵਾ ਕੀਤੀ ਤੇ ਗੁਰੂ ਸਾਹਿਬ ਨੇ ਵੀ ਕਈ ਤਰ੍ਹਾਂ ਦੀਆਂ ਪਰਖਾਂ ਕੀਤੀਆਂ। ਅੰਤ ਵਿੱਚ ਗੁਰੂ ਨਾਨਕ ਦੇਵ ਨੇ ਅਸੂ ਵਦੀ 10(7 ਅਸੂ) ਸੰਮਤ 1596 ( 7 ਸਤੰਬਰ 1539 ਈ.) ਨੂੰ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ 2 ਅਸੂ ਸੰਮਤ 1596(ਅਸੂ ਵਦੀ 5) ਮੁਤਾਬਿਕ 2 ਸਤੰਬਰ ਸੰਨ 1539 ਨੂੰ ਲਹਿਣੇ ਨੂੰ ਅੰਗਦ ਬਣਾ ਕੇ ਗੁਰਿਆਈ ਦੇ ਦਿੱਤੀ ਗਈ। ਸ੍ਰੀ ਚੰਦ ਤੇ ਲਖਮੀਦਾਸ ਦੀ ਨਰਾਜ਼ਗੀ ਕਾਰਨ ਸਿੱਖ ਸੰਗਤਾਂ ਵਿੱਚ ਫੁੱਟ ਦਾ ਬੀਜ ਨਾ ਬੀਜਿਆ ਜਾਵੇ, ਇਸ ਲਈ ਗੁਰੂ ਨਾਨਕ ਜੀ ਦੀ ਆਗਿਆ ਅਨੁਸਾਰ ਆਪ ਕਰਤਾਰਪੁਰ ਛੱਡ ਕੇ ਖਡੂਰ ਆ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਭਾਸ਼ਾ ਪੰਜਾਬੀ ਵਿਚ ਲਿਖਣ ਦੀ ਜੋ ਸ਼ੁਰੂਆਤ ਕੀਤੀ ਸੀ ਉਸ ਨੂੰ ਹੀ ਗੁਰੂ ਅੰਗਦ ਜੀ ਨੇ ਅੱਗੇ ਤੋਰਿਆ ਤੇ ਉਸ ਦੇ ਪ੍ਰਚਾਰ ਤੇ ਪਾਸਾਰ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ। ਗੋਕਲ ਚੰਦ ਨਾਰੰਗ ਅਨੁਸਾਰ ਉਸ ਸਮੇਂ ਬ੍ਰਾਹਮਣ ਦੇ ਮਹੱਤਵ ਦਾ ਇੱਕ ਵੱਡਾ ਆਧਾਰ ਉਸ ਦਾ ਸੰਸਕ੍ਰਿਤ ਦਾ ਗਿਆਨ ਸੀ ਜੋ ਕਿ ਧਰਮ ਦੀ ਭਾਸ਼ਾ ਸੀ। ਜਦੋਂ ਗੁਰਮੁੱਖੀ ਅੱਖਰਾਂ ਵਿੱਚ ਲਿਪੀ ਪੰਜਾਬੀ ਨੂੰ ਵੀ ਉਹੀ ਸੁਚਮਤਾ ਪ੍ਰਾਪਤ ਹੋ ਗਈ, ਤਾਂ ਬ੍ਰਾਹਮਣ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਣਾ ਜ਼ਰੂਰੀ ਸੀ। ਇਸ ਨਵੀਨ ਲਿਪੀ ਦੀ ਵਰਤੋਂ



ਦਾ ਪ੍ਰਭਾਵ ਇਹ ਪਿਆ ਕਿ ਪੜ੍ਹੇ ਲਿਖੇ ਵਿਅਕਤੀਆਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ਅਤੇ ਜਨਤਾ ਤੱਕ ਉਨ੍ਹਾਂ ਦੀ ਮਾਤਰੀ ਭਾਸ਼ਾ ਵਿੱਚ ਧਾਰਮਿਕ ਸਾਹਿਤ ਦੀ ਰਸਾਈ ਕਰਨ ਕਰਕੇ, ਗੁਰੂਆਂ ਦੇ ਸੁਧਾਰ-ਕਾਰਜ ਨੂੰ ਉਤਸ਼ਾਹ ਮਿਲਿਆ।

ਗੁਰੂ ਅੰਗਦ ਦੇਵ ਨੇ ਦੂਸਰਾ ਕਦਮ ਗੁਰੂ ਨਾਨਕ ਦੀਆਂ ਸਾਖੀਆਂ ਦੇ ਸੰਗ੍ਰਹਿ ਸੰਬੰਧੀ ਚੁੱਕਿਆ। ਬਾਲੇ ਨੇ, ਜੋ ਕਿ ਜੋਤੀ ਜੋਤ ਸਮਾ ਚੁੱਕੇ ਗੁਰੂ ਸਾਹਿਬ ਦਾ ਜੀਵਨ ਸੰਗੀ ਰਿਹਾ ਸੀ ਅਤੇ ਉਨ੍ਹਾਂ ਦੀਆਂ ਸਾਰੀਆਂ ਉਦਾਸੀਆਂ ਵਿੱਚ ਉਨ੍ਹਾਂ ਦੇ ਨਾਲ ਰਿਹਾ ਸੀ, ਆਪਣੀ ਯਾਦਾਸ਼ਤ ਦੁਆਰਾ ਸਭ ਕੁਝ ਬਿਆਨ ਕੀਤਾ ਜੋ ਉਸ ਨੇ ਗੁਰੂ ਨਾਨਕ ਦੇ ਬਾਲਪਨ ਤੋਂ ਲੈ ਕੇ ਮ੍ਰਿਤੂ ਤੱਕ ਵੇਖਿਆ ਸੀ ਜਾਂ ਸੁਣਿਆ ਸੀ ਅਤੇ ਗੁਰੂ ਅੰਗਦ ਨੇ ਇਸ ਨੂੰ ਲਿਪੀ ਬੱਧ ਕਰਨ ਦਾ ਨਿਸ਼ਚਾ ਧਾਰ ਲਿਆ। ਗੁਰੂ ਨਾਨਕ ਪਹਿਲੇ ਪੰਜਾਬੀ ਕਵੀ ਸਨ ਜਿਨ੍ਹਾਂ ਨੂੰ ਲੋਕ-ਪ੍ਰਿਯਤਾ ਅਤੇ ਪ੍ਰਸਿੱਧੀ ਪ੍ਰਾਪਤ ਹੋਈ ਅਤੇ ਗੁਰੂ ਅੰਗਦ ਦੁਆਰਾ ਸੰਪਾਦਿਤ ਉਨ੍ਹਾਂ ਦੀ ਸਾਖੀ ਪੰਜਾਬੀ ਭਾਸ਼ਾ ਦੀ ਸਭ ਤੋਂ ਪਹਿਲੀ ਗੱਦ-ਰਚਨਾ ਬਣੀ। ਗੁਰੂ ਨਾਨਕ ਦੇ ਸਿੱਖਾਂ ਵਿੱਚ ਇਹ ਪੁਸਤਕ ਛੇਤੀ ਹੀ ਹਰਮਨ-ਪਿਆਰੀ ਹੋ ਗਈ ਅਤੇ ਕਿਉਂਕਿ ਇਸ ਪੁਸਤਕ ਵਿੱਚ ਗੁਰੂ ਸਾਹਿਬ ਦੀ ਸਿੱਖਿਆ ਅਤੇ ਜੀਵਨ ਦੋਵੇਂ ਹੀ ਦਰਜ ਸਨ, ਇਸ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਹੋਣ ਦਾ ਮਾਣ ਤੁਰੰਤ ਪ੍ਰਾਪਤ ਕਰ ਲਿਆ।

ਆਪ ਜੀ ਨੇ ਲੰਗਰ ਪ੍ਰਣਾਲੀ ਜੋ ਗੁਰੂ ਨਾਨਕ ਜੀ ਨੇ ਸ਼ੁਰੂ ਕੀਤੀ ਸੀ ਉਸ ਨੂੰ ਅੱਗੇ ਤੋਰਿਆ। ਸਿੱਖ ਹੁਣ ਪੁਰਾਤਨ ਹਿੰਦੂ ਸਮਾਜ ਤੋਂ ਹੌਲੀ-ਹੌਲੀ ਦੂਰ ਹੋਣ ਲੱਗੇ ਅਤੇ ਇੱਕ ਨਵੀਂ ਸ਼੍ਰੇਣੀ ਅਥਵਾ ਇੱਕ ਕਿਸਮ ਦੇ ਨਵੇਂ ਭਾਈਚਾਰੇ ਵਿੱਚ ਬੱਝਣ ਲੱਗੇ। ਗੁਰੂ ਬਣਾਣ ਵੇਲੇ ਸਤਿਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਆਪਣੀ ਉਹ 'ਕਿਤਾਬ' ਵੀ ਦੇ ਦਿੱਤੀ, ਜਿਸ ਵਿੱਚ ਉਨ੍ਹਾਂ ਆਪਣੀ ਸਾਰੀ ਹੀ ਬਾਣੀ ਲਿਖ ਕੇ ਰੱਖੀ ਹੋਈ ਸੀ, ਅਤੇ ਬਾਬਾ ਫ਼ਰੀਦ, ਭਗਤ ਨਾਮਦੇਵ, ਕਬੀਰ, ਰਵਿਦਾਸ ਆਦਿਕ ਸਾਰੇ ਭਗਤਾਂ ਦੀ ਬਾਣੀ ਵੀ ਲਿਖੀ ਹੋਈ ਸੀ। ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਸਨ ਤਾਂ ਹਾਜੀਆਂ ਨੇ ਵੀ ਇਸੇ 'ਕਿਤਾਬ' ਬਾਰੇ ਆਖਿਆ ਸੀ ਕਿ ਇਸ ਨੂੰ ਖੋਲ੍ਹ ਕੇ ਸਾਨੂੰ ਆਪਣੀ ਰਾਇ ਦੱਸੋ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਇਹ ਹੁਕਮ ਵੀ ਕੀਤਾ ਕਿ ਰਾਵੀ ਬਿਆਸ ਵਿਚਲੇ ਇਲਾਕੇ ਮਾਝੇ ਵਿੱਚ ਦੇ ਕਿਸਾਨ ਆਦਿਕ ਲੋਕਾਂ ਵਿੱਚ ਪ੍ਰਚਾਰ ਕਰੋ ਅਤੇ ਉਨ੍ਹਾਂ ਨੂੰ ਹੌਂਸਲਾ ਦਿਉ। ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਖਡੂਰ ਵਿੱਚ ਆ ਬਣਾਇਆ।

ਗੋਇੰਦਵਾਲ ਵਾਲੀ ਜਗਾਹ ਪਹਿਲਾਂ ਇਕ ਥੇਹ ਸੀ ਤੇ ਇੱਕ ਮਰਵਾਹੇ ਖੱਤਰੀ ਗੋਂਦੇ ਦੇ ਵੱਡਿਆਂ ਦੀ ਮਾਲਕੀ। ਗੋਂਦਾ ਆਪਣੇ ਵੱਡਿਆਂ ਦਾ ਨਾਮ ਉਜਾਗਰ ਕਰਨ ਲਈ ਉੱਥੇ ਨਗਰ ਵਸਾਣਾ ਚਾਹੁੰਦਾ ਸੀ। ਗੋਂਦਾ ਇਸ ਬਾਰੇ ਗੁਰੂ ਅੰਗਦ ਦੇਵ ਜੀ ਪਾਸ ਆਇਆ। ਗੁਰੂ ਅੰਗਦ ਸਾਹਿਬ ਨੇ ਨਗਰ ਵਸਾਣ ਦੀ ਇਹ ਜ਼ਿੰਮੇਵਾਰੀ (ਗੁਰੂ) ਅਮਰਦਾਸ ਜੀ ਨੂੰ ਸੌਂਪੀ, ਅਤੇ ਹੁਕਮ ਦਿੱਤਾ ਕਿ ਨਗਰ ਬਣਾ ਕੇ ਬਾਸਰਕੇ ਤੋਂ ਆਪਣੇ ਨਿਕਟੀ ਸਾਕ-ਸੰਬੰਧੀਆਂ ਨੂੰ ਉੱਥੇ ਲਿਆ ਵਸਾਓ। ਇਹ ਜ਼ਿਕਰ ਸੰਨ 1546 (ਸੰਮਤ 1603) ਦਾ ਹੈ। ਨਗਰ ਦਾ ਨਾਮ ਗੋਇੰਦਵਾਲ ਰੱਖਿਆ ਗਿਆ। (ਗੁਰੂ) ਅਮਰਦਾਸ ਜੀ ਆਪਣੇ ਕਈ ਸਾਕ-ਸੰਬੰਧੀਆਂ ਨੂੰ ਗੋਇੰਦਵਾਲ ਲੈ ਆਏ। ਜਿੱਥੋਂ ਤੀਕ ਗੁਰਮੁੱਖੀ ਲਿਪੀ ਦਾ ਸੰਬੰਧ ਹੈ ਇਸ ਨੂੰ ਅਜੋਕਾ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਿੱਤਾ ਸੀ। ਡਾ. ਜ.ਸ. ਜੋਸ਼ੀ ਅਨੁਸਾਰ ਗੁਰਮੁਖੀ ਦੇ ਅੱਖਰ ਵਰਤਮਾਨ ਦੇਵਨਾਗਰੀ ਨਾਲੋਂ ਵੀ ਪੁਰਾਣੇ ਹਨ। ਕੋਈ ਪੈਂਤੀ ਅੱਖਰਾਂ ਦੀ ਵਰਣਮਾਲਾ ਗੁਰੂ ਨਾਨਕ ਸਾਹਿਬ ਦੇ ਬਚਪਨ ਵੇਲੇ ਮੌਜੂਦ ਸੀ। ਇਹ ਵਰਣਮਾਲਾ ਪਾਂਧੇ ਤੋਂ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਅਤੇ ਇਸ ਨੂੰ ਮੁੱਖ ਰੱਖਕੇ 'ਪੱਟੀ' ਵਾਲੀ ਰਚਨਾ ਕੀਤੀ। ਇਹ ਵਰਣਮਾਲਾ ਪੰਜਾਬ ਵਿੱਚ ਸਿੱਖਿਆ ਪ੍ਰਣਾਲੀ ਦਾ ਮੁੱਢ ਸੀ। ਇਹੋ ਵਰਣਮਾਲਾ ਹੀ ਪਿੱਛੋਂ 'ਗੁਰਮੁਖੀ' ਅਖਵਾਉਣ ਵਾਲੀ ਹੋ ਸਕਦੀ ਹੈ, ਜੇ ਪੈੜੇ ਮੋਖੇ ਦੇ ਜਨਮਸਾਖੀ ਲਿਖਣ ਵਾਲੀ ਕਹਾਣੀ ਨੂੰ ਜਿਸ ਤਰ੍ਹਾਂ ਉਹ ਬਾਲੇ ਵਾਲੀ ਜਨਮ ਸਾਖੀ ਵਿੱਚ ਦਿੱਤੀ ਗਈ ਹੈ। ਸੱਚ ਮੰਨ ਲਈਏ ਤਾਂ ਪ੍ਰਤੱਖ ਹੈ ਕਿ ਪੈੜੇ ਮੋਖੇ ਨੂੰ ਗੁਰਮੁਖੀ ਲਿਖਣੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਿਲਣ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਆਉਂਦੀ ਸੀ, ਜਿਸ ਤੋਂ ਗੁਰੂ ਅੰਗਦ ਦੇਵ ਜੀ ਨੇ ਐਡਾ ਵੱਡਾ ਕੰਮ ਉਸ ਦੇ ਸਪੁਰਦ ਕੀਤਾ।



ਡਾ. ਚਰਨਜੀਤ ਸਿੰਘ ਗੁਮਟਾਲਾ
91 9417533060

ਡਾ. ਜੋਸ਼ੀ ਅੱਗੇ ਲਿਖਦੇ ਹਨ ਕਿ ਗੁਰਮੁਖੀ ਅੱਖਰਾਂ ਦੀ ਵਰਤਮਾਨ ਤਰਤੀਬ ਆਧੁਨਿਕ ਯੁੱਗ ਦੀਆਂ ਧੁਨੀ ਵਿਗਿਆਨ ਦੇ ਖੇਤਰ ਦੀਆਂ ਖੋਜਾਂ ਦੀ ਕਸਵਟੀ 'ਤੇ ਪੂਰੀ ਤਰ੍ਹਾਂ ਠੀਕ ਉਤਰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਸ ਤੋਂ ਵੱਧ ਮਹੱਤਵਪੂਰਨ ਯੋਗਦਾਨ ਗੁਰਮੁਖੀ ਲਿਪੀ ਨੂੰ ਗੁਰਬਾਣੀ ਅਤੇ ਬਾਕੀ ਗੁਰਮਤਿ ਸਾਹਿਤ ਨੂੰ ਲਿਖਤੀ ਰੂਪ ਦੇਣ ਲਈ ਢੁੱਕਵੀਂ ਮੰਨ ਕੇ ਮਾਧਿਅਮ ਵਜੋਂ ਅਪਨਾਉਣਾ ਹੈ।

ਬੱਚਿਆਂ ਨੂੰ ਇਸਦੀ ਸਿੱਖਿਆ ਪ੍ਰਦਾਨ ਕਰਨ ਲਈ ਆਪ ਜੀ ਨੇ 'ਬਾਲ ਬੋਧ' ਦੀ ਰਚਨਾ ਕੀਤੀ। ਗੁਰਮੁਖੀ ਅੱਖਰਾਂ ਤੋਂ ਜਾਣੂੰ ਲਿਖਾਰੀਆਂ ਨੂੰ ਵਰਤਮਾਨ ਲਿਪੀ ਵਿੱਚ ਪੰਜਾਬੀ ਸਾਹਿਤ ਲਿਖਣ ਦੀ ਪ੍ਰੇਰਣਾ ਅਤੇ ਉਤਸ਼ਾਹ ਦਿੱਤਾ। ਸ਼ਾਇਦ ਇਸੇ ਕਰਕੇ ਗੁਰਮੁਖਾਂ ਨੇ ਆਪ ਜੀ ਨੂੰ ਗੁਰਮੁਖੀ ਲਿਪੀ ਦਾ ਨਿ-ਰਮਾਤਾ ਮੰਨ ਲਿਆ।

ਆਪ ਨੇ ਕੇਵਲ ਸਲੋਕ ਹੀ ਲਿਖੇ ਜਿਨ੍ਹਾਂ ਦਾ ਗਿਣਤੀ 63 ਹੈ। ਗੁਰੂ ਗ੍ਰੰਥ ਦੀ ਬੀੜ ਤਿਆਰ ਕਰਨ ਸਮੇਂ ਇਨ੍ਹਾਂ ਸਲੋਕਾਂ ਨੂੰ ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ਵਾਰਾਂ ਦੀਆਂ ਕੁਝ ਪਉੜੀਆਂ ਦੇ ਨਾਲ ਦਰਜ ਕਰ ਦਿੱਤਾ। ਸਿਰੀਰਾਗ ਕੀ ਵਾਰ ਮਹਲਾ ਪਹਿਲਾ ਚੌਥਾ ਵਿਚ 2 ਸਲੋਕ, ਮਾਝ ਕੀ ਵਾਰ ਮਹਲਾ ਪਹਿਲਾ ਵਿਚ 12 ਸਲੋਕ, ਆਸਾ ਕੀ ਵਾਰ ਮਹਲਾ ਪਹਿਲਾ ਵਿਚ 15, ਸੋਰਠ ਕੀ ਵਾਰ ਮਹਲਾ ਚਾਰ ਵਿਚ 1, ਸੂਹੀ ਕੀ ਵਾਰ ਮਹਲਾ ਤਿੰਨ ਵਿਚ 11 ਸਲੋਕ, ਰਾਮਕਲੀ ਕੀ ਵਾਰ ਮਹਲਾ ਤੀਜਾ 7, ਮਾਰੂ ਕੀ ਵਾਰ ਮਹਲਾ ਤੀਜਾ 1 ਸਲੋਕ, ਸਾਰੰਗ ਕੀ ਵਾਰ ਮਹਲਾ ਮਹਲਾ ਚਾਰ 9 ਸਲੋਕ, ਮਲਾਰ ਕੀ ਵਾਰ ਮਹਲਾ ਪਹਿਲਾ ਵਿਚ 5 ਸਲੋਕ 63

ਸ੍ਰੀ ਗੁਰੂ ਅੰਗਦ ਸਾਹਿਬ ਖਡੂਰ ਨਗਰ ਵਿੱਚ 3 ਵੈਸਾਖ ਸੰਮਤ 1609 (ਚੇਤਰ ਸੁਦੀ 4) ਨੂੰ ਜੋਤੀ ਜੋਤਿ ਸਮਾਏ। ਈਸਵੀ ਸੰਨ ਅਨੁਸਾਰ 29 ਮਾਰਚ ਸੰਨ 1552 ਦਿਨ ਮੰਗਲਵਾਰ ਸੀ। ਕੁਲ ਉਮਰ 48 ਸਾਲ ਦੀ ਸੀ।

**ਸਹਾਇਕ ਪੁਸਤਕਾਂ**


1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9 ,ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018
2. ਗੁਰਨਾਮ ਕੌਰ (ਡਾ.) ਘੁੰਮਣ, ਰਣਜੀਤ ਸਿੰਘ (ਡਾ.) (ਸੰਪਾ.) ਸ੍ਰੀ ਗੁਰੂ ਅੰਗਦ ਦੇਵ 'ਗੁਰ ਚੇਲਾ, ਚੇਲਾ ਗੁਰੂ', ਪੰਜਾਬੀ ਯੂਨੀਵਰਸਿਟੀ ਪਟਿਆਲਾ 2007
3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀ-ਵਰਸਿਟੀ ਪਟਿਆਲਾ 2008
4. ਨਾਰੰਗ, ਗੋਕਲ ਚੰਦ (ਅਨੁਵਾਦਕ ਗੁਰਚਰਨ ਸਿੰਘ), ਸਿੱਖ ਮਤ ਦਾ ਪਰਿਵਰਤਨ, ਪੰਜਾਬੀ ਯੂਨੀਵਰਸਿਟੀ ਪਟਿਆਲਾ 2009
5. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,
6. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 20144


## ਗੀਤਕਾਰੀ, ਸਾਹਿਤ ਅਤੇ ਇੰਜੀਨੀਅਰਿੰਗ ਦਾ ਸੁਮੇਲ -ਇੰਜੀ: ਸਤਨਾਮ ਸਿੰਘ ਮੱਟੂ

(ਸਫਾ 30 ਦੀ ਬਾਕੀ)

ਸਮਾਜਿਕ ਕੁਰੀਤੀਆਂ, ਦਰਿੰਦਗੀ, ਸਮੱਸਿਆਵਾਂ, ਕਦਰਾਂ ਕੀਮਤਾਂ ਦੇ ਘਾਣ, ਮੁਖੌਟਾਧਾਰੀ ਚੌਧਰੀਆਂ ਦੇ ਤਸ਼ੱਦਦ ਆਦਿ ਵਿਰੁੱਧ ਡਟ ਕੇ ਆਵਾਜ਼ ਬੁਲੰਦ ਕੀਤੀ ਅਤੇ ਹੱਕ ਸੱਚ, ਵਾਤਾਵਰਣ ਬਚਾਉਣ ਲਈ ਇੱਕਜੁੱਟ ਹੋ ਕੇ ਕਾਰਜ ਕਰਨ ਦਾ ਸੁਨੇਹਾ ਦਿੱਤਾ।

ਉਸ ਨੇ ਸਮਾਜਿਕ , ਪਰਿਵਾਰਕ ਪਹਿਲੂਆਂ ਅਤੇ ਮਹੱਤਵਪੂਰਨ ਵਿਸ਼ਿਆਂ ਸੰਬੰਧੀ ਗੀਤ ਰਚੇ ਜੋ ਵੱਖ ਵੱਖ ਗਾਇਕਾਂ ਰਵੀ ਢਿੱਲੋਂ,ਲੱਕੀ ਦੁਰਗਾਪੁਰੀਆ,ਕਰੀਨਾ ਸ਼ਰਮਾ, ਕਮਲ ਬਠਿੰਡਾ, ਜੇ ਰਿਆਜ਼,ਜੱਸ ਜਸਵਿੰਦਰ, ਬਿੱਟੂ ਬਹਾਦਰ ਆਦਿ ਦੀ ਆਵਾਜ਼ ਵਿੱਚ ਵੀ ਰਿਕਾਰਡ ਹੋਏ ਅਤੇ ਹੋ ਰਹੇ ਹਨ। ਕਲਮ ਕਾਫ਼ਲਾ, ਚੰਨ ਰਿਸ਼ਮਾਂ, ਸ਼ਬਦਾਂ ਦੀ ਜਾਦੂਗਰੀ, ਕਲਮਾਂ ਬੋਲਦੀਆਂ ਆਦਿ ਸਾਂਝੇ ਕਾਵਿ ਸੰਗ੍ਰਹਿਆਂ ਵਿੱਚ ਉਸਦੀਆਂ ਰਚਨਾਵਾਂ ਛਪੀਆਂ ਹਨ ਅਤੇ ਪਾਠਕਾਂ ਵੱਲੋਂ ਖੂਬ ਸਲਾਹੀਆਂ ਵੀ ਗਈਆਂ ਹਨ।

ਉਸਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਹੀਦੀ ਹਫ਼ਤੇ ਦੀਆਂ ਦਰਦਨਾਕ ਅਤੇ ਖੌਫਨਾਕ ਘਟਨਾਵਾਂ ਅਤੇ ਉਨ੍ਹਾਂ ਦੇ ਪਰਿਵਾਰ ਤੇ ਢਾਹੇ ਅੱਤਿਆਚਾਰ ਅਤੇ ਤਸ਼ੱਸਦ ਤੇ ਆਧਾਰਿਤ ਖੂਨ ਭਿੱਜੇ ਇਤਿਹਾਸਕ ਪੰਨਿਆਂ ਨੂੰ "ਯਖ਼ ਰਾਤਾਂ ਪੋਹ ਦੀਆਂ" 6 ਤੋਂ 13 ਪੋਹ ਕਾਵਿ ਸੰਗ੍ਰਹਿ ਦੇ ਰੂਪ ਵਿੱਚ ਕਲਮਬੱਧ ਕਰਕੇ ਪਾਠਕਾਂ ਤੱਕ ਪੁੱਜਦਾ ਕੀਤਾ ਹੈ।ਇਸ ਧਾਰਮਿਕ ਅਤੇ ਇਤਿਹਾਸਕ ਕਾਵਿ ਰਚਨਾਵਾਂ ਨੂੰ ਸਾਹਿਤਕ ਅਤੇ ਧਾਰਮਿਕ ਹਲਕਿਆਂ ਵਿਚ ਖੂਬ ਸਤਿਕਾਰ ਮਿਲਿਆ ਹੈ। "ਹੇਮਕੁੰਟ ਪਰਬਤ ਹੈ ਜਹਾਂ" ਸਫ਼ਰਨਾਮਾ ਨਾਲ ਉਸਨੇ ਸਾਹਿਤਕ ਖੇਤਰ ਵਿੱਚ ਲੰਮੀ ਪੁਲਾਂਘ ਪੁੱਟੀ ਹੈ ਅਤੇ ਸਾਹਿਤਕ ਹਲਕਿਆਂ ਚ ਖੂਬ ਚਰਚਾ ਛੇੜੀ ਹੈ।ਇਸ ਸਫਰਨਾਮੇ ਦੀ ਖਾਸੀਅਤ ਇਹ ਹੈ ਕਿ ਇਸ ਪੁਸਤਕ ਵਿੱਚ ਹਰਿਦੁਆਰ, ਰਿਸ਼ੀਕੇਸ਼,ਪੰਜ ਪ੍ਰਯਾਗ, ਸ੍ਰੀਨਗਰ,ਚਮੋਲੀ, ਜੋਸ਼ੀਮੱਠ ਆਦਿ ਸ਼ਹਿਰਾਂ ਦੀ ਭੂਗੋਲਿਕ, ਸਮਾਜਿਕ, ਧਾਰਮਿਕ, ਰਾਜਨੀਤਕ ਸਥਿਤੀ ਉੱਪਰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ।

ਅਖ਼ਬਾਰਾਂ ਵਿੱਚ ਲੇਖਾਂ ਰਾਹੀਂ ਉਸਨੇ ਗੁਰੂ ਘਰ ਦੇ ਪ੍ਰਸ਼ਾਦ ਦੀ ਮਹੱਤਤਾ, ਪਿਆਰ ਜ਼ਿੰਦਗੀ ਦੀ ਖੂਬਸੂਰਤ ਚੀਜ਼ ਹੈ, ਸਿੰਧੂ ਘਾਟੀ ਦੇ ਇਤਿਹਾਸਕ ਜ਼ਖ਼ੀਰੇ ਦਾ ਸ਼ਹਿਰ ਰੋਪੜ, ਭਾਰਤੀ ਕਰੰਸੀ ਦਾ ਇਤਿਹਾਸ, ਜੀਅ ਭਰਕੇ ਜੀ ਸਮੇਤ ਅਨੇਕਾਂ ਲੇਖ ਧਾਰਮਿਕ, ਨੈਤਿਕ, ਸਮਾਜਿਕ, ਸੱਭਿਆਚਾਰਕ, ਇਤਿਹਾਸ ਪਿ-ਛੋਕੜ, ਵਾਤਾਵਰਨ, ਜਲ, ਪ੍ਰਦੂਸ਼ਣ ਆਦਿ ਵਿਸ਼ਿਆਂ ਤੇ ਖੂਬਸੂਰਤ ਚਾਨਣਾ ਪਾਇਆ ਹੈ ਜੋ ਉਸਦੀ ਗਹਿਰਾਈ ਵਾਲੀ ਸੂਝ ਦਾ ਪ੍ਰਤੀਕ ਹਨ। ਉਹ ਕਈ ਸਾਹਿਤਕ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ।

ਸਰਕਾਰੀ ਮਹਿਕਮੇ ਚ ਸੇਵਾਵਾਂ ਨਿਭਾਉਂਦੇ ਹੋਏ ਵੀ ਆਪਣੇ ਵਡਮੁੱਲੇ ਯੋਗਦਾਨ ਸਦਕਾਂ ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਤੇ ਸਨਮਾਨ ਹਾਸਿਲ ਕੀਤੇ ਹਨ। ਸਵੱਛ ਭਾਰਤ ਮੁਹਿੰਮ 'ਚ ਫ਼ਤਹਿਗੜ੍ਹ ਸਾਹਿਬ ਨੂੰ ਪਹਿਲਾ ਸਵੱਛ ਜ਼ਿਲ੍ਹਾ ਬਣਾਉਣ ਲਈ ਕੀਤੇ ਕਾਰਜਾਂ ਸਦਕਾਂ ਪੰਜਾਬ ਸਰਕਾਰ ਨੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਸੀ।

ਪ੍ਰਮਾਤਮਾ ਉਨ੍ਹਾਂ ਨੂੰ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਬਖ਼ਸ਼ੇ।

ਕਾਵਿ ਵਿਅੰਗ

## ਹਾਕਮੋ ਠੰਢ ਰੱਖੋ !

ਚਾਹੁੰਦਾ ਹੋਣਾ ਨੀ ਫੌਜੀ ਕੋਈ ਜੰਗ ਲੱਗੇ
ਚੜ੍ਹਿਆ ਚਾਅ ਹੈ ਨਫਰਤਾਂ ਮਾਰਿਆਂ ਨੂੰ।

ਪੁੱਤਰ ਸੈਨਾ ਵਿਚ ਉਨ੍ਹਾਂ ਦਾ ਹੋਣਾ ਨਹੀਂਉਂ
ਜਿਹੜੇ ਲਾ ਰਹੇ ਤੱਤਿਆਂ ਨਾਹਰਿਆਂ ਨੂੰ।

ਦੇਖੋ ਕਿਦਾਂ ਫਿਰ 'ਤਾਲੂ ਨੂੰ ਜੀਭ' ਲੱਗਣੀ
ਭੇਜੋ ਬਾਰਡਰ 'ਤੇ ਵੱਡਿਆਂ 'ਦਾਰਿਆਂ' ਨੂੰ।

ਜ਼ੁਲਮ ਕਰਦੇ ਨੂੰ ਕਰਨੀ ਜਿਹੀ ਸਜ਼ਾ ਦੇਵੋ
ਗੁਨਾਹਗਾਰ ਕਿਉਂ ਸਮਝਦੇ ਸਾਰਿਆਂ ਨੂੰ।

ਸ਼ਾਂਤੀ ਵਾਸਤੇ ਰਲ ਮਿਲਕੇ ਯਤਨ ਕਰੀਏ
ਤੁਰੀਏ ਅਮਨ ਦੇ 'ਪੱਬ ਵਿਚ ਪੱਬ' ਧਰਕੇ।

ਲਹੂ-ਪੀਣੀਆਂ ਜੰਗਾਂ ਤੋਂ ਦੂਰ ਰਹਿ ਕੇ
'ਹੁਕਮਰਾਨੋ ਜੀ' ਠੰਢੇ ਰਹੋ ਰੱਬ ਕਰਕੇ !

–ਤਰਲੋਚਨ ਸਿੰਘ ਦੁਪਾਲ ਪੁਰ
78146-92724

## ਸਮਾਜਿਕ ਨਿਆਂ, ਬਰਾਬਰਤਾ ਤੇ ਸਿੱਖਿਆ ਦੇ ਪਸਾਰ ਲਈ ਬਾਬਾ ਸਾਹਿਬ ਵਲੋਂ ਵਿਖਾਏ ਰਾਹ ਤੇ ਚੱਲਣਾ ਸਮੇਂ ਦੀ ਲੋੜ - ਜਸਵੀਰ ਗੜ੍ਹੀ



**ਫਗਵਾੜਾ (ਬੀ.ਕੇ. ਰੱਤੂ)** ਚੇਅਰਮੈਨ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਸ. ਜਸਬੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਭਾਰਤ ਰਤਨ ਡਾ ਭੀਮ ਰਾ ਅੰਬੇਦਕਰ ਜੀ ਵੱਲੋਂ ਸਮਾਜਿਕ ਨਿਆਂ, ਬਰਾਬਰਤਾ ਤੇ ਸਿੱਖਿਆ ਦੇ ਪਸਾਰ ਲਈ ਦਿਖਾਇਆ ਮਾਰਗ ਅੱਜ ਵੀ ਉਨ੍ਹਾਂ ਹੀ ਸਾਰਥਿਕ ਹੈ ਤੇ ਉਸ ਉੱਪਰ ਚੱਲਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਅੱਜ ਸਥਾਨਕ ਡਾ।ਅੰਬੇਡਕਰ ਭਵਨ ਅਰਬਨ ਅਸਟੇਟ ਵਿਖੇ ਖੇਤੀਬਾੜੀ ਐੱਸ.ਸੀ./ਬੀ.ਸੀ. ਅਫਸਰਜ਼ ਵੈਲਫੇਅਰ ਐਸੋਸੀਏਸ਼ਨ, ਪੰਜਾਬ ਵੱਲੋਂ ਕਰਵਾਏ ਗਏ ਇੱਕ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਬੋਲਦਿਆਂ ਸ੍ਰੀ ਗੜ੍ਹੀ ਨੇ ਕਿਹਾ ਕਿ ਸਮਾਜ ਦੀ ਭਲਾਈ ਤੇ ਸਰਬਪੱਖੀ ਵਿਕਾਸ ਲਈ ਬਾਬਾ ਸਾਹਿਬ ਦੀ ਸੋਚ ਨੂੰ ਅਪਣਾਕੇ ਹੀ ਸੰਭਵ ਹੈ। ਇਹ ਸਮਾਗਮ ਰਾਸ਼ਟਰਪਿਤਾ ਜੋਤੀਬਾ ਰਾ ਫੂਲੇ ਜੀ ਦੀ 198ਵੀਂ ਜਯੰਤੀ ਅਤੇ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਜੀ ਦੀ 134ਵੇਂ ਜਨਮ ਦਿਨ ਨੂੰ ਸਮਰਪਿਤ ਸੀ।

# ਡਿਜੀਟਲ ਵੌਰਟੈਕਸ ਦਾ ਖੇਤਰ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਕਨਾਲੋਜੀ ਨੇ ਜ਼ਿੰਦਗੀ ਨੂੰ ਸਰਲ ਅਤੇ ਸੁਵਿਧਾਜਨਕ ਬਣਾ ਦਿੱਤਾ ਹੈ, ਪਰ ਇਸਨੇ ਸਾਨੂੰ ਹਕੀਕਤ ਤੋਂ ਕਿੰਨਾ ਦੂਰ ਲੈ ਜਾਇਆ ਹੈ, ਇਹ ਹੁਣ ਸਾਡੇ ਆਲੇ ਦੁਆਲੇ ਮਹਿਸੂਸ ਕੀਤਾ ਜਾ ਰਿਹਾ ਹੈ ਅਤੇ ਇਸ ਬਾਰੇ ਸੋਚਣ ਦੀ ਲੋੜ ਹੈ। ਅੱਜ ਦਾ ਯੁੱਗ ਡਿਜੀਟਲ ਕ੍ਰਾਂਤੀ ਦਾ ਯੁੱਗ ਹੈ। ਜ਼ਮੀਨ 'ਤੇ ਇਸਦਾ ਪ੍ਰਭਾਵ ਇਸ ਰੂਪ ਵਿੱਚ ਵੀ ਦਿਖਾਈ ਦੇ ਰਿਹਾ ਹੈ ਕਿ ਅੱਜਕੱਲ੍ਹ ਸਾਡੀ ਜ਼ਿੰਦਗੀ ਵਿੱਚ ਜੋ ਵੀ ਵਾਪਰਦਾ ਹੈ ਉਸਨੂੰ ਕੈਮਰੇ ਵਿੱਚ ਕੈਦ ਕਰਨ ਦੀ ਦੌੜ ਲੱਗੀ ਹੋਈ ਹੈ। ਭਾਵੇਂ ਇਹ ਕੋਈ ਸੁੰਦਰ ਨਜ਼ਾਰਾ ਹੋਵੇ, ਕੋਈ ਖਾਸ ਪਲ ਹੋਵੇ ਜਾਂ ਕੋਈ ਭਾਵਨਾਤਮਕ ਪਲ, ਅਸੀਂ ਇਸਨੂੰ ਪੂਰੀ ਤਰ੍ਹਾਂ ਅਨੁਭਵ ਕਰਨ ਤੋਂ ਪਹਿਲਾਂ ਹੀ ਆਪਣੇ ਮੋਬਾਈਲ ਫੋਨ ਜਾਂ ਕੈਮਰੇ ਵਿੱਚ ਕੈਦ ਕਰਨਾ ਸ਼ੁਰੂ ਕਰ ਦਿੰਦੇ ਹਾਂ। ਇਹ ਕਿਸ ਹੱਦ ਤੱਕ ਸਹੀ ਹੈ ਜਾਂ ਗਲਤ, ਇਸਦਾ ਕੋਈ ਪੱਕਾ ਜਵਾਬ ਨਹੀਂ ਹੈ, ਪਰ ਇਹ ਤੈਅ ਹੈ ਕਿ ਕੈਮਰੇ ਦੁਆਰਾ ਖਿੱਚੀਆਂ ਗਈਆਂ ਤਸਵੀਰਾਂ ਸਿਰਫ ਦ੍ਰਿਸ਼ ਨੂੰ ਸੁਰੱਖਿਅਤ ਰੱਖ ਸਕਦੀਆਂ ਹਨ, ਅਨੁਭਵ ਨੂੰ ਨਹੀਂ। ਕਈ ਵਾਰ ਅਜਿਹਾ ਲੱਗਦਾ ਹੈ ਕਿ ਇਹ ਦੁਨੀਆ ਪੂਰੀ ਤਰ੍ਹਾਂ ਔਨਲਾਈਨ ਹੋ ਗਈ ਹੈ। ਰਿਸ਼ਤੇ, ਭਾਵਨਾਵਾਂ, ਸੰਚਾਰ - ਸਭ ਕੁਝ ਡਿਜੀਟਲ ਪਲੇਟਫਾਰਮਾਂ ਤੱਕ ਸੀਮਤ ਹੋ ਗਿਆ ਹੈ। ਅਸੀਂ ਲੋਕਾਂ ਨਾਲ ਔਨਲਾਈਨ ਜੁੜਨ ਵਿੱਚ ਇੰਨੇ ਰੁੱਝ ਗਏ ਹਾਂ ਕਿ ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਹੈ ਜੋ ਅਸਲ ਵਿੱਚ ਸਾਡੇ ਨਾਲ ਹਨ। ਇੱਕ ਸਮਾਂ ਸੀ ਜਦੋਂ ਪਰਿਵਾਰ ਦੇ ਮੈਂਬਰ ਇਕੱਠੇ ਬੈਠ ਕੇ ਗੱਲਾਂ ਕਰਦੇ ਸਨ, ਹੱਸਦੇ ਸਨ ਅਤੇ ਮਜ਼ਾਕ ਕਰਦੇ ਸਨ, ਅਤੇ ਕਹਾਣੀਆਂ ਸੁਣਦੇ ਅਤੇ ਸੁਣਾਉਂਦੇ ਸਨ। ਪਰ ਹੁਣ ਸਵੇਰੇ ਉੱਠਣ ਤੋਂ ਲੈ ਕੇ ਰਾਤ ਤੱਕ ਸਾਡੀਆਂ ਨਜ਼ਰਾਂ ਮੋਬਾਈਲ ਸਕ੍ਰੀਨ 'ਤੇ ਟਿਕੀਆਂ ਰਹਿੰਦੀਆਂ ਹਨ। ਬਦਲਦੇ ਸਮੇਂ ਦੇ




ਨਾਲ, ਰਿਸ਼ਤਿਆਂ ਦੀ ਪਰਿਭਾਸ਼ਾ ਵੀ ਬਦਲ ਗਈ ਹੈ। ਪਹਿਲਾਂ ਪਰਿਵਾਰ ਦੇ ਬਜ਼ੁਰਗ ਬੱਚਿਆਂ ਨੂੰ ਕਹਾਣੀਆਂ ਸੁਣਾਉਂਦੇ ਸਨ ਪਰ ਹੁਣ ਮੋਬਾਈਲਾਂ ਅਤੇ ਟੈਬਲੇਟਾਂ ਨੇ ਉਨ੍ਹਾਂ ਦੀ ਜਗ੍ਹਾ ਲੈ ਲਈ ਹੈ। ਦਾਦਾ-ਦਾਦੀ ਦੀਆਂ ਕਹਾਣੀਆਂ, ਜਿਨ੍ਹਾਂ ਵਿੱਚ ਪਹਿਲਾਂ ਡੂੰਘੇ ਜੀਵਨ ਅਨੁਭਵ ਅਤੇ ਨੈਤਿਕ ਸਿੱਖਿਆ ਹੁੰਦੀ ਸੀ, ਹੁਣ ਦਿਲਚਸਪੀ ਗੁਆ ਚੁੱਕੀ ਜਾਪਦੀ ਹੈ ਅਤੇ ਲੋਕਾਂ ਦਾ ਧਿਆਨ ਮੋਬਾਈਲ ਐਪਸ ਅਤੇ ਛੋਟੇ ਵੀਡੀ ਜ਼ ਤੱਕ ਸੀਮਤ ਹੈ। ਬੱਚੇ ਹੁਣ 'ਫੂਬਘ', 'ਟੈਂਪਲ ਰਨ', 'ਫ੍ਰੀ ਫਾਇਰ' ਵਰਗੀਆਂ ਔਨਲਾਈਨ ਗੇਮਾਂ ਵਿੱਚ ਇੰਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਦਾ ਅਸਲ-ਦੁਨੀਆ ਦੀਆਂ ਕਹਾਣੀਆਂ, ਪਰਿਵਾਰਕ ਨਿੱਘ ਅਤੇ ਮਨੁੱਖੀ ਭਾਵਨਾਵਾਂ ਤੋਂ ਸੰਪਰਕ ਟੁੱਟ ਗਿਆ ਹੈ। ਪਰ ਗੱਲ ਸਿਰਫ਼ ਬੱਚਿਆਂ ਤੱਕ ਸੀਮਤ ਨਹੀਂ ਹੈ। ਅੱਜ ਦੇ ਨੌਜਵਾਨ ਸੋਸ਼ਲ ਮੀਡੀਆ, ਇੰਸਟਾਗ੍ਰਾਮ, ਫੇਸਬੁੱਕ ਅਤੇ ਵਟਸਐਪ ਵਿੱਚ ਇੰਨੇ ਰੁੱਝ ਗਏ ਹਨ ਕਿ ਉਹ ਪਰਿਵਾਰ ਅਤੇ ਦੋਸਤਾਂ ਨਾਲ ਬਿਤਾਏ ਪਲਾਂ ਨਾਲੋਂ ਔਨਲਾਈਨ ਟਿੱਪਣੀਆਂ ਅਤੇ ਪ੍ਰਤੀਕਿਰਿਆਵਾਂ ਨੂੰ ਜ਼ਿਆਦਾ ਮਹੱਤਵਪੂਰਨ ਸਮਝਦੇ ਹਨ। ਕਿਸੇ ਵੀ ਫੰਕਸ਼ਨ ਵਿੱਚ ਜਾਣ ਤੋਂ ਬਾਅਦ, ਸਾਨੂੰ ਸ਼ਾਇਦ ਹੀ ਯਾਦ ਹੋਵੇ ਕਿ ਅਸੀਂ ਉੱਥੇ ਕੀ ਮਹਿਸੂਸ ਕੀਤਾ, ਅਸੀਂ ਕਿਸ ਨੂੰ ਮਿਲੇ, ਅਸੀਂ ਕਿਸ ਨਾਲ ਕੀ ਗੱਲ ਕੀਤੀ, ਪਰ ਸਾਨੂੰ ਇਹ ਜ਼ਰੂਰ ਯਾਦ ਰਹਿੰਦਾ ਹੈ ਕਿ ਅਸੀਂ ਕੈਮਰੇ ਵਿੱਚ ਕਿੰਨੀਆਂ ਚੰਗੀਆਂ ਤਸਵੀਰਾਂ ਖਿੱਚੀਆਂ ਅਤੇ ਸੋਸ਼ਲ ਮੀਡੀਆ 'ਤੇ ਉਨ੍ਹਾਂ 'ਤੇ ਸਾਨੂੰ ਕਿੰਨੇ ਲਾਈਕਸ ਮਿਲੇ। ਇਹ ਸੱਚਮੁੱਚ ਚਿੰਤਾਜਨਕ ਹੈ ਕਿ ਅਸੀਂ ਹੌਲੀ-ਹੌਲੀ ਆਪਣੀ ਸੰਵੇਦਨਸ਼ੀਲਤਾ ਗੁਆ ਰਹੇ ਹਾਂ। ਜੇਕਰ ਕੋਈ ਨੇੜੇ ਬੈਠਾ ਹੈ ਅਤੇ ਉਦਾਸ ਹੈ, ਤਾਂ ਅਸੀਂ ਉਸ ਵੱਲ ਦੇਖਣ ਦੀ ਬਜਾਏ ਸੋਚਦੇ ਹਾਂ ਕਿ ਸੋਸ਼ਲ ਮੀਡੀਆ 'ਤੇ ਉਸਦੀ ਉਦਾਸੀ ਬਾਰੇ ਕੋਈ ਟਿੱਪਣੀ ਹੈ ਜਾਂ ਨਹੀਂ। ਦਰਅਸਲ, ਔਨਲਾਈਨ ਦੁਨੀਆ ਨੇ ਸਾਨੂੰ ਇੰਨਾ ਸਵੈ-ਕੇਂਦਰਿਤ ਕਰ ਦਿੱਤਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਦੇ ਦਰਦ, ਖੁਸ਼ੀ ਅਤੇ ਜ਼ਰੂਰਤਾਂ ਤੋਂ ਅਣਜਾਣ ਹੁੰਦੇ ਜਾ ਰਹੇ ਹਾਂ। ਜ਼ਮੀਨੀ ਜਾਂ ਅਸਲੀ ਰਿਸ਼ਤਿਆਂ ਦੀ ਚਮਕ ਘੱਟਦੀ ਜਾ ਰਹੀ ਹੈ। ਇੱਕ ਸਮਾਂ ਸੀ ਜਦੋਂ ਰਿਸ਼ਤੇ ਭਾਵਨਾਵਾਂ ਦੇ ਧਾਗੇ ਨਾਲ ਜੁੜੇ ਹੁੰਦੇ ਸਨ, ਹੁਣ ਉਹ ਇੰਟਰਨੈੱਟ ਦੀ ਗਤੀ ਅਤੇ ਨੈੱਟਵਰਕ 'ਤੇ ਨਿਰਭਰ ਹੋ ਗਏ ਹਨ। ਪਹਿਲਾਂ ਦੋਸਤ ਇੱਕ ਦੂਜੇ ਨੂੰ ਮਿਲਦੇ ਸਨ, ਘੰਟਿਆਂ ਬੱਧੀ ਗੱਲਾਂ ਕਰਦੇ ਸਨ ਅਤੇ ਇੱਕ ਦੂਜੇ ਦੀਆਂ ਮੁਸ਼ਕਲਾਂ ਵਿੱਚ ਇਕੱਠੇ ਖੜ੍ਹੇ ਹੁੰਦੇ ਸਨ। ਹੁਣ ਸਿਰਫ਼ 'ਕੀ ਤੁਸੀਂ ਠੀਕ ਹੋ' ਲਿਖਣਾ ਅਤੇ ਇਸਨੂੰ ੱਹਅਟਸਓਪਪ 'ਤੇ ਭੇਜਣਾ ਦੋਸਤੀ ਬਣਾਈ ਰੱਖਣ ਦਾ ਸਬੂਤ ਬਣ ਗਿਆ ਹੈ। ਪਹਿਲਾਂ ਲੋਕ ਆਪਣੇ ਦੁੱਖ, ਆਪਣੀਆਂ ਖੁਸ਼ੀਆਂ ਆਪਣੇ ਅਜ਼ੀਜ਼ਾਂ ਨਾਲ ਸਾਂਝੀਆਂ ਕਰਦੇ ਸਨ, ਹੁਣ ਉਹ ਉਨ੍ਹਾਂ ਨੂੰ 'ਇੰਸਟਾਗ੍ਰਾਮ' 'ਤੇ ਲਿਖਦੇ ਹਨ ਅਤੇ ਉਮੀਦ ਕਰਦੇ ਹਨ ਕਿ ਉਨ੍ਹਾਂ ਦੇ ਔਨਲਾਈਨ ਦੋਸਤ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣਗੇ। ਇਸ ਡਿਜੀਟਲ ਯੁੱਗ ਵਿੱਚ, ਅਸੀਂ ਹੌਲੀ-ਹੌਲੀ ਆਪਣੇ ਆਲੇ ਦੁਆਲੇ ਦੇ ਲੋਕਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਅਸੀਂ ਸਿਰਫ਼ 'ਔਨਲਾਈਨ ਉਪਲਬਧ' ਹਾਂ, ਪਰ ਅਸਲੀਅਤ ਵਿੱਚ ਅਸੀਂ 'ਭਾਵਨਾਤਮਕ ਤੌਰ 'ਤੇ ਉਪਲਬਧ ਨਹੀਂ' ਹੁੰਦੇ ਜਾ ਰਹੇ ਹਾਂ। ਸੋਸ਼ਲ ਮੀਡੀਆ ਦੇ ਵਰਚੁਅਲ ਰਿਸ਼ਤਿਆਂ ਨੇ ਸਾਡੇ ਅਸਲੀ ਰਿਸ਼ਤਿਆਂ ਦੀ ਨਿੱਘ ਨੂੰ ਹੌਲੀ-ਹੌਲੀ ਖਤਮ ਕਰ ਦਿੱਤਾ ਹੈ। ਪਹਿਲਾਂ ਜਦੋਂ ਕੋਈ ਰਿਸ਼ਤੇਦਾਰ ਸਾਡੇ ਘਰ ਆਉਂਦਾ ਸੀ, ਅਸੀਂ ਉਸਨੂੰ ਸਤਿਕਾਰ ਨਾਲ ਬਿਠਾ ਕੇ ਉਸ ਨਾਲ ਗੱਲ ਕਰਦੇ ਸੀ। ਅੱਜ ਦੇ ਸਮੇਂ ਵਿੱਚ, ਜਦੋਂ ਵੀ ਕੋਈ ਆਉਂਦਾ ਹੈ, ਤਾਂ ਸਭ ਤੋਂ ਪਹਿਲਾਂ 'ਵਾਈ-ਫਾਈ ਪਾਸਵਰਡ' ਪੁੱਛਿਆ ਜਾਂਦਾ ਹੈ। ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਅਸੀਂ ਸਿਰਫ਼ ਆਪਣੇ ਆਪ ਨੂੰ ਹੀ ਨਹੀਂ, ਸਗੋਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਸ ਡਿਜੀਟਲ ਚੱਕਰਵਿਊ ਵਿੱਚ ਧੱਕ ਰਹੇ ਹਾਂ। ਬਚਪਨ ਵਿੱਚ ਸਾਨੂੰ ਜੋ ਪਿਆਰ, ਨੇੜਤਾ ਅਤੇ ਸਾਥ ਦੀ ਮਹੱਤਤਾ ਮਹਿਸੂਸ ਹੁੰਦੀ ਸੀ, ਉਹ ਹੁਣ ਹੌਲੀ-ਹੌਲੀ ਅਲੋਪ ਹੁੰਦੀ ਜਾ ਰਹੀ ਹੈ। ਇਹ ਦੇਖ ਕੇ ਡਰ ਲੱਗਦਾ ਹੈ ਕਿ ਆਉਣ ਵਾਲੀ ਪੀੜ੍ਹੀ ਬਿਨਾਂ ਕਿਸੇ ਸੰਵੇਦਨਸ਼ੀਲਤਾ ਦੇ ਵੱਡੀ ਹੋ ਰਹੀ ਹੈ। ਹੁਣ, ਸਮੇਂ ਅਤੇ ਭਾਵਨਾਵਾਂ ਦੀ ਬਜਾਏ, ਰਿਸ਼ਤਿਆਂ ਨੂੰ ਬਣਾਈ ਰੱਖਣ ਲਈ ਸਿਰਫ ਵਰਚੁਅਲ ਸ਼ਬਦ ਅਤੇ ਇਮੋਜੀ ਹੀ ਬਚੇ ਹਨ। ਜੇਕਰ ਅਸੀਂ ਸਮੇਂ ਦੇ ਨਾਲ ਆਪਣੇ ਆਪ ਨੂੰ ਨਹੀਂ ਬਦਲਦੇ, ਤਾਂ ਭਵਿੱਖ ਵਿੱਚ ਮਨੁੱਖ ਭਾਵਨਾਵਾਂ ਤੋਂ ਪੂਰੀ ਤਰ੍ਹਾਂ ਸੱਖਣਾ ਹੋ ਜਾਵੇਗਾ। ਸਾਨੂੰ ਇਹ ਸਮਝਣਾ ਪਵੇਗਾ ਕਿ ਸੋਸ਼ਲ ਮੀਡੀਆ ਸਿਰਫ਼ ਇੱਕ ਮਾਧਿਅਮ ਹੈ, ਜ਼ਿੰਦਗੀ ਨਹੀਂ। ਅਸਲੀ ਖੁਸ਼ੀ ਤਸਵੀਰਾਂ ਵਿੱਚ ਨਹੀਂ ਸਗੋਂ ਉਹਨਾਂ ਪਲਾਂ ਨੂੰ ਮਹਿਸੂਸ ਕਰਨ ਵਿੱਚ ਹੈ। ਕਿਸੇ ਜਗ੍ਹਾ 'ਤੇ ਜਾਣ ਅਤੇ ਫੋਟੋਆਂ ਖਿੱਚਣ ਨਾਲੋਂ ਜ਼ਿਆਦਾ ਮਹੱਤਵਪੂਰਨ ਉਸ ਜਗ੍ਹਾ ਦੀ ਹਵਾ ਨੂੰ ਮਹਿਸੂਸ ਕਰਨਾ ਹੈ। ਰਿਸ਼ਤੇ ਡਿਜੀਟਲ ਦੁਨੀਆ ਵਿੱਚ ਸ਼ੁਰੂ ਹੋ ਸਕਦੇ ਹਨ, ਪਰ ਭਾਵਨਾਵਾਂ ਔਨਲਾਈਨ ਮੌਜੂਦ ਨਹੀਂ ਹੋ ਸਕਦੀਆਂ। ਸੰਵੇਦਨਾਵਾਂ ਨੂੰ ਮਹਿਸੂਸ ਕਰਨ, ਉਨ੍ਹਾਂ ਦੀ ਕਦਰ ਕਰਨ ਅਤੇ ਉਨ੍ਹਾਂ ਨੂੰ ਜ਼ਿੰਦਾ ਰੱਖਣ ਲਈ, ਅਸਲ ਦੁਨੀਆਂ ਵਿੱਚ ਰਹਿਣਾ ਮਹੱਤਵਪੂਰਨ ਹੈ। ਇਸ ਲਈ, ਕਈ ਵਾਰ ਫ਼ੋਨ ਨੂੰ ਦੂਰ ਰੱਖਣਾ ਅਤੇ ਆਪਣੇ ਅਜ਼ੀਜ਼ਾਂ ਨਾਲ ਸਮਾਂ ਬਿਤਾਉਣਾ ਮਹੱਤਵਪੂਰਨ ਹੁੰਦਾ ਹੈ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੀਆਂ ਯਾਦਾਂ ਸਮਾਰਟਫੋਨ ਦੇ ਕਿਸੇ ਕੋਨੇ ਵਿੱਚ ਹੋਣਗੀਆਂ, ਪਰ ਸਾਡੇ ਦਿਲਾਂ ਵਿੱਚ ਨਹੀਂ।

# ਐਂਟੀਮਾਈਕਰੋਬਾਇਲ ਪ੍ਰਤੀਰੋਧ ਵਿਸ਼ਵਵਿਆਪੀ ਜਨਤਕ ਸਿਹਤ ਖਤਰਿਆਂ ਵਿੱਚੋਂ ਇੱਕ

**ਵਿਜੈ ਗਰਗ**

ਵਿਸ਼ਵ ਸਿਹਤ ਸੰਗਠਨ ਨੇ ਐਂਟੀਮਾਈਕਰੋਬਾਇਲ ਪ੍ਰਤੀਰੋਧ ਜਾਂ ਏਐਮਆਰ (ਐਂਟੀਮਾਈਕਰੋਬਾਇਲ ਪ੍ਰਤੀਰੋਧ) ਨੂੰ ਮਨੁੱਖਤਾ ਦੇ ਸਾਹਮਣੇ ਮੌਜੂਦ ਚੋਟੀ ਦੇ ਦਸ ਵਿਸ਼ਵਵਿਆਪੀ ਜਨਤਕ ਸਿਹਤ ਖਤਰਿਆਂ ਵਿੱਚੋਂ ਇੱਕ ਘੋਸ਼ਿਤ ਕੀਤਾ ਹੈ। ਏਐਮਆਰ ਉਦੋਂ ਵਾਪਰਦਾ ਹੈ ਜਦੋਂ ਬੈਕਟੀਰੀਆ, ਵਾਇਰਸ ਅਤੇ ਕੁਝ ਪਰਜੀਵੀ ਵਰਗੇ ਸੂਖਮ ਜੀਵਾਣੂ ਐਂਟੀਬਾਇ ਟਿਕਸ ਵਰਗੇ ਰੋਗਾਣੂਨਾਸ਼ਕਾਂ ਦੁਆਰਾ ਮਾਰੇ ਜਾਣ ਦਾ ਵਿਰੋਧ ਕਰਨ ਲਈ ਵਿਧੀ ਵਿਕਸਤ ਕਰਦੇ ਹਨ। ਇਸ ਤਰ੍ਹਾਂ ਇਨਫੈਕਸ਼ਨ ਬਣਿਆ ਰਹਿੰਦਾ ਹੈ ਅਤੇ ਦੂਜਿਆਂ ਵਿੱਚ ਫੈਲਦਾ ਹੈ। ਐਂਟੀਬੈਕਟੀਰੀਅਲ ਤੱਤ ਤੇਜ਼ੀ ਨਾਲ ਦੁਨੀਆ ਦੇ ਸਭ ਤੋਂ ਵੱਡੇ ਜਨਤਕ ਸਿਹਤ ਸੰਕਟਾਂ ਵਿੱਚੋਂ ਇੱਕ ਵਜੋਂ ਉਭਰ ਰਹੇ ਹਨ, ਜੋ ਕਿ ਜਲਵਾਯੂ ਪਰਿਵਰਤਨ ਤੋਂ ਬਾਅਦ ਦੂਜੇ ਸਥਾਨ 'ਤੇ ਹੈ, 'ਡਾਇਗਨੌਸਟਿਕ ਸਟੀਵਰਡਸ਼ਿਪ' - ਦਵਾਈਆਂ ਦੀ ਢੁਕਵੀਂ ਵਰਤੋਂ ਦੀ ਭੂਮਿਕਾ ਦੀ ਸਮਝ ਦੀ ਘਾਟ ਹੈ। ਦਵਾਈਆਂ ਦੀ ਵਰਤੋਂ ਦੇ ਸਹੀ ਅਤੇ ਬਿਹਤਰ ਤਰੀਕੇ ਅਤੇ ਉਨ੍ਹਾਂ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਜਾਣਕਾਰੀ ਦੀ ਘਾਟ ਕਾਰਨ, ਸਰੀਰ ਨਾ ਸਿਰਫ਼ ਕਈ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ, ਸਗੋਂ ਉਹ ਦਵਾਈਆਂ ਵੀ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ ਜੋ ਸ਼ੁਰੂ ਵਿੱਚ ਚੰਗੀ ਤਰ੍ਹਾਂ ਕੰਮ ਕਰ ਰਹੀਆਂ ਸਨ। ਇਹ ਸਮੱਸਿਆ ਦੁਨੀਆ ਭਰ ਵਿੱਚ ਮੌਜੂਦ ਹੈ। ਸੰਗਠਨ ਦੇ ਅਨੁਸਾਰ, ਇਹ ਵਿਸ਼ਵਵਿਆਪੀ ਸਿਹਤ ਖ਼ਤਰਾ ਵਿਆਪਕ ਤੌਰ 'ਤੇ ਵਧਣ ਦੀ ਸੰਭਾਵਨਾ ਹੈ। ਦੁਨੀਆ ਦੇ ਸਾਰੇ ਦੇਸ਼ਾਂ ਨੂੰ ਇਸ ਨੂੰ ਤਰਜੀਹ ਦੇ ਤੌਰ 'ਤੇ ਵਿਚਾਰਨਾ ਚਾਹੀਦਾ ਹੈ। ਕੋਰੋਨਾ ਦੇ ਸਮੇਂ, ਕੋਵਿਡ-19 ਦਾ ਇਲਾਜ ਸਿਰਫ਼ ਲੱਛਣਾਂ ਦੇ ਆਧਾਰ 'ਤੇ ਹੋਣ ਦੇ ਬਾਵਜੂਦ, ਲੱਖਾਂ ਲੋਕਾਂ ਦੀ ਮੌਤ ਹੋ ਗਈ। ਅਮਰੀਕਾ, ਇਟਲੀ, ਚੀਨ ਅਤੇ ਭਾਰਤ ਉਹ ਪ੍ਰਮੁੱਖ ਦੇਸ਼ ਸਨ ਜਿੱਥੇ ਕੋਰੋਨਾ ਦਾ ਪ੍ਰਭਾਵ ਵਿਆਪਕ ਸੀ। ਉਦੋਂ ਤੋਂ, ਇਹ ਮਹਿਸੂਸ ਹੋਣ ਲੱਗਾ ਕਿ ਭਵਿੱਖ ਵਿੱਚ, ਨਵੀਆਂ ਬਿਮਾਰੀਆਂ ਦੇ ਕਾਰਨ, ਇਹ ਉਚਿਤ ਹੋਵੇਗਾ। ਦਵਾਈਆਂ ਦੀ ਅਣਉਪਲਬਧਤਾ ਜਾਂ ਦਵਾਈ ਦੇ ਘੱਟ ਤੋਂ ਘੱਟ ਪ੍ਰਭਾਵ ਕਾਰਨ ਲੋਕ ਹਰ ਸਮੇਂ ਘਬਰਾਹਟ ਵਿੱਚ ਰਹਿ ਸਕਦੇ ਹਨ। ਐਂਟੀਬੈਕਟੀਰੀਅਲ ਹਿੱਸੇ ਦੀ ਜਟਿਲਤਾ ਇਸ ਤੱਥ ਤੋਂ ਝਲਕਦੀ ਹੈ ਕਿ ਇੱਕ ਵਾਰ ਜਦੋਂ ਐਂਟੀਮਾਈਕਰੋਬਾਇਲ ਦਵਾਈਆਂ ਪ੍ਰਤੀ ਵਿਰੋਧ ਵਿਕਸਤ ਹੋ ਜਾਂਦਾ ਹੈ, ਤਾਂ ਲਾਗਾਂ ਦਾ ਇਲਾਜ ਕਰਨਾ ਮੁਸ਼ਕਲ ਜਾਂ ਕਈ ਵਾਰ ਅਸੰਭਵ ਹੋ ਜਾਂਦਾ ਹੈ। ਸਪੱਸ਼ਟ ਹੈ ਕਿ ਬਿਮਾਰ ਵਿਅਕਤੀ ਢੁਕਵੇਂ ਇਲਾਜ ਦੀ ਘਾਟ ਕਾਰਨ ਹੌਲੀ-ਹੌਲੀ ਤੜਫ-ਤੜਫ ਕੇ ਮਰ ਜਾਂਦਾ ਹੈ। ਇਹ ਦੇਖਿਆ ਗਿਆ ਹੈ ਕਿ ਐਲੋਪੈਥੀ ਵਿੱਚ ਬਹੁਤ ਸਾਰੀਆਂ ਅਜਿਹੀਆਂ ਦਵਾਈਆਂ ਹਨ, ਜੋ ਇੱਕ ਨਿਸ਼ਚਿਤ ਸੀਮਾ ਤੋਂ ਬਾਅਦ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ। ਨਵੀਆਂ ਬਿਮਾਰੀਆਂ ਦੇ ਇਲਾਜ ਵਿੱਚ ਨਵੀਆਂ ਦਵਾਈਆਂ ਕਿੰਨੀਆਂ ਪ੍ਰਭਾਵਸ਼ਾਲੀ ਹੋਣਗੀਆਂ, ਇਹ ਉਨ੍ਹਾਂ ਦੀ ਵਰਤੋਂ ਤੋਂ ਬਾਅਦ ਹੀ ਪਤਾ ਲੱਗਦਾ ਹੈ। ਹੁਣ ਚਿੰਤਾ ਦੀ ਗੱਲ ਇਹ ਹੈ ਕਿ ਕੋਵਿਡ-19 ਤੋਂ ਬਾਅਦ, ਨਵੀਆਂ ਬਿਮਾਰੀਆਂ ਉੱਭਰ ਰਹੀਆਂ ਹਨ ਜੋ ਦੁਨੀਆ ਵਿੱਚ ਦਹਿਸ਼ਤ ਪੈਦਾ ਕਰ ਰਹੀਆਂ ਹਨ। ਕਦੇ ਉਹ ਚੀਨ ਤੋਂ ਸ਼ੁਰੂ ਹੁੰਦੇ ਹਨ, ਕਦੇ ਅਫਰੀਕੀ ਦੇਸ਼ਾਂ ਤੋਂ, ਪਰ ਕੁਝ ਹੀ ਦਿਨਾਂ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਉਨ੍ਹਾਂ ਪ੍ਰਤੀ ਦਹਿਸ਼ਤ ਦਾ ਮਾਹੌਲ ਬਣ ਜਾਂਦਾ ਹੈ। ਅਜਿਹੇ ਹਾਲਾਤ ਸ਼ਾਇਦ ਦੁਨੀਆਂ ਵਿੱਚ ਕਦੇ ਵੀ ਨਹੀਂ ਸਨ ਜਿਵੇਂ ਕਿ ਅੱਜ ਹਨ। ਸਵਾਲ ਇਹ ਹੈ ਕਿ ਐਂਟੀਮਾਈਕਰੋਬਾਇਲ ਪ੍ਰਤੀਰੋਧ ਭਾਵ ਏਐਮਆਰ ਚਿੰਤਾ ਦਾ ਵਿਸ਼ਾ ਕਿਉਂ ਹੈ? ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਰੋਗਾਣੂਨਾਸ਼ਕ ਏਜੰਟਾਂ ਪ੍ਰਤੀ ਵਿਰੋਧ ਦੇ ਹੌਲੀ-ਹੌਲੀ ਅਤੇ ਵਧਦੇ ਵਿਕਾਸ ਦੇ ਨਾਲ, ਬਹੁਤ ਸਾਰੀਆਂ ਦਵਾਈਆਂ ਲਾਗਾਂ ਦਾ ਇਲਾਜ ਕਰਨ ਦੀ ਆਪਣੀ ਸਮਰੱਥਾ ਗੁਆ ਰਹੀਆਂ ਹਨ। ਇਸ ਨਾਲ ਵਿਗਿਆਨ ਅਤੇ ਦਵਾਈ ਵਿੱਚ ਸਾਲਾਂ ਦੌਰਾਨ ਹੋਈ ਤਰੱਕੀ ਦੇ ਲਾਭਾਂ ਨੂੰ ਉਲਟਾਉਣ ਦਾ ਖ਼ਤਰਾ ਹੈ। ਇਸਦੇ ਵਧਦੇ ਖ਼ਤਰਿਆਂ ਦੇ ਸੰਬੰਧ ਵਿੱਚ, ਵਿਸ਼ਵ ਸਿਹਤ ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ 2050 ਤੱਕ, 10 ਮਿਲੀਅਨ ਲੋਕ ਦਵਾਈ ਪ੍ਰਤੀਰੋਧੀ ਬਿਮਾਰੀਆਂ ਕਾਰਨ ਸਮੇਂ ਤੋਂ ਪਹਿਲਾਂ ਮਰ ਸਕਦੇ ਹਨ। 'ਲੈਂਸੇਟ' ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, 2019 ਵਿੱਚ 4।19 ਲੱਖ ਮੌਤਾਂ ਐਂਟੀਮਾਈਕ੍ਰੋਬਾਇਲ ਪ੍ਰਤੀਰੋਧ ਨਾਲ ਜੁੜੀਆਂ ਸਨ। ਅਧਿਐਨ ਦਰਸਾਉਂਦੇ ਹਨ ਕਿ ਐਂਟੀਬੈਕਟੀਰੀਅਲ ਏਜੰਟ ਕਿਸੇ ਨੂੰ ਵੀ, ਜ਼ਿੰਦਗੀ ਦੇ ਕਿਸੇ ਵੀ ਪੜਾਅ 'ਤੇ ਪ੍ਰਭਾਵਿਤ ਕਰ ਸਕਦੇ ਹਨ। ਇਹ ਉਸ ਦਰ ਨਾਲ ਵਿਕਸਤ ਹੋ ਰਹੇ ਹਨ ਜੋ ਨਵੇਂ ਐਂਟੀਬੈਕਟੀਰੀਅਲ ਏਜੰਟ ਵਿਕਸਤ ਕੀਤੇ ਜਾ ਰਹੇ ਹਨ, ਉਸ ਦਰ ਤੋਂ ਕਿਤੇ ਵੱਧ ਹੈ। ਅਧਿਐਨ ਸੁਝਾਅ ਦਿੰਦਾ ਹੈ ਕਿ ਜਿਵੇਂ-ਜਿਵੇਂ ਵਪਾਰ ਅਤੇ ਯਾਤਰਾ ਰਾਹੀਂ ਵਿਸ਼ਵਵਿਆਪੀ ਸੰਪਰਕ ਵਧਦਾ ਹੈ, ਉੱਭਰਦੇ ਉੱਸ ਦੇ ਦੁਨੀਆ ਭਰ ਵਿੱਚ ਫੈਲਣ ਦੀ ਸੰਭਾਵਨਾ ਵੱਧ ਜਾਂਦੀ ਹੈ। ਜੇਕਰ ਅਸੀਂ ਰੋਗਾਣੂਨਾਸ਼ਕ ਪ੍ਰਤੀਰੋਧ ਨੂੰ ਸੰਬੋਧਿਤ ਨਹੀਂ ਕਰਦੇ, ਤਾਂ ਅਸੀਂ ਨਿਯਮਤ ਡਾਕਟਰੀ ਪ੍ਰਕਿਰਿਆਵਾਂ ਅਤੇ ਸਰਜਰੀਆਂ ਨੂੰ ਸੁਰੱਖਿਅਤ ਢੰਗ ਨਾਲ ਕਰਨ ਦੀ ਯੋਗਤਾ ਗੁਆ ਦੇਵਾਂਗੇ। ਐਂਟੀਬੈਕਟੀਰੀਅਲ ਪ੍ਰਤੀਰੋਧ ਉਦੋਂ ਹੁੰਦਾ ਹੈ ਜਦੋਂ ਬੈਕਟੀਰੀਆ, ਵਾਇਰਸ, ਫੰਜਾਈ ਅਤੇ ਪਰਜੀਵੀ ਸਮੇਂ ਦੇ ਨਾਲ ਕੁਦਰਤੀ ਤੌਰ 'ਤੇ ਪਰਿਵਰਤਨ ਕਰਦੇ ਹਨ। ਅਤੇ ਆਧੁਨਿਕ ਦਵਾਈਆਂ ਦਾ ਜਵਾਬ ਨਹੀਂ ਦਿੰਦੇ। ਇਸ ਨਾਲ ਇਨਫੈਕਸ਼ਨ ਦਾ ਇਲਾਜ ਕਰਨਾ ਮੁਸ਼ਕਲ ਹੋ ਜਾਂਦਾ ਹੈ। ਨਤੀਜੇ ਵਜੋਂ, ਮਿਆਰੀ ਐਂਟੀਬਾਇ ਟਿਕ ਇਲਾਜ ਬੇਅਸਰ ਹੋ ਜਾਂਦੇ ਹਨ ਅਤੇ ਲਾਗ ਬਣੀ ਰਹਿੰਦੀ ਹੈ, ਜਿਸ ਨਾਲ ਮਰੀਜ਼ ਲਈ ਜੋਖਮ ਵਧ ਜਾਂਦਾ ਹੈ। ਅਸੀਂ ਇਸਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ, ਬਹੁਤ ਸਾਰੀਆਂ ਦਵਾਈਆਂ ਦੀ ਕੀਮਤ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਇਸ ਕਾਰਨ ਬਿਮਾਰੀਆਂ ਵਧਦੀਆਂ ਹੀ ਰਹਿੰਦੀਆਂ ਹਨ। ਐਂਟੀਮਾਈਕ੍ਰੋਬਾਇਲ ਰੋਧਕ (ਏਐਮਆਰ) ਦਵਾਈਆਂ ਦੀ ਕੀਮਤ ਬਹੁਤ ਜ਼ਿਆਦਾ ਹੈ ਅਤੇ ਇਸਨੂੰ ਮਨੁੱਖੀ ਜਾਨਾਂ ਦੇ ਨੁਕਸਾਨ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ। 'ਐਂਟੀਮਾਈਕ੍ਰੋਬਾਇਲ ਸਟੀਵਰਡਸ਼ਿਪ' (ਏਐਮਐਸ) ਐਂਟੀਮਾਈਕ੍ਰੋਬਾਇਲ ਦਵਾਈਆਂ ਦੀ ਸੂਝਵਾਨ ਵਰਤੋਂ ਦੁਆਰਾ ਭਵਿੱਖ ਦੀਆਂ ਪੀੜ੍ਹੀਆਂ ਲਈ ਐਂਟੀਬਾਇ ਟਿਕ ਪ੍ਰਭਾਵਸ਼ੀਲਤਾ ਨੂੰ ਸੁਰੱਖਿਅਤ ਰੱਖਣ ਦੀ ਵਚਨਬੱਧਤਾ ਹੈ। ਡਾਕਟਰੀ ਖੋਜਕਰਤਾਵਾਂ ਦੇ ਅਨੁਸਾਰ, 'ਐਂਟੀ ਮਾਈਕ੍ਰੋਬਾਇਲ ਸਟੀਵਰਡਸ਼ਿਪ' ਪਹਿਲਕਦਮੀ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਸਹੀ ਰੋਗੀ ਨੂੰ ਸਹੀ ਸਮੇਂ 'ਤੇ, ਸਹੀ ਖੁਰਾਕ 'ਤੇ ਸਹੀ ਐਂਟੀਬਾਇ ਟਿਕ ਦਿੱਤੀ ਜਾਵੇ, ਜਿਸ ਨਾਲ ਮਰੀਜ਼ ਨੂੰ ਘੱਟ ਤੋਂ ਘੱਟ ਨੁਕਸਾਨ ਹੋਵੇ। ਪਰ ਡਾਕਟਰੀ ਖੇਤਰ ਵਿੱਚ ਜਿਸ ਤਰ੍ਹਾਂ ਦੀ ਹਫੜਾ-ਦਫੜੀ ਹੈ, ਉਹ ਇਹ ਯਕੀਨੀ ਨਹੀਂ ਬਣਾਉਂਦੀ ਕਿ ਬਿਮਾਰਾਂ ਨੂੰ ਬਿਨਾਂ ਕਿਸੇ ਵਾਧੂ



ਦਬਾਅ ਦੇ ਸਹੀ ਸਮੇਂ 'ਤੇ ਸਹੀ ਦਵਾਈ ਅਤੇ ਸਹੀ ਇਲਾਜ ਮਿਲੇ। ਭਾਰਤੀ ਦਵਾਈ ਦੇ ਖੇਤਰ ਵਿੱਚ ਬਹੁਤ ਸਾਰੀਆਂ ਅਸੰਗਤੀਆਂ ਅਤੇ ਗੁੰਝਲਾਂ ਹਨ। ਇਸ ਖੇਤਰ ਦਾ ਸਾਰਾ ਸਿਸਟਮ ਭ੍ਰਿਸ਼ਟਾਚਾਰ ਵਿੱਚ ਡੁੱਬਿਆ ਹੋਇਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਵਿੱਚ ਦਵਾਈਆਂ ਦਾ ਇੱਕ ਵੱਡਾ ਬਾਜ਼ਾਰ ਹੈ। ਇੱਥੇ ਦਵਾਈਆਂ ਦੀਆਂ ਕੀਮਤਾਂ ਮਨਮਾਨੇ ਢੰਗ ਨਾਲ ਤੈਅ ਕੀਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ, ਨਕਲੀ ਦਵਾਈਆਂ ਦੇ ਕਾਰੋਬਾਰ ਕਾਰਨ, ਕਰੋੜਾਂ ਲੋਕ ਬਿਮਾਰ ਹੋ ਰਹੇ ਹਨ ਅਤੇ ਬੇਲੋੜੇ ਮਰ ਰਹੇ ਹਨ। ਇਹ ਨਕਲੀ ਦਵਾਈਆਂ ਨਾ ਸਿਰਫ਼ ਦਸ ਤੋਂ ਪੰਜ ਸੌ ਗੁਣਾ ਮਹਿੰਗੀਆਂ ਹਨ, ਸਗੋਂ ਮਰੀਜ਼ ਦਾ ਇਲਾਜ ਕਰਨ ਵਿੱਚ ਵੀ ਅਸਫਲ ਰਹਿੰਦੀਆਂ ਹਨ। ਹਨ।

ਪਿਛਲੇ ਚਾਰ ਸਾਲਾਂ ਵਿੱਚ, ਕਰੋੜਾਂ ਲੋਕ ਬਿਮਾਰ ਹੋਏ ਅਤੇ ਲੱਖਾਂ ਦੀ ਮੌਤ ਏਐਮਆਰ ਕਾਰਨ ਹੋਈ। ਇਹ ਧਿਆਨ ਦੇਣ ਯੋਗ ਹੈ ਕਿ ਏਐਮਆਰ ਤੋਂ ਪੀੜਤ ਲੋਕਾਂ ਨੂੰ ਲਗਾਤਾਰ ਦਵਾਈਆਂ ਖਾਣੀਆਂ ਪੈਂਦੀਆਂ ਹਨ। ਲੋਕਾਂ ਦੀਆਂ ਬਿਮਾਰੀਆਂ ਦਵਾਈਆਂ ਲੈਣ ਨਾਲ ਠੀਕ ਨਹੀਂ ਹੁੰਦੀਆਂ, ਸਗੋਂ ਲਗਾਤਾਰ ਦਵਾਈਆਂ ਲੈਣ ਨਾਲ ਉਹ ਨਵੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਮਰੀਜ਼ ਇਨ੍ਹਾਂ ਨਵੀਆਂ ਬਿਮਾਰੀਆਂ ਲਈ ਵੀ ਦਵਾਈ ਲੈਣੀ ਸ਼ੁਰੂ ਕਰ ਦਿੰਦਾ ਹੈ, ਪਰ ਦਵਾਈ ਦਾ ਪ੍ਰਭਾਵ ਜਾਂ ਤਾਂ ਬਹੁਤ ਘੱਟ ਹੁੰਦਾ ਹੈ ਜਾਂ ਇਹ ਬਿਲਕੁਲ ਨਹੀਂ ਹੁੰਦਾ।

ਇਸ ਦਾ ਕਾਰਨ ਇਹ ਹੈ ਕਿ ਲਗਾਤਾਰ ਦਵਾਈਆਂ ਲੈਣ ਨਾਲ ਸਰੀਰ ਦੀ ਇਮਿਊਨਿਟੀ ਨਸ਼ਟ ਹੋ ਜਾਂਦੀ ਹੈ ਅਤੇ ਦਵਾਈ ਦਾ ਕੋਈ ਅਸਰ ਨਾ ਹੋਣ ਕਾਰਨ ਸਰੀਰ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ। ਦੁਨੀਆ ਵਿੱਚ ਡਾਕਟਰੀ ਖੇਤਰ ਵਿੱਚ ਪ੍ਰਾਪਤੀਆਂ ਦੇ ਕਾਰਨ, ਬਹੁਤ ਸਾਰੇ ਦੇਸ਼ਾਂ ਵਿੱਚ ਡਾਕਟਰੀ ਇਲਾਜ ਬਹੁਤ ਆਸਾਨ ਅਤੇ ਹਰ ਕਿਸੇ ਲਈ ਉਪਲਬਧ ਹੋ ਗਿਆ ਹੈ, ਪਰ ਭਾਰਤ ਵਿੱਚ, ਡਾਕਟਰੀ ਖੇਤਰ ਇੰਨਾ ਗੁੰਝਲਦਾਰੀਆਂ ਅਤੇ ਅਸੰਗਤੀਆਂ ਨਾਲ ਭਰਿਆ ਹੋਇਆ ਹੈ ਕਿ ਇਸ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ। ਫਿਰ ਵੀ, ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਏਐਮਆਰ ਉਹੀ ਵਿਸ਼ਵਵਿਆਪੀ ਦਹਿਸ਼ਤ ਪੈਦਾ ਨਹੀਂ ਕਰੇਗਾ ਜਿਵੇਂ ਕਿ ਇਸਨੇ ਕੋਰੋਨਾ ਕਾਲ ਦੌਰਾਨ ਪੈਦਾ ਕੀਤਾ ਸੀ।


# .ਗਜ਼ਲ

ਉਥੇ ਤੈਨੂੰ ਜਾਣ ਨਈਂ ਦੇਣਾ ਏਥੇ ਤੇਨੂੰ ਰਹਿਣ ਨਈਂ ਦੇਣਾ।
ਏਨੇਂ ਪਹਿਰੇ ਲਾ ਦੇਣੇ ਹਨ ਮੂੰਹੋਂ ਕੁਝ ਵੀ ਕਹਿਣ ਨਈਂ ਦੇਣਾ।
ਅੱਖਾਂ ਦੇ ਵਿਚ ਪੱਥਰ ਉਗੇ ਹੰਝੂ ਇਕ ਵੀ ਵਗਣਾ ਨਈਂ ਏ,
ਦਿਲ ਵਿਚ ਗ਼ੱਮ ਬਥੇਰੇ ਹੋਣੇਂ ਇਕ ਵੀ ਪਰ ਗ਼ਮ ਸਹਿਣ ਨਈਂ ਦੇਣਾ।
ਐਸੀ ਨੀਤੀ ਨੀਅਤ ਰਖਣੀਂ ਸਮਝ ਨਹੀਂ ਆਉਣੀ ਦੁਸ਼ਮਣ ਨੂੰ,
ਆਂਤਕ ਵਾਲਾ ਉਚਾ ਪਰਬਤ ਕਿਹੜਾ ਕਹਿੰਦਾ ਢਹਿਣ ਨਈਂ ਦੇਣਾ।
ਨੇਰ੍ਹੇ ਦੀ ਬਰਬਾਦੀ ਆਖ਼ਿਰ ਏਦਾਂ ਹੀ ਕਰਨੀ ਪੈਣੀਂ ਏਂ,
ਇਕ ਵਾਰੀਂ ਜੇ ਚੜ੍ਹਿਆ ਸੂਰਜ ਅੰਬਰ ਵਿੱਚੋਂ ਲਹਿਣ ਨਈਂ ਦੇਣਾ।
ਫ਼ਸਲਾਂ ਦੀ ਖ਼ੁਸ਼ਹਾਲੀ ਲਈ ਤਾਂ ਇੰਝ ਹੀ ਕਰਨਾ ਪੈਣਾ ਹੀ ਹੈ,
ਗੰਦਾ ਦਰਿਆ ਡੱਕ ਲੈਣਾ ਏਂ ਗੰਦਾ ਦਰਿਆ ਵਹਿਣ ਨਈਂ ਦੇਣਾ,
ਸਾਡੇ ਨਾਲ ਦੁਸ਼ਮਣੀ ਪਾ ਕੇ ਦੱਸ ਫਿਰ ਕਿੱਥੇ ਜਾਵੇਗਾ ਤੂੰ,
ਸੁੱਖ ਦੀ ਨੀਂਦੇ ਰਹਿਣ ਨਈਂ ਦੇਣਾ ਸੁੱਖਾਂ ਦੇ ਵਿਚ ਬਹਿਣ ਨਈਂ ਦੇਣਾ।
ਮੋੜ ਦਵਾਂਗੇ ਅੱਧ ਵਿਚਕਾਰੋਂ ਐਸੀ ਸ਼ਕਤੀ ਕੋਲ ਅਸਾਡੇ,
ਆਹਮੋਂ ਸਾਹਮਣੇਂ ਤੀਰਾਂ ਨੂੰ ਵੀ ਤੀਰਾਂ ਦੇ ਨਾਲ ਖਹਿਣ ਨਈਂ ਦੇਣਾ।
ਥੋਰਾਂ ਵਾਲਾ ਜੀਵਨ ਤੇਰਾ ਥੋਰਾਂ ਵਿਚ ਹੀ ਲੰਘ ਜਾਵੇਗਾ,
ਗੁਲਸ਼ਨ ਦੀ ਖ਼ੁਸ਼ਹਾਲੀ ਵਿੱਚੋਂ ਇਕ ਵੀ ਤੈਨੂੰ ਟਹਿਣ ਨਈਂ ਦੇਣਾ।
ਬਾਲਮ ਮੈਂ ਤਾਂ ਗ਼ਜ਼ਲਾਂ ਅੰਦਰ ਕਹਿ ਜਾਵਾਂਗਾ ਜੋ ਕੁਝ ਕਹਿਣਾ,
ਵੇਖ ਲਵਾਂਗੇ ਕਿਹੜਾ ਕਹਿੰਦਾ ਸੱਚ ਨੂੰ ਸੱਚ ਵਿਚ ਕਹਿਣ ਨਈਂ ਦੇਣਾ।

**ਬਲਵਿੰਦਰ ਬਾਲਮ ਗੁਰਦਾਸਪੁਰ**
91-98156-25409

# ਸਰਕਾਰ ਦੇ 3 ਸਾਲ ਬੀਤਣ ਬਾਦ ਵੀ ਆਪ ਵਲੋਂ ਦਲਿਤਾਂ ਨਾਲ ਕੀਤੇ ਵਾਅਦੇ ਪੂਰੇ ਨਾ ਹੋਏ

ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ ਤੀਜਾ ਹਿੱਸਾ ਤੋਂ ਵੱਧ ਅਬਾਦੀ ਹੈ ਜੋ ਭਾਰਤ ਵਿੱਚ ਸਭ ਤੋਂ ਵੱਧ ਹੈ। ਇਨ੍ਹਾਂ ਦੀ ਜਨਸੰਖਿਆ ਦੁਆਬੇ ਵਿੱਚ 37 ਪ੍ਰਤੀਸ਼ਤ, ਮਾਲਵੇ ਵਿੱਚ 31 ਪ੍ਰਤੀਸ਼ਤ ਅਤੇ ਮਾਝੇ ਵਿੱਚ 29 ਪ੍ਰਤੀਸ਼ਤ ਹੈ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੀ 2018 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਦਲਿਤਾਂ ਵਿੱਚ 39 ਉਪ-ਜਾਤੀਆਂ ਹਨ। ਪੰਜਾਬ ਵਿੱਚ ਮੌਜੂਦਾ 117 ਵਿਧਾਨ ਸਭਾ ਸੀਟਾਂ ਵਿੱਚੋਂ 34 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ। ਪੰਜਾਬ ਦੇ ਕਈ ਹਲਕਿਆਂ ਵਿੱਚ ਅਨੁਸੂਚਿਤ ਜਾਤੀਆਂ ਦੀ ਅਬਾਦੀ 50 ਫਿਸਦੀ ਤੋਂ ਵੀ ਵੱਧ ਹੈ ਅਤੇ ਇਹ ਹੀ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਦੇ ਹਨ। ਪੰਜਾਬ ਵਿੱਚ 20 ਫਰਵਰੀ 2022 ਨੂੰ ਹੋਈਆਂ ਚੋਣਾਂ ਦੇ 10 ਮਾਰਚ ਨੂੰ ਆਏ ਨਤੀਜਿਆਂ ਵਿੱਚ ਪੰਜਾਬ ਦੇ ਲੋਕਾਂ ਨੇ ਵੱਡੇ ਪੱਧਰ ਤੇ ਆਮ ਆਦਮੀ ਪਾਰਟੀ ਦਾ ਸਮੱਰਥਨ ਕੀਤਾ ਅਤੇ ਬਾਕੀ ਪਾਰਟੀਆਂ ਨੂੰ ਹਰਾਕੇ ਸੱਤਾ ਤੋਂ ਦੂਰ ਕਰ ਦਿਤਾ। ਚੋਣ ਨਤੀਜਿਆਂ ਅਨੁਸਾਰ ਆਮ ਆਦਮੀ ਪਾਰਟੀ ਦੇ 92, ਕਾਂਗਰਸ ਪਾਰਟੀ ਦੇ 18, ਸ਼੍ਰੋਮਣੀ ਅਕਾਲੀ ਦੱਲ ਦੇ 03, ਭਾਰਤੀ ਜਨਤਾ ਪਾਰਟੀ ਦੇ 02, ਬੀ ਐਸ ਪੀ ਦਾ 01 ਅਤੇ 01 ਅਜ਼ਾਦ ਵਿਧਾਇਕ ਜਿਤਿਆ ਸੀ। ਚੋਣ ਵਿਭਾਗ ਦੇ ਅੰਕੜਿਆਂ ਅਨੁਸਾਰ ਆਪ ਨੂੰ ਲੱਗਭੱਗ 42 ਫਿਸਦੀ, ਕਾਂਗਰਸ ਪਾਰਟੀ ਨੂੰ 23 ਫਿਸਦੀ, ਸ਼੍ਰੋਮਣੀ ਅਕਾਲੀ ਦੱਲ ਨੂੰ 18.4 ਫਿਸਦੀ, ਭਾਜਪਾ ਨੂੰ 6.6 ਫਿਸਦੀ, ਬੀਐਸਪੀ ਨੂੰ 1.8 ਫਿਸਦੀ ਅਤੇ ਨੋਟਾ ਸਮੇਤ ਹੋਰਨਾਂ ਨੂੰ 7.4 ਫਿਸਦੀ ਵੋਟਾਂ ਪਈਆਂ ਸਨ। 2022 ਦੀਆਂ ਚੋਣਾਂ ਵਿੱਚ ਰਾਖਵੇਂ 34 ਹਲਕਿਆਂ ਵਿੱਚੋਂ 28 ਤੇ ਆਮ ਆਦਮੀ ਪਾਰਟੀ, 05 ਤੇ ਕਾਂਗਰਸ ਪਾਰਟੀ ਅਤੇ 01 ਤੇ ਸ਼੍ਰੋਮਣੀ ਅਕਾਲੀ ਦੱਲ ਦੇ ਉਮੀਦਵਾਰ ਜਿੱਤੇ ਸਨ। ਇਨ੍ਹਾਂ ਤੋਂ ਇਲਾਵਾ ਕੁੱਝ ਜਨਰਲ ਹਲਕਿਆਂ ਤੋਂ ਵੀ ਅਨੁਸੂਚਿਤ ਜਾਤੀਆਂ ਦੇ ਆਗੂ ਜਿੱਤੇ ਹਨ। ਵਰਣਨਯੋਗ ਹੈ ਕਿ ਪਿਛਲੇ 03 ਸਾਲਾਂ ਦੌਰਾਨ ਅਨੁਸੂਚਿਤ ਜਾਤੀ ਨਾਲ ਸਬੰਧਿਤ ਕੁੱਝ ਵਿਧਾਇਕ ਅਪਣੀਆਂ ਪਾਰਟੀਆਂ ਛੱਡਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ ਅਤੇ ਇਸ ਤਰਾਂ ਹੁਣ ਆਮ ਆਦਮੀ ਪਾਰਟੀ ਵਿੱਚ ਅਨੁਸੂਚਿਤ ਜਾਤੀ ਨਾਲ ਸਬੰਧਿਤ ਵਿਧਾਇਕਾਂ ਦੀ ਗਿਣਤੀ ਵੱਧ ਗਈ ਹੈ। 20 ਮਾਰਚ ਨੂੰ ਹੋਏ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਬਾਦ ਲੋਕਾਂ ਵਿਸ਼ੇਸ਼ ਤੌਰ ਤੇ ਦਲਿਤਾਂ ਨੂੰ ਆਸ ਬੱਝੀ ਸੀ ਕਿ ਹੁਣ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਹੋਵੇਗਾ। ਦਲਿਤ ਕਿਸੇ ਵੇਲੇ ਕਾਂਗਰਸ ਪਾਰਟੀ ਦਾ ਵੱਡਾ ਵੋਟ ਬੈਂਕ ਸੀ ਅਤੇ ਬੀ ਐਸ ਪੀ ਨੇ ਇਸਨੂੰ ਖੋਰਾ ਲਗਾਕੇ ਇਹ ਵੋਟ ਬੈਂਕ ਅਪਣੇ ਨਾਲ ਜੋੜਿਆ ਸੀ। ਸਮੇਂ ਸਮੇਂ ਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਇਸ ਵੋਟ ਬੈਂਕ ਨੂੰ ਅਪਣੇ ਨਾਲ ਜੋੜਨ ਲਈ ਯੋਜਨਾਵਾਂ ਉਲੀਕੀਆਂ ਅਤੇ ਘੋਸ਼ਣਾਵਾਂ ਕੀਤੀਆਂ ਸਨ। 2022 ਦੀਆਂ ਚੋਣਾਂ ਲਈ ਵੀ ਵੱਖ ਵੱਖ ਪਾਰਟੀਆਂ ਨੇ ਦਲਿਤਾਂ ਨੂੰ ਅਕਰਸ਼ਿਤ ਕਰਨ ਲਈ ਕਈ ਤਰਾਂ ਦੀਆਂ ਘੋਸ਼ਣਾਵਾਂ ਕੀਤੀਆਂ ਪਰੰਤੂ ਦਲਿਤਾਂ ਨੇ ਪੁਰਤਨ ਪਾਰਟੀਆਂ ਨੂੰ ਛੱਡਕੇ ਆਮ ਆਦਮੀ ਪਾਰਟੀ ਦਾ ਸਮੱਰਥਨ ਕੀਤਾ ਜਿਸ ਨਾਲ ਦੂਜੀਆਂ ਪਾਰਟੀਆਂ ਦੇ ਵੱਡੇ ਵੱਡੇ ਆਗੂਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਪੰਜਾਬ ਵਿੱਚ ਦਲਿਤਾਂ ਨੂੰ ਆਸ ਸੀ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿੱਚ ਉਨ੍ਹਾਂ ਦੇ ਮੁੱਦਿਆਂ ਤੇ ਕੰਮ ਹੋਵੇਗਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ ਪਰੰਤੂ ਉਨ੍ਹਾਂ ਦੀ ਆਸ 03 ਸਾਲ ਬੀਤਣ ਬਾਦ ਵੀ ਪੂਰੀ ਨਹੀਂ ਹੋਈ ਹੈਅਤੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਅਧੂਰੇ ਹੀ ਹਨ। ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਇਹ ਘੋਸ਼ਣਾ ਕੀਤੀ ਸੀ ਕਿ ਜੇਕਰ ਲੋਕ ਉਨ੍ਹਾਂ ਦੀ ਪਾਰਟੀ ਨੂੰ ਸੱਤਾ ਦਿੰਦੇ ਹਨ ਤਾਂ ਪੰਜਾਬ ਵਿੱਚ ਦਲਿਤ ਉਪੱ ਮੁੱਖ ਮੰਤਰੀ ਬਣਾਇਆ ਜਾਵੇਗਾ। ਆਮ ਆਦਮੀ ਪਾਰਟੀ ਨੇ ਅਪਣੇ ਚੋਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਵਿਸ਼ੇਸ਼ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਆਪ ਦੇ ਚੋਣ ਮੈਨੀਫੈਸਟੋ ਅਨੁਸਾਰ ਪੰਜਾਬ ਵਿੱਚ ਦਲਿਤਾਂ ਲਈ ਇੱਕ ਘੱਟ ਕੀਮਤ ਵਾਲੀ ਰਿਹਾਇਸ਼ ਯੋਜਨਾ ਬਣਾਈ ਜਾਵੇਗੀਤਾਂ ਜੋ ਸਾਰਿਆਂ ਕੋਲ ਪੱਕਾ ਘਰ ਹੋਵੇ। ਦਲਿਤਾਂ ਦੇ ਸਾਰੇ ਕੱਚੇ ਅਤੇ ਪੱਕੇ ਘਰਾਂ ਦੀ ਰਜਿਸਟਰੇਸ਼ਨ ਕੀਤੀ ਜਾਵੇਗੀ ਤਾਂ ਜੋ ਉਹ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਸਮੇਤ ਕਰਜ਼ੇ ਅਤੇ ਹੋਰ ਲਾਭ ਲੈ ਸਕਣ। ਦਲਿਤਾਂ ਲਈ ਰਾਖਵੀਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਦੀ ਦੂਜੀਆਂ ਜਾਤਾਂ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਨਿਲਾਮੀ ਰੋਕ ਦਿੱਤੀ ਜਾਵੇਗੀ ਅਤੇ ਦੂਜੀਆਂ ਜਾਤਾਂ ਦੇ ਲੋਕਾਂ ਦੇ ਨਾਜਾਇਜ਼ ਕਬਜ਼ੇ ਤੋਂ ਮੁਕਤ ਕੀਤਾ ਜਾਵੇਗਾ। ਇਸ ਮੰਤਵ ਲਈ ਬਣਾਈਆਂ ਗਈਆਂ ਦਲਿਤਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਜ਼ਮੀਨਾਂ ਦਿੱਤੀਆਂ ਜਾਣਗੀਆਂ। ਜਿੱਥੇ ਵੀ ਲੋਕ ਸਹਿਕਾਰੀ ਸਭਾ ਦੀ ਚੋਣ ਨਹੀਂ ਕਰਦੇ ਹਰ ਪਿੰਡ ਵਿੱਚ ਦਲਿਤਾਂ ਦੀ ਪੰਜ ਮੈਂਬਰੀ ਕਮੇਟੀ ਨਿਲਾਮੀ ਨੂੰ ਮਨਜੂਰੀ ਦੇਵੇਗੀ। ਦਲਿਤਾਂ ਲਈ ਰਾਖਵੀਆਂ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਤੇ ਸਰਕਾਰੀ ਟਿਊਬਵੈੱਲ ਬਣਾਏ ਜਾਣਗੇ ਅਤੇ ਇਨ੍ਹਾਂ ਜ਼ਮੀਨਾਂ ਤੇ ਖੇਤੀ ਕਰਨ ਲਈ ਟਰੈਕਟਰਾਂ ਅਤੇ ਔਜ਼ਾਰਾਂ ਦੀ ਮੁਫਤ ਵਰਤੋਂ ਕਰਨ ਲਈ ਸਹਿਕਾਰੀ ਸਭਾਵਾਂ ਵਿੱਚ ਪ੍ਰਬੰਧ ਹੋਵੇਗਾ। ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਇਹ ਯਕੀਨੀ ਬਣਾਉਣ ਲਈ ਸ਼ਕਤੀਸ਼ਾਲੀ, ਮਜ਼ਬੂਤ ਅਤੇ ਵਿਸਤ੍ਰਿਤ ਕੀਤਾ ਜਾਵੇਗਾ ਕਿ ਦਲਿਤਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਦਲਿਤਾਂ ਨਾਲ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਕਰਨ ਵਾਲੇ ਵਿਅਕਤੀਆਂ ਨੂੰ ਸਮੇਂ ਸਿਰ ਸਜ਼ਾ ਦਿੱਤੀ ਜਾ ਸਕੇ। ਆਯੋਗਵਿੱਚ ਹਰੇਕ ਜ਼ਿਲ੍ਹੇ ਵਿੱਚੋਂ ਇੱਕ ਪ੍ਰਤੀਨਿਧੀ ਹੋਵੇਗਾ।




ਦਲਿਤ ਵਿਦਿਆਰਥੀਆਂ ਲਈ ਬਣੀ ਸਕਾਲਰਸ਼ਿਪ ਸਕੀਮ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਇੱਕ ਵਿਸ਼ੇਸ਼ ਸੈੱਲ ਬਣਾਇਆ ਜਾਵੇਗਾ ਅਤੇ ਇਸ ਯੋਜਨਾ ਅਧੀਨ ਆਇਆ ਪੈਸਾ ਲੁੱਟਣ ਵਾਲਿਆਂ ਦੀ ਪਛਾਣ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਮਾਂਬੱਧ ਜਾਂਚ ਹੋਵੇਗੀ। ਪਿਛਲੇ ਪੰਜ ਸਾਲਾਂ ਵਿੱਚ ਦਲਿਤਾਂ ਵਿਰੁੱਧ ਦਰਜ ਕੀਤੇ ਗਏ ਅੱਤਿਆਚਾਰਾਂ ਅਤੇ ਝੂਠੇ ਕੇਸਾਂ ਲਈ ਸਜ਼ਾ ਦੀ ਸਿਫ਼ਾਰਸ਼ ਕੀਤੀ ਜਾਵੇਗੀ। ਦਲਿਤਾਂ ਲਈ ਨੌਕਰੀਆਂ ਦੇ ਬੈਕਲਾਗ ਨੂੰ ਪੂਰਾ ਕੀਤਾ ਜਾਵੇਗਾ। ਖਾਲੀ ਅਸਾਮੀਆਂ ਦੀ ਪਛਾਣ ਕਰਨ ਅਤੇ ਭਰਨ ਲਈ ਹਰੇਕ ਵਿਭਾਗ ਵਿੱਚ ਇੱਕ ਕਮੇਟੀ ਬਣਾਈ ਜਾਵੇਗੀ। ਗਰੀਬ ਮੈਂਬਰਾਂ ਨੂੰ ਸਨਮਾਨਜਨਕ ਕੰਮ ਕਰਨ ਯੋਗ ਬਣਾਉਣ ਲਈ ਛੋਟੇ ਕਾਰੋਬਾਰ ਜਾਂ ਪਿੰਡ ਅਧਾਰਤ ਉੱਦਮ ਸ਼ੁਰੂ ਕਰਨ ਲਈ 02 ਲੱਖ ਰੁਪਏ ਦਾ ਮੁਫ਼ਤ ਕਰਜ਼ਾ ਦਿੱਤਾ ਜਾਵੇਗਾ। ਦਲਿਤਾਂ ਨਾਲ ਹੋਣ ਵਾਲੇ ਵਿਤਕਰੇ ਨਾਲ ਨਜਿੱਠਣ ਲਈ ਸਾਰੀਆਂ ਵਿਦਿਅਕ ਸੰਸਥਾਵਾਂ, ਸਰਕਾਰੀ ਅਤੇ ਨਿੱਜੀ ਦਫਤਰਾਂ ਅਤੇ ਗੈਰ ਸਰਕਾਰੀ ਸੰਗਠਨਾਂ ਲਈ ਸ਼ਿਕਾਇਤ ਦਫਤਰ ਹੋਣਾ ਲਾਜ਼ਮੀ ਕੀਤਾ ਜਾਵੇਗਾ। ਹਰੇਕ ਬਲਾਕ ਵਿੱਚ ਲੋਕਾਂ ਨੂੰ ਉਨ੍ਹਾਂ ਲਈ ਉਪਲਬਧ ਲਾਭਾਂ ਬਾਰੇ ਜਾਣੂ ਕਰਵਾਉਣ ਅਤੇ ਭਲਾਈ ਸਕੀਮਾਂ ਲਾਗੂ ਕਰਨ ਲਈ ਜ਼ਿੰਮੇਵਾਰ ਸਰਕਾਰੀ ਕਰਮਚਾਰੀਆਂ ਦੁਆਰਾ ਭ੍ਰਿਸ਼ਟਾਚਾਰ ਅਤੇ ਪ੍ਰੇਸ਼ਾਨੀ ਦੀਆਂ ਸ਼ਿਕਾਇਤਾਂ ਦਰਜ ਕਰਨ ਲਈ ਵਿਸ਼ੇਸ਼ ਦਲਿਤ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ। ਫਸਲ ਖਰਾਬ ਹੋਣ ਦੀ ਸੂਰਤ ਵਿੱਚ ਖੇਤ ਮਜ਼ਦੂਰਾਂ ਨੂੰ ਹਰ ਮਹੀਨੇ ਕੰਮ ਦੇ ਨੁਕਸਾਨ ਲਈ 10000/- ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ। ਮਨਰੇਗਾ ਤਹਿਤ ਦਲਿਤਾਂ ਲਈ ਪਹਿਲ ਦੇ ਆਧਾਰ ਤੇ ਜੌਬ ਕਾਰਡ ਬਣਾਏ ਜਾਣਗੇ ਅਤੇ ਸਕੀਮ ਲਈ ਹੋਰ ਕਾਰਜ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ। ਇਨ੍ਹਾਂ ਵਰਗਾਂ ਲਈ ਸ਼ਗਨ ਸਕੀਮ ਤਹਿਤ ਰਾਸ਼ੀ ਵਧਾ ਕੇ 51000/- ਰੁਪਏ ਕੀਤੀ ਜਾਵੇਗੀ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅੰਗਹੀਣ ਪੈਨਸ਼ਨ 500/- ਰੁਪਏ ਤੋਂ ਵਧਾ ਕੇ 2000/- ਰੁਪਏ ਕੀਤੀ ਜਾਵੇਗੀ, ਹਰ ਵਿਅਕਤੀ 58 ਸਾਲ ਦੀ ਉਮਰ ਵਿੱਚ ਬੁਢਾਪਾ ਪੈਨਸ਼ਨ ਲਈ ਯੋਗ ਹੋਵੇਗਾ। ਹਰ ਪਿੰਡ ਵਿੱਚ ਇੱਕ ਆਧੁਨਿਕ ਪਿੰਡ ਸਿਹਤ ਕਲੀਨਿਕ ਹੋਵੇਗਾ ਜਿਸ ਵਿੱਚ ਮੁਫਤ ਦਵਾਈਆਂ ਅਤੇ ਮੁਫਤ ਡਾਇਗਨੌਸਟਿਕ ਟੈਸਟਾਂ ਦੀ ਉਪਲਬੱਧਤਾ ਹੋਵੇਗੀ, 05 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਜਾਵੇਗੀ, ਸਰਕਾਰ ਸਾਰੇ ਦਲਿਤਾਂ ਲਈ ਸਮਾਜਿਕ ਸੁਰੱਖਿਆ ਯੋਜਨਾ ਬਣਾਏਗੀ। ਇਹ ਯਕੀਨੀ ਬਣਾਉਣ ਲਈ ਕਿ ਕੋਈ ਵੀ ਬੱਚਾ ਪੈਸਿਆਂ ਦੀ ਘਾਟ ਕਾਰਨ ਉੱਚ ਸਿੱਖਿਆ ਤੋਂ ਬਾਂਝਾ ਨਾ ਰਹੇ ਉੱਚ ਸਿੱਖਿਆ ਗਾਰੰਟੀ ਯੋਜਨਾ ਸ਼ੁਰੂ ਕਰੇਗੀ ਤਾਂ ਜੋ ਸਰਕਾਰੀ ਗਾਰੰਟੀ ਤੇ 10 ਲੱਖ ਰੁਪਏ ਤੱਕ ਦਾ ਸਿੱਖਿਆ ਕਰਜ਼ਾ ਦਿੱਤਾ ਜਾ ਸਕੇ ਅਤੇਕਰਜ਼ਾ ਲੈਣ ਲਈ ਕਾਲਜ ਵਿੱਚ ਸਿਰਫ਼ ਦਾਖਲੇ ਦੀ ਪੁਸ਼ਟੀ ਦੀ ਲੋੜ ਹੋਵੇਗੀ। ਦੋਆਬਾ ਖੇਤਰ ਵਿੱਚ ਕਾਂਸ਼ੀ ਰਾਮ ਸਕਿੱਲ ਯੂਨੀਵਰਸਿਟੀ ਦੁਆਰਾ ਹੁਨਰ ਵਿਕਾਸ ਵਿੱਚ ਉੱਨਤ ਅਧਿਐਨ ਕਰਨ ਅਤੇ ਟਰੇਨਰਾਂ ਨੂੰ ਸਿਖਲਾਈ ਦੇਣ ਲਈ ਪ੍ਰੋਗਰਾਮ ਤਿਆਰ ਕੀਤੇ ਜਾਣਗੇ। ਗਰੀਬ ਦਲਿਤ ਲੜਕੀਆਂ ਲਈ ਬਾਹਰਵੀਂ ਤੱਕ ਮੁੱਫਤ ਸਿੱਖਿਆ ਅਤੇ ਬਾਅਦ ਵਿੱਚ ਮੁਫਤ ਹੁਨਰ ਸਿਖਲਾਈ ਮਿਲੇਗੀ। ਗਰੀਬ ਦਲਿਤ ਵਿਦਿਆਰਥੀਆਂ ਅਤੇ ਕਾਮਿਆਂ ਲਈ ਸਾਰੇ ਜ਼ਿਲ੍ਹਿਆਂ ਵਿੱਚ ਰਿਹਾਇਸ਼ੀ ਹੋਸਟਲ ਬਣਾਏ ਜਾਣਗੇ ਜਿਨ੍ਹਾਂ ਵਿੱਚ ਮੁਫ਼ਤ ਰਿਹਾਇਸ਼ ਅਤੇ ਭੋਜਨ ਮਿਲੇਗਾ। ਸਰਕਾਰੀ ਸਕੂਲਾਂ ਵਿੱਚ ਦਲਿਤ ਵਿਦਿਆਰਥੀਆਂ ਲਈ ਕੋਈ ਦਾਖਲਾ ਫੀਸ ਨਹੀਂ ਹੋਵੇਗੀ। ਨਗਰ ਪਾਲਿਕਾਵਾਂ ਅਤੇ ਸਰਕਾਰੀ ਵਿਭਾਗਾਂ ਵਿੱਚ ਸਫਾਈ ਕਰਮਚਾਰੀਆਂ ਨੂੰ ਵਿਸ਼ੇਸ਼ ਵਿੱਤੀ ਪ੍ਰੋਤਸਾਹਨ ਦਿੱਤੇ ਜਾਣਗੇ। ਪੇਂਡੂ ਖੇਤਰਾਂ ਵਿੱਚ ਸਥਿਤ ਦਲਿਤ ਪਰਿਵਾਰਾਂ ਦੇ ਗੋਹੇ ਅਤੇ ਹੋਰ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਯੋਗ ਪ੍ਰਬੰਧ ਕੀਤੇ ਜਾਣਗੇ। ਆਟਾ ਦਾਲ ਸਕੀਮ ਲਈ ਸਾਰੇ ਬੀਪੀਐਲ ਰਾਸ਼ਨ ਕਾਰਡਾਂ ਦੀ ਪੂਰੀ ਜਾਂਚ ਕੀਤੀ ਜਾਵੇਗੀ, ਇਹ ਯਕੀਨੀ ਬਣਾਇਆਜਾਵੇਗਾ ਕਿ ਇਸ ਸਕੀਮ ਦਾ ਲਾਭ ਸਾਰੇ ਯੋਗ ਲੋਕਾਂ ਤੱਕ ਪਹੁੰਚੇ। ਸਾਰੀਆਂ ਦਲਿਤ ਕਲੋਨੀਆਂ ਵਿੱਚ ਪੀਣ ਵਾਲਾ ਸਾਫ਼ ਪਾਣੀ, ਸਿਵਰੇਜ ਦੀ ਸਹੂਲਤ ਅਤੇ ਬਿਜਲੀ ਨਿਰਧਾਰਤ ਸਮੇਂ ਵਿੱਚ ਮੁਹੱਈਆ ਕਰਵਾਈ ਜਾਵੇਗੀ। ਵਿਮੁਕਤ ਜਾਤੀਆਂ ਜਿਵੇਂ ਕਿ ਸਾਂਸੀ, ਬੌਰੀਆ, ਬਾਜ਼ੀਗਰ, ਬਰਾੜ, ਬੰਗਾਲੀ, ਨਾਟ ਅਤੇ ਗੰਧੀਲਾ ਆਦਿ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਇੱਕ ਵੱਖਰਾ ਆਯੋਗ ਸਥਾਪਤ ਕੀਤਾ ਜਾਵੇਗਾ, ਇਨ੍ਹਾਂ ਖਾਨਾਬਦੋਸ਼ ਕਬੀਲਿਆਂ ਲਈ ਘੱਟ ਕੀਮਤ ਵਾਲੇ ਪੱਕੇ ਮਕਾਨਾਂ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕੂਲੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਬੋਰਡ ਬਣਾਇਆ ਜਾਵੇਗਾ ਜੋ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੰਮ ਕਰੇਗਾ। ਸਰਕਾਰੀ ਵਿਭਾਗਾਂ ਵਾਂਗ ਦਲਿਤਾਂ ਲਈ ਰਾਜ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਰਾਖਵੇਂਕਰਨ ਦਾ ਪ੍ਰਬੰਧ ਹੋਵੇਗਾ। ਇਸ ਚੋਣ ਮੈਨੀਫੈਸਟੋ ਨੂੰ ਵੇਖਕੇ ਲੱਗਦਾ ਸੀ ਕਿ ਆਮ ਆਦਮੀ ਪਾਰਟੀ ਦਲਿਤਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਲਈ ਕੰਮ ਕਰੇਗੀ। ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ 03 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਦਲਿਤਾਂ ਦੇ ਮੁੱਦਿਆਂ ਅਤੇ ਸਮੱਸਿਆਵਾਂ ਵੱਲ ਕੋਈ ਵਿਸ਼ੇਸ਼ ਤਵੱਜੋ ਨਹੀਂ ਦਿਤੀ ਗਈ ਹੈ ਅਤੇ ਬਹੁਤੇ ਵਾਅਦੇ ਅਧੂਰੇ ਹੀ ਰਹਿ ਗਏ ਹਨ। ਪੰਜਾਬ ਵਿੱਚ ਕਿਸੇ ਵੀ ਦਲਿਤ ਨੂੰ ਉੱਪ ਮੁੱਖ ਮੰਤਰੀ ਨਹੀਂ ਬਣਾਇਆ ਗਿਆ ਹੈ, ਆਪ ਵਲੋਂ 07 ਵਿਅਕਤੀਆਂ ਨੂੰ ਰਾਜ ਸਭਾ ਵਿੱਚ ਭੇਜਿਆ ਗਿਆ ਹੈ ਪਰੰਤੂ ਇਨ੍ਹਾਂ ਵਿੱਚ ਇੱਕ ਵੀ ਦਲਿਤ ਨਹੀਂ ਹੈ, ਦਲਿਤ ਰਹਿਵਰਾਂ ਦੇ ਨਾਮ ਤੇ ਸਥਾਪਿਤ ਅਦਾਰਿਆਂ ਵਿੱਚ ਵੀ ਗੈਰ ਦਲਿਤ ਵਿਅਕਤੀਆਂ ਨੂੰ ਅਹੁਦੇ ਦਿਤੇ ਗਏ ਹਨ।


ਐਡਵੋਕੇਟ ਕੁਲਦੀਪ ਚੰਦ
91-9417563054

ਪੰਜਾਬ ਵਿੱਚ ਦਲਿਤਾਂ ਦੇ ਪਿਛਲੇ ਕਈ ਸਾਲਾਂ ਤੋਂ ਕੁੱਝ ਵਿਸ਼ੇਸ਼ ਮੁੱਦੇ ਲਟਕੇ ਹੋਏ ਸਨ ਜਿਨ੍ਹਾਂ ਨੂੰ ਲੈਕੇ ਲੋਕਾਂ ਵਿੱਚ ਆਸ ਸੀ ਕਿ ਆਪ ਦੀ ਸਰਕਾਰ ਇਨ੍ਹਾਂ ਮੁੱਦਿਆਂ ਤੇ ਕੰਮ ਜਰੂਰ ਕਰੇਗੀ ਪਰ ਇਹ ਮਸਲੇ ਅਜੇ ਵੀ ਅਣਸੁਲਝੇ ਪਏ ਹਨ ਜਿਨਖਾਂ ਵਿੱਚ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਅਤੇ ਜਿੰਮੇਬਾਰ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਖਿਲਾਫ ਕਾਰਵਾਈ ਕਰਨਾ, ਵਿਦਿਅਕ ਅਦਾਰਿਆਂ ਵਿੱਚ ਦਲਿਤ ਵਿਦਿਆਰਥੀਆਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਣਾ, ਵਿਦਿਆਰਥੀਆਂ ਦੇ ਰੋਲ ਨੰਬਰ ਅਤੇ ਡਿਗਰੀਆਂ ਜੋ ਕਿ ਵਜੀਫਿਆਂ ਕਾਰਨ ਰੁਕੀਆਂ ਹਨ ਜਾਰੀ ਕਰਵਾਉਣਾ, ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ।ਅਨੁਸੂਚਿਤ ਜਾਤਾਂ ਦੇ ਕਰਮਚਾਰੀ ਅਪਣੀਆਂ ਮੰਗਾਂ ਨੂੰ ਲੈਕੇ ਸੰਘਰਸ਼ ਕਰ ਰਹੇ ਹਨ ਪਰੰਤੂ ਉਨਖਾਂ ਦੀਆਂ ਮੰਗਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੋਈ ਹੈ। ਦਲਿਤ ਅਪਣੇ ਹਿੱਸੇ ਦੀ ਪੰਚਾਇਤੀ ਜਮੀਨ ਪ੍ਰਾਪਤ ਕਰਨ ਲਈ ਸੰਗਰੂਰ ਅਤੇ ਹੋਰ ਕਈ ਇਲਾਕਿਆਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ ਪਰੰਤੂ ਸਰਕਾਰ ਨੇ ਉਨ੍ਹਖਾਂ ਦੀ ਸੁਣਵਾਈ ਨਹੀਂ ਕੀਤੀ ਹੈ। ਸਕਾਲਰਸ਼ਿਪ ਦੇ ਘਪਲੇ ਲਈ ਜਿੰਮੇਬਾਰ ਅਧਿਕਾਰੀਆਂ ਅਤੇ ਵਿੱਦਿਅਕ ਅਦਾਰਿਆਂ ਖਿਲਾਫ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪੈਂਦੇ ਸ਼੍ਰੀ ਗੁਰੂ ਰਵਿਦਾਸ ਨਾਲ ਸਬੰਧਿਤ ਸ਼੍ਰੀ ਖੁਰਾਲਗੜ੍ਹ ਸਾਹਿਬ ਪ੍ਰਮੁੱਖ ਇਤਿਹਾਸਕ ਅਤੇ ਧਾਰਮਿਕ ਸਥਾਨ ਹੈ ਜਿੱਥੇ ਅਪ੍ਰੈਲ 2016 ਨੂੰ ਸਰਕਾਰ ਵਲੋਂ ਮਿਨਾਰ ਏ ਬੇਗਮਪੁਰਾ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਪਰ ਅਜੇ ਤੱਕ ਨਿਰਮਾਣ ਕਾਰਜ ਮੁਕੰਮਲ ਨਹੀਂ ਹੋਇਆ ਹੈ। ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੇ ਬਾਬਜੂਦ ਪੰਜਾਬ ਵਿੱਚ ਸਿੱਖਿਆ ਦਾ ਅਧਿਕਾਰ ਪੂਰੀ ਤਰਾਂ ਲਾਗੂ ਨਹੀਂ ਕੀਤਾ ਗਿਆ ਹੈ। ਜਿਲ੍ਹਾ ਪੱਧਰ ਤੇ ਬਣਨ ਵਾਲੇ ਹੋਸਟਲਾਂ ਦਾ ਕੋਈ ਜਿਕਰ ਤੱਕ ਨਹੀਂ ਹੋ ਰਿਹਾ ਹੈ। ਸਫਾਈ ਕਰਮਚਾਰੀ ਅਜੇ ਤੱਕ ਨਿਗੂਣੀ ਤਨਖਾਹ ਤੇ ਕੰਮ ਕਰ ਰਹੇ ਹਨ।

ਜਾਅਲੀ ਐਸ ਸੀ ਸਰਟੀਫਿਕੇਟਾਂ ਦੇ ਅਧਾਰ ਤੇ ਨਜ਼ਾਇਜ ਲਾਭ ਲੈਣ ਵਾਲੇ ਬਹੁਤੇ ਵਿਅਕਤੀਆਂ ਖਿਲਾਫ ਅਜੇ ਤੱਕ ਕਾਰਵਾਈ ਨਹੀਂ ਹੋਈ ਹੈ। ਪੰਜਾਬ ਵਿੱਚ ਪਿਛਲੀ ਸਰਕਾਰ ਵੇਲੇ ਹੋਈ ਵਿਧਾਨ ਸਭਾ ਵਿੱਚ ਵੱਖ ਵੱਖ ਤਰਾਂ ਦੇ ਕਰਮਚਾਰੀਆਂ ਦੀ ਹੋਈ ਭਰਤੀ ਵਿੱਚ ਅਨੁਸੂਚਿਤ ਜਾਤਾਂ ਲਈ ਰਾਖਵਾਂਕਰਣ ਲਾਗੂ ਨਾਂ ਕਰਨ ਦਾ ਮੁੱਦਾ ਚੋਣਾਂ ਦੌਰਾਨ ਭਾਰੂ ਰਿਹਾ ਸੀ ਪ੍ਰੰਤੂ ਅਜੇ ਤੱਕ ਇਸ ਸਬੰਧੀ ਕਿਸੇ ਤਰਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਆਮ ਆਦਮੀ ਪਾਰਟੀ ਵਲੋਂ ਚੋਣ ਮੈਨੀਫੈਸਟੋ ਵਿੱਚ ਦਲਿਤਾਂ ਲਈ ਕੀਤੇ ਗਏ ਵਾਅਦੇ ਕਦੋਂ ਪੂਰੇ ਹੋਣਗੇ ਇਹ ਸਰਕਾਰ ਦੇ 03 ਸਾਲ ਬੀਤਣ ਬਾਦ ਵੀ ਬੁਝਾਰਤ ਹੀ ਬਣਿਆ ਹੋਇਆ ਹੈ।

# ਭਾਈ ਹਰਦੀਪ ਸਿੰਘ ਮੋਹਾਲੀ ਦਾ ਸੈਨਹੋਜ਼ੇ ਵਿਖੇ ਭਰਪੂਰ ਸਵਾਗਤ- ਭਾਈ ਹੋਠੀ ਨੇ ਕੀਤਾ ਸਨਮਾਨਿਤ

**ਫਗਵਾੜਾ (ਬੀ. ਕੇ. ਰੱਤੂ)**– ਗਜ਼ਟਿਡ ਅਤੇ ਨਾਨ ਗਜ਼ਟਿਡ ਐਸ।ਸੀ।ਬੀ।ਸੀ।ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ ਦੀ ਅਗਵਾਈ ਵਿੱਚ ਸ੍ਰੀ ਮਨਜੀਤ ਗਾਟ ਜ਼ਿਲ੍ਹਾ ਜਨਰਲ ਸਕੱਤਰ ਲਖਵੀਰ ਚੰਦ, ਵਿਨੋਦ ਕੁਮਾਰ, ਬਲਵਿੰਦਰ ਨਿਧੜਕ, ਸੰਤੋਖ ਸਿੰਘ ਮੱਲ੍ਹੀ,ਅਸ਼ੋਕ ਕੁਮਾਰ, ਰਾਮ ਪਾਲ ਦੇ ਵਫਦ ਨੇ ਐਸ ਸੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਦੀ ਫਗਵਾੜਾ ਫੇਰੀ ਦੌਰਾਨ ਉਹਨਾਂ ਨਾਲ ਵੱਖ ਵੱਖ ਵਿਸ਼ਿਆਂ ਉੱਪਰ ਵਿਚਾਰ ਵਟਾਂਦਰਾ ਕੀਤਾ। ਸ੍ਰੀ ਟੂਰਾ ਨੇ ਦੱਸਿਆ ਕਿ ਮੁੱਖ ਮਸਲਿਆਂ ਵਿੱਚ ਅਬਾਦੀ ਅਨੁਸਾਰ ਰਾਖਵਾਂਕਰਨ ਲਾਗੂ ਕਰਵਾਉਣ ਦੀ ਮੰਗ ਅਹਿਮ ਸੀ। ਉਹਨਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਸਮੇਂ ਐਸ ਸੀ ਵਰਗ ਦੀ ਅਬਾਦੀ ਲਗਭਗ 38%ਹੈ ਪਰ 1974 ਤੋਂ ਬਾਅਦ ਅਬਾਦੀ ਅਨੁਸਾਰ ਰਾਖਵੇਂਕਰਨ ਵਿੱਚ ਨਾ ਤਾਂ ਭਰਤੀ ਵਿਚ ਅਤੇ ਨਾ ਹੀ ਤਰੱਕੀਆਂ ਵਿਚ ਵਾਧਾ ਕੀਤਾ



ਗਿਆ।ਇਸ ਪ੍ਰਕਾਰ ਇਹ ਐਸ ਸੀ ਸਮਾਜ ਦੇ ਸੰਵਿਧਾਨਕ ਹੱਕ ਉਤੇ ਸਿੱਧਾ ਸਿੱਧਾ ਡਾਕਾ ਮਾਰਨ ਵਾਲੀ ਗੱਲ ਹੈ। ਉਹਨਾਂ ਦੱਸਿਆ ਕਿ ਵਰਤਮਾਨ ਸਮੇਂ ਵਿੱਚ ਨਵੀਂ ਭਰਤੀ ਵਿਚ ਸਿਰਫ 25%ਤੇ ਤਰੱਕੀਆਂ ਵਿਚ ਸਿਰਫ 14%ਰਾਖਵਾਂਕਰਨ ਹੀ ਦਿੱਤਾ ਜਾ ਰਿਹਾ ਹੈ ਜੋ ਅਬਾਦੀ ਦੇ ਅਨੁਪਾਤ ਵਿਚ ਬਹੁਤ ਘੱਟ ਹੈ। ਸਰਕਾਰ ਨੂੰ ਤੁਰੰਤ ਅਬਾਦੀ ਅਨੁਸਾਰ ਬਣਦੇ ਰਾਖਵੇਂਕਰਨ ਵਿੱਚ ਵਾਧਾ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਪੁਰਾਣੀ ਪੈਨਸ਼ਨ ਬਹਾਲੀ, 85ਵੀਂ ਸੰਵਿਧਾਨਿਕ ਸੋਧ ਲਾਗੂ ਕਰਵਾਉਣਾ, 10-10-14 ਦਾ ਪ੍ਰਸੋਨਲ ਵਿਭਾਗ ਦਾ ਗੈਰ ਸੰਵਿਧਾਨਕ ਪੱਤਰ ਰੱਦ ਕਰਵਾਉਣਾ, ਮਿਡ ਡੇ ਮੀਲ ਵਰਕਰਾਂ ਦੇ ਮਾਣਭੱਤੇ ਨੂੰ ਡੀਸੀ ਰੇਟ ਅਧੀਨ ਲਿਆਉਣਾ, ਉਦਯੋਗਿਕ ਸਿਖਲਾਈ ਵਿਭਾਗ ਵਿਚ 2015 ਵਿੱਚ ਭਰਤੀ ਆਈ ਟੀ ਆਈ ਇੰਸਟਰੱਕਟਰ ਦੇ ਪ੍ਰੋਬੇਸ਼ਨ ਕਲੀਅਰ ਕਰਨ ਦਾ ਪੱਤਰ ਜਾਰੀ ਕਰਨ, ਪ੍ਰਿੰਸੀਪਲ ਦੀਆਂ ਪੋਸਟਾਂ ਤੇ ਤਰੱਕੀਆਂ ਕਰਨ, ਬਦਲੀਆਂ ਵਿਚ ਨਵੇਂ ਪਦ ਉਨਤ ਹੋਏ ਲੈਕਚਰਾਰ ਨੂੰ ਵਿਸ਼ੇਸ਼ ਮੌਕਾ ਦੇਣ ਕਿਉਂਕਿ ਸਟੇਸ਼ਨ ਚੋਣ ਸਮੇਂ ਬਹੁਤ ਘੱਟ ਸਟੇਸ਼ਨ ਖੋਲੇ ਜਾਣ ਕਰਕੇ ਮਜ਼ਬੂਰੀ ਵੱਸ ਉਨ੍ਹਾਂ ਨੂੰ ਦੂਰ ਦੁਰਾਡੇ ਸਟੇਸ਼ਨ ਲੈਣੇ ਪਏ ਸਨ ਮੰਗਾਂ ਸਬੰਧੀ ਮੰਗ ਪੱਤਰ ਵੀ ਦਿੱਤਾ ਗਿਆ। ਜਸਵੀਰ ਸਿੰਘ ਗੜ੍ਹੀ ਜੀ ਨੇ ਇਹਨਾਂ ਮੰਗਾਂ ਨੂੰ ਮੁੱਖ ਮੰਤਰੀ ਤੱਕ ਪਹੁੰਚਾਉਣ ਅਤੇ ਹੱਲ ਕਰਨ ਲਈ ਯਤਨ ਕਰਨ ਦੀ ਗੱਲ ਆਖੀ।

ਇਸ ਮੌਕੇ ਤੇ ਗਿਆਨ ਸਿੰਘ, ਅਜੀਤ ਸਿੰਘ, ਮਨਜੀਤ ਦਾਸ, ਸੁਖਦੇਵ ਸਿੰਘ,ਬਲਵਿੰਦਰ ਮਸੀਹ, ਕੁਲਦੀਪ ਰਾਮ, ਮੈਡਮ ਬਿਮਲਾ, ਰਸ਼ਪਾਲ ਕੌਰ, ਅਨੁਪਮ ਕੰਵਲ, ਅਤੇ ਕਈ ਸਾਥੀ ਹਾਜ਼ਰ ਸਨ।

# ਅਵਤਾਰ ਪੁਰਬ 'ਤੇ ਵਿਸ਼ੇਸ਼ ਭਲੇ ਅਮਰਦਾਸ ਗੁਣ ਤੇਰੇ, ਸ੍ਰੀ ਗੁਰੂ ਅਮਰਦਾਸ ਜੀ

ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਬਖ਼ਤ ਕੌਰ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ ਵੱਖ ਨਾਂ ਦੇਂਦੇ ਹਨ ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ। ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ। ਇਹ ਵਾਕਿਆ 1597 ਬਿਕਰਮੀ/1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਲੇ ਜੁਲਾਹੇ ਨੇ ਆਪਣੀ ਵਹੁੱਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ।ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਉਟਿਆਂ ਦੀ ਟ', 'ਨਿਧਰਿਆ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।




ਡਾ. ਚਰਨਜੀਤ ਸਿੰਘ ਗੁਮਟਾਲਾ
91 9417533060

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ।) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ। ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :-1 ਅੱਲਾਯਾਰ ਪਠਾਣ ਸੌਦਾਗਰ 2. ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ 3. ਸਾਧਾਰਨ ਗੋਇੰਦਵਾਲ 4. ਸਾਵਣ ਮਲ ਗੋਇੰਦਵਾਲ 5. ਸੁੱਖਣ ਧਮਿਆਲ 6. ਹੰਦਾਲ ਜੰਡਿਆਲਾ 7. ਕੇਦਾਰੀ ਬਟਾਲਾ 8. ਖੇਡਾ ਖੇਮਕਰਨ 9. ਗੰਗੂਸ਼ਾਹ ਗੜ੍ਹ ਸ਼ੰਕਰ 10. ਦਰਬਾਰੀ ਮਜੀਠਾ 11. ਪਾਰੋ ਡੱਲਾ 12. ਫੇਰਾ ਮੀਰਪੁਰ 13. ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ 14. ਬੇਣੀ ਚੂਹਨੀਆਂ 15. ਮਹੇਸ਼ਾ ਸੁਲਤਾਨਪੁਰ 16. ਮਾਈਦਾਸ ਨਰੋਲੀ (ਮਾਝਾ) 17. ਮਾਣਕ ਚੰਦ ਵੈਰੋਵਾਲ 18. ਮੁਰਾਰੀ ਖਾਈ (ਲਾਹੌਰ) 19. ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ 20. ਰੰਗ ਸ਼ਾਹ ਮੱਲੂ ਪੋਤਾ (ਜਲੰਧਰ) 21. ਰੰਗ ਦਾਸ ਘੜੂਆਂ (ਅੰਬਾਲਾ) 22. ਲਾਲੋ ਡੱਲਾ।

ਆਪ ਜੀ ਨੇ ਵਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ, ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਆਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ। ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ।




ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ ਵੱਖ ਤੀਰਥ ਅਸਥਾਨਾਂ 'ਤੇ ਗਏ। ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੇ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ।

ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ।ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ। ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸ਼ਟਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ। ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ (1 ਸਤੰਬਰ 1574 ਈ।) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

**ਸਹਾਇਕ ਪੁਸਤਕਾਂ**

1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9 ,ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018
2. ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ : 1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012
3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008
4. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,
5. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 2014

# ਪੰਜਾਬੀ ਸਾਹਿਤ ਦੀ ਅਣਥੱਕ ਪਾਂਧੀ- ਸ਼ਾਇਰਾ ਰਮਿੰਦਰ ਰਮੀ

ਜਿਹੜੇ ਇਨਸਾਨ ਹੌਸਲੇ ਅਤੇ ਦ੍ਰਿੜ੍ਹਤਾ ਨਾਲ ਹਿੰਮਤ ਨੂੰ ਯਾਰ ਬਣਾ ਕੇ ਮਿਹਨਤ ਦਾ ਘੁੱਟ ਕੇ ਪੱਲਾ ਫੜ ਲੈਂਦੇ ਹਨ, ਉਹਨਾਂ ਅੱਗੇ ਮੰਜ਼ਿਲਾਂ ਬਾਹਾਂ ਅੱਡ ਕੇ ਖਲੋਈਆਂ ਹੁੰ-ਦੀਆਂ ਹਨ।ਫਿਰ ਖੇਤਰ ਚਾਹੇ ਕੋਈ ਵੀ ਹੋਵੇ ਕਦਮ ਮੰਜ਼ਿਲ ਵੱਲ ਆਪ ਮੁਹਾਰੇ ਵਧਦੇ ਜਾਂਦੇ ਹਨ।ਇਸੇ ਹੀ ਕੜੀ ਤਹਿਤ ਇਸਤਰੀ ਸਾਹਿਤਕਾਰਾਂ ਵਿਚ ਰਮਿੰਦਰ ਰਮੀ ਦਾ ਨਾਮ ਵੀ ਮੂਹਰਲੀਆਂ ਕਤਾਰਾਂ ਵਿੱਚ ਬੋਲਦਾ ਹੈ।

'ਹਿੰਮਤ ਕਰੇ ਇਨਸਾਨ ਤੋਂ ਕਿਆ ਕਾਮ ਹੈ ਮੁਸ਼ਕਿਲ।।।' ਦੀ ਧਾਰਨੀ ਰਮਿੰਦਰ ਰਮੀ ਦਾ ਪੂਰਾ ਨਾਮ ਰਮਿੰਦਰ ਕੌਰ ਵਾਲੀਆ ਹੈ। ਪੰਜਾਬੀ ਮਾਂ ਬੋਲੀ ਦੀ ਮੁੱਦਈ ਅਤੇ ਧਾਰਮਿਕ ਖ਼ਿਆਲਾਤਾਂ ਦੀ ਧਾਰਨੀ ਇਸ ਲੇਖਿਕਾ ਨੇ ਪਿਤਾ ਸ੍ਰ ਇੰਦਰਜੀਤ ਸਿੰਘ ਆਹਲੂਵਾਲੀਆ ਅਤੇ ਮਾਤਾ ਸ੍ਰੀਮਤੀ ਰਜਿੰਦਰ ਦੇ ਘਰ ਦੁਆਬੇ ਦੇ ਜਲੰਧਰ ਸ਼ਹਿਰ ਵਿਖੇ ਮਿਤੀ 23 ਮਾਰਚ 1954 ਨੂੰ ਜਨਮ ਲਿਆ। ਧਾਰਮਿਕ ਮਾਹੌਲ ਚ ਉਹਦਾ ਪਾਲਣ ਪੋਸ਼ਣ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਹੋਇਆ ਅਤੇ ਇੱਥੇ ਹੀ ਉਸਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ। ਧਾਰਮਿਕ ਰੁਚੀ ਹੋਣ ਕਰਕੇ ਉਸਨੇ ਮੁੱਢਲੇ ਜੀਵਨ ਵਿਚ ਹੀ ਕੀਰਤਨ ਕਰਨਾ ਸਿੱਖਣਾ ਦੀ ਇੱਛਾ ਜ਼ਾਹਰ ਕੀਤੀ ਤਾਂ ਘਰਦਿਆਂ ਦੀ ਸਹਿਮਤੀ ਨਾਲ ਉਸਨੇ ਕੀਰਤਨ ਕਰਨ ਦੀ ਸਿੱਖਿਆ ਲਈ ਅਤੇ ਹੌਸਲਾ ਕਰਕੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ ਸੀ। ਕੀਰਤਨ ਕਰਨ ਕਰਕੇ ਸਾਹਿਤ ਪੜਨ ਵਿਚ ਰੁਚੀ ਹੋਣਾ ਸੁਭਾਵਿਕ ਸੀ,ਸੋ ਉਹਨਾਂ ਸਾਹਿਤ ਪੜ੍ਹ ਕੇ ਸਾਹਿਤ ਸਿਰਜਣਾ ਵੱਲ ਵੀ ਰੁਚਿਤ ਹੋ ਗਏ। ਉਹਨਾਂ ਚੰਡੀਗੜ੍ਹ ਆਕੇ ਵੀ ਕੀਰਤਨ ਦੇ ਸ਼ੌਂਕ ਨੂੰ ਵਿਸਾਰਿਆ ਨਹੀਂ, ਸਗੋਂ ਹੋਰ ਵੀ ਸ਼ਿੱਦਤ ਨਾਲ ਝੁਕਾਅ ਵਧਾ ਦਿੱਤਾ। ਉਹਨਾਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਤੋਂ ਕੇਨੈਡਾ ਆਉਣ ਦੇ ਬਾਅਦ ਅੱਜ ਵੀ ਸੈਕਟਰ 37 ਵਿਚ ਕੀਰਤਨੀ ਜਥੇ ਨਾਲ ਸਾਂਝ ਬਰਕਰਾਰ ਹੈ। ਉਹਨਾਂ ਚੰਡੀਗੜ੍ਹ ਦੇ ਸਮੂਹ ਇਸਤਰੀ ਸਤਿਸੰਗ ਦੀ ਸੈਕ-ਟਰੀ ਜਨਰਲ ਵਜੋਂ ਅਤੇ ਸਿੱਖ ਨਾਰੀ ਮੰਚ ਦੀ ਸੀਨੀਅਰ ਵਾਈਸ ਪ੍ਰਧਾਨ ਵਜੋਂ ਸੇਵਾ ਨਿਭਾਈ ਹੈ। ਅੱਜਕਲ੍ਹ ਉਹ ਕੇਨੈਡਾ ਦੀ ਵਿਦੇਸ਼ੀ ਧਰਤੀ ਉੱਪਰ ਰਹਿ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਸਾਹਿਤਕ ਸਿਰਜਣਾ ਨਾਲ ਭਰਪੂਰ ਯੋਗਦਾਨ ਪਾ ਰਹੇ ਹਨ।ਉਹ ਉਂਟਾਰੀ ਦੇ ਸ਼ਹਿਰ ਬਰੈਂਪਟਨ ਰਹਿੰਦਿਆਂ ਵੀ ਉੱਥੋਂ ਦੀ ਸਾਹਿਤਕ, ਸੱਭਿਆਚਾਰਕ ਅਤੇ ਸਮਾਜਿਕ ਸੰਸਥਾਵਾਂ ਨਾਲ ਜੁੜੀ ਮੋਹਰੀ ਹੋਕੇ ਪੰਜਾਬੀਅਤ ਲਈ ਤਤਪਰ ਹਨ।

ਉਹਨਾਂ ਦੀਆਂ ਲਿਖਤਾਂ ਸਕੂਲ,ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ ਮੈਗਜ਼ੀਨ ਵਿੱਚ ਛਪਦੀਆਂ ਰਹੀਆਂ ਹਨ।

ਉਹਨਾਂ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਨਵਤੇਜ ਸਿੰਘ ਨੂੰ ਵੀ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਉਹਨਾਂ ਸਾਹਿਤ ਦੀ ਹਰ ਵਿਧਾ ਨੂੰ ਛੂਹਿਆ ਹੈ। ਪਰਿਵਾਰਕ ਰਿਸ਼ਤਿਆਂ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਵਿਸ਼ਿਆਂ ਤੇ ਆਧਾਰਿਤ ਕਵਿਤਾਵਾਂ, ਲੇਖ ਆਦਿ ਤੋਂ ਇਲਾਵਾ ਸਾਹਿਤਕ ਸਮਾਗਮਾਂ ਦੀ ਰਿਪੋਰਟਿੰਗ ਵੀ ਲਿਖਦੇ ਰਹਿੰਦੇ ਹਨ। ਉਹਨਾਂ ਆਪਣੇ ਪਹਿਲੇ ਕਾਵਿ ਸੰਗ੍ਰਹਿ "ਕਿਸ ਨੂੰ ਆਖਾਂ" ਰਾਹੀਂ ਸਾਹਿਤਕ ਹਲਕਿਆਂ ਵਿੱਚ ਆਪਣਾ ਸੰਜੀਦਗੀ ਭਰਪੂਰ ਯੋਗਦਾਨ ਪਾਇਆ ਹੈ। ਇਸ ਪੁਸਤਕ ਨੇ ਸਾਹਿਤਕ ਸਖ਼ਸ਼ੀਅਤਾਂ ਅਤੇ ਪਾਠਕਾਂ ਦੇ ਮਨਾਂ ਅੰਦਰ ਆਪਣੀ ਵਿਲੱਖਣ ਪਛਾਣ ਬਣਾਈ ਹੈ।



ਤੂੰ ਉਹਦੀ ਉਦਾਸੀ ਅਤੇ ਖਾਮੋਸ਼ੀ ਨੂੰ ਪੜਿਆ ਕਦੀ
ਤੂੰ ਉਹਦੀ ਦਰਦੀਲੀ ਮੁਸਕਰਾਹਟ ਨੂੰ
ਪਹਿਚਾਨਣ ਦਾ ਯਤਨ ਕੀਤਾ ਕਦੀ
ਤੂੰ ਉਹਦੇ ਹਾਰ ਸ਼ਿੰਗਾਰ ਪਿੱਛੇ ਛੁਪੇ ਦਰਦ ਨੂੰ
ਮਹਿਸੂਸ ਕੀਤਾ ਕਦੀ
ਨਾ ਜਾਣੇ ਆਪਣੇ ਮੇਕਅੱਪ ਦੀ ਤਹਿ ਨੀਚੇ
ਅਣਗਿਣਤ ਤਹਿਆਂ ਆਪਣੇ
ਦਰਦ ਦੀਆਂ ਛੁਪਾਈ ਬੈਠੀ ਹੈ ਉਹ
ਤੂੰ ਉਹਨੂੰ ਪੜਿਆ ਹੀ ਨਹੀਂ ...

ਉਹਨਾਂ ਦੀ ਸਾਹਿਤ ਸਿਰਜਣਾਤਮਕ ਭਾਸ਼ਾ ਅਤੇ ਬੋਲੀ ਬਹੁਤ ਹੀ ਸਰਲ ਅਤੇ ਰੌਚਕਤਾ ਭਰਪੂਰ ਹੁੰਦੀ ਹੈ। ਹੁਣੇ ਹੁਣੇ ਉਹਨਾਂ ਦੀ ਨਵੀਂ ਪੁਸਤਕ 'ਤੇਰੀ ਚਾਹਤ' ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਹੈ, ਉਮੀਦ ਕਰਦੇ ਹਾਂ ਕਿ ਇਸ ਪੁਸਤਕ ਦੀਆਂ ਰਚਨਾਵਾਂ ਵੀ ਪਾਠਕ ਮਨਾਂ ਉਪਰ ਗਹਿਰਾ ਪ੍ਰਭਾਵ ਛੱਡਣ ਵਿੱਚ ਕਾਮਯਾਬ ਹੋਣਗੀਆਂ।

**ਇੰਜੀ ਸਤਨਾਮ ਸਿੰਘ ਮੱਟੂ**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਪੰਜਾਬੀ ਫ਼ਿਲਮ

ਅੰਮ੍ਰਿਤ ਪਵਾਰ

### ਪੱਪੂ ਜੋਗਰ ਤਮੰਨਾ ਫ਼ਿਲਮੀ ਪਲੇਅ ਬੈਕ ਗਾਇਕ ਬਣਨ ਦੀ

ਕਨੇਡਾ ਰਹਿ ਕਿ ਵੀ ਪੰਜਾਬੀ ਗਾਇਕੀ ਨਾਲ ਪੱਪੂ ਜੋਗਰ ਜੁੜਿਆ ਹੋਇਆ ਹੈ ਤੇ ਅਲਬਰਟਾ ਵਿਖੇ ਵੋਇਸ ਆਫ ਅਲਬਰਟਾ ਸ਼ੋ ਨਾਲ ਐਡਮਿੰਟਨ ਤੇ ਕਨੇਡਾ ਦੇ



ਨਵੇਂ ਸੁਰ ਉਸ ਉਭਾਰੇ ਹਨ। ਪੱਪੂ ਜੋਗਰ ਨੇ "ਅਲਵਿਦਾ" ਗੀਤ ਨਾਲ ਕਾਫ਼ੀ ਚਰਚਾ ਲਈ ਹੈ। ਉਹ ਆਖਦੇ ਨੇ ਕਿ ਦੇਸ਼ ਭਾਰਤ ਵਿੱਚ ਨਾਮ ਪੂਰਾ ਬਣਿਆ ਤੇ ਕਨੇਡਾ ਆ ਕਿ ਵੀ ਉਸ ਨੇ ਆਪਣੀ ਪ੍ਰਸੰਸਕ ਸੰਖਿਆ ਕਾਫ਼ੀ ਬਣਾਈ ਹੈ। ਪੱਪੂ ਆਖਦੇ ਨੇ ਕਿ ਉਹ ਹੁਣ ਕਿਸੇ ਪੰਜਾਬੀ ਜਾਂ ਹਿੰਦੀ ਫ਼ਿਲਮ ਲਈ ਪਲੇਅ ਬੈਕ ਦੇਣਾ ਚਾਹੁੰਦੇ ਹਨ। ਆਖਦੇ ਨੇ ਜੋਗਰ ਕਿ ਅੱਜ ਕਲ ਸਾਰਾ ਕੁੱਝ ਕੰਪਿਊਟਰ ਤੇ ਹੈ ਤੇ ਹੋ ਸਕਦਾ ਉਸ ਦੇ ਤਾਜ਼ਾ ਗੀਤ ਸੁਣ ਉਸ ਨਾਲ ਨਿ-ਰਮਾਤਾ ਸੰਪਰਕ ਕਰਨ। ਪੱਪੂ ਜੋਗਰ ਦੂਰਦਰਸ਼ਨ ਜਲੰਧਰ ਦੇ ਸਟਾਰ ਕਲਾਕਾਰ ਰਹੇ ਨੇ ਤੇ ਸੁਖੂ ਨੰਗਲ ਦੇ ਗੀਤ ਉਹ ਜਿਆਦਾ ਬੋਲਦੇ ਹਨ।ਆਵਾਜ਼ ਪਿਆਰੀ, ਸੁਭਾਅ ਅੱਛਾ ਤੇ ਕਿਸਮਤ ਦੀ ਰੇਖਾ ਕੰਮ ਕਰ ਗਈ ਤਾਂ ਫ਼ਿਲਮ ਗਾਇਕ ਬਣ ਹੀ ਜਾਣਗੇ ਪੱਪੂ ਜੋਗਰ।

### "ਜਦੋਂ ਦਾ ਮੋਬਾਇਲ ਆ ਗਿਆ" ਦਿਲਬਰ ਦੱਸੇ ਕੀ ਕਰਦੇ ਕਰਮਜੀਤ ਅਨਮੋਲ

ਕਰਮਜੀਤ ਅਨਮੋਲ ਲੋਕ ਪ੍ਰਿਅ ਪਾਲੀਵੁੱਡ ਅਦਾਕਾਰ ਨੇ ਤੇ ਉਹ ਸੋਲੋ ਹੀਰੋ ਬਣ ਵੀ ਹਿੱਟ ਹਨ। ਸੌਰਭ




ਰਾਣਾ ਦੀ ਨਵੀਂ ਫ਼ਿਲਮ ਉਹ ਕਰ ਰਹੇ ਨੇ ਤੇ ਇਸ ਵਿੱਚ ਉਹਨਾਂ ਦੇ ਬਾਪ ਦੀ ਭੂਮਿਕਾ ਸਰਦਾਰ ਸੋਹੀ ਨਿਭਾ ਰਹੇ ਹਨ। ਇਸ ਫ਼ਿਲਮ ਦਾ ਨਾਮ "ਜਦੋਂ ਦਾ ਮੋਬਾਇਲ ਆ ਗਿਆ" ਹੈ ਤੇ ਇਹ ਮੋਬਾਇਲ ਦੇ ਗੁਣ ਔਗੁਣ ਤੇ ਸ਼ਾਨਦਾਰ ਕਮੇਡੀ ਫ਼ਿਲਮ ਹੈ। ਇਸ ਫ਼ਿਲਮ ਨੂੰ ਨਵਜੀਤ ਸਿੰਘ ਬਵੇਜਾ ਡਾਇਰੈਕਟ ਕਰ ਰਹੇ ਹਨ ਤੇ ਇਹ ਫ਼ਿਲਮ ਜੱਸੀ ਜਸਪ੍ਰੀਤ ਨੇ ਲਿਖੀ ਹੈ। ਫ਼ਿਲਮ ਵਿੱਚ ਖੂਬਸੂਰਤ ਦਿਲਬਰ ਆਰੀਆ ਨੂੰ ਕਰਮਜੀਤ ਅਨਮੋਲ ਨਾਲ ਨਾਇਕਾ ਲਿਆ ਗਿਆ ਹੈ। ਕਰਮਜੀਤ ਅਨਮੋਲ ਆਖਦੇ ਨੇ ਕਿ ਦੇਰ ਬਾਅਦ ਉਹ ਤੇ ਜਗਤਾਰ ਜੱਗੀ ਇੱਕਠੇ ਆ ਰਹੇ ਹਨ। ਰੁਪਿੰਦਰ ਰੂਪੀ ਵੀ ਇਸ ਫ਼ਿਲਮ ਵਿੱਚ ਹੈ। ਕਰਮਜੀਤ ਅਨਮੋਲ ਦੀ ਅਨਮੋਲ ਕਮੇਡੀ ਦੇਖਣ ਵਾਸਤੇ ਥੋੜ੍ਹਾ ਸਮਾਂ ਇੰਤਜ਼ਾਰ ਫਿਰ ਆਏਗੀ "ਜਦੋਂ ਦਾ ਮੋਬਾਇਲ ਆ ਗਿਆ" ਖੁਸ਼ਬੋ ਲਾ ਕਿ।

### "ਪੁੱਤਾਂ ਦੇ ਵਪਾਰੀ" ਕੁਲਵਿੰਦਰ ਤੇ ਪ੍ਰਭਜੋਤ ਆਖਣ ਸੁਪਰ ਸਟੋਰੀ



ਭਗਵੰਤ ਕੰਗ ਚੁਣ ਕਿ ਕਹਾਣੀ ਲਿਆਉਂਦਾ ਹੈ ਤੇ ਚੁਣ ਕਿ ਉਸ ਦੀ ਸਟਾਰ ਕਾਸਟ ਕਰਦਾ ਹੈ। ਹਰਵਿੰਦਰ ਸਿੰਘ ਰੋਡੇ ਦੀ ਕਹਾਣੀਂ ਤੇ ਉਹ 9 ਕਿਸ਼ਤਾਂ ਦੀ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ" ਬਣਾ ਰਿਹਾ ਹੈ। ਰੱਬ ਝੂਠ ਨਾ ਬੁਲਾਏ ਕੁਲਵਿੰਦਰ ਕਸ਼ਯਪ ਤੇ ਪ੍ਰਭਜੋਤ ਰੰਧਾਵਾ ਨੇ ਦੱਸਿਆ ਕਿ ਉਹ ਸੁਪਰ ਸਟੋਰੀ ਵਾਲੀ ਇਸ ਵੈੱਬ ਸੀਰੀਜ਼ ਦਾ ਹਿੱਸਾ ਹਨ। ਕੰਗ ਨੇ ਇਸ ਵਾਰ ਇਸ ਸੀਰੀਜ਼ ਨੂੰ ਮਲਟੀ ਸਟਾਰ ਬਣਾ ਦਿੱਤਾ ਹੈ। ਰਾਣਾ ਸਿੰਘ ਦਰਾਜ ਦੀ ਲਾਟਰੀ ਲੂਆ ਦਿੱਤੀ ਕਿ ਅੰਜਲੀ ਰਾਜਪੂਤ, ਪ੍ਰਭਜੋਤ ਰੰਧਾਵਾ, ਜਸਮੀਨ ਬਰਨਾਲਾ ਆਪਣੀ ਰਸ਼ਮਿਕਾ ਮੰਦਾਨਾ ਇਸ ਵਿੱਚ ਰਾਣੇ ਦੀਆਂ ਰਾਣੀਆਂ ਹਨ ਇਸ ਵੈੱਬ ਸੀਰੀਜ਼ ਵਿੱਚ ਤੇ ਇਸ ਵਾਰ ਕੰਗ ਨਿਰਦੇਸ਼ਨ ਦੇ ਨਾਲ ਨਾਲ ਗੀਤਕਾਰ ਬਣ ਵੀ ਆ ਰਹੇ ਹਨ। ਭਲਾ ਹੋਏ ਜਸਬੀਰ ਰਿਸ਼ੀ, ਸੱਤਿਆ ਸਿੰਘ ਤੇ ਪਰਮਜੀਤ ਸਿੰਘ ਨਾਗਰਾ ਫ਼ਿਲਮ ਦੇ ਨਿਰਮਾਤਾ ਹਨ।



### ਪ੍ਰਵੀਨ ਅਖ਼ਤਰ ਦਾ ਵਿਸ਼ਵਾਸ ਵਾਹਿਦ ਬਣੂ ਸਿਰੇ ਦਾ ਸਟਾਰ ਕਲਾਕਾਰ

ਜਿੰਨੀ ਮਿਹਨਤ ਪ੍ਰਵੀਨ ਅਖ਼ਤਰ ਨੇ ਕੀਤੀ ਹੈ ਉਨੀ ਹ ਕੁੜੀ ਹੋ ਕਿ ਕਰਨੀ ਔਖਾ ਕੰਮ ਹੈ ਪਰ ਪ੍ਰਵੀਨ ਐਕਟਿੰਗ ਵੀ ਕਰਦੀ ਰਹੀ ਤੇ ਵੱਡੇ ਸਟਾਰ ਨਾਲ ਮੈਨੇਜਮੈਂਟ ਵੀ ਉਹਨਾਂ ਦੀ ਦ੍ਰਿੜ੍ਹ ਇਰਾਦੇ ਨਾਲ ਦੇਖਦੀ "ਦਿਲ ਲੱਗੀ" "ਲੁਕਣਮੀਚੀ" ਬੁ ਮੈਂ ਡਰ ਗਈ" ਫ਼ਿਲਮਾਂ ਨੇ ਉਸ ਦੀ ਪਹਿਚਾਣ ਬਣਾਈ। ਪ੍ਰਵੀਨ ਅਖ਼ਤਰ ਨੇ ਆਪਣੇ ਪਰਿਵਾਰ ਨੂੰ ਮਾਂ ਤੇ ਬਾਪ ਖੁਦ ਬਣ ਸਥਾਪਿਤ ਕਰਨ ਲਈ ਫ਼ਿਲਮ ਨਗਰੀ ਵਿੱਚ ਸੰਘਰਸ਼ ਕੀਤਾ ਤੇ ਪ੍ਰਵੀਨ ਦਾ ਬੇਟਾ ਵਾਹਿਦ ਅਖ਼ਤਰ ਸੁਰ ਦਾ ਧਨੀ ਹੈ, ਸਟੇਜ ਦਾ ਜਾਦੂਗਰ ਹੈ। ਪ੍ਰਵੀਨ ਅਖ਼ਤਰ ਤੇ ਖ਼ੁਦਾ ਦੀ ਰਹਿਮਤ ਕਿ ਉਹ ਯੂ ਐਸ ਏ ਫ਼ਿਲਮ ਸ਼ੋ ਕਰ ਰਹੀ ਹੈ ਤੇ ਹਾਲੀਵੁੱਡ ਫ਼ਿਲਮ ਸਟੂਡੀਓ ਵਿਖੇ ਡਾਇਰੈਕਸ਼ਨ ਕੋਰਸ ਵੀ ਕਰ ਰਹੀ ਹੈ। ਪਰ ਆਸਮਾਂ ਨੂੰ ਸਰ ਕਰਨਗੇ ਗਾਇਕ ਬੇਟਾ ਵਾਹਿਦ ਵਾਹ ਵਾਹ ਲੁੱਟਦਾ ਰਹੇਗਾ ਪ੍ਰਵੀਨ ਅਖ਼ਤਰ ਨੂੰ ਵਿਸ਼ਵਾਸ਼ ਹੈ ਤੇ ਪ੍ਰਵੀਨ ਅਖ਼ਤਰ ਜਿਸ ਗੱਲ ਦਾ, ਜਿਸ ਇਨਸਾਨ ਦਾ ਵਿਸ਼ਵਾਸ ਕਰਦੀ ਹੈ, ਵਿਸ਼ਵਾਸ ਤੋੜਦੀ ਨਹੀਂ ਉਸ ਨਾਲ ਸੱਤੇ ਖੈਰਾਂ ਨੇ ਗੋਲ ਗੋਲ ਅੱਖਾਂ ਤੇ ਗੋਲ ਮਟੋਲ ਚਿਹਰੇ ਵਾਲੀ ਕਣਕ ਦੇ ਸੋਨ ਰੰਗੇ ਸਿੱਟਿਆਂ ਜਿਹੀ ਪ੍ਰਵੀਨ ਅਖ਼ਤਰ ਦੀਆਂ ਤੇ ਵਾਹਿਦ ਅਖ਼ਤਰ ਬਣੇ ਸਟਾਰ ਸਿੰਗਰ ਸਾਡੀਆਂ ਸ਼ੁੱਭ ਅਸੀਸ ਵਾਲੀਆਂ ਕਾਮਨਾਵਾਂ ਹਨ।

### ਹਰਦੀਪ ਕੌਰ ਬਹੁਤ ਗੁਣਾਂ ਨਾਲ ਭਰੀ ਹੋਈ ਮੁਟਿਆਰ ਬਾ-ਮੁਲਹਾਜ਼ਾ ਹੋਸ਼ਿਆਰ

ਅੰਮ੍ਰਿਤਸਰੀ ਕੁੜੀ ਹਰਦੀਪ ਕੌਰ ਦੀ ਬਣਤਰ ਰੱਬ ਸੋਹਣੇ ਨੇ ਐਸੀ



ਸੋਹਣੀ ਬਣਾਈ ਕਿ ਜਵਾਨ ਹੁੰਦੀ ਨੂੰ ਦੇਖ ਰਾਹ ਜਾਂਦੇ ਰਾਹੀ ਕਹਿਣ ਕਿ ਸੁਪਰ ਫ਼ਿਲਮੀ ਚਿਹਰਾ ਤੇ ਕੁਦਰਤੀ ਉਹ ਮਿਸ ਆਈਕਨਕ ਅਰਥ ਬਣ ਗਈ ਤੇ ਫਿਰ ਪਤਾ ਨਹੀਂ ਕਿੰਨੇ ਕੂ ਐਵਾਰਡ ਉਹ ਵੀ ਚੋਟੀ ਦੇ ਤੇ ਅੱਜ ਹਰਦੀਪ ਕੌਰ ਟੋਪ ਐਕਟ੍ਰੈਸ ਹੈ, ਸੁਪਰ ਮਾਡਲ ਹੈ। ਬਹੁਤ ਕੰਮ ਸ ਕੀਤਾ ਹੈ ਤੇ ਸੰਖੇਪ ਵਿੱਚ ਇਹ ਕਿ ਸਰਗੁਣ ਮਹਿਤਾ ਦਾ ਸਬ ਟੀਵੀ ਲਈ ਸੀਰੀਅਲ "ਬਾਦਲ ਪੇ ਪਾ ਹੈ" ਉਹ ਕਰ ਚੁੱਕੀ ਹੈ, ਪੰਜਾਬੀ ਫ਼ਿਲਮਜ਼ ਵੀ ਤੇ ਹਰ ਇੱਕ ਨੂੰ ਪਿਆਰੀ ਲੱਗਦੀ ਹਰਦੀਪ ਕੌਰ ਹਰ ਕਿਸੇ ਦੇ ਦਿਲ ਵਿੱਚ ਆਪਣੀ ਸੁੰਦਰਤਾ ਤੇ ਅਭਿਨੈ ਦੇ ਦੀਪ ਜਗਾਉਣ ਵਾਲੀ ਹੈ। ਖਾਸ ਗੱਲ ਇਹ ਕਿ ਇੱਕ ਨਹੀਂ ਅਨੇਕ ਗੁਣ ਇਸ ਸੁੰਦਰ ਪਰੀ ਵਿੱਚ ਨੇ ਤੇ ਉਹ "ਰੌਣਕ ਪੰਜਾਬ ਦੀ" ਵਿਦੇਸ਼ ਦੇ ਪੰਜਾਬੀ ਰੇਡੀਓ ਤੇ ਆਪਣੀ ਐਂਕਰਿੰਗ ਦੀ ਰੌਣਕ ਲਗਾਤਾਰ ਲਾਉਂਦੀ ਆ ਰਹੀ ਹੈ। ਲਓ ਕਰ ਲਓ ਗੱਲ ਹਰਦੀਪ ਕੌਰ ਸਟਾਰ ਮੁਟਿਆਰ ਬਣ ਹੀਰ ਸਲੇਟੀ ਦਰਸ਼ਕਾਂ ਨਜ਼ਰਾਂ ਵਿਚ ਬਣੂ ਹੀ ਬਣੂ।

### ਹਰਜੀਤ ਉੱਪਲ ਕਹੇ "ਪੰਜਾਬੀ ਅਮਰੀਕਨ ਫੈਸਟੀਵਲ" ਯੂਬਾ ਸਿਟੀ ਦੇਖਿਓ

ਹਰਜੀਤ ਉੱਪਲ ਹਰ ਜਿੱਤ ਦੀ ਦਾਅਵੇ ਦਾਰ ਹੁੰਦੀ ਹੈ ਤੇ ਜਿੱਤ ਪ੍ਰਾਪਤ ਕਰਦੀ ਹੈ। ਅਮਰੀਕਾ ਦੀ ਬਸ਼ਿੰਦੀ ਹਰਜੀਤ ਸ਼ਾਨਦਾਰ ਸਟੇਜ ਐਂਕਰ ਹੈ। 25 ਮਈ




ਨੂੰ ਯੂਬਾ ਸਿਟੀ ਅਮਰੀਕਾ ਵਿੱਚ ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਕਰਵਾ ਰਹੀ ਹੈ "ਪੰਜਾਬੀ ਅਮਰੀਕਨ ਫੈਸ-ਟੀਵਲ" ਤੇ ਉਸ ਨੂੰ ਇਸ ਵਾਰ ਪੇਸ਼ ਸੋਹਣਾ ਜਿਹਾ ਲਹਿ-ਗੇ ਵਾਲਾ ਸੂਟ ਤਨ ਤੇ ਸਜਾ ਕਿ ਹਰਜੀਤ ਉੱਪਲ ਕਰੇਗੀ। ਉਹ ਆਖਦੀ ਹੈ ਕਿ ਤਮਾਮ ਇਸ ਦੇ ਆਯੋਜਕ ਤੇ ਅਮਰੀਕ ਧੁੱਗਾ ਤੇ ਸਤਨਾਮ ਸਿੰਘ ਟਾਟਲਾ ਦੀ ਮਿਹਨਤ ਨੂੰ ਸਲਾਮ ਨਜ਼ਾਰਾ ਆ ਜਾਏਗਾ। ਜਿੱਥੇ ਹਰਜੀਤ ਹਰਮਨ ਤੇ ਜੀ ਸਿੱਧੂ ਦੀ ਗਾਇਕੀ ਮਜ਼ਾ ਦੇਵੇਗੀਂ ਉਥੇ ਇਸ਼ਮੀਤ ਨਰੂਲਾ ਵੀ ਬੋਲੇ ਬੱਲੇ ਕਰਵਾਏਗੀ। ਫ਼ਿਲਮ ਨਿਰਮਾਤਾ ਸਤਨਾਮ ਸਿੰਘ ਦੇ ਨਾਲ ਗਿੱਧਾ ਭੰਗੜਾ, ਕਮੇਡੀ ਤੇ ਖ਼ੂਬ ਮਨੋਰੰਜਨ ਤੇ ਹਰਜੀਤ ਉੱਪਲ ਦੀਆਂ ਹਰ ਦਿਲ ਜਿੱਤਣ ਵਾਲੀਆ ਅਦਾਵਾਂ 25 ਮਈ ਨੂੰ ਕੈਲਫੋਰਨੀਆ ਯੂਬਾ ਸਿਟੀ ਯੂ ਐਸ ਏ ਯਾਦਗਾਰੀ ਬਣ ਜਾਣ ਦੁਆਵਾਂ।

## ਸੋਹਣੀ ਤੇ ਸੁਰੀਲੀ ਨੌਜਵਾਨ ਗਾਇਕਾ ਬਣੇਗੀ ਇੱਕ ਦਿਨ ਫਿਲਮੀ ਨਾਇਕਾ- ਰਮਨ ਗਿੱਲ



ਆਵਾਜ਼ ਸ਼ਹਿਦ ਭਿੱਜੀ ਹੈ, ਸਟੇਜ ਤੇ ਅੰਦਾਜ਼ ਮਸਤ ਹੈ ਤੇ ਸੂਰਤ ਸੁਹਪਣ ਨੂੰ ਆਖੇ ਰਮਨ ਤੇਰੇ ਤੋਂ ਵੀ ਸੋਹਣੀ ਹੈ ਕੋਈ ਸ਼ੱਕ ਨਹੀਂ ਪੰਜਾਬ ਦੀ ਔਰਤ ਗਾਇਕੀ



ਵਿੱਚ ਰਮਨ ਗਿੱਲ ਤੇਜੀ ਨਾਲ ਅੱਗੇ ਵਧ ਰਹੀ ਹੈ। ਸਿਟੀ ਬਿਊਟੀ ਫੁੱਲ ਚੰਡੀਗੜ੍ਹ ਰਹਿੰਦੀ ਰਮਨ ਗਿੱਲ ਲੋਕ ਤੱਥ ਇਵੇ ਗਾਂਵਦੀ ਹੈ ਕਿ ਸੁਰਿੰਦਰ ਕੌਰ ਦੀ ਝਲਕੀ ਨਜ਼ਰ ਆਉਂਦੀ ਹੈ। ਹੁਣੇ ਜਿਹੇ ਆਇਆ ਉਸ ਦਾ ਗੀਤ "ਫੁਕਰੇ" ਚੰਗਾ ਚਲ ਰਿਹਾ ਹੈ। ਰਮਨ ਸੂਟ ਵਿੱਚ ਪਟੋਲਾ ਲੱਗਦੀ ਹੈ ਤੇ ਜ਼ੀਨ ਸ਼ਰਟ ਵਿੱਚ ਕਿਸੇ ਫ਼ਿਲਮ ਦੀ ਨਾਇਕਾ। ਅੱਜ ਕਲ ਆਵਾਜ਼ ਨਾਲ ਸੂਰਤਾਂ ਨੂੰ ਸਲਾਮਾਂ ਵਾਲੀ ਗਾਇਕੀ ਹੈ, ਸਟੇਜ ਤੇ ਜਚੇ, ਵੀਡਿ ਵਿੱਚ ਚੰਗੀ ਲੱਗੇ ਤੇ ਰਮਨ ਗਿੱਲ ਕੋਲ ਇਹ ਸਭ ਰੱਬ ਦੀ ਮਿਹਰਬਾਨੀ ਹੈ। ਕਨੇਡਾ ਦੇ ਸੰਗੀਤ ਪੇਸ਼ਕਾਰ ਉਸ ਦੀ ਗਾਇਕੀ ਦੇ ਫੈਨ ਹਨ ਤੇ ਧਾਰਮਿਕ ਟਰੈਕ "ਸਰਸਾ ਦੇ ਪਾਣੀਆਂ" ਨਾਲ ਰਮਨ ਗਿੱਲ ਦੀ ਚਰਚਾ ਸ਼ੁਰੂ ਹੋਈ ਸੀ। ਸਮਾਜਿਕ ਚੀਜ਼ਾਂ ਤੇ ਉਸ ਦਾ ਧਿਆਨ ਹੈ ਤੇ ਉਸ ਦਾ ਗੀਤ "ਚਿੱਟਾ" ਇਸ ਦੀ ਉਦਾਹਰਨ ਰਿਹਾ ਹੈ।ਵੈਸੇ ਵੀ ਇਹ ਸੱਚ ਹੈ ਕਿ ਰਮਨ ਜਜ਼ਬਾਤੀ ਹੁੰਦੀ ਹੈ ਕਿ ਪੰਜਾਬੀ ਜਵਾਨੀ ਕਿਧਰ ਨੂੰ ਤੁਰ ਪਈ। ਰਮਨ ਦਾ ਟਰੈਕ "ਵਹਿਮ" ਵੀ ਵਧੀਆ ਰਿਹਾ ਸੀ। ਹੁਣ ਉਹ "ਫੁਕਰੇ " ਗੀਤ ਨਾਲ ਆਈ ਹੈ ਤੇ ਇਹ ਲੋਕ ਤੱਥ ਹੈ।ਰਮਨ ਲੋਕ ਗੀਤਾਂ ਨੂੰ ਪਹਿਲ ਦਿੰਦੀ ਹੈ ਤੇ ਕਨੇਡਾ ਤੱਕ ਉਸ ਦੇ ਸ਼ੋ ਨੂੰ ਉਥੋਂ ਵਾਸੀ ਉਡੀਕਦੇ ਹਨ। ਰਮਨ ਗਿੱਲ ਬਿੱਲਾ ਦੇ ਸੰਗੀਤ ਨੂੰ ਅੱਤੀ ਉੱਤਮ ਸੰਗੀਤ ਆਖਦੀ ਹੈ ਤੇ ਜੀਤਾ ਉਸ ਦੀ ਨਜ਼ਰੇ ਚਮਕਦਾ ਗੀਤਕਾਰ ਹੈ। ਰਮਨ ਨੇ ਅਮਰਜੀਤ ਖੁਰਾਨਾ ਦੀ ਤਰੀਫ ਕੀਤੀ ਜਿਸ ਦੇ ਵੀਡਿਓ ਸਦਕਾ ਉਹ "ਫੁਕਰੇ" ਨਾਲ ਚਰਚਾ ਵਿੱਚ ਹੈ। ਭਵਿੱਖ ਵਿੱਚ ਉਹ ਫਿਲਮੀ ਗਾਇਕਾ ਦੇ ਨਾਲ ਸੁਨੰਦਾ ਸ਼ਰਮਾ ਤੇ ਨਿਮਰਤ ਖੈਹਰਾ ਦੀ ਤਰਾਂ ਐਕਟ੍ਰੈਸ ਬਣੇ ਸ਼ੁੱਭ ਕਾਮਨਾਵਾਂ।

**ਪੇਸ਼ਕਸ਼- ਅੰਮ੍ਰਿਤ ਪਵਾਰ**

## ਰਿਜਰਵੇਸ਼ਨ ਚੋਰ ਫੜੋ ਮੋਰਚੇ ਦੀ ਵੱਡੀ ਜਿੱਤ, ਜਾਅਲ੍ਹੀ ਜਾਤੀ ਸਰਟੀਫਿਕੇਟ ਤੇ ਨੌਕਰੀ ਕਰ ਰਿਹਾ ਅਰਵਿੰਦ ਕੁਮਾਰ ਬੀ.ਐਸ.ਐਨ.ਐਲ. ਨੇ ਕੀਤਾ ਬਰਖਾਸਤ

**ਫਗਵਾੜਾ (ਬੀ. ਕੇ. ਰੱਤੂ)** ਪਿਛਲੇ ਲੰਮੇ ਸਮੇਂ ਤੋਂ ਸੂਬੇ ਅੰਦਰ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਕਰ ਰਹੇ ਰਿਜਰਵੇਸ਼ਨ ਚੋਰਾਂ ਦੇ ਖਿਲਾਫ ਰਿਜਰਵੇਸ਼ਨ ਚੋਰ ਫੜੋ ਮੋਰਚੇ ਵੱਲੋ ਸ਼ੁਰੂ ਕੀਤੀ ਮੁਹਿੰਮ ਨੂੰ ਅੱਜ ਉਸ ਸਮੇਂ ਬਲ ਮਿਲਿਆ ਜਦੋਂ ਇੱਕ ਅਰਵਿੰਦ ਕੁਮਾਰ ਨਾਂ ਦੇ ਜਾਅਲੀ ਜਾਤੀ ਸਰਟੀਫਿਕੇਟ ਧਾਰਕ ਨੂੰ ਉਸ ਦਾ ਸਰਟੀਫਿਕੇਟ ਰੱਦ ਹੋਣ ਤੋਂ ਬਾਅਦ ਬੀ.ਐਸ.ਐਨ.ਐਲ. ਵੱਲੋਂ ਉਸ ਨੂੰ ਬਰਖਾਸਤ ਕੀਤਾ ਗਿਆ। ਬਰਖਾਸਤਗੀ ਦੇ ਹੁਕਮਾਂ ਦੀ ਕਾਪੀ ਦਿਖਾਉ-ਂਦਿਆਂ ਰਿਜ਼ਰਵੇਸ਼ਨ ਚੋਰ ਫੜੋ ਮੋਰਚੇ ਦੇ ਸੰਸਥਾਪਕ ਜਸਬੀਰ ਸਿੰਘ ਪਮਾਲੀ ਅਤੇ ਮੋਰਚੇ ਤੇ ਲੀਗਲ ਸੈਲ ਦੇ ਇੰਚਾਰਜ ਤਰਸੇਮ ਲਾਲ ਚੁੰਬਰ ਨੇ ਦੱਸਿਆ ਕਿ ਮੋਰਚੇ ਦੇ ਅਹਿਮ ਆਗੂ ਰਾਜੇਸ਼ ਕੁਮਾਰ ਮਹਿਰਾ ਵਾਸੀ ਫਗਵਾੜਾ ਦੀ ਸਕਾਇਤ 'ਤੇ ਇਸ



ਰਿਜ਼ਰਵੇਸ਼ਨ ਚੋਰ ਅਰਵਿੰਦ ਕੁਮਾਰ ਦਾ ਜਾਅਲੀ ਜਾਤੀ ਸਰਟੀਫਿਕੇਟ ਸਟੇਟ ਲੈਵਲ ਸਕਰੂਟਨੀ ਕਮੇਟੀ ਨੇ ਮਿਤੀ 29 ਮਈ 2023 ਨੂੰ ਰੱਦ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਲੰਮੀ ਜੱਦੋਜਹਿਦ ਤੋਂ ਬਾਅਦ ਅਖੀਰ ਬੀ.ਐਸ.ਐਨ.ਐਲ. ਨੇ ਮਿਤੀ 26/04/2025 ਨੂੰ ਅਰਵਿੰਦ ਕੁਮਾਰ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ। ਪਮਾਲੀ ਅਤੇ ਚੁੰਬਰ ਨੇ ਅੱਗੇ ਦੱਸਿਆ ਕਿ ਇਸ ਰਿਜ਼ਰਵੇਸ਼ਨ ਚੋਰ ਦੇ ਖਿਲਾਫ ਮੁਕੱਦਮਾਂ ਦਰਜ ਕਰਵਾਉਣ ਲਈ ਮੋਰਚੇ ਦਾ ਇੱਕ ਵਫਦ ਜਲਦ ਹੀ ਐਸਐਸਪੀ ਕਪੂਰਥਲਾ ਨੂੰ ਮਿਲੇਗਾ ਤਾਂ ਜੋ ਰਿਜਰਵੇਸ਼ਨ ਦੇ ਇਸ ਚੋਰ ਨੂੰ ਇਸ ਦੀ ਬਣਦੀ ਥਾਂ ਤੇ ਪਹੁੰਚਾਇਆ ਜਾਵੇ। ਇਸ ਸਮੇਂ ਰਜਿੰਦਰ ਸਿੰਘ ਰਾਜੂ ਜੋਧਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਵਿਸ਼ੇਸ਼